PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

30th April - 7th May 2026 • Issue No. 3128

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com

IAB

FOR FREE INITIAL ADVICE

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



S.S.Rai

Immigration Advice Bureau

Tel: 020 8571 6680

www.iabl.co.uk

## ਬ੍ਰਮਿੰਘਮ ਦੇ ਸਮੂਹ ਗੁਰਦੁਆਰਾ ਸਾਹਿਬ ਵੱਲੋਂ ਵਿਸਾਖੀ ਨਗਰ ਕੀਰਤਨ ਵਿੱਚ ਸੰਗਤਾਂ ਵੱਡੀ ਗਿਣਤੀ ‘ਚ ਸ਼ਾਮਿਲ





## ਖਾਲਸਾ ਪ੍ਰਗਟ ਦਿਵਸ ਸਬੰਧੀ ਲੈਸਟਰ ਵਿਖੇ ਨਗਰ ਕੀਰਤਨ ਵਿੱਚ ਸ਼ਾਮਿਲ ਸੰਗਤਾਂ ਅਤੇ ਸੇਵਾਦਾਰ





## ਡਰਬੀ ਕੌਂਸਲ ਵਿੱਚ 1984 ਸਿੱਖ ਨਸਲਕੁਸ਼ੀ ਦਾ ਮਤਾ ਪਾਸ ਕਰਵਾਉਣ ਵਾਲੇ ਕੌਂਸਲਰ ਮੇਅਰ ਅਜੀਤ ਸਿੰਘ ਅਟਵਾਲ ਦਾ ਸਿੰਘ ਸਭਾ ਵਿਖੇ ਕੀਤਾ ਸਨਮਾਨ









ਪੂਰੀ ਖ਼ਬਰ ਅੰਦਰ ਦੇਖੋ

## ਵੁਲਵਰਹੈਂਪਟਨ ਤੋਂ ਲੰਡਨ ਤੱਕ ਲਗਾਤਾਰ ਤਿੰਨ ਦਿਨ ਦੌੜ ਕੇ ਲੰਡਨ ਮੈਰਾਥਨ ‘ਚ ਭਾਗ ਲੈਣ ਵਾਲੇ ਮਨੀ ਸਿੰਘ ਕੰਗ ਨੇ 156 ਮੀਲ ਦਾ ਸਫਰ ਤੈਅ ਕੀਤਾ ਤੇ 70 ਹਜ਼ਾਰ ਪੌਂਡ ਚੈਰਿਟੀ ਲਈ ਕੀਤੇ। ਹੁਣ ਤੱਕ ਉਹ ਡਿਮੈਂਸ਼ੀਆ ਚੈਰਟੀ ਲਈ 3.5 ਲੱਖ ਪੌਂਡ ਇਕੱਠਾ ਕਰਕੇ ਦੇ ਚੁੱਕੇ ਹਨ



# ਸਿਹਤ ਤੇ ਸੁੰਦਰਤਾ



## ਭਾਰਤ ਦੀ ਪਹਿਲੀ ਸਵਦੇਸ਼ੀ ਦਵਾਈ 'ਸਿਨਰੀਆਮ' ਨੇ ਦੁਨੀਆ ਭਰ ਵਿੱਚ ਮਨਵਾਇਆ ਲੋਹਾ



ਨਵੀਂ ਦਿੱਲੀ-ਅੱਜ ਜਦੋਂ ਪੂਰੀ ਦੁਨੀਆ 'ਵਿਸ਼ਵ ਮਲੇਰੀਆ ਦਿਵਸ' ਮਨਾ ਰਹੀ ਹੈ, ਭਾਰਤ ਲਈ ਆਪਣੀ ਪਹਿਲੀ ਸਵਦੇਸ਼ੀ ਮਲੇਰੀਆ ਵਿਰੋਧੀ ਦਵਾਈ 'ਸਿਨਰੀਆਮ' ਦੀ ਸਫਲਤਾ ਨੂੰ ਯਾਦ ਕਰਨ ਦਾ ਖਾਸ ਦਿਨ ਹੈ। ਇਹ ਦਵਾਈ ਨਾ ਸਿਰਫ਼ ਭਾਰਤ ਦੀ ਵਿਗਿਆਨਕ ਤਰੱਕੀ ਦਾ ਪ੍ਰਤੀਕ ਹੈ, ਸਗੋਂ ਇਸ ਨੇ ਵਿਸ਼ਵ ਪੱਧਰ 'ਤੇ ਮਲੇਰੀਆ ਦੇ ਇਲਾਜ ਵਿੱਚ ਕ੍ਰਾਂਤੀ ਲਿਆਂਦੀ ਹੈ। 'ਸਿਨਰੀਆਮ' ਨੂੰ 25 ਅਪ੍ਰੈਲ 2012 ਨੂੰ ਰੈਨਬੈਕਸੀ ਲੈਬਾਰਟਰੀਜ਼ ਦੁਆਰਾ ਲਾਂਚ ਕੀਤਾ ਗਿਆ ਸੀ। ਇਹ ਭਾਰਤ ਦੀ ਪਹਿਲੀ ਸਵਦੇਸ਼ੀ 'ਨਿਊ ਕੈਮੀਕਲ ਐਂਟਿਟੀ' ਦਵਾਈ ਸੀ। ਇਹ ਦਵਾਈ ਖਾਸ ਤੌਰ 'ਤੇ 'ਪਲਾਜ਼ਮੋਡੀਅਮ ਫਾਲਸੀਪੇਰਮ' ਮਲੇਰੀਆ ਦੇ ਇਲਾਜ ਲਈ ਤਿਆਰ ਕੀਤੀ ਗਈ ਹੈ। ਇਸ ਦੀ ਖਾਸੀਅਤ ਇਹ ਹੈ ਕਿ ਤਿੰਨ ਦਿਨਾਂ ਤੱਕ ਰੋਜ਼ਾਨਾ ਸਿਰਫ਼ ਇੱਕ ਗੋਲੀ ਖਾਣ ਨਾਲ ਮਲੇਰੀਆ ਦੇ ਪਰਜੀਵੀਆਂ ਦਾ ਖਾਤਮਾ ਹੋ ਜਾਂਦਾ ਹੈ। ਇਸ ਦਵਾਈ ਦੇ ਵਿਕਾਸ ਦੌਰਾਨ ਜਦੋਂ ਅੰਤਰਰਾਸ਼ਟਰੀ ਸੰਸਥਾ ਐਮਐਮਵੀ ਨੇ ਫੰਡਿੰਗ ਰੋਕ ਦਿੱਤੀ ਸੀ, ਉਦੋਂ ਰੈਨਬੈਕਸੀ ਨੇ ਇਕੱਲਿਆਂ ਹੀ ਇਸ ਪ੍ਰੋਜੈਕਟ ਨੂੰ ਪੂਰਾ ਕਰਨ ਦਾ ਫੈਸਲਾ ਕੀਤਾ। ਇਸ ਵਿੱਚ ਭਾਰਤ ਸਰਕਾਰ ਦੇ ਆਈਸੀਐਮਆਰ ਅਤੇ ਡੀਐਸਟੀ ਵਿਭਾਗਾਂ ਨੇ ਵੀ ਅਹਿਮ ਸਹਿਯੋਗ ਦਿੱਤਾ। ਰੈਨਬੈਕਸੀ ਹੁਣ ਭਾਰਤ ਦੀ ਸਭ ਤੋਂ ਵੱਡੀ ਫਾਰਮਾ ਕੰਪਨੀ ਸਨ ਫਾਰਮਾਸਿਊਟੀਕਲ ਇੰਡਸਟਰੀਜ਼ ਦਾ ਹਿੱਸਾ ਹੈ।

ਮਾਰਕੀਟ ਕੈਪ: 3,88,788 ਕਰੋੜ ਰੁਪਏ

ਸ਼ੇਅਰ ਦੀ ਕੀਮਤ: 1,620 ਰੁਪਏ (ਲਗਭਗ)

ਰਿਟਰਨ: ਨਿਵੇਸ਼ਕਾਂ ਲਈ ਇਹ ਸਟਾਕ ਕਾਫੀ ਫਾਇਦੇਮੰਦ ਰਿਹਾ ਹੈ, ਜਿਸ ਨੇ ਪਿਛਲੇ 5 ਸਾਲਾਂ ਵਿੱਚ 153.70% ਦਾ ਸ਼ਾਨਦਾਰ ਰਿਟਰਨ ਦਿੱਤਾ ਹੈ।

ਭਾਰਤੀ ਫਾਰਮਾ ਦਾ ਦਬਦਬਾ-ਭਾਰਤ ਨੂੰ 'ਦੁਨੀਆ ਦੀ ਫਾਰਮੇਸੀ' ਕਿਹਾ ਜਾਂਦਾ ਹੈ, ਪਰ 'ਸਿਨਰੀਆਮ' ਵਰਗੀਆਂ ਕਾਢਾਂ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤ ਸਿਰਫ਼ ਜੈਨਰਿਕ ਦਵਾਈਆਂ ਹੀ ਨਹੀਂ ਬਣਾਉਂਦਾ, ਸਗੋਂ ਨਵੀਂ ਖੋਜ ਵਿੱਚ ਵੀ ਦੁਨੀਆ ਦੀ ਅਗਵਾਈ ਕਰ ਸਕਦਾ ਹੈ। ਇਸ ਦਵਾਈ ਦਾ ਮੁੱਖ ਮੌਲੀਕਿਊਲ ਆਰਟੇਰੋਲੇਨ ਹੈ, ਜਿਸ 'ਤੇ ਕਈ ਸਾਲਾਂ ਦੀ ਸਖ਼ਤ ਮਿਹਨਤ ਅਤੇ ਕਲੀਨਿਕਲ ਟਰਾਇਲ ਤੋਂ ਬਾਅਦ ਸਫਲਤਾ ਮਿਲੀ।

## ਬੀਅਰ ਦਾ ਇੱਕ ਗਲਾਸ ਦਿਮਾਗ਼ ਲਈ ਹੋ ਸਕਦਾ ਹੈ ਲਾਹੇਵੰਦ !

### ✪ ਨਵੀਂ ਖੋਜ ਵਿੱਚ ਵਿਟਾਮਿਨ ਬੀ6 ਨੂੰ ਲੈ ਕੇ ਹੋਇਆ ਵੱਡਾ ਖ਼ੁਲਾਸਾ

ਲੰਡਨ/ਬਰਲਿਨ-ਕੀ ਬੀਅਰ ਪੀਣਾ ਸਿਹਤ ਲਈ ਫ਼ਾਇਦੇਮੰਦ ਹੋ ਸਕਦਾ ਹੈ ? ਇੱਕ ਤਾਜ਼ਾ ਖੋਜ ਮੁਤਾਬਕ, ਇੱਕ ਪਾਇੰਟ ਬੀਅਰ ਪੀਣ ਨਾਲ ਸਰੀਰ ਨੂੰ ਦਿਮਾਗ਼ ਲਈ ਜ਼ਰੂਰੀ ਵਿਟਾਮਿਨ ਬੀ6 ਦੀ "ਅਹਿਮ ਮਾਤਰਾ" ਮਿਲ ਸਕਦੀ ਹੈ। ਇਹ ਖੋਜ ਜਰਮਨੀ ਦੀਆਂ ਸੁਪਰ ਮਾਰਕੀਟਾਂ ਵਿੱਚ ਮਿਲਣ ਵਾਲੀਆਂ 65 ਵੱਖ-ਵੱਖ ਤਰ੍ਹਾਂ ਦੀਆਂ ਬੀਅਰਾਂ ਦੇ ਟੈਸਟ ਤੋਂ ਬਾਅਦ ਸਾਹਮਣੇ ਆਈ ਹੈ।

ਖੋਜ ਦੇ ਅਨੁਸਾਰ ਇੱਕ ਵਾਰ ਬੀਅਰ ਪੀਣ ਨਾਲ ਦਿਨ ਭਰ ਦੀ ਲੋੜ ਦਾ ਲਗਭਗ 15 ਤੋਂ 20 ਫ਼ੀਸਦੀ ਵਿਟਾਮਿਨ ਬੀ6 ਮਿਲ ਸਕਦਾ ਹੈ। ਖੋਜ ਅਨੁਸਾਰ ਐਲਕੋਹਲ ਫ੍ਰੀ 'ਲਾਗਰ' ਬੀਅਰ ਵਿੱਚ ਵਿਟਾਮਿਨ ਬੀ6 ਦੀ ਮਾਤਰਾ ਹੋਰ ਵੀ ਜ਼ਿਆਦਾ (ਲਗਭਗ 59 ਫ਼ੀਸਦੀ ਤੱਕ) ਹੋ ਸਕਦੀ ਹੈ।'ਬੌਕ ਬੀਅਰ' ਵਿੱਚ ਸਭ ਤੋਂ ਵੱਧ ਵਿਟਾਮਿਨ ਪਾਇਆ ਗਿਆ, ਜਦੋਂ ਕਿ ਚੌਲਾਂ ਤੋਂ ਬਣੀ ਵਿੱਚ ਇਸ ਦੀ ਮਾਤਰਾ ਕਾਫ਼ੀ ਘੱਟ ਸੀ।

ਬੀਅਰ ਬਣਾਉਣ ਲਈ ਵਰਤੇ ਜਾਣ ਵਾਲੇ ਕੁਦਰਤੀ ਪਦਾਰਥ ਜਿਵੇਂ ਬਾਰਲੇ (ਜੌਂ), ਕਣਕ ਅਤੇ ਖਮੀਰ ਵਿਟਾਮਿਨ ਬੀ6 ਦੇ ਚੰਗੇ ਸਰੋਤ ਹਨ। ਖੋਜਕਰਤਾਵਾਂ ਅਨੁਸਾਰ ਬੀਅਰ ਬਣਾਉਣ ਦੀ ਪ੍ਰਕਿਰਿਆ ਦੌਰਾਨ ਇਹ ਪੋਸ਼ਕ ਤੱਤ ਨਸ਼ਟ ਨਹੀਂ ਹੁੰਦੇ। ਵਿਟਾਮਿਨ ਬੀ6 ਸਾਡੇ ਸਰੀਰ ਲਈ ਬਹੁਤ ਮਹੱਤਵਪੂਰਨ ਹੈ: ਇਹ ਦਿਮਾਗ਼ ਦੇ ਕੰਮਕਾਜ ਨੂੰ ਬਿਹਤਰ ਬਣਾਉਂਦਾ ਹੈ। ਖ਼ੂਨ ਅਤੇ ਇਮਿਊਨ ਸਿਸਟਮ (ਰੋਗਾਂ ਨਾਲ ਲੜਨ ਦੀ ਸ਼ਕਤੀ) ਨੂੰ ਮਜ਼ਬੂਤ ਕਰਦਾ ਹੈ। ਇਸ ਦੀ ਕਮੀ ਨਾਲ ਥਕਾਵਟ ਅਤੇ ਜੀਅ ਘਬਰਾਉਣ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਮਾਹਿਰਾਂ ਦੀ ਸਲਾਹ: ਸਿਰਫ਼ ਬੀਅਰ 'ਤੇ ਨਾ ਰਹੋ ਨਿਰਭਰ-ਬ੍ਰਿਟਿਸ਼ ਨਿਊਟ੍ਰੀਸ਼ਨ ਫਾਊਂਡੇਸ਼ਨ ਦੇ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਬੀਅਰ ਨੂੰ ਵਿਟਾਮਿਨ ਦਾ ਮੁੱਖ ਸਰੋਤ ਨਹੀਂ ਮੰਨਣਾ ਚਾਹੀਦਾ।

ਉਨ੍ਹਾਂ ਅਨੁਸਾਰ ਵਿਟਾਮਿਨ ਬੀ6 ਆਮ ਖਾਣਿਆਂ ਜਿਵੇਂ ਮੀਟ, ਮੱਛੀ, ਓਟਸ ਅਤੇ ਆਲੂਆਂ ਵਿੱਚ ਭਰਪੂਰ ਮਾਤਰਾ ਵਿੱਚ ਹੁੰਦਾ ਹੈ। ਐਲਕੋਹਲ ਦੇ ਸੇਵਨ ਨਾਲ ਹੋਰ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ, ਇਸ ਲਈ ਪੋਸ਼ਕ ਤੱਤਾਂ ਲਈ ਸੰਤੁਲਿਤ ਖ਼ੁਰਾਕ ਹੀ ਸਭ ਤੋਂ ਬਿਹਤਰ ਹੈ।

ਪ੍ਰੋਫੈਸਰ ਮਾਈਕਲ ਰਾਇਕਲਿਕ ਮੁਤਾਬਕ, ਇਹ ਨਤੀਜੇ ਉਨ੍ਹਾਂ ਲਈ ਦਿਲਚਸਪ ਹੋ ਸਕਦੇ ਹਨ ਜੋ ਆਪਣੀ ਵਿਟਾਮਿਨ ਖ਼ੁਰਾਕ ਨੂੰ ਬਿਹਤਰ ਬਣਾਉਣ ਦੇ ਤਰੀਕੇ ਲੱਭ ਰਹੇ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਬੀਅਰ ਨੂੰ ਸਿਹਤ ਵਰਧਕ ਡ੍ਰਿੰਕ ਵਜੋਂ ਪ੍ਰਚਾਰਿਆ ਜਾਵੇ।

## * ਚੂੰਢਾਂ-ਪੌਂਚੇ *


**ਲੇਖਕ - ਨਿਰਮਲ ਸਿੰਘ ਕੰਧਾਲਵੀ**





*ਸਵਾਮੀਨਾਥਨ ਫਾਰਮੂਲੇ ਮੁਤਾਬਿਕ ਭਾਅ ਨਾ ਮਿਲਣ ਕਰ ਕੇ ਕਿਸਾਨਾਂ ਦਾ ਘਾਟਾ ਹੋਰ ਵਧਿਆ- ਪੰਧੇਰ

-ਕੁਝ ਲੁੱਟ ਲਈ ਮੈਂ ਪਿੰਡ ਦਿਆਂ ਪੰਚਾਂ, ਕੁਝ ਲੁੱਟ ਲਈ ਸਰਕਾਰਾਂ।



*ਅਮਰੀਕਾ 'ਚ ਟਰੰਪ ਦੇ ਗ਼ੈਰ ਸੰਵਿਧਾਨਕ ਟੈਰਿਫ਼ਾਂ ਦੇ ਰੀਫ਼ੰਡ ਦੀ ਪ੍ਰਕਿਰਿਆ ਸ਼ੁਰੂ- ਇਕ ਖ਼ਬਰ

-ਹੱਥਾਂ ਨਾਲ ਬਣਾਇਆ ਸੀ, ਪੈਰਾਂ ਨਾਲ ਢਾਇਆ ਸੀ।

*ਲੋਕ ਸਭਾ ਦੀਆਂ ਸੀਟਾਂ ਵਧਾਉਣ ਦਾ ਪ੍ਰਸਤਾਵ ਔਰਤ ਸਸ਼ਕਤੀਕਰਨ ਦੇ ਨਾਂ 'ਤੇ ਵੇਚਿਆ ਜਾ ਰਿਹੈ- ਜਮਹੂਰੀ ਅਧਿਕਾਰ ਸਭਾ

-ਹੋਕਾ ਵੰਙਾਂ ਦਾ, ਵੇਚਣੇ ਚੱਕੀ ਰਾਹੇ।




*ਪ੍ਰਧਾਨ ਮੰਤਰੀ ਮੋਦੀ ਟਰੰਪ ਦੇ ਹੁਕਮਾਂ ਅਨੁਸਾਰ ਹੀ ਇਜ਼ਰਾਇਲ ਨੂੰ ਗਏ ਸਨ- ਰਾਹੁਲ ਗਾਂਧੀ

-ਕੀ ਘੋਲ ਕੇ ਤਵੀਤ ਪਿਲਾਏ, ਲੱਗੀ ਤੇਰੇ ਮਗਰ ਫਿਰਾਂ।

*ਲੋਕ ਸਭਾ 'ਚ ਹਾਰ ਨਾਲ ਭਾਜਪਾ ਦਾ ਪਤਨ ਸ਼ੁਰੂ- ਮਮਤਾ ਬੈਨਰਜੀ



-ਸੁੰਞੇ ਰਹਿਣਗੇ ਬਨੇਰੇ ਤੇਰੇ, ਤੋਤੇ ਉੱਡ ਜਾਣਗੇ।



*ਅਕਾਲੀ ਆਗੂ ਨੂੰ ਦੇਹ ਵਪਾਰ ਦੇ ਧੰਦੇ 'ਚ ਫੜੇ ਜਾਣ 'ਤੇ ਪਾਰਟੀ ਦੀ ਚੁੱਪ ਉੱਤੇ ਬਲਤੇਜ ਪੰਨੂੰ ਨੇ ਚੁੱਕੇ ਸਵਾਲ- ਇਕ ਖ਼ਬਰ

-ਚੋਰ ਦੀ ਮਾਂ, ਕੋਠੀ 'ਚ ਮੂੰਹ।



*ਸ਼੍ਰੋਮਣੀ ਕਮੇਟੀ ਨੇ ਗਿਆਨੀ ਰਘਬੀਰ ਸਿੰਘ ਦੇ ਸਾਮਾਨ ਦੀ ਤਲਾਸ਼ੀ ਲਈ- ਇਕ ਖ਼ਬਰ

-ਤੂੰ ਨਹੀਂ ਬੋਲਦੀ ਰਕਾਨੇ ਤੂੰ ਨਹੀਂ ਬੋਲਦੀ, ਤੇਰੇ 'ਚ ਤੇਰਾ ਯਾਰ ਬੋਲਦਾ।

*ਬੀ. ਬੀ. ਐੱਮ. ਬੀ. ਜਲ ਵਿਵਾਦ 'ਚ ਹਾਈ ਕੋਰਟ ਨੇ ਪੰਜਾਬ ਦੀ ਪਟੀਸ਼ਨ ਕੀਤੀ ਰੱਦ- ਇਕ ਖ਼ਬਰ

-ਪੰਜਾਬ ਸਿਆਂ ਹੋਰ ਇਥੋਂ ਛਿੱਕੂ ਮਿਲਣਾ ਤੈਨੂੰ! ਦਰਬਾਰੇ ਵਰਗੇ ਤੇਰੀਆਂ ਜੜ੍ਹਾਂ 'ਚ ਤੇਲ ਦੇ ਗਏ ਸੀ।

*ਮੁੰਬਈ ਹਾਈ ਕੋਰਟ ਵਲੋਂ ਕੇਂਦਰ ਸਰਕਾਰ ਦੀ ਝਾੜਝੰਭ- ਇਕ ਖ਼ਬਰ

-ਦੋ ਪਈਆਂ ਕਿਧਰ ਗਈਆਂ, ਸਦਕਾ ਢੂਈ ਦਾ।



*ਅਮਰੀਕਾ-ਇਰਾਨ ਵਿਚਕਾਰ ਪਾਕਿਸਤਾਨ ਦਾ ਵਿਚੋਲਗਿਰੀ ਕਰਨਾ ਮੋਦੀ ਸਰਕਾਰ ਲਈ ਝਟਕਾ- ਕਾਂਗਰਸ

-ਇਹ ਪਾਕਿਸਤਾਨ ਨੂੰ ਦਲਾਲ ਕਹਿ ਕੇ ਹੀ ਖ਼ੁਸ਼ ਨੇ।

*ਪਾਕਿਸਤਾਨ ਨੇ ਭਾਰਤੀ ਹਵਾਈ ਕੰਪਨੀਆਂ ਉੱਤੇ ਪਾਬੰਦੀ ਵਧਾਈ- ਇਕ ਖ਼ਬਰ

-ਹੱਥ ਸੋਚ ਕੇ ਗੰਦਲ ਨੂੰ ਪਾਈਂ, ਕਿਹੜੀ ਏਂ ਤੂੰ ਸਾਗ ਤੋੜਦੀ।



*ਅਰਬਪਤੀਆਂ ਦੇ ਮਾਮਲੇ 'ਚ ਭਾਰਤ ਤੀਸਰੇ ਨੰਬਰ 'ਤੇ- ਇਕ ਖ਼ਬਰ

-ਦੋ ਧੜਿਆਂ ਵਿਚ ਖ਼ਲਕਤ ਵੰਡੀ, ਇਕ ਲੋਕਾਂ ਦਾ ਇਕ ਜੋਕਾਂ ਦਾ।



*ਅਰਵਿੰਦ ਕੇਜਰੀਵਾਲ ਨੇ ਚੋਣਾਂ ਤੋਂ ਪਹਿਲਾਂ ਮਮਤਾ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ- ਇਕ ਖ਼ਬਰ

-ਆ ਜਾ ਆਪਾਂ ਦੋਵੇਂ ਨੱਚੀਏ, ਆਪਾਂ ਭੈਣ ਭਰਾ।



*ਰਾਘਵ ਚੱਢਾ 'ਆਪ' ਦੇ ਛੇ ਹੋਰ ਮੈਂਬਰਾਂ ਨੂੰ ਲੈ ਕੇ ਭਾਜਪਾ 'ਚ ਜਾ ਵੜਿਆ, ਭਾਜਪਾ ਬਾਗ਼ੋ-ਬਾਗ਼- ਇਕ ਖ਼ਬਰ

-ਡੋਰ ਵੱਟ ਕੇ ਗਲੇ ਦੇ ਵਿਚ ਪਾਵਾਂ, ਮਿੱਤਰਾ ਤਵੀਤ ਬਣ ਜਾ।

*ਖੜਗੇ ਦੇ ਬਿਆਨ 'ਤੇ ਚੋਣ ਕਮਿਸ਼ਨ ਦਾ ਸਖ਼ਤ ਨੋਟਿਸ- ਇਕ ਖ਼ਬਰ

-ਅਣਦਾੜ੍ਹੀਆ ਸੁੱਕਾ ਨਾ ਲੰਘ ਜਾਵੇ, ਲੜ ਜਾਂ ਭਿੜ ਬਣ ਕੇ।

# >> ਕਿਲੇ ਦੇ ਭੇਤੀਆਂ ਨੇ ਆਪ ਦੀ ਢਾਹੀ ਲੰਕਾ <<

# ਪੰਜਾਬ ਦੇ ਸੱਤ ਸਿਤਾਰੇ ਭਾਜਪਾ ਦੇ ਵਿਹੜੇ ਜਾ ਧਰੇ, ਕੇਜਰੀਵਾਲ ਦੇ ਅਟੁੱਟ ਵਿਸ਼ਵਾਸ ਦਾ ਹੋਇਆ ਕਤਲ !

## ਨਿਊਜ਼ ਸਟੋਰੀ ✪ ਕੀ ਰਾਘਵ ਤੇ ਪਾਠਕ ਦੀ ਬਗਾਵਤ 'ਆਪ' ਦੇ ਅੰਤ ਦੀ ਸ਼ੁਰੂਆਤ ਹੈ ?

ਸਿਆਸਤ ਵਿੱਚ ਅਕਸਰ ਕਿਹਾ ਜਾਂਦਾ ਹੈ ਕਿ "ਜੋ ਬੀਜੋਗੇ, ਉਹੀ ਵੱਢੋਗੇ।" ਆਮ ਆਦਮੀ ਪਾਰਟੀ ਦੇ ਅੰਦਰ ਪਿਛਲੇ ਕਾਫੀ ਸਮੇਂ ਤੋਂ ਸੁਲਗ ਰਹੀ ਅਸੰਤੁਸ਼ਟੀ ਦੀ ਚਿਣਗ ਨੇ ਹੁਣ ਅਜਿਹੀ ਅੱਗ ਦਾ ਰੂਪ ਲੈ ਲਿਆ ਹੈ, ਜਿਸ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪਾਰਟੀ ਦੇ 'ਚਾਣਕਿਆ' ਕਹੇ ਜਾਣ ਵਾਲੇ ਡਾ. ਸੰਦੀਪ ਪਾਠਕ ਦਾ 7 ਰਾਜ ਸਭਾ ਮੈਂਬਰਾਂ ਸਮੇਤ ਭਾਜਪਾ ਵਿੱਚ ਸ਼ਾਮਲ ਹੋਣਾ ਸਿਰਫ਼ ਇੱਕ ਦਲ-ਬਦਲੀ ਨਹੀਂ, ਸਗੋਂ ਕੇਜਰੀਵਾਲ ਮਾਡਲ ਦੇ ਅੰਦਰ ਪੈਦਾ ਹੋਈ ਤਾਨਾਸ਼ਾਹੀ ਅਤੇ ਅਵਿਸ਼ਵਾਸ ਦਾ ਸਿੱਟਾ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਇਹ 'ਤਾਂ ਹੋਣਾ ਹੀ ਸੀ'। ਇਸ ਬਗਾਵਤ ਦੀ ਗੰਭੀਰਤਾ ਇਸ ਗੱਲ ਤੋਂ ਸਮਝੀ ਜਾ ਸਕਦੀ ਹੈ ਕਿ ਜਾਣ ਵਾਲਿਆਂ ਵਿੱਚ ਪਾਰਟੀ ਦੇ ਸਭ ਤੋਂ ਭਰੋਸੇਮੰਦ ਰਣਨੀਤੀਕਾਰ ਸੰਦੀਪ ਪਾਠਕ ਅਤੇ ਪਾਰਟੀ ਦੇ ਕੌਮਾਂਤਰੀ ਚਿਹਰੇ ਰਾਘਵ ਚੱਢਾ ਸ਼ਾਮਲ ਹਨ। ਰਾਘਵ ਚੱਢਾ, ਜਿਨ੍ਹਾਂ ਨੇ 15 ਸਾਲ ਪਾਰਟੀ ਨੂੰ ਦਿੱਤੇ, ਉਨ੍ਹਾਂ ਦਾ ਇਹ ਕਹਿਣਾ ਕਿ "ਮੈਂ ਸਹੀ ਬੰਦਾ ਗਲਤ ਪਾਰਟੀ ਵਿੱਚ ਸੀ", ਕੇਜਰੀਵਾਲ ਲਈ ਸਭ ਤੋਂ ਵੱਧ ਚੁਭਵਾਂ ਹੋਣਾ ਚਾਹੀਦਾ ਹੈ। ਰਾਘਵ ਨੂੰ ਡਿਪਟੀ ਲੀਡਰ ਦੇ ਅਹੁਦੇ ਤੋਂ ਹਟਾਉਣਾ ਅਤੇ ਸੰਦੀਪ ਪਾਠਕ ਨੂੰ ਹਾਸ਼ੀਏ 'ਤੇ ਧੱਕਣਾ ਉਸ ਗਲਤਫਹਿਮੀ ਦਾ ਨਤੀਜਾ ਸੀ, ਜਿੱਥੇ ਪਾਰਟੀ ਹਾਈਕਮਾਂਡ ਨੇ ਸ਼ਾਇਦ ਇਹ ਮੰਨ ਲਿਆ ਸੀ ਕਿ ਸੰਗਠਨ ਸਿਰਫ ਇੱਕ ਚਿਹਰੇ (ਕੇਜਰੀਵਾਲ) ਨਾਲ ਚੱਲਦਾ ਹੈ, ਨੀਤੀ ਘੜਨ ਵਾਲਿਆਂ ਨਾਲ ਨਹੀਂ।



ਸੰਦੀਪ ਪਾਠਕ ਕੋਈ ਰਵਾਇਤੀ ਸਿਆਸਤਦਾਨ ਨਹੀਂ ਸਨ। ਕੈਮਬ੍ਰਿਜ ਤੋਂ ਪੜ੍ਹੇ-ਲਿਖੇ ਅਤੇ ਆਈਆਈਟੀ ਦੇ ਪ੍ਰੋਫੈਸਰ ਰਹੇ ਪਾਠਕ ਨੇ 'ਆਪ' ਨੂੰ ਉਹ 'ਡਾਟਾ-ਡ੍ਰੀਵਨ' ਧਾਰ ਦਿੱਤੀ ਸੀ, ਜਿਸ ਨੇ 2022 ਵਿੱਚ ਪੰਜਾਬ ਵਿੱਚ ਇਤਿਹਾਸਕ ਜਿੱਤ ਦੀ ਇਬਾਰਤ ਲਿਖੀ। ਜਦੋਂ ਪਾਰਟੀ ਦੇ ਚੋਟੀ ਦੇ ਆਗੂ (ਕੇਜਰੀਵਾਲ, ਸਿਸੋਦੀਆ, ਜੈਨ) ਜੇਲ੍ਹ ਵਿੱਚ ਸਨ, ਉਦੋਂ ਪਾਠਕ ਹੀ ਉਹ ਕੜੀ ਸਨ ਜਿਨ੍ਹਾਂ ਨੇ ਜਥੇਬੰਦੀ ਨੂੰ ਬਿਖਰਨ ਤੋਂ ਬਚਾਈ ਰੱਖਿਆ। ਟਿਕਟਾਂ ਦੀ ਵੰਡ ਤੋਂ ਲੈ ਕੇ ਬੂਥ ਮੈਨੇਜਮੈਂਟ ਤੱਕ, ਉਹ ਪਾਰਟੀ ਦੇ 'ਅਦਿੱਖ ਜਰਨੈਲ' ਸਨ। ਅਜਿਹੇ ਸਮਰਪਿਤ ਰਣਨੀਤੀਕਾਰ ਦਾ ਪਾਰਟੀ ਤੋਂ ਮੋਹ ਭੰਗ ਹੋਣਾ ਇਹ ਦਰਸਾਉਂਦਾ ਹੈ ਕਿ ਪਾਰਟੀ ਵਿੱਚ ਹੁਣ ਸੂਝਵਾਨ ਵਿਚਾਰਾਂ ਦੀ ਥਾਂ ਸਿਰਫ਼ ਜੀ-ਹੁਜ਼ੂਰੀ ਨੇ ਲੈ ਲਈ ਹੈ।

ਜੇਕਰ ਡੂੰਘਾਈ ਨਾਲ ਦੇਖਿਆ ਜਾਵੇ ਤਾਂ ਇਸ ਬਗਾਵਤ ਦੇ ਬੀਜ 2024 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਵਿੱਚ ਸਨ। ਹਾਰ ਦੀ ਇਮਾਨਦਾਰੀ ਨਾਲ ਸਮੀਖਿਆ ਕਰਨ ਦੀ ਬਜਾਏ, ਕੇਜਰੀਵਾਲ ਦੇ ਕਰੀਬੀ ਘੇਰੇ ਨੇ ਹਾਰ ਦਾ ਸਾਰਾ ਠੀਕਰਾ ਸੰਦੀਪ ਪਾਠਕ ਅਤੇ ਉਨ੍ਹਾਂ ਦੀ ਟੀਮ ਸਿਰ ਭੰਨ ਦਿੱਤਾ। ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਜਿਸ ਹਮਦਰਦੀ ਦੀ ਲਹਿਰ ਦੀ ਉਮੀਦ ਕੇਜਰੀਵਾਲ ਕਰ ਰਹੇ ਸਨ, ਉਹ ਜ਼ਮੀਨ 'ਤੇ ਨਜ਼ਰ ਨਹੀਂ ਆਈ। ਇਸ ਦੇ ਉਲਟ, ਪਾਰਟੀ ਦੇ ਅੰਦਰ ਹੀ ਤਾਕਤ ਦਾ ਨਵਾਂ ਕੇਂਦਰੀਕਰਨ ਸ਼ੁਰੂ ਹੋ ਗਿਆ। ਸੰਦੀਪ ਪਾਠਕ ਵਰਗੇ ਕੱਦਾਵਰ ਰਣਨੀਤੀਕਾਰ ਨੂੰ ਹਾਸ਼ੀਏ 'ਤੇ ਧੱਕਣਾ ਪਾਰਟੀ ਲਈ ਆਤਮਘਾਤੀ ਕਦਮ ਸਾਬਤ ਹੋਇਆ।

### ਸਮੂਹਿਕ ਬਗਾਵਤ: ਕੀ ਇਹ ਅੰਤ ਦੀ ਸ਼ੁਰੂਆਤ ਹੈ ?

10 ਵਿੱਚੋਂ 7 ਸਾਂਸਦਾਂ ਦਾ ਇਕੱਠੇ ਜਾਣਾ (ਦੋ-ਤਿਹਾਈ ਬਹੁਮਤ) ਸਿਰਫ਼ ਵਿਅਕਤੀਗਤ ਫ਼ੈਸਲਾ ਨਹੀਂ ਹੈ, ਸਗੋਂ ਇਹ ਕਾਨੂੰਨੀ ਤੌਰ 'ਤੇ ਦਲ-ਬਦਲੀ ਕਾਨੂੰਨ ਤੋਂ ਬਚਣ ਦੀ ਇੱਕ ਸੋਚੀ-ਸਮਝੀ ਚਾਲ ਹੈ। ਰਾਘਵ ਚੱਢਾ ਨੂੰ ਰਾਜ ਸਭਾ ਵਿੱਚ ਅਹੁਦੇ ਤੋਂ ਹਟਾਉਣਾ ਉਹ ਆਖਰੀ ਤਿਣਕਾ ਸਾਬਤ ਹੋਇਆ, ਜਿਸ ਨੇ ਗੁੱਸੇ ਨੂੰ ਬਗਾਵਤ ਵਿੱਚ ਬਦਲ ਦਿੱਤਾ।

ਅਸ਼ੋਕ ਮਿੱਤਲ ਵਰਗੇ ਵੱਡੇ ਨਾਂਵਾਂ ਦਾ ਜਾਣਾ ਆਰਥਿਕ ਅਤੇ ਸਿਆਸੀ ਨੁਕਸਾਨ ਹੈ, ਪਰ ਸੰਦੀਪ ਪਾਠਕ ਦਾ ਜਾਣਾ ਪਾਰਟੀ ਦੀ 'ਰੂਹ ਅਤੇ ਨੀਤੀ' ਦਾ ਨੁਕਸਾਨ ਹੈ।

ਤਹਿਤ ਕੇਜਰੀਵਾਲ ਲਈ ਆਤਮ-ਮੰਥਨ ਦਾ ਸਮਾਂ ਅੱਜ ਆਮ ਆਦਮੀ ਪਾਰਟੀ ਉਸ ਮੋੜ 'ਤੇ ਖੜ੍ਹੀ ਹੈ ਜਿੱਥੇ ਉਸ ਦਾ 'ਆਮ ਆਦਮੀ' ਵਾਲਾ ਅਕਸ ਪੂਰੀ ਤਰ੍ਹਾਂ ਖ਼ਤਰੇ ਵਿੱਚ ਹੈ। ਪਾਰਟੀ ਹੁਣ "ਇੱਕ ਵਿਅਕਤੀ ਦਾ ਚਿਹਰਾ" ਬਣ ਕੇ ਰਹਿ ਗਈ ਹੈ, ਜਿੱਥੇ ਵੱਖਰੀ ਰਾਇ ਰੱਖਣ ਵਾਲਿਆਂ ਲਈ ਕੋਈ ਥਾਂ ਨਹੀਂ ਬਚੀ।

ਬਾਕੀ ਹਿਸਾ ਸਫ਼ਾ 45 ਤੇ ਪੜ੍ਹੋ →

## ਸਿਆਸੀ ਅਤੇ ਸੰਵਿਧਾਨਕ ਮਾਅਨੇ ਕੀ ਹਨ

ਸੰਵਿਧਾਨਕ ਤੌਰ 'ਤੇ, ਦੋ-ਤਿਹਾਈ ਮੈਂਬਰਾਂ ਦਾ ਇਕੱਠੇ ਜਾਣਾ ਦਲ-ਬਦਲੀ ਕਾਨੂੰਨ ਦੀਆਂ ਪਾਬੰਦੀਆਂ ਨੂੰ ਬੇਅਸਰ ਕਰ ਦਿੰਦਾ ਹੈ, ਜਿਸਦਾ ਮਤਲਬ ਹੈ ਕਿ ਇਨ੍ਹਾਂ ਸਾਂਸਦਾਂ ਦੀ ਮੈਂਬਰੀ ਬਚੀ ਰਹੇਗੀ। ਇਹ ਭਾਜਪਾ ਲਈ ਰਾਜ ਸਭਾ ਵਿੱਚ ਇੱਕ ਵੱਡੀ ਜਿੱਤ ਹੈ, ਪਰ 'ਆਪ' ਲਈ ਇਹ ਇੱਕ 'ਸੰਗਠਨਾਤਮਕ ਖ਼ੁਦਕੁਸ਼ੀ' ਵਾਂਗ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ, ਜਿੱਥੇ 'ਆਪ' ਦੀ ਪੂਰਨ ਬਹੁਮਤ ਵਾਲੀ ਸਰਕਾਰ ਹੈ, ਉੱਥੋਂ ਦੇ ਸਾਂਸਦਾਂ ਦਾ ਟੁੱਟਣਾ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੇ ਮਨੋਬਲ ਨੂੰ ਮਿੱਟੀ ਵਿੱਚ ਮਿਲਾ ਸਕਦਾ ਹੈ। ਰਾਘਵ ਚੱਢਾ ਦਾ ਇਹ ਬਿਆਨ ਕਿ "ਅਜੇ ਹੋਰ ਵੀ ਲੋਕ ਹਨ", ਕੇਜਰੀਵਾਲ ਲਈ ਖ਼ਤਰੇ ਦੀ ਘੰਟੀ ਹੈ। ਪਾਰਟੀ ਜਿਸ 'ਭ੍ਰਿਸ਼ਟਾਚਾਰ ਵਿਰੋਧੀ' ਅਕਸ 'ਤੇ ਖੜ੍ਹੀ ਸੀ, ਉਹ ਸ਼ਰਾਬ ਨੀਤੀ ਦੇ ਮਾਮਲਿਆਂ ਅਤੇ ਅੰਦਰੂਨੀ ਕਲੇਸ਼ ਕਾਰਨ ਧੁੰਦਲਾ ਹੋ ਚੁੱਕਾ ਹੈ। ਜੇਕਰ ਅਰਵਿੰਦ ਕੇਜਰੀਵਾਲ ਹੁਣ ਵੀ ਆਪਣੇ ਆਲੇ-ਦੁਆਲੇ ਦੀ 'ਨਜ਼ਦੀਕੀ ਘੇਰਾ ਤੋਂ ਬਾਹਰ ਨਿਕਲ ਕੇ ਜ਼ਮੀਨੀ ਹਕੀਕਤ ਨੂੰ ਨਹੀਂ ਦੇਖਦੇ, ਤਾਂ ਉਹ ਦਿਨ ਦੂਰ ਨਹੀਂ ਜਦੋਂ 'ਆਮ ਆਦਮੀ ਪਾਰਟੀ' ਸਿਰਫ ਇਤਿਹਾਸ ਦੇ ਪੰਨਿਆਂ ਵਿੱਚ ਇੱਕ 'ਉਮੀਦ' ਬਣ ਕੇ ਰਹਿ ਜਾਵੇਗੀ।

## ਪੰਜਾਬ ਕਾਂਗਰਸ ਵਿਚ ਹਲਚਲ: ਕੀ ਸੂਬੇ ਵਿਚ ਆਵੇਗਾ ਸਿਆਸੀ ਭੂਚਾਲ ?

ਚੰਡੀਗੜ੍ਹ-ਦੇਸ਼ ਅਤੇ ਖ਼ਾਸ ਕਰਕੇ ਪੰਜਾਬ ਦੀ ਸਿਆਸਤ ਵਿੱਚ ਉਸ ਵੇਲੇ ਇੱਕ ਵੱਡਾ ਧਮਾਕਾ ਹੋਇਆ, ਜਦੋਂ ਆਮ ਆਦਮੀ ਪਾਰਟੀ (ਆਪ) ਦੇ ਸੱਤ ਰਾਜ ਸਭਾ ਮੈਂਬਰਾਂ ਨੇ ਅਚਾਨਕ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਪੱਲਾ ਫੜ ਲਿਆ। ਇਸ ਘਟਨਾਕ੍ਰਮ ਤੋਂ ਬਾਅਦ ਕਾਂਗਰਸ ਦੇ ਗਲਿਆਰਿਆਂ ਵਿੱਚ ਹੁਣ ਇਹ ਸਵਾਲ ਗੂੰਜ ਰਿਹਾ ਹੈ ਕਿ ਕੀ ਅਗਲੀ ਵਾਰੀ ਉਨ੍ਹਾਂ ਦੀ ਹੈ ?

ਕਾਂਗਰਸ ਅੰਦਰ ਕਿਉਂ ਵਧੀ ਚਿੰਤਾ ?-ਸੂਤਰਾਂ ਮੁਤਾਬਕ, ਕਾਂਗਰਸ ਦੇ ਅੰਦਰੂਨੀ ਹਲਕਿਆਂ ਵਿੱਚ ਇਸ ਗੱਲ ਨੂੰ ਲੈ ਕੇ ਮੰਥਨ ਜਾਰੀ ਹੈ ਕਿ ਜੇਕਰ ਸੱਤਾਧਾਰੀ ਧਿਰ (ਆਪ) ਦੇ ਇੰਨੀ ਵੱਡੀ ਗਿਣਤੀ ਵਿੱਚ ਸੰਸਦ ਮੈਂਬਰ ਪਾਰਟੀ ਛੱਡ ਸਕਦੇ ਹਨ, ਤਾਂ ਕਾਂਗਰਸ ਦੇ ਨਾਰਾਜ਼ ਆਗੂਆਂ ਨੂੰ ਰੋਕਣਾ ਹੋਰ ਵੀ ਮੁਸ਼ਕਲ ਹੋ ਸਕਦਾ ਹੈ। ਕਈ ਸਾਬਕਾ ਵਿਧਾਇਕ ਅਤੇ ਮੰਤਰੀ, ਜੋ ਪਿਛਲੀਆਂ ਚੋਣਾਂ ਵਿੱਚ ਹਾਰ ਗਏ ਸਨ, ਹੁਣ ਆਪਣੇ ਸਿਆਸੀ ਵਜੂਦ ਨੂੰ ਬਚਾਉਣ ਲਈ ਭਾਜਪਾ ਵੱਲ ਵੇਖ ਰਹੇ ਹਨ। ਖ਼ਬਰਾਂ ਹਨ ਕਿ ਪੰਜਾਬ ਕਾਂਗਰਸ ਦੇ ਕੁਝ ਮੌਜੂਦਾ ਵਿਧਾਇਕਾਂ ਅਤੇ ਦਿੱਗਜ ਨੇਤਾਵਾਂ ਨੇ ਦਿੱਲੀ ਅਤੇ ਚੰਡੀਗੜ੍ਹ ਵਿੱਚ ਭਾਜਪਾ ਹਾਈਕਮਾਂਡ ਨਾਲ 'ਗੁਪਤ ਬੈਠਕਾਂ' ਕੀਤੀਆਂ ਹਨ। ਪਾਰਟੀ ਅੰਦਰ ਚੱਲ ਰਹੀ ਖਿੱਚੋਤਾਣ ਅਤੇ ਟਿਕਟਾਂ ਦੀ ਵੰਡ ਨੂੰ ਲੈ ਕੇ ਪੈਦਾ ਹੋਈ ਨਾਰਾਜ਼ਗੀ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ।

ਭਾਜਪਾ ਪੰਜਾਬ ਵਿੱਚ ਆਪਣੀ ਪੈਰ ਜਮਾਉਣ ਲਈ ਕਾਫ਼ੀ ਸਰਗਰਮ ਦਿਖਾਈ ਦੇ ਰਹੀ ਹੈ। ਪਾਰਟੀ ਦਾ ਨਿਸ਼ਾਨਾ ਦੂਜੀਆਂ ਪਾਰਟੀਆਂ ਦੇ ਉਨ੍ਹਾਂ ਮਜ਼ਬੂਤ ਚਿਹਰਿਆਂ 'ਤੇ ਹੈ ਜੋ ਆਪਣੀ ਲੀਡਰਸ਼ਿਪ ਤੋਂ ਦੁਖੀ ਹਨ। 'ਆਪ' ਦੇ 7 ਮੈਂਬਰਾਂ ਨੂੰ ਤੋੜਨਾ ਇਸੇ ਵੱਡੀ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿਪੰਜਾਬ ਵਿੱਚ ਹੁਣ ਸਿਆਸੀ ਸਮੀਕਰਨ ਬਦਲ ਰਹੇ ਹਨ। ਦਲ-ਬਦਲ ਦੀ ਇਹ ਰਵਾਇਤ ਆਉਣ ਵਾਲੀਆਂ ਚੋਣਾਂ ਵਿੱਚ ਵੱਡੇ ਉਲਟਫੇਰ ਕਰ ਸਕਦੀ ਹੈ।"

ਆਉਣ ਵਾਲੇ ਦਿਨ ਪੰਜਾਬ ਦੀ ਸਿਆਸਤ ਲਈ ਬਹੁਤ ਨਿਰਣਾਇਕ ਹੋਣਗੇ। ਹੇਠ ਲਿਖੇ ਬਦਲਾਅ ਸੰਭਵ ਹਨ। ਕਾਂਗਰਸ ਦੇ ਕੁਝ ਹੋਰ ਸਾਬਕਾ ਮੰਤਰੀ ਜਲਦ ਹੀ ਭਾਜਪਾ ਵਿਚ ਸ਼ਾਮਲ ਹੋ ਸਕਦੇ ਹਨ। ਆਪਣੀ ਹੋਂਦ ਬਚਾਉਣ ਲਈ ਕਾਂਗਰਸ ਹਾਈਕਮਾਂਡ ਪੰਜਾਬ ਯੂਨਿਟ ਵਿੱਚ ਵੱਡੇ ਫੇਰਬਦਲ ਕਰ ਸਕਦੀ ਹੈ ਤਾਂ ਜੋ ਨਾਰਾਜ਼ ਆਗੂਆਂ ਨੂੰ ਮਨਾਇਆ ਜਾ ਸਕੇ। ਪੰਜਾਬ ਵਿੱਚ ਹੁਣ ਮੁਕਾਬਲਾ ਸਿਰਫ਼ 'ਆਪ' ਅਤੇ ਕਾਂਗਰਸ, ਅਕਾਲੀ ਦਲ ਵਿਚਾਲੇ ਨਹੀਂ, ਸਗੋਂ ਭਾਜਪਾ ਇੱਕ ਚੋਥੀ ਵੱਡੀ ਤਾਕਤ ਵਜੋਂ ਉਭਰ ਕੇ ਸਾਹਮਣੇ ਆ ਰਹੀ ਹੈ।

ਕੁੱਲ ਮਿਲਾ ਕੇ, 'ਆਪ' ਦੇ ਰਾਜ ਸਭਾ ਮੈਂਬਰਾਂ ਦੇ ਪਾਲਾ ਬਦਲਣ ਨਾਲ ਪੰਜਾਬ ਦੀ ਸਿਆਸਤ ਵਿੱਚ ਜੋ 'ਭੂਚਾਲ' ਆਇਆ ਹੈ, ਉਸ ਨੇ ਕਾਂਗਰਸ ਦੀ ਨੀਂਦ ਉਡਾ ਦਿੱਤੀ ਹੈ। ਜੇਕਰ ਪਾਰਟੀ ਲੀਡਰਸ਼ਿਪ ਨੇ ਤੁਰੰਤ ਸਾਰਥਕ ਕਦਮ ਨਾ ਚੁੱਕੇ, ਤਾਂ ਪੰਜਾਬ ਕਾਂਗਰਸ ਨੂੰ ਇੱਕ ਹੋਰ ਵੱਡੀ ਟੁੱਟ-ਭੱਜ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਨਵੰਬਰ 1984 ਨੂੰ ਦਿੱਲੀ 'ਚ ਸਿੱਖ ਨਸਲਕੁਸ਼ੀ ਦਾ ਮਤਾ ਡਰਬੀ ਕੌਂਸਲ ਵਿੱਚ ਪਾਸ ਕਰਵਾਉਣ ਵਾਲੇ ਕੌਂਸਲਰ ਅਜੀਤ ਸਿੰਘ ਅਟਵਾਲ ਦਾ ਸਨਮਾਨ

## ਯੂ ਕੇ ਦੇ ਸੰਸਦ ਮੈਂਬਰ ਅਤੇ ਹੋਰ ਕੌਂਸਲਾਂ ਵੀ ਸਿੱਖ ਨਸਲਕੁਸ਼ੀ ਦੇ ਮਤੇ ਪਾਸ ਕਰਵਾਉਣ ਲਈ ਯਤਨ ਕਰਨ

## ਸੇਵਿੰਗ ਪੰਜਾਬ ਵਾਲੇ ਗੁਰਪ੍ਰੀਤ ਸਿੰਘ ਰੀਹਲ ਨੂੰ ਇਨਸਾਫ਼ ਦਿਵਾਉਣ ਲਈ ਹੋਰ ਵੀ ਕੌਂਸਲਰ ਤੇ ਸਾਂਸਦ ਜ਼ਿੰਮੇਵਾਰੀ ਨਿਭਾਉਣ

## ਡਰਬੀ ਕੌਂਸਲ ਦੇ ਸਾਰੇ 51 ਕੌਂਸਲਰਾਂ ਦਾ ਇਸ ਨਸਲਕੁਸ਼ੀ ਦੇ ਮਤੇ ਵਿੱਚ ਸਹਿਯੋਗ ਦੇਣ ਲਈ ਹਾਰਦਿਕ ਧੰਨਵਾਦ ਕੀਤਾ ਗਿਆ

*ਡਰਬੀ (ਪੰਜਾਬ ਟਾਈਮਜ਼) – ਡਰਬੀ ਕੌਂਸਲ ਦੇ ਮੇਅਰ ਕੌਂਸਲਰ ਅਜੀਤ ਸਿੰਘ ਅਟਵਾਲ ਬੀਤੇ ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸ਼ਹੀਦੀ ਯਾਦਗਾਰ ਅਤੇ ਸਿੱਖ ਅਜਾਇਬਘਰ ਦੇਖਣ ਲਈ ਆਏ । ਯਾਦ ਰਹੇ ਨਵੰਬਰ 1984 ਨੂੰ ਭਾਰਤ ਦੀ ਰਾਜਧਾਨੀ ਦਿੱਲੀ ਅਤੇ ਦੇਸ਼ ਦੇ ਹੋਰ ਕਈ ਰਾਜਾਂ ਵਿੱਚ ਸਿੱਖਾਂ ਦੇ ਹੋਏ ਕਤਲੇਆਮ ਸਬੰਧੀ ਅਜੀਤ ਸਿੰਘ ਅਟਵਾਲ ਨੇ ਪਿਛਲੇ ਸਾਲ ਡਰਬੀ ਦੀ ਕੌਂਸਲ ਵੱਲੋਂ ਸਿੱਖਾਂ ਦੀ ਨਸਲਕੁਸ਼ੀ ਦਾ ਮਤਾ ਲਿਆਂਦਾ ਸੀ। ਇਸ ਮਤੇ ਦਾ ਡਰਬੀ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਸਮਰਥਨ ਕੀਤਾ ਗਿਆ ਸੀ। ਦਿੱਲੀ 1984 ਵਿੱਚ ਸਿੱਖਾਂ ਦੇ ਹੋਏ ਕਤਲੇਆਮ ਉਸ ਸਮੇਂ ਦੀ ਸਰਕਾਰ ਦੀ ਸ਼ਹਿ ਤੇ ਹੋਇਆ ਸੀ । ਸਿੱਖ ਨਸਲਕੁਸ਼ੀ ਦੇ ਉਸ ਮਤੇ ਨੂੰ ਲਿਬਰਲ ਪਾਰਟੀ, ਲੇਬਰ ਪਾਰਟੀ, ਕੰਨਜ਼ਰਵੇਟਿਵ ਪਾਰਟੀ, ਰਿਫਾਰਮ ਤੇ ਇੰਡੀਪੈਂਡੈਂਟ ਕੌਂਸਲਰਾਂ ਨੇ ਵੀ ਸਾਥ ਦਿੱਤਾ ਸੀ। ਨਸਲਕੁਸ਼ੀ ਦਾ ਇਹ ਮਤਾ ਸਾਰੇ ਕੌਂਸਲਰਾਂ ਵੱਲੋਂ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਸੀ।*

ਬੀਤੇ ਐਤਵਾਰ ਨੂੰ ਸਿੰਘ ਸਭਾ ਵਿਖੇ ਵਿਸ਼ੇਸ਼ ਤੌਰ ਤੇ ਆਏ ਡਰਬੀ ਦੇ ਮੇਅਰ ਅਜੀਤ ਸਿੰਘ ਅਟਵਾਲ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ, ਮੈਂ ਪਹਿਲਾਂ ਸਿੱਖ ਹਾਂ, ਤੇ ਬਾਅਦ ਵਿੱਚ ਮੇਅਰ ਤੇ ਕੌਂਸਲਰ ਹਾਂ। ਜੋ ਦਿੱਲੀ ਵਿੱਚ ਸਿੱਖਾਂ ਨਾਲ ਵਾਪਰਿਆ ਇਹ ਨਹੀਂ ਹੋਣਾ ਚਾਹੀਦਾ ਸੀ । ਉਹਨਾਂ ਕਿਹਾ ਕਿ ਹੋਰ ਯੂ ਕੇ ਦੇ ਸ਼ਹਿਰਾਂ ਵਿੱਚ ਵੀ ਇਹ ਮਤੇ ਪਾਸ ਕੀਤੇ ਜਾਣੇ ਚਾਹੀਦੇ ਹਨ । ਉਹਨਾਂ ਕਿਹਾ ਕਿ ਸਾਡੇ ਬਹੁਤ ਸਾਰੇ ਕੌਂਸਲਰ ਤੇ ਸੰਸਦ ਮੈਂਬਰ ਹਨ, ਸਾਰਿਆਂ ਨੂੰ ਸਿੱਖਾਂ ਦਾ ਸਾਥ ਦੇਣਾ ਚਾਹੀਦਾ ਹੈ ਤੇ ਆਪਣੇ ਹਲਕਿਆਂ ਵਿੱਚ ਇਹ ਮਤੇ ਪਾਸ ਕਰਵਾਉਣੇ ਚਾਹੀਦੇ ਹਨ । ਇਸ ਮੌਕੇ ਆਸਟ੍ਰੇਲੀਆ ਤੋਂ ਭਾਈ ਮਨਬੀਰ ਸਿੰਘ ਦਾ ਜਥਾ ਕੀਰਤਨ ਕਰਨ ਲਈ ਆਇਆ ਹੋਇਆ ਹੋਣ ਕਰਕੇ ਬਾਹਰਲੇ ਸ਼ਹਿਰਾਂ ਤੋਂ ਵੀ ਸੰਗਤ ਇਥੇ ਆਈ ਹੋਈ ਸੀ।




ਡਰਬੀ ਦੇ ਮੇਅਰ ਕੌਂਸਲਰ ਅਜੀਤ ਸਿੰਘ ਅਟਵਾਲ ਦਾ ਸਨਮਾਨ ਕਰਦੇ ਹੋਏ ਗੁਰਦੁਆਰਾ ਸਿੰਘ ਸਭਾ ਡਰਬੀ ਦੇ ਸੇਵਾਦਾਰ ਅਤੇ ਪਤਵੰਤੇ


ਇਸ ਮੌਕੇ ਸਿੱਖ ਅਜਾਇਬਘਰ ਦੇ ਚੇਅਰਮੈਨ ਤੇ ਸਿੰਘ ਸਭਾ ਦੇ ਜਨਰਲ ਸਕੱਤਰ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਦੱਸਿਆ ਕਿ ਬ੍ਰੈਡਫੋਰਡ ਤੋਂ ਸੇਵਿੰਗ ਪੰਜਾਬ ਸੰਸਥਾ ਵਾਲੇ ਨੌਜਵਾਨ ਗੁਰਪ੍ਰੀਤ ਸਿੰਘ ਵੀ ਕੀਰਤਨ ਵਿੱਚ ਹਾਜ਼ਰੀ ਭਰਨ ਲਈ ਆਏ ਹੋਏ ਹਨ । ਯੂ ਕੇ ਪੁਲਿਸ ਵੱਲੋਂ ਉਸ ਤੇ ਬਿਨਾ ਕੋਈ ਇਲਜ਼ਾਮ ਲਾਇਆਂ ਉਸ ਦਾ ਕਾਰੋਬਾਰ ਤੇ ਬੈਂਕ ਦੇ ਖਾਤੇ ਸੀਲ ਕੀਤੇ ਹੋਏ ਹਨ । ਉਹਨਾਂ ਦੀ ਧਰਮ ਪਤਨੀ ਨੂੰ ਵੀ ਇਸ ਕਰਕੇ ਨੌਕਰੀ ਛੱਡਣੀ ਪਈ । ਗੁਰਪ੍ਰੀਤ ਸਿੰਘ ਉਤੇ ਕੋਈ ਚਾਰਜ ਨਹੀਂ ਲਾਇਆ ਗਿਆ। ਉਹ ਸੇਵਿੰਗ ਪੰਜਾਬ ਚੈਰਿਟੀ ਸੰਸਥਾ ਚਲਾਉਣ ਦੇ ਨਾਲ–ਨਾਲ ਖੇਡਾਂ ਵਿੱਚ ਵੀ ਸਰਗਰਮ ਭੂਮਿਕਾ ਨਿਭਾਅ ਰਹੇ ਸਨ । ਪੰਜਾਬ ਦੇ ਪਾਣੀਆਂ ਬਾਰੇ ਅਤੇ ਪੰਜਾਬ ਵਿੱਚ ਜੁਰਮ ਘਟਾਉਣ, ਨਸ਼ੇ ਤੇ ਰਿਸ਼ਵਤ ਆਦਿ ਦੀਆਂ ਸਮੱਸਿਆਵਾਂ ਬਾਰੇ ਲੋਕਾਂ ਨੂੰ ਜਾਗਰਿਤ ਕਰ ਰਹੇ ਸਨ, ਜਿਸ ਸਬੰਧੀ ਉਹਨਾਂ ਉਘੇ ਵਿਦਵਾਨਾਂ ਤੇ ਫਿਲਾਸਫਰਾਂ ਪਾਸੋਂ ਪਰਚੇ ਵੀ ਲਿਖਵਾਏ। ਉਹਨਾਂ ਨੇ ਯੂ ਐਨ ਓ ਵਿੱਚ ਭਾਸ਼ਨ ਦੇ ਕੇ ਵੀ ਇਹ ਮਸਲੇ ਉਠਾਏ ਸਨ। ਪਤਾ ਨਹੀਂ ਉਹਨਾਂ ਦੇ ਇਹ ਕੰਮ ਭਾਰਤ ਤੇ ਯੂ ਕੇ ਸਰਕਾਰਾਂ ਨੂੰ ਕਿਉਂ ਚੰਗੇ ਨਹੀਂ ਲੱਗੇ ਤੇ ਉਨ੍ਹਾਂ ਉਤੇ ਏਨੀ ਸਖਤੀ ਕੀਤੀ ਜਾ ਰਹੀ ਹੈ। ਉਹਨਾਂ ਸਾਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਬੇਨਤੀ ਕੀਤੀ ਕਿ ਕਿਸੇ ਦੂਜੇ ਦੇ ਵਿਰੁੱਧ ਬਿਆਨਬਾਜ਼ੀ ਨਾ ਕਰਨ ਕੇਵਲ ਆਪਣੀ ਪਾਰਟੀ ਦੇ ਏਜੰਡੇ ਅਤੇ ਕੰਮਾਂ ਬਾਰੇ ਹੀ ਗੱਲ ਕਰਨ ।

ਇਸ ਬਾਰੇ ਬੋਲਦਿਆਂ ਡਰਬੀ ਦੇ ਮੇਅਰ ਅਟਵਾਲ ਨੇ ਕਿਹਾ ਕਿ ਉਹ ਗੁਰਪ੍ਰੀਤ ਸਿੰਘ ਨਾਲ ਪੂਰੀ ਹਮਦਰਦੀ ਜ਼ਾਹਿਰ ਕਰਦੇ ਹਨ, ਉਹਨਾਂ ਦੇ ਨਾਲ ਇੰਝ ਨਹੀਂ ਵਾਪਰਨਾ ਚਾਹੀਦਾ ਸੀ । ਉਹਨਾਂ ਕਿਹਾ ਸਾਡੇ ਸਿੱਖ ਕੌਂਸਲਰਾਂ ਤੇ ਸੰਸਦ ਮੈਂਬਰਾਂ ਨੂੰ ਇਸ ਬਾਰੇ ਅਵਾਜ਼ ਉਠਾਉਣੀ ਚਾਹੀਦੀ ਹੈ ਤੇ ਗੁਰਪ੍ਰੀਤ ਸਿੰਘ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ।

ਗੁਰਦੁਆਰਾ ਸਿੰਘ ਸਭਾ ਅਤੇ ਸਿੱਖ ਅਜਾਇਬਘਰ ਵੱਲੋਂ ਮੇਅਰ ਅਜੀਤ ਸਿੰਘ ਅਟਵਾਲ ਦੀ ਇਸ ਸੇਵਾ ਲਈ ਉਹਨਾਂ ਨੂੰ ਸਿਰੋਪਾਓ ਅਤੇ ਇਕ ਵਿਸ਼ੇਸ਼ ਟਰੋਫ਼ੀ ਦੇ ਕੇ ਸਨਮਾਨ ਕੀਤਾ ਗਿਆ ।

ਇਸ ਮੌਕੇ ਮਨਪ੍ਰੀਤ ਸਿੰਘ ਵਰਲਡ ਸਿੱਖ ਪਾਰਲੀਮੈਂਟ ਦੇ ਬੁਲਾਰੇ, ਗੁਰਦੁਆਰਾ ਖਾਲਸਾ ਦਰਬਾਰ ਦੇ ਪ੍ਰਧਾਨ ਸ: ਹਰਦਿਆਲ ਸਿੰਘ ਧਮੜੈਤ, ਪੁਰਾਣੇ ਅਕਾਲੀ ਲੀਡਰ ਸ: ਸੁੱਚਾ ਅਟਵਾਲ, ਬੀਬੀ ਨਵਜੋਤ ਕੌਰ ਵਿਰਕ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਉਹਨਾਂ ਕਿਹਾ ਕਿ ਗੁਰਪ੍ਰੀਤ ਸਿੰਘ ਨਾਲ ਜ਼ਿਆਦਤੀ ਹੋ ਰਹੀ ਹੈ, ਉਹਨਾਂ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ । ਹੋਰ ਵੀ ਸਿੱਖ ਕੌਂਸਲਰਾਂ ਤੇ ਸਾਂਸਦਾਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ । ਡਰਬੀ ਸਿਟੀ ਕੌਂਸਲ ਨੇ ਪਿਛਲੇ ਸਾਲ ਜਦੋਂ ਇਹ ਮਤਾ ਪਾਸ ਕੀਤਾ ਸੀ ਤਦ ਸਿੱਖ ਭਾਈਚਾਰੇ ਨੂੰ ਕੌਂਸਲ ਹਾਊਸ ਵਿੱਚ ਬੁਲਾਇਆ ਗਿਆ ਤੇ ਕੌਂਸਲ ਦੀਆਂ ਸੀਟਾਂ ਤੇ ਬਿਠਾ ਕੇ ਵਿਸ਼ੇਸ਼ ਮਾਣ ਸਨਮਾਨ ਦਿੱਤਾ ਗਿਆ ਸੀ, ਸਾਰਿਆਂ ਨੇ ਹੱਥ ਖੜ੍ਹੇ ਕਰਕੇ ਇਸ ਮਤੇ ਦੀ ਪ੍ਰੋੜਤਾ ਕੀਤੀ ਸੀ । ਮੇਅਰ ਅਜੀਤ ਸਿੰਘ ਅਟਵਾਲ ਦੇ ਸਨਮਾਨ ਸਮੇਂ ਡਾ: ਦਲਜੀਤ ਸਿੰਘ ਵਿਰਕ, ਭਾਈ ਲਖਵੀਰ ਸਿੰਘ, ਸਿੱਖ ਚੈਨਲ ਦੇ ਸੇਵਾਦਾਰ ਭਾਈ ਅਮਰਦੀਪ ਸਿੰਘ, ਪ੍ਰਭਜੋਤ ਸਿੰਘ, ਗੁਰਪਾਲ ਸਿੰਘ ਅਤੇ ਹੋਰ ਬਹੁਤ ਸਾਰੇ ਸਿੰਘ ਹਾਜ਼ਰ ਸਨ ।

# ਸੁਪਰੀਮ ਕੋਰਟ ਵਲੋਂ ਸੱਜਣ ਕੁਮਾਰ ਨੂੰ ਜ਼ਮਾਨਤ ਦੇਣ ਤੋਂ ਇਨਕਾਰ



ਨਵੀਂ ਦਿੱਲੀ-1984 ਸਿੱਖ ਕਤਲੇਆਮ ਦੇ ਦੋਸ਼ੀ ਤੇ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਸੁਪਰੀਮ ਕੋਰਟ ਤੋਂ ਰਾਹਤ ਨਹੀਂ ਮਿਲੀ ਹੈ। ਸਰਬਉਚ ਅਦਾਲਤ ਨੇ ਸੱਜਣ ਕੁਮਾਰ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਇਸ ਲਈ ਉਸ ਨੂੰ ਫ਼ਿਲਹਾਲ ਜੇਲ੍ਹ ਵਿਚ ਹੀ ਰਹਿਣਾ ਪਏਗਾ। ਸੁਪਰੀਮ ਕੋਰਟ ਨੇ ਸੱਜਣ ਕੁਮਾਰ ਨੂੰ ਬਜ਼ੁਰਗ ਅਤੇ ਬਿਮਾਰ ਪਤਨੀ ਨਾਲ ਮਿਲਣ ਦੇ ਲਈ ਜ਼ਮਾਨਤ 'ਤੇ ਰਿਹਾਅ ਕਰਨ ਦਾ ਆਦੇਸ਼ ਦੇਣ ਤੋਂ ਇਨਕਾਰ ਕਰ ਦਿੱਤਾ। ਉਮਰ ਕੈਦ ਦੀ ਸਜ਼ਾ ਭੁਗਤ ਰਹੇ ਸੱਜਣ ਕੁਮਾਰ ਨੇ ਆਪਣੀ ਜ਼ਮਾਨਤ ਪਟੀਸ਼ਨ ਵਿਚ ਕਿਹਾ ਸੀ ਕਿ ਉਹ ਪਿਛਲੇ 7 ਸਾਲ ਅਤੇ 4 ਮਹੀਨਿਆਂ ਤੋਂ ਜੇਲ੍ਹ ਵਿਚ ਹੈ ਅਤੇ ਉਸ ਦੀ ਪਤਨੀ ਗੰਭੀਰ ਰੂਪ 'ਚ ਬਿਮਾਰ ਹੈ ਜੋ ਤੁਰ ਵੀ ਨਹੀਂ ਸਕਦੀ, ਪਰ ਉਹ (ਸੱਜਣ ਕੁਮਾਰ) ਇੱਕ ਵਾਰੀ ਵੀ ਆਪਣੀ ਬਿਮਾਰ ਪਤਨੀ ਨਾਲ ਮਿਲ ਨਹੀਂ ਸਕਿਆਪ। ਸੁਪਰੀਮ ਕੋਰਟ ਨੇ ਜ਼ਮਾਨਤ ਦੇਣ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਹਾਈ ਕੋਰਟ ਤੋਂ ਮਿਲੀ ਸਜ਼ਾ ਦੇ ਖ਼ਿਲਾਫ਼ ਸੱਜਣ ਕੁਮਾਰ ਦੀ ਅਪੀਲ 'ਤੇ ਸੁਪਰੀਮ ਕੋਰਟ ਵਲੋਂ ਜੁਲਾਈ ਵਿਚ ਸੁਣਵਾਈ ਕੀਤੀ ਜਾਏਗੀ।

# ਬੇਅਦਬੀ ਮਾਮਲੇ ਵਿਚ ਬਣੇ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ' ਨੂੰ ਹਾਈ ਕੋਰਟ ਵਿਚ ਚੈਲਿੰਜ

ਚੰਡੀਗੜ੍ਹ-ਪੰਜਾਬ ਸਰਕਾਰ ਵਲੋਂ ਬੇਅਦਬੀ ਦੇ ਮਾਮਲਿਆਂ ਨੂੰ ਰੋਕਣ ਲਈ ਲਿਆਂਦੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ' ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ। ਇਹ ਜਨਹਿਤ ਪਟੀਸ਼ਨ ਜਲੰਧਰ ਨਿਵਾਸੀ ਸਿਮਰਨਜੀਤ ਸਿੰਘ ਵਲੋਂ ਦਾਇਰ ਕੀਤੀ ਗਈ ਹੈ। ਜਿਸ 'ਚ ਦਲੀਲ ਦਿੱਤੀ ਗਈ ਹੈ ਕਿ ਇਹ ਐਕਟ ਦੇਸ਼ ਦੇ ਧਰਮ-ਨਿਰਪੱਖ ਢਾਂਚੇ ਦੇ ਉਲਟ ਹੈ, ਕਿਉਂਕਿ ਕਿਸੇ ਇਕ ਧਰਮ ਵਿਸ਼ੇਸ਼ ਲਈ ਕਾਨੂੰਨ ਬਣਾਉਣਾ ਸੰਵਿਧਾਨਿਕ ਵਿਵਸਥਾ ਦੀ ਉਲੰਘਣਾ ਹੈ। ਪਟੀਸ਼ਨਕਰਤਾ ਨੇ ਕਿਹਾ ਕਿ ਇਸ ਕਾਨੂੰਨ ਵਿਚ ਹੋਰ ਧਰਮਾਂ ਨਾਲ ਸੰਬੰਧਿਤ ਬੇਅਦਬੀ ਦੇ ਮਾਮਲਿਆਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ, ਜਿਸ ਨਾਲ ਇਹ ਪੱਖਪਾਤੀ ਦਿੱਸਦਾ ਹੈ। ਇਸ ਤੋਂ ਇਲਾਵਾ ਪਟੀਸ਼ਨ ਵਿਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਐਕਟ ਵਿਚ ਸੋਧ ਕਰਕੇ ਹੁਣ ਉਮਰ ਕੈਦ ਦੀ ਸਜ਼ਾ ਤੱਕ ਦਾ ਤਜ਼ਵੀਜ ਕੀਤੀ ਗਈ ਹੈ। ਪਟੀਸ਼ਨਕਰਤਾ ਅਨੁਸਾਰ ਉਮਰ ਕੈਦ ਵਰਗੀ ਸਜ਼ਾ ਭਾਰਤੀ ਨਿਆਂ ਸੰਹਿਤਾ (ਬੀ. ਐਨ. ਐਸ.) ਦੇ ਅਧੀਨ ਆਉਂਦੀ ਹੈ, ਇਸ ਲਈ ਇਸ ਤਰ੍ਹਾਂ ਦੇ ਸੋਧੇ ਕਾਨੂੰਨ ਲਈ ਰਾਸ਼ਟਰਪਤੀ ਦੀ ਮਨਜ਼ੂਰੀ ਲਾਜ਼ਮੀ ਹੈ। ਪ੍ਰੰਤੂ ਪੰਜਾਬ ਸਰਕਾਰ ਵਲੋਂ ਇਸ ਨੂੰ ਸਿਰਫ਼ ਪੰਜਾਬ ਦੇ ਰਾਜਪਾਲ ਦੀ ਮਨਜ਼ੂਰੀ ਨਾਲ ਹੀ ਨੋਟੀਫਾਈ ਕਰ ਦਿੱਤਾ ਗਿਆ, ਜੋ ਕਿ ਕਾਨੂੰਨੀ ਤੌਰ 'ਤੇ ਠੀਕ ਨਹੀਂ ਹੈ। ਇਨ੍ਹਾਂ ਸਾਰੇ ਆਧਾਰਾਂ 'ਤੇ ਇਹ ਜਨਹਿਤ ਪਟੀਸ਼ਨ ਹਾਈ ਕੋਰਟ ਵਿਚ ਦਾਇਰ ਕੀਤੀ ਗਈ ਹੈ। ਉਮੀਦ ਹੈ ਕਿ ਹਾਈ ਕੋਰਟ ਵਲੋਂ ਇਸ ਮਾਮਲੇ 'ਤੇ ਆਉਣ ਵਾਲੇ ਇਕ-ਦੋ ਦਿਨਾਂ 'ਚ ਸੁਣਵਾਈ ਕੀਤੀ ਜਾ ਸਕਦੀ ਹੈ। ਇਸ ਮਾਮਲੇ ਨੂੰ ਲੈ ਕੇ ਰਾਜਨੀਤਿਕ ਅਤੇ ਕਾਨੂੰਨੀ ਗੱਲਬਾਤ ਵੀ ਤੇਜ਼ ਹੋ ਸਕਦੀ ਹੈ, ਕਿਉਂਕਿ ਇਹ ਮਸਲਾ ਧਾਰਮਿਕ ਸੰਵੇਦਨਸ਼ੀਲਤਾ ਨਾਲ ਜੁੜਿਆ ਹੋਇਆ ਹੈ।

# ਪਟਿਆਲਾ ਧਮਾਕਾ ਕਾਂਡ ਸ਼ੱਕ ਦੇ ਘੇਰੇ ਵਿਚ, ਕੌਣ ਸੀ ਮ੍ਰਿਤਕ ਜਗਰੂਪ ਸਿੰਘ ?

**⭘ ਪੁਲਿਸ ਨੇ ਦੱਸਿਆ ਖਾੜਕੂ, ਪਰਿਵਾਰ ਨੇ ਕਿਹਾ ਪੰਥ ਦਾ 'ਸੇਵਾਦਾਰ' ⭘ ਪੁਲਿਸ ਦਾ ਦਾਅਵਾ ਮਲੇਸ਼ੀਆ ਤੋਂ ਚੱਲ ਰਹੇ ਮਡਿਊਲ ਦਾ ਪਰਦਾਫਾਸ਼; 4 ਗ੍ਰਿਫ਼ਤਾਰ, ਇਕ ਦੀ ਮੌਤ ⭘ ਪੁਲਿਸ ਵਲੋਂ ਜਗਰੂਪ ਸਿੰਘ ਦਾ ਭਰਾ ਹਿਰਾਸਤ ਵਿਚ, ਪਰਿਵਾਰ ਵੱਲੋਂ ਧਰਨੇ ਦੀ ਚਿਤਾਵਨੀ**





**ਖਾਸ ਰਿਪੋਟ**

ਪਟਿਆਲਾ ਦੇ ਸ਼ੰਭੂ ਨੇੜੇ ਰੇਲਵੇ ਟਰੈਕ ਉੱਤੇ ਹੋਏ ਇੱਕ ਧਮਾਕੇ ਨੇ ਪੂਰੇ ਸੂਬੇ ਵਿੱਚ ਸਨਸਨੀ ਫੈਲਾ ਦਿੱਤੀ ਹੈ। 27 ਅਪ੍ਰੈਲ 2026 ਦੀ ਰਾਤ ਨੂੰ ਹੋਈ ਇਸ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ, ਜਿਸ ਦੀ ਪਛਾਣ ਜਗਰੂਪ ਸਿੰਘ ਵਜੋਂ ਹੋਈ ਹੈ। ਪੁਲਿਸ ਅਨੁਸਾਰ ਇਹ ਧਮਾਕਾ ਉਸ ਵੇਲੇ ਹੋਇਆ ਜਦੋਂ ਮੁਲਜ਼ਮ ਟਰੈਕ 'ਤੇ ਵਿਸਫੋਟਕ ਸਮੱਗਰੀ ਰੱਖਣ ਦੀ ਕੋਸ਼ਿਸ਼ ਕਰ ਰਹੇ ਸਨ।

ਮ੍ਰਿਤਕ ਜਗਰੂਪ ਸਿੰਘ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਪੰਜਵੜ ਦਾ ਰਹਿਣ ਵਾਲਾ ਸੀ। ਜਗਰੂਪ ਸਿੰਘ ਨਿਹੰਗ ਜਥੇਬੰਦੀਆਂ ਨਾਲ ਜੁੜਿਆ ਹੋਇਆ ਸੀ ਅਤੇ ਘੋੜਿਆਂ ਦੀ ਸੇਵਾ ਕਰਦਾ ਸੀ। ਪਿੰਡ ਵਾਸੀਆਂ ਮੁਤਾਬਕ ਉਸ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਵਿੱਚ ਵੀ ਕੰਮ ਕੀਤਾ ਸੀ। ਉਸਦੀ ਮਾਤਾ ਬਲਵਿੰਦਰ ਕੌਰ ਅਨੁਸਾਰ ਜਗਰੂਪ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਸੀ ਅਤੇ ਉਹ ਮਿਹਨਤ ਕਰਕੇ ਗੁਜ਼ਾਰਾ ਕਰਦਾ ਸੀ। ਪਰਿਵਾਰ ਪਿੰਡ ਵਿੱਚ ਆਟਾ ਚੱਕੀ ਚਲਾਉਂਦਾ ਹੈ

## ਕੀ ਦਾਅਵਾ ਹੈ ਪੁਲਿਸ ਦਾ

ਪੁਲਿਸ ਮੁਤਾਬਕ ਜਗਰੂਪ ਸਿੰਘ ਉੱਤੇ 2024 ਵਿੱਚ ਇੱਕ ਮੁਕੱਦਮਾ ਦਰਜ ਹੋਇਆ ਸੀ ਅਤੇ ਉਹ ਇਸ ਖਾੜਕੂ ਮਡਿਊਲ ਦੇ ਸੰਪਰਕ ਵਿੱਚ ਸੀ। ਪਟਿਆਲਾ ਰੇਂਜ ਦੇ ਡੀਆਈਜੀ ਕੁਲਦੀਪ ਸਿੰਘ ਚਾਹਲ ਅਤੇ ਐੱਸਐੱਸਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਚਾਰ ਮੁਲਜ਼ਮਾਂ ਪ੍ਰਦੀਪ ਸਿੰਘ ਖਾਲਸਾ (ਮਾਨਸਾ) - ਮਡਿਊਲ ਦਾ ਮੁੱਖ ਸਰਗਣਾ, ਕੁਲਵਿੰਦਰ ਸਿੰਘ ਬੱਗਾ (ਮਾਨਸਾ), ਸਤਨਾਮ ਸਿੰਘ-ਮ੍ਰਿਤਕ ਜਗਰੂਪ ਸਿੰਘ ਦਾ ਛੋਟਾ ਭਰਾ ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ: ਮੁਲਜ਼ਮਾਂ ਕੋਲੋਂ ਇੱਕ ਹੈਂਡ ਗ੍ਰੇਨੇਡ, ਦੋ 32 ਬੋਰ ਪਿਸਤੌਲ, ਆਈਈਡੀ ਡੇਟੋਨੇਟਰ ਅਤੇ ਹੋਰ ਤਕਨੀਕੀ ਸਾਮਾਨ ਬਰਾਮਦ ਕੀਤਾ ਹੈ। ਡੀਆਈਜੀ ਕੁਲਦੀਪ ਸਿੰਘ ਚਾਹਲ ਮੁਤਾਬਕ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਸ ਮਡਿਊਲ ਨੂੰ ਆਈਐਸਆਈ ਦੀ ਹਮਾਇਤ ਹਾਸਲ ਸੀ। ਇਹ ਨੈੱਟਵਰਕ ਮਲੇਸ਼ੀਆ ਤੋਂ ਚਲਾਇਆ ਜਾ ਰਿਹਾ ਸੀ। ਮੁੱਖ ਮੁਲਜ਼ਮ ਪ੍ਰਦੀਪ ਸਿੰਘ ਖਾਲਸਾ ਨੌਜਵਾਨਾਂ ਨੂੰ ਟ੍ਰੇਨਿੰਗ ਲਈ ਮਲੇਸ਼ੀਆ ਭੇਜਣ ਦਾ ਕੰਮ ਵੀ ਕਰਦਾ ਸੀ।

ਡੀ.ਆਈ.ਜੀ. ਚਾਹਲ ਨੇ ਦੱਸਿਆ ਕਿ ਜਾਂਚ ਵਿੱਚ ਇਹ ਸਾਹਮਣੇ ਆਇਆ ਹੈ ਕਿ ਧਮਾਕਾ ਆਰ.ਡੀ.ਐਕਸ ਦੀ ਮਿਸ-ਹੈਂਡਲਿੰਗ ਕਾਰਨ ਹੋਇਆ ਸੀ। ਇਸ ਹਾਦਸੇ ਵਿੱਚ ਜਗਰੂਪ ਸਿੰਘ ਦੀ ਮੌਤ ਹੋ ਗਈ ਸੀ, ਜਿਸ ਦੀ ਲਾਸ਼ ਟਰੈਕ ਤੋਂ 200 ਮੀਟਰ ਦੂਰ ਮਿਲੀ ਸੀ।

ਜਗਰੂਪ ਸਿੰਘ 2019 ਵਿੱਚ ਮਲੇਸ਼ੀਆ ਗਿਆ ਸੀ, ਜਿੱਥੇ ਉਹ ਦੇਸ਼ ਵਿਰੋਧੀ ਹੈਂਡਲਰਾਂ ਦੇ ਸੰਪਰਕ ਵਿੱਚ ਆਇਆ ਸੀ। ਉਹ ਪੇਸ਼ੇ ਤੋਂ ਆਟਾ ਚੱਕੀ ਚਲਾਉਂਦਾ ਸੀ ਅਤੇ ਦੋ ਬੱਚਿਆਂ ਦਾ ਪਿਤਾ ਸੀ। ਪੁਲਿਸ ਅਨੁਸਾਰ ਇਸ ਧਮਾਕੇ ਦੀ ਜ਼ਿੰਮੇਵਾਰੀ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੁਖੀ ਰਣਜੀਤ ਸਿੰਘ ਨੀਟਾ ਨੇ ਲਈ ਹੈ। ਇੱਕ ਆਡੀਓ ਕਲਿੱਪ ਜਾਰੀ ਕਰਦਿਆਂ ਜਥੇਬੰਦੀ ਨੇ ਜਗਰੂਪ ਸਿੰਘ ਦੀ ਮੌਤ ਦਾ ਬਦਲਾ ਲੈਣ ਦੀ ਗੱਲ ਕਹੀ ਹੈ ਅਤੇ ਅਗਲੇ 10 ਦਿਨਾਂ ਵਿੱਚ ਦੇਸ਼ ਭਰ ਵਿੱਚ ਹੋਰ ਰੇਲ ਧਮਾਕੇ ਕਰਨ ਦੀ ਧਮਕੀ ਦਿੱਤੀ ਹੈ। ਪੁਲਿਸ ਨੇ ਮੁਲਜ਼ਮਾਂ ਖਿਲਾਫ਼ ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਐਕਟ ਤਹਿਤ ਕੇਸ ਦਰਜ ਕਰਕੇ ਅਦਾਲਤ ਤੋਂ ਰਿਮਾਂਡ ਹਾਸਲ ਕਰ ਲਿਆ ਹੈ।

## ਪਰਿਵਾਰ ਨੇ ਪੁਲਿਸ ਉਪਰ ਦੋਸ਼ ਲਗਾਏ

ਪਿੰਡ ਦੇ ਸਰਪੰਚ ਮਨਜੀਤ ਸਿੰਘ ਅਤੇ ਹੋਰ ਮੋਹਤਬਰਾਂ ਅਨੁਸਾਰ, ਪਰਿਵਾਰ ਮਿਹਨਤ-ਮਜ਼ਦੂਰੀ ਕਰਨ ਵਾਲਾ ਹੈ ਅਤੇ ਉਨ੍ਹਾਂ ਨੂੰ ਇਸ ਸਾਜ਼ਿਸ਼ ਬਾਰੇ ਕੋਈ ਜਾਣਕਾਰੀ ਨਹੀਂ ਸੀ। ਉਨ੍ਹਾਂ ਕਿਹਾ ਕਿ ਜਗਰੂਪ ਪਿੰਡ ਵਿੱਚ ਘੋੜੇ ਲਿਆ ਕੇ ਉਨ੍ਹਾਂ ਦੀ ਸੇਵਾ ਕਰਦਾ ਰਹਿੰਦਾ ਸੀ। ਮ੍ਰਿਤਕ ਜਗਰੂਪ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਪੁਲਿਸ ਦੇ ਦਾਅਵਿਆਂ ਨੂੰ ਚੁਣੌਤੀ ਦਿੱਤੀ ਹੈ। ਮਾਤਾ ਬਲਵਿੰਦਰ ਕੌਰ ਨੇ ਦੱਸਿਆ ਕਿ "ਸਾਡਾ ਪੁੱਤਰ ਬੇਗੁਨਾਹ ਸੀ। ਜੇਕਰ ਪੁਲਿਸ ਨੇ ਮੇਰੇ ਛੋਟੇ ਪੁੱਤਰ ਸਤਨਾਮ ਸਿੰਘ ਨੂੰ ਤੁਰੰਤ ਨਾ ਛੱਡਿਆ, ਤਾਂ ਅਸੀਂ ਪੂਰੇ ਪਿੰਡ ਨੂੰ ਨਾਲ ਲੈ ਕੇ ਥਾਣੇ ਅੱਗੇ ਪੱਕਾ ਧਰਨਾ ਲਗਾਵਾਂਗੇ।"

ਜਗਰੂਪ ਸਿੰਘ ਦਲ ਪੰਥ ਨਾਲ ਜੁੜਿਆ ਹੋਇਆ ਸੀ। ਪਿੰਡ ਵਾਸੀਆਂ ਮੁਤਾਬਕ ਉਸ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਵਿੱਚ ਵੀ ਕੰਮ ਕੀਤਾ ਸੀ। ਉਹ ਘੋੜੇ ਅਤੇ ਬਾਜ਼ ਰੱਖਣ ਦਾ ਸ਼ੌਕੀਨ ਸੀ ਅਤੇ ਜ਼ਿਆਦਾਤਰ ਸਮਾਂ ਧਾਰਮਿਕ ਜਥੇਬੰਦੀਆਂ ਨਾਲ ਰਹਿ ਕੇ ਸੇਵਾ ਕਰਦਾ ਸੀ। ਜਗਰੂਪ ਸਿੰਘ ਵਿਆਹਿਆ ਹੋਇਆ ਸੀ ਅਤੇ ਉਸ ਦੀਆਂ ਦੋ ਛੋਟੀਆਂ ਬੇਟੀਆਂ ਹਨ। ਉਸ ਦੀ ਪਤਨੀ ਸਿਲਾਈ ਦਾ ਕੰਮ ਕਰਕੇ ਘਰ ਵਿੱਚ ਹੱਥ ਵਟਾਉਂਦੀ ਹੈ। ਜਗਰੂਪ ਦੇ ਜ਼ਿਆਦਾਤਰ ਬਾਹਰ ਰਹਿਣ ਕਾਰਨ ਉਸ ਦਾ ਛੋਟਾ ਭਰਾ ਸਤਨਾਮ ਸਿੰਘ ਪਿੰਡ ਵਿੱਚ ਆਟਾ ਚੱਕੀ ਚਲਾ ਕੇ ਦੋਵਾਂ ਪਰਿਵਾਰਾਂ ਦਾ ਖਰਚਾ ਚੁੱਕ ਰਿਹਾ ਸੀ।

ਜਿੱਥੇ ਪੁਲਿਸ ਇਸ ਨੂੰ ਇੱਕ ਵੱਡੇ ਖਾੜਕੂ ਮਡਿਊਲ (ਆਈਐਸ ਆਈ ਅਤੇ ਮਲੇਸ਼ੀਆ ਸਬੰਧ) ਦਾ ਹਿੱਸਾ ਦੱਸ ਰਹੀ ਹੈ, ਉੱਥੇ ਹੀ ਪਿੰਡ ਵਾਸੀ ਅਤੇ ਪਰਿਵਾਰ ਇਸ ਨੂੰ ਗਲਤ ਦੱਸ ਰਹੇ ਹਨ। ਫਿਲਹਾਲ ਪੂਰੇ ਇਲਾਕੇ ਵਿੱਚ ਤਣਾਅ ਬਣਿਆ ਹੋਇਆ ਹੈ ਅਤੇ ਜਾਂਚ ਟੀਮਾਂ ਪਟਿਆਲਾ ਧਮਾਕੇ ਦੇ ਤਾਰ ਸੁਲਝਾਉਣ ਵਿੱਚ ਲੱਗੀਆਂ ਹੋਈਆਂ ਹਨ।

## ਕੀ ਰਾਇ ਹੈ ਸੋਸ਼ਲ ਮੀਡੀਆ ਤੇ ਮੀਡੀਆ ਉਪਰ ਸਿੱਖਾਂ ਦੀ

ਪਟਿਆਲਾ ਦੇ ਸ਼ੰਭੂ ਰੇਲਵੇ ਟਰੈਕ 'ਤੇ ਹੋਏ ਧਮਾਕੇ ਅਤੇ ਉਸ ਵਿੱਚ ਜਗਰੂਪ ਸਿੰਘ ਦੀ ਮੌਤ ਤੋਂ ਬਾਅਦ ਸਿਆਸੀ ਮਾਹੌਲ ਗਰਮਾ ਗਿਆ ਹੈ। ਅਕਾਲੀ ਦਲ ਵਾਰਿਸ ਪੰਜਾਬ ਦੇ ਮੁੱਖ ਬੁਲਾਰੇ ਗੰਗਵੀਰ ਸਿੰਘ ਰਠੌਰ ਅਨੁਸਾਰ,

ਬਾਕੀ ਹਿਸਾ ਸਫਾ 6 ਤੇ ਪੜ੍ਹੋ →

## ਸਹੀ ਜਾਂਚ ਦੀ ਕਿਉਂ ਲੋੜ

ਇਸ ਵੇਲੇ ਇਹ ਕਹਿਣਾ ਮੁਸ਼ਕਲ ਹੈ ਕਿ ਪੁਲਿਸ ਦੀ ਥਿਊਰੀ 100% ਸਹੀ ਹੈ ਜਾਂ ਗਲਤ। ਇਤਿਹਾਸ ਗਵਾਹ ਹੈ ਕਿ ਕਈ ਵਾਰ ਪੁਲਿਸ ਨੇ ਵੱਡੇ ਮਡਿਊਲ ਫੜੇ ਹਨ, ਪਰ ਕਈ ਵਾਰ ਅਦਾਲਤਾਂ ਵਿੱਚ ਇਹ ਦਾਅਵੇ ਝੂਠੇ ਵੀ ਸਾਬਤ ਹੋਏ ਹਨ ਜੇਕਰ ਜਗਰੂਪ ਸਿੰਘ ਦਾ ਕੋਈ ਪੁਰਾਣਾ ਅਪਰਾਧਿਕ ਰਿਕਾਰਡ ਨਹੀਂ ਸੀ, ਤਾਂ ਉਹ ਅਚਾਨਕ ਇੰਨੇ ਵੱਡੇ ਵਿਸਫੋਟਕਾਂ ਤੱਕ ਕਿਵੇਂ ਪਹੁੰਚ ਗਿਆ ? ਇਹ ਇੱਕ ਵੱਡਾ ਸਵਾਲ ਹੈ ਕਿ ਪੁਲਿਸ ਨੂੰ ਸਿਰਫ਼ ਬਿਆਨਾਂ ਦੀ ਬਜਾਏ ਠੋਸ ਡਿਜੀਟਲ ਸਬੂਤ (ਜਿਵੇਂ ਕਿ ਮਲੇਸ਼ੀਆ ਬੈਠੇ ਹੈਂਡਲਰਾਂ ਨਾਲ ਗੱਲਬਾਤ ਦੀ ਕਾਲ ਡਿਟੇਲ) ਜਨਤਕ ਕਰਨੀ ਚਾਹੀਦੀ ਹੈ ਤਾਂ ਜੋ ਪਾਰਦਰਸ਼ਤਾ ਬਣੀ ਰਹੇ।

### ਕੀ ਹੋਣਾ ਚਾਹੀਦਾ ਹੈ ? (ਸੁਝਾਅ)

ਨਿਰਪੱਖ ਉੱਚ-ਪੱਧਰੀ ਜਾਂਚ: ਕਿਉਂਕਿ ਇਸ ਮਾਮਲੇ ਵਿੱਚ ਪੰਜਾਬ ਦੀ ਅਮਨ-ਸ਼ਾਂਤੀ ਅਤੇ ਰਾਜਨੀਤੀ ਜੁੜੀ ਹੋਈ ਹੈ, ਇਸ ਲਈ ਇਸ ਦੀ ਜਾਂਚ ਕਿਸੇ ਨਿਰਪੱਖ ਕੇਂਦਰੀ ਏਜੰਸੀ (ਐਨਆਈਏ) ਜਾਂ ਹਾਈ ਕੋਰਟ ਦੇ ਮੌਜੂਦਾ ਜੱਜ ਦੀ ਨਿਗਰਾਨੀ ਹੇਠ ਹੋਣੀ ਚਾਹੀਦੀ ਹੈ।

ਪਾਰਦਰਸ਼ਤਾ: ਪੁਲਿਸ ਨੂੰ ਜਗਰੂਪ ਦੇ ਭਰਾ ਸਤਨਾਮ ਸਿੰਘ ਵਿਰੁੱਧ ਸਬੂਤ ਪੇਸ਼ ਕਰਨੇ ਚਾਹੀਦੇ ਹਨ। ਜੇਕਰ ਉਹ ਬੇਗੁਨਾਹ ਹੈ, ਤਾਂ ਉਸ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਜਨਤਕ ਰੋਸ ਨੂੰ ਘਟਾਇਆ ਜਾ ਸਕੇ। ਸਿਆਸੀ ਜ਼ਿੰਮੇਵਾਰੀ: ਸਿਆਸੀ ਪਾਰਟੀਆਂ ਨੂੰ ਇਸ ਸੰਵੇਦਨਸ਼ੀਲ ਮੁੱਦੇ 'ਤੇ ਸਿਆਸਤ ਕਰਨ ਦੀ ਬਜਾਏ ਸੂਬੇ ਦੀ ਸੁਰੱਖਿਆ ਨੂੰ ਪਹਿਲ ਦੇਣੀ ਚਾਹੀਦੀ ਹੈ। ਸੁਖਬੀਰ ਬਾਦਲ ਵੱਲੋਂ ਉਠਾਏ ਗਏ 'ਸੁਰੱਖਿਆ ਕੁਤਾਹੀ' ਦੇ ਸਵਾਲ ਵੀ ਜਾਇਜ਼ ਹਨ, ਜਿਨ੍ਹਾਂ ਦਾ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ। ਜੇਕਰ ਦੋਸ਼ੀ ਸੱਚਮੁੱਚ ਖਾੜਕੂ ਹਨ, ਤਾਂ ਇਹ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਹੈ। ਪਰ ਜੇਕਰ ਇਹ ਕਿਸੇ ਬੇਗੁਨਾਹ ਨੂੰ ਫਸਾਉਣ ਦੀ ਸਾਜ਼ਿਸ਼ ਹੈ, ਤਾਂ ਇਹ ਲੋਕਤੰਤਰ ਅਤੇ ਪੰਜਾਬ ਦੇ ਭਵਿੱਖ ਲਈ ਹੋਰ ਵੀ ਘਾਤਕ ਹੈ। ਸੱਚਾਈ ਸਿਰਫ਼ ਇੱਕ ਬਾਰੀਕਬੀਨ ਅਤੇ ਨਿਰਪੱਖ ਪੜਤਾਲ ਰਾਹੀਂ ਹੀ ਸਾਹਮਣੇ ਆ ਸਕਦੀ ਹੈ।

5 ਸਫ਼ੇ ਦੀ ਬਾਕੀ

'ਅਕਾਲੀ ਦਲ ਵਾਰਿਸ ਪੰਜਾਬ ਦੇ' (ਭਾਈ ਅੰਮ੍ਰਿਤਪਾਲ ਸਿੰਘ ਦੀ ਜੱਥੇਬੰਦੀ) ਦਾ ਰਾਜਨੀਤਕ ਤੌਰ 'ਤੇ ਮਜ਼ਬੂਤ ਹੋਣਾ ਰਵਾਇਤੀ ਪਾਰਟੀਆਂ ਅਤੇ ਸਰਕਾਰੀ ਤੰਤਰ ਲਈ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਦਾ ਤਰਕ ਹੈ ਕਿ ਜਦੋਂ ਵੀ ਕੋਈ ਨਵੀਂ ਧਿਰ ਸਥਾਪਿਤ ਸਿਆਸੀ ਢਾਂਚੇ ਨੂੰ ਚੁਣੌਤੀ ਦਿੰਦੀ ਹੈ, ਤਾਂ ਅਜਿਹੇ ਧਮਾਕਿਆਂ ਰਾਹੀਂ ਉਸ ਨੂੰ 'ਹਿੰਸਕ' ਜਾਂ 'ਦੇਸ਼ ਵਿਰੋਧੀ' ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਜੋ ਜਨਤਕ ਸਮਰਥਨ ਨੂੰ ਤੋੜਿਆ ਜਾ ਸਕੇ। ਰਠੌਰ ਦਾ ਮੰਨਣਾ ਹੈ ਕਿ ਇਸ ਧਮਾਕੇ ਦੇ ਪਿੱਛੇ ਉਹੀ ਤਾਕਤਾਂ ਹੋ ਸਕਦੀਆਂ ਹਨ ਜਿਨ੍ਹਾਂ ਨੇ ਮੌੜ ਮੰਡੀ, ਮਾਲੇਗਾਓਂ ਜਾਂ ਸਮਝੌਤਾ ਐਕਸਪ੍ਰੈੱਸ ਵਰਗੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਸੀ। ਇਨ੍ਹਾਂ ਸਾਰੀਆਂ ਘਟਨਾਵਾਂ ਵਿੱਚ ਅਕਸਰ ਜਾਂਚ ਲੰਬੇ ਸਮੇਂ ਤੱਕ ਲਟਕਦੀ ਰਹੀ ਹੈ ਜਾਂ ਅਸਲ ਸਾਜ਼ਿਸ਼ਕਰਤਾਵਾਂ ਤੱਕ ਪਹੁੰਚਣ ਵਿੱਚ ਏਜੰਸੀਆਂ ਨਾਕਾਮ ਰਹੀਆਂ ਹਨ।

ਰਠੌਰ ਦਾ ਇਸ਼ਾਰਾ ਉਸ 'ਡੀਪ ਸਟੇਟ' ਜਾਂ ਗੁਪਤ ਤੰਤਰ ਵੱਲ ਹੈ ਜੋ ਆਪਣੇ ਸਿਆਸੀ ਹਿੱਤਾਂ ਲਈ ਧਮਾਕੇ ਕਰਵਾ ਕੇ ਦੋਸ਼ ਕਿਸੇ ਖਾਸ ਫਿਰਕੇ ਜਾਂ ਜੱਥੇਬੰਦੀ ਸਿਰ ਮੜ੍ਹ ਦਿੰਦਾ ਹੈ।

ਰਠੌਰ ਨੂੰ ਡਰ ਹੈ ਕਿ ਸ਼ੰਭੂ ਧਮਾਕੇ ਨੂੰ ਬਹਾਨਾ ਬਣਾ ਕੇ ਪੰਜਾਬ ਦੇ ਸਿੱਖ ਨੌਜਵਾਨਾਂ 'ਤੇ ਤਸ਼ੱਦਦ ਅਤੇ ਝੂਠੇ ਕੇਸਾਂ ਦਾ ਦੌਰ ਮੁੜ ਸ਼ੁਰੂ ਕੀਤਾ ਜਾ ਸਕਦਾ ਹੈ। ਰਠੌਰ ਨੇ ਇਸੇ ਸਬੰਧ ਵਿਚ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਅਤੇ ਕੌਮਾਂਤਰੀ ਜਾਂਚ ਏਜੰਸੀਆਂ ਨੂੰ ਦਖ਼ਲ ਦੇਣ ਦੀ ਅਪੀਲ ਕੀਤੀ ਹੈ।

ਇਸ ਮਾਮਲੇ ਵਿੱਚ ਫੇਸਬੁੱਕ ਉਪਰ ਲੇਖਕ ਹਰਚਰਨਜੀਤ ਸਿੰਘ ਨੇ ਸਰਕਾਰੀ ਏਜੰਸੀਆਂ ਅਤੇ ਰਵਾਇਤੀ ਸਿਆਸੀ ਧਿਰਾਂ 'ਤੇ ਸਿੱਖ ਨੌਜਵਾਨਾਂ ਦੀ 'ਕਿਰਦਾਰ ਕੁਸ਼ੀ' ਕਰਨ ਦੇ ਗੰਭੀਰ ਦੋਸ਼ ਲਗਾਏ ਹਨ। ਹਰਚਰਨਜੀਤ ਸਿੰਘ ਨੇ ਕਿਹਾ ਕਿ ਇਸ ਘਟਨਾ ਨੂੰ ਜਾਣਬੁਝ ਕੇ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੀ ਜਥੇਬੰਦੀ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਧਮਾਕਾ ਉਨ੍ਹਾਂ ਧਿਰਾਂ ਦੀ ਸਾਜ਼ਿਸ਼ ਹੋ ਸਕਦੀ ਹੈ, ਜਿਨ੍ਹਾਂ ਨੇ ਪਹਿਲਾਂ ਮੌੜ ਬੰਬ ਧਮਾਕਾ, ਮਾਲੇਗਾਓਂ ਅਤੇ ਸਮਝੌਤਾ ਐਕਸਪ੍ਰੈੱਸ ਵਰਗੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸਰਕਾਰ ਨਿਰਪੱਖ ਪੜਤਾਲ ਕਰਨ ਦੀ ਬਜਾਏ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣ ਲਈ ਰਾਹ ਪੱਧਰਾ ਕਰ ਰਹੀ ਹੈ।

ਅਕਾਲੀ ਦਲ ਵਾਰਿਸ ਪੰਜਾਬ ਦੇ ਸਰਗਰਮ ਲੇਖਕ ਨਵਦੀਪ ਸਿੰਘ ਮਾਛੀਵਾੜਾ ਨੇ 2017 ਦੇ ਮੌੜ ਮੰਡੀ ਬੰਬ ਕਾਂਡ ਅਤੇ ਮੌਜੂਦਾ ਸ਼ੰਭੂ ਧਮਾਕੇ ਵਿੱਚ ਇੱਕ ਡੂੰਘੀ ਸਮਾਨਤਾ ਦਿਖਾਈ ਹੈ। ਉਨ੍ਹਾਂ ਦਾ ਤਰਕ ਹੈ ਕਿ ਦੋਵਾਂ ਘਟਨਾਵਾਂ ਵੇਲੇ ਪੰਜਾਬ ਵਿੱਚ ਇੱਕ 'ਤੀਜੀ ਧਿਰ' ਜਾਂ ਨਵੀਂ ਸਿਆਸੀ ਲਹਿਰ (2017 ਵਿੱਚ 'ਆਪ' ਅਤੇ ਹੁਣ 'ਵਾਰਿਸ ਪੰਜਾਬ ਦੇ') ਮਜ਼ਬੂਤ ਹੋ ਰਹੀ ਸੀ। ਲੇਖਕ ਅਨੁਸਾਰ, ਅਜਿਹੀਆਂ ਘਟਨਾਵਾਂ ਅਕਸਰ ਉੱਭਰ ਰਹੀਆਂ ਸਿਆਸੀ ਤਾਕਤਾਂ ਨੂੰ ਬਦਨਾਮ ਕਰਨ ਜਾਂ ਉਨ੍ਹਾਂ ਦੀ ਰਫ਼ਤਾਰ ਰੋਕਣ ਲਈ ਵਰਤੀਆਂ ਜਾਂਦੀਆਂ ਹਨ ਲ਼ੇਖਕ ਦਾ ਦੋਸ਼ ਹੈ ਕਿ ਬਿਨਾਂ ਕਿਸੇ ਪੁਖ਼ਤਾ ਜਾਂਚ ਦੇ, ਮੀਡੀਆ ਨੇ ਤੁਰੰਤ ਇਸ ਧਮਾਕੇ ਨੂੰ 'ਵਾਰਿਸ ਪੰਜਾਬ ਦੇ' ਜਥੇਬੰਦੀ ਨਾਲ ਜੋੜਨਾ ਸ਼ੁਰੂ ਕਰ ਦਿੱਤਾ ਹੈ। ਸਰਕਾਰੀ ਨਿਹੰਗ ਰਸੂਲਪੁਰ ਵਰਗੇ ਵਿਅਕਤੀਆਂ ਨੂੰ ਚੈਨਲਾਂ 'ਤੇ ਬੁਲਾ ਕੇ ਇੱਕ ਖਾਸ ਏਜੰਡਾ ਚਲਾਉਣ ਦੀ ਗੱਲ ਕਹੀ ਗਈ ਹੈ, ਤਾਂ ਜੋ ਲੋਕਾਂ ਦੇ ਮਨਾਂ ਵਿੱਚ ਜਥੇਬੰਦੀ ਪ੍ਰਤੀ ਨਫ਼ਰਤ ਜਾਂ ਸ਼ੱਕ ਪੈਦਾ ਕੀਤਾ ਜਾ ਸਕੇ।

ਨਵਦੀਪ ਸਿੰਘ ਨੇ ਬਹੁਤ ਹੀ ਵਾਜਬ ਸਵਾਲ ਉਠਾਇਆ ਹੈ ਕਿ ਜੇਕਰ 9 ਸਾਲ ਬੀਤ ਜਾਣ 'ਤੇ ਵੀ ਮੌੜ ਮੰਡੀ ਕਾਂਡ ਦੇ ਅਸਲ ਸਾਜ਼ਿਸ਼ਕਰਤਾ ਫੜੇ ਗਏ ਹੁੰਦੇ, ਤਾਂ ਸ਼ਾਇਦ ਅੱਜ ਅਜਿਹੀਆਂ ਘਟਨਾਵਾਂ ਨਾ ਵਾਪਰਦੀਆਂ। ਨਵਦੀਪ ਇਸ ਘਟਨਾ ਨੂੰ ਪੰਜਾਬ ਦੀ ਖੇਤਰੀ ਰਾਜਨੀਤੀ ਨੂੰ ਦਬਾਉਣ ਦੀ ਇੱਕ ਕੋਸ਼ਿਸ਼ ਵਜੋਂ ਦੇਖਦਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਟਿਆਲਾ ਦੇ ਸ਼ੰਭੂ ਨੇੜੇ ਦਿੱਲੀ-ਰਾਜਪੁਰਾ ਰੇਲਵੇ ਲਾਈਨ 'ਤੇ ਹੋਏ ਬੰਬ ਧਮਾਕੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਨੇ ਇਸ ਘਟਨਾ ਨੂੰ ਇੱਕ ਡੂੰਘੀ ਸਾਜ਼ਿਸ਼ ਕਰਾਰ ਦਿੰਦਿਆਂ ਸੂਬਾ ਸਰਕਾਰ ਅਤੇ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।

ਸੁਖਬੀਰ ਬਾਦਲ ਨੇ ਸੋਸ਼ਲ ਮੀਡੀਆ 'ਤੇ ਆਪਣੀ ਪੋਸਟ ਸਾਂਝੀ ਕਰਦਿਆਂ ਖ਼ੁਲਾਸਾ ਕੀਤਾ ਕਿ ਇਸ ਧਮਾਕੇ ਤੋਂ ਕੁਝ ਦਿਨ ਪਹਿਲਾਂ ਹੀ ਧਮਕੀ ਮਿਲੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਧਮਕੀ ਮਿਲਣ ਦੇ ਬਾਵਜੂਦ ਪ੍ਰਸ਼ਾਸਨ ਵੱਲੋਂ ਕੋਈ ਵੀ ਪੁਖ਼ਤਾ ਸੁਰੱਖਿਆ ਕਾਰਵਾਈ ਨਹੀਂ ਕੀਤੀ ਗਈ, ਜਿਸ ਕਾਰਨ ਇਹ ਘਟਨਾ ਵਾਪਰੀ।

ਸੂਬੇ ਦੇ ਵਿਗੜ ਰਹੇ ਸੁਰੱਖਿਆ ਹਾਲਾਤਾਂ ਦਾ ਹਵਾਲਾ ਦਿੰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪੰਜਾਬ ਵਿੱਚ ਪਹਿਲਾਂ ਵੀ ਕਈ ਸੰਵੇਦਨਸ਼ੀਲ ਥਾਵਾਂ ਜਿਵੇਂ ਕਿ ਪੁਲਿਸ ਥਾਣਿਆਂ ਅਤੇ ਚੌਂਕੀਆਂ 'ਤੇ ਹਮਲੇ, ਸਟੇਟ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਆਰ. ਪੀ. ਜੀ. ਹਮਲੇ ਹੋ ਚੁਕੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਦਾ ਲਗਾਤਾਰ ਵਾਪਰਨਾ ਸੂਬੇ ਦੀ ਅਮਨ-ਸ਼ਾਂਤੀ ਲਈ ਖ਼ਤਰੇ ਦੀ ਘੰਟੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਸਾਜ਼ਿਸ਼ਾਂ ਨੂੰ ਰੋਕਣ ਲਈ ਸਰਕਾਰ ਨੂੰ ਗੰਭੀਰਤਾ ਦਿਖਾਉਣੀ ਚਾਹੀਦੀ ਹੈ ਤਾਂ ਜੋ ਆਮ ਜਨਤਾ ਦੇ ਜਾਨ-ਮਾਲ ਦੀ ਰਾਖੀ ਕੀਤੀ ਜਾ ਸਕੇ।

ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਘਟਨਾ ਨੂੰ ਵੱਡੀ ਸੁਰੱਖਿਆ ਕੁਤਾਹੀ ਕਰਾਰ ਦਿੱਤਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਕੌਮੀ ਜਾਂਚ ਏਜੰਸੀ ਨੂੰ ਸੌਂਪੀ ਜਾਵੇ। ਰੰਧਾਵਾ ਨੇ ਦੋਸ਼ ਲਾਇਆ ਕਿ ਮ੍ਰਿਤਕ ਜਗਰੂਪ ਸਿੰਘ 'ਵਾਰਿਸ ਪੰਜਾਬ ਦੇ' ਜਥੇਬੰਦੀ ਨਾਲ ਜੁੜਿਆ ਹੋਇਆ ਸੀ।

## ਬ੍ਰਮਿੰਘਮ ਅਤੇ ਸੈਂਡਵਿੱਲ ਦੇ ਗੁਰਦੁਆਰਿਆਂ ਵੱਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਸਬੰਧੀ ਸਾਂਝੇ ਨਗਰ ਕੀਰਤਨ ਸਜਾਏ ਗਏ-40 ਹਜ਼ਾਰ ਤੋਂ ਵੱਧ ਸੰਗਤਾਂ ਨੇ ਕੀਤੀ ਸ਼ਮੂਲੀਅਤ





ਸਮੈਦਿਕ ਵਿਖੇ ਸਜਾਏ ਨਗਰ ਕੀਰਤਨ ਦਾ ਦ੍ਰਿਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਮਿੰਘਮ ਵਿਖੇ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਸਬੰਧੀ ਨਗਰ ਕੀਤਰਨ ਸਜਾਏ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਜਾਏ ਗਏ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਵੱਲੋਂ ਕੀਤੀ ਗਈ ਅਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਗੁਰਬਾਣੀ ਜਾਪ ਕਰਦਿਆਂ ਹਾਜ਼ਰੀ ਭਰੀ। ਗੁਰਦੁਆਰਾ ਬਾਬੇ ਕੇ ਹੌਕਲੀ ਬ੍ਰਮਿੰਘਮ ਤੋਂ ਸੁਰੂ ਹੋ ਕੇ ਗੁਰੂ ਨਾਨਕ ਨਿਸ਼ਕਾਮ ਜੱਥਾ, ਸੋਹੋ ਰੋਡ, ਹੈਂਡਜ਼ਵਰਥ, ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ, ਗੁਰੂ ਨਾਨਕ ਗੁਰਦੁਆਰਾ ਸਮੈਦਿਕ ਆਦਿ ਤੋਂ ਹੁੰਦਾ ਹੋਇਆ ਗੁਰਦੁਆਰਾ ਬਾਬਾ ਸੰਗ ਜੀ ਵਿਖੇ ਸੰਪਨ ਹੋਇਆ। ਗੁਰਦੁਆਰਾ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਪ੍ਰਧਾਨ ਭਾਈ ਜਤਿੰਦਰ ਸਿੰਘ ਨੇ ਦੱਸਿਆ ਕਿ ਇਸ ਮੌਕੇ ਸੰਗਤਾਂ ਵੱਲੋਂ ਥਾਂ ਥਾਂ ਲੰਗਰ ਲਗਾਏ ਹੋਏ ਸਨ। ਸੰਗਤਾਂ ਵਿੱਚ ਭਰਪੂਰ ਉਤਸ਼ਾਹ ਸੀ। ਇੰਗਲੈਂਡ ਤੋਂ 40 ਹਜ਼ਾਰ ਤੋਂ ਵੱਧ ਸਿੱਖ ਸੰਗਤਾਂ ਨੇ ਨਗਰ ਕੀਰਤਨ ਵਿੱਚ ਹਾਜ਼ਰੀ ਭਰੀ।ਉਹਨਾਂ ਦੱਸਿਆ ਕਿ ਇਹ ਨਗਰ ਕੀਰਤਨ ਸਥਾਨਿਕ ਸਮੂਹ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਦੇ ਸੇਵਾਦਾਰਾਂ ਅਤੇ ਸੰਗਤਾਂ ਵੱਲੋਂ ਸਾਂਝੇ ਤੌਰ ਤੇ ਸਜਾਇਆ ਜਾਂਦਾ ਹੈ। ਇਸ ਨਗਰ ਕੀਰਤਨ ਐਮ ਪੀ ਪ੍ਰੀਤ ਕੌਰ ਗਿੱਲ, ਐਮ ਪੀ ਗੁਰਿੰਦਰ ਸਿੰਘ ਜੋਸਨ ਆਦਿ ਸਮੇਤ ਸਥਾਨਿਕ ਧਾਰਮਿਕ, ਸਮਾਜਿਕ ਅਤੇ ਕਾਰੋਬਾਰੀਆਂ ਨੇ ਉਤਸ਼ਾਹ ਨਾਲ ਹਾਜ਼ਰੀ ਭਰੀ।

## ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਜਨਵਰੀ 2027 'ਚ ਹੋਣ ਦੀ ਸੰਭਾਵਨਾ; ਮਰਦਮਸ਼ੁਮਾਰੀ ਬਣੀ ਮੁੱਖ ਕਾਰਨ

ਚੰਡੀਗੜ੍ਹ-ਪੰਜਾਬ ਦੀ ਸਿਆਸਤ ਨਾਲ ਜੁੜੀ ਇੱਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਸੂਬੇ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਆਪਣੇ ਨਿਰਧਾਰਿਤ ਸਮੇਂ ਤੋਂ ਕੁਝ ਪਹਿਲਾਂ, ਯਾਨੀ ਜਨਵਰੀ 2027 ਵਿੱਚ ਕਰਵਾਈਆਂ ਜਾ ਸਕਦੀਆਂ ਹਨ। ਇਸ ਸੰਭਾਵਨਾ ਦਾ ਮੁੱਖ ਕਾਰਨ ਭਾਰਤ ਸਰਕਾਰ ਵੱਲੋਂ ਸਾਲ 2027 ਵਿੱਚ ਉਲੀਕੀ ਗਈ ਮਰਦਮਸ਼ੁਮਾਰੀ ਦੀ ਪ੍ਰਕਿਰਿਆ ਹੈ।

ਕੇਂਦਰ ਸਰਕਾਰ ਦੇ ਪ੍ਰੋਗਰਾਮ ਅਨੁਸਾਰ, ਮਰਦਮਸ਼ੁਮਾਰੀ ਦਾ ਆਖ਼ਰੀ ਅਤੇ ਅਹਿਮ ਗੇੜ 9 ਫਰਵਰੀ ਤੋਂ 28 ਫਰਵਰੀ 2027 ਤੱਕ ਚੱਲੇਗਾ। ਇਸ ਦੌਰਾਨ ਸਮੁੱਚਾ ਸਰਕਾਰੀ ਤੰਤਰ ਅਤੇ ਅਮਲਾ ਮਰਦਮਸ਼ੁਮਾਰੀ ਦੇ ਕੰਮ ਵਿੱਚ ਰੁੱਝਿਆ ਹੋਵੇਗਾ।

ਚੋਣਾਂ ਲਈ ਵੀ ਉਸੇ ਸਰਕਾਰੀ ਅਮਲੇ (ਅਧਿਆਪਕਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ) ਦੀ ਲੋੜ ਹੁੰਦੀ ਹੈ, ਜਿਸ ਕਾਰਨ ਫਰਵਰੀ ਵਿੱਚ ਚੋਣਾਂ ਕਰਵਾਉਣਾ ਅਸੰਭਵ ਹੋਵੇਗਾ। ਮਰਦਮਸ਼ੁਮਾਰੀ ਵਿਭਾਗ ਨੇ ਸਾਰੇ ਰਾਜਾਂ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਇਸ ਸ਼ਡਿਊਲ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ।

ਉੱਤਰ ਪ੍ਰਦੇਸ਼ ਦੀ ਸਥਿਤੀ ਤੇ ਹੋਰ ਚੁਣੌਤੀਆਂ-ਸਿਰਫ਼ ਪੰਜਾਬ ਹੀ ਨਹੀਂ, ਸਗੋਂ ਉੱਤਰ ਪ੍ਰਦੇਸ਼ ਵਿੱਚ ਵੀ ਚੋਣਾਂ ਇਸੇ ਸਮੇਂ ਦੇ ਆਸ-ਪਾਸ ਹੋਣੀਆਂ ਹਨ। ਯੂ.ਪੀ. ਵਿੱਚ ਮਾਰਚ ਮਹੀਨੇ ਵਿੱਚ ਮਹਾ ਕੁੰਭ ਹੋਣ ਕਾਰਨ ਉੱਥੇ ਵੀ ਚੋਣਾਂ ਕਰਵਾਉਣਾ ਮੁਸ਼ਕਲ ਹੈ। ਇਸ ਤੋਂ ਇਲਾਵਾ, ਅਪ੍ਰੈਲ ਵਿੱਚ ਕਣਕ ਦੀ ਕਟਾਈ ਦਾ ਸੀਜ਼ਨ ਸ਼ੁਰੂ ਹੋ ਜਾਂਦਾ ਹੈ, ਜਿਸ ਕਾਰਨ ਵੋਟਿੰਗ ਪ੍ਰਤੀਸ਼ਤ 'ਤੇ ਅਸਰ ਪੈ ਸਕਦਾ ਹੈ। ਇਨ੍ਹਾਂ ਸਾਰੇ ਹਾਲਾਤਾਂ ਨੂੰ ਦੇਖਦੇ ਹੋਏ ਚੋਣ ਕਮਿਸ਼ਨ ਜਨਵਰੀ ਦੇ ਤੀਜੇ ਜਾਂ ਚੌਥੇ ਹਫ਼ਤੇ ਵੋਟਾਂ ਪਵਾਉਣ ਦਾ ਫੈਸਲਾ ਲੈ ਸਕਦਾ ਹੈ।

ਜੇਕਰ ਚੋਣਾਂ ਜਨਵਰੀ ਵਿੱਚ ਹੁੰਦੀਆਂ ਹਨ, ਤਾਂ ਚੋਣ ਕਮਿਸ਼ਨ ਨੂੰ ਨਵੰਬਰ 2026 ਵਿੱਚ ਹੀ ਚੋਣਾਂ ਦੀਆਂ ਤਾਰੀਕਾਂ ਦਾ ਐਲਾਨ ਕਰਨਾ ਪਵੇਗਾ। ਇਸ ਦੇ ਨਾਲ ਹੀ ਰਾਜ ਵਿੱਚ ਚੋਣ ਜ਼ਾਬਤਾ ਲਾਗੂ ਹੋ ਜਾਵੇਗਾ। ਇਸ ਹਿਸਾਬ ਨਾਲ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਕੋਲ ਕੰਮ ਕਰਨ ਲਈ ਹੁਣ ਸਿਰਫ਼ 6 ਤੋਂ 7 ਮਹੀਨੇ ਦਾ ਹੀ ਪ੍ਰਭਾਵਸ਼ਾਲੀ ਸਮਾਂ ਬਚਿਆ ਹੈ।

ਚੋਣਾਂ ਜਲਦੀ ਹੋਣ ਦੀ ਸੰਭਾਵਨਾ ਨੇ ਸੂਬੇ ਦੀਆਂ ਸਿਆਸੀ ਪਾਰਟੀਆਂ ਵਿੱਚ ਉਤਸੁਕਤਾ ਵਧਾ ਦਿੱਤੀ ਹੈ। ਮੰਨਿਆ ਜਾ ਰਿਹਾ ਹੈ ਕਿ ਬਾਰਸ਼ਾਂ ਦੇ ਮੌਸਮ ਤੋਂ ਤੁਰੰਤ ਬਾਅਦ, ਯਾਨੀ ਅਗਲੇ ਦੋ-ਤਿੰਨ ਮਹੀਨਿਆਂ ਵਿੱਚ ਹੀ ਪੰਜਾਬ ਵਿੱਚ ਚੋਣ ਪ੍ਰਚਾਰ ਪੂਰੀ ਤਰ੍ਹਾਂ ਭਖ ਜਾਵੇਗਾ। ਮੌਜੂਦਾ ਸਰਕਾਰ ਨੇ 16 ਮਾਰਚ 2022 ਨੂੰ ਸਹੁੰ ਚੁੱਕੀ ਸੀ। ਹਾਲਾਂਕਿ ਚੋਣਾਂ ਜਨਵਰੀ ਵਿੱਚ ਹੋ ਸਕਦੀਆਂ ਹਨ, ਪਰ ਨਵੀਂ ਸਰਕਾਰ ਦਾ ਸਹੁੰ ਚੁੱਕ ਸਮਾਗਮ ਮਾਰਚ 2027 ਵਿੱਚ ਹੀ ਹੋਣ ਦੀ ਉਮੀਦ ਹੈ।

# ਬਠਿੰਡਾ ਜੇਲ੍ਹ ਪ੍ਰਸ਼ਾਸਨ 'ਤੇ 'ਪ੍ਰਧਾਨ ਮੰਤਰੀ ਬਾਜੇਕੇ' ਦੇ ਗੰਭੀਰ ਦੋਸ਼

### >> ਦਾੜ੍ਹੀ ਖਿੱਚਣ ਅਤੇ ਬਦਸਲੂਕੀ ਦੇ ਲਗਾਏ ਇਲਜ਼ਾਮ



ਬਠਿੰਡਾ-ਕੇਂਦਰੀ ਜੇਲ੍ਹ ਬਠਿੰਡਾ ਇੱਕ ਵਾਰ ਫਿਰ ਵਿਵਾਦਾਂ ਦੇ ਘੇਰੇ ਵਿੱਚ ਹੈ। ਖਡੂਰ ਸਾਹਿਬ ਤੋਂ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੇ ਸਾਥੀ ਅਤੇ 'ਵਾਰਿਸ ਪੰਜਾਬ ਦੇ' ਜਥੇਬੰਦੀ ਨਾਲ ਸਬੰਧਤ ਭਗਵੰਤ ਸਿੰਘ ਉਰਫ਼ ਪ੍ਰਧਾਨ ਮੰਤਰੀ ਬਾਜੇਕੇ ਨੇ ਜੇਲ੍ਹ ਪ੍ਰਸ਼ਾਸਨ 'ਤੇ ਅਤਿ ਗੰਭੀਰ ਦੋਸ਼ ਲਗਾਏ ਹਨ। ਬਾਜੇਕੇ ਦੀ ਆਪਣੀ ਮਾਂ ਨਾਲ ਹੋਈ ਗੱਲਬਾਤ ਦੀ ਇੱਕ ਆਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ, ਜਿਸ ਨੇ ਸਿਆਸੀ ਅਤੇ ਧਾਰਮਿਕ ਹਲਕਿਆਂ ਵਿੱਚ ਹਲਚਲ ਮਚਾ ਦਿੱਤੀ ਹੈ। ਵਾਇਰਲ ਆਡੀਓ ਵਿੱਚ ਬਾਜੇਕੇ ਨੇ ਜੇਲ੍ਹ ਅਧਿਕਾਰੀਆਂ 'ਤੇ ਮਾਨਸਿਕ ਅਤੇ ਸਰੀਰਕ ਤਸ਼ੱਦਦ ਦੇ ਹੇਠ ਲਿਖੇ ਦੋਸ਼ ਲਗਾਏ ਹਨ: ਬਾਜੇਕੇ ਨੇ ਦੋਸ਼ ਲਾਇਆ ਕਿ ਇੱਕ ਜੇਲ੍ਹ ਅਧਿਕਾਰੀ ਨੇ ਉਸ ਦੀ ਦਾੜ੍ਹੀ ਖਿੱਚੀ ਅਤੇ ਉਸ ਨਾਲ ਬਦਸਲੂਕੀ ਕੀਤੀ, ਜੋ ਕਿ ਉਸ ਦੇ ਧਾਰਮਿਕ ਹਿੱਤਾਂ 'ਤੇ ਸਿੱਧਾ ਹਮਲਾ ਹੈ। ਉਸ ਨੂੰ ਜੇਲ੍ਹ ਦੇ ਅੰਦਰ ਬਣੇ ਗੁਰਦੁਆਰਾ ਸਾਹਿਬ ਜਾਣ ਤੋਂ ਰੋਕਿਆ ਜਾ ਰਿਹਾ ਹੈ। ਉਸ ਨੂੰ ਉਸ ਦੇ ਸਾਥੀਆਂ ਤੋਂ ਵੱਖ ਕਰਕੇ 'ਨਸ਼ੇੜੀਆਂ ਦੀ ਬੈਰਕ' ਵਿੱਚ ਰੱਖਿਆ ਗਿਆ ਹੈ ਅਤੇ ਰੋਜ਼ਾਨਾ ਉਸ ਦੀ ਜਗ੍ਹਾ ਬਦਲੀ ਜਾਂਦੀ ਹੈ। ਉਸ ਕੋਲੋਂ ਬਾਲਟੀ ਵਰਗੀਆਂ ਜ਼ਰੂਰੀ ਚੀਜ਼ਾਂ ਖੋਹ ਲਈਆਂ ਗਈਆਂ ਹਨ ਅਤੇ ਉਸ ਦੀਆਂ ਦਵਾਈਆਂ ਵੀ ਬੰਦ ਕਰ ਦਿੱਤੀਆਂ ਗਈਆਂ ਹਨ। ਬਾਜੇਕੇ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਸ ਨਾਲ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ, ਤਾਂ ਇਸ ਲਈ ਜੇਲ੍ਹ ਸੁਪਰਡੈਂਟ ਅਤੇ ਸਬੰਧਤ ਅਧਿਕਾਰੀ ਜ਼ਿੰਮੇਵਾਰ ਹੋਣਗੇ। ਆਪਣੇ ਸੰਦੇਸ਼ ਵਿੱਚ ਬਾਜੇਕੇ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਡੀ.ਜੀ.ਪੀ. ਜੇਲ੍ਹਾਂ ਨੂੰ ਗੁਹਾਰ ਲਗਾਈ ਹੈ ਕਿ ਉਹ ਇੱਕ ਅੰਮ੍ਰਿਤਧਾਰੀ ਸਿੱਖ ਅਤੇ ਯੂਟਿਊਬਰ ਹੈ, ਅਤੇ ਉਸ ਨਾਲ ਹੋ ਰਹੀ ਇਸ ਬਦਸਲੂਕੀ ਵੱਲ ਤੁਰੰਤ ਧਿਆਨ ਦਿੱਤਾ ਜਾਵੇ।

## ਕੀ ਜੇਲਾਂ ਵਿਚ ਸਿਖਾਂ ਨਾਲ ਨਸਲਵਾਦੀ ਵਰਤਾਰਾ ਹੁੰਦਾ

ਕਈ ਵਾਰ ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਸਿੱਖ ਸੰਸਥਾਵਾਂ ਨੇ ਇਹ ਦੋਸ਼ ਲਗਾਏ ਹਨ ਕਿ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ (ਖਾਸ ਕਰਕੇ ਰਾਜਸੀ ਕੈਦੀਆਂ) ਨਾਲ ਦੂਜੇ ਕੈਦੀਆਂ ਦੇ ਮੁਕਾਬਲੇ ਵੱਖਰਾ ਵਤੀਰਾ ਕੀਤਾ ਜਾਂਦਾ ਹੈ। ਕਈ ਵਾਰ ਉਨ੍ਹਾਂ ਦੀ ਧਾਰਮਿਕ ਆਜ਼ਾਦੀ (ਜਿਵੇਂ ਕਿ ਕਕਾਰ ਪਹਿਨਣ, ਦਸਤਾਰ ਸਜਾਉਣ ਜਾਂ ਗੁਰਬਾਣੀ ਪੜ੍ਹਨ) ਵਿੱਚ ਵਿਘਨ ਪਾਉਣ ਦੀਆਂ ਖ਼ਬਰਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ।

ਪ੍ਰਧਾਨ ਮੰਤਰੀ ਬਾਜੇਕੇ' ਨੇ ਦਾੜ੍ਹੀ ਖਿੱਚਣ ਅਤੇ ਧਾਰਮਿਕ ਬੇਅਦਬੀ ਦੇ ਦੋਸ਼ ਲਗਾਏ ਹਨ। ਅਜਿਹੀਆਂ ਘਟਨਾਵਾਂ ਨੂੰ ਸਿੱਖ ਸਮਾਜ ਵਿੱਚ ਸਿਰਫ਼ ਮਾੜਾ ਵਤੀਰਾ ਨਹੀਂ, ਸਗੋਂ ਧਾਰਮਿਕ ਅਤੇ ਨਸਲੀ ਨਿਸ਼ਾਨਾ ਬਣਾਉਣ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ। ਜਦੋਂ ਕਿਸੇ ਕੈਦੀ ਦੇ ਧਾਰਮਿਕ ਸਰੂਪ ਨਾਲ ਜਾਣਬੁੱਝ ਕੇ ਛੇੜਛਾੜ ਕੀਤੀ ਜਾਂਦੀ ਹੈ, ਤਾਂ ਇਸ ਨੂੰ ਸਿਸਟਮੈਟਿਕ ਵਿਤਕਰੇ ਵਜੋਂ ਪੇਸ਼ ਕੀਤਾ ਜਾਂਦਾ ਹੈ।

ਭਾਰਤੀ ਸੰਵਿਧਾਨ ਅਤੇ ਜੇਲ੍ਹ ਮੈਨੂਅਲ ਅਨੁਸਾਰ ਹਰ ਕੈਦੀ ਨੂੰ ਆਪਣੇ ਧਰਮ ਦੀ ਪਾਲਣਾ ਕਰਨ ਦਾ ਹੱਕ ਹੈ। ਪਰ ਜ਼ਮੀਨੀ ਪੱਧਰ 'ਤੇ ਕਈ ਵਾਰ ਜੇਲ੍ਹ ਪ੍ਰਸ਼ਾਸਨ 'ਤੇ "ਪੱਖਪਾਤੀ" ਹੋਣ ਦੇ ਇਲਜ਼ਾਮ ਲੱਗਦੇ ਹਨ। ਖਾਸ ਤੌਰ 'ਤੇ ਜਦੋਂ ਮਾਮਲਾ ਰਾਜਨੀਤਿਕ ਜਾਂ ਵਿਚਾਰਧਾਰਕ ਹੋਵੇ, ਤਾਂ ਪ੍ਰਸ਼ਾਸਨ ਕਈ ਵਾਰ ਸਖ਼ਤੀ ਦੇ ਨਾਂ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਹੈ।

ਬਹੁਤ ਸਾਰੇ ਮਾਹਿਰ ਮੰਨਦੇ ਹਨ ਕਿ ਇਹ ਸਿਰਫ਼ "ਨਸਲਵਾਦ" ਨਹੀਂ, ਸਗੋਂ "ਵਿਚਾਰਧਾਰਕ ਟਕਰਾਅ" ਜ਼ਿਆਦਾ ਹੈ। ਜਿਹੜੇ ਸਿੱਖ ਕੈਦੀ ਆਪਣੀ ਪਛਾਣ ਜਾਂ ਹੱਕਾਂ ਲਈ ਜ਼ਿਆਦਾ ਚੇਤਨ ਹੁੰਦੇ ਹਨ, ਉਨ੍ਹਾਂ ਨੂੰ ਅਕਸਰ ਜ਼ਿਆਦਾ ਸਖ਼ਤ ਨਿਗਰਾਨੀ ਅਤੇ ਅਲੱਗ-ਥਲੱਗ ਰੱਖਿਆ ਜਾਂਦਾ ਹੈ, ਜਿਸ ਨੂੰ ਕੈਦੀ ਅਤੇ ਉਨ੍ਹਾਂ ਦੇ ਹਮਾਇਤੀ ਨਸਲੀ ਵਿਤਕਰੇ ਵਜੋਂ ਦੇਖਦੇ ਹਨ।

ਬਾਜੇਕੇ ਵਰਗੇ ਮਾਮਲੇ ਸਾਬਤ ਕਰਦੇ ਹਨ ਕਿ ਜੇਲ੍ਹ ਪ੍ਰਸ਼ਾਸਨ ਦੇ ਅੰਦਰ ਕੁਝ ਅਧਿਕਾਰੀਆਂ ਦਾ ਵਤੀਰਾ ਨਿਸ਼ਚਿਤ ਰੂਪ ਵਿੱਚ ਪੱਖਪਾਤੀ ਅਤੇ ਅਪਮਾਨਜਨਕ ਹੋ ਸਕਦਾ ਹੈ। ਅਜਿਹੀਆਂ ਘਟਨਾਵਾਂ ਹੀ ਸਿਸਟਮ ਪ੍ਰਤੀ ਬੇਵਿਸ਼ਵਾਸੀ ਪੈਦਾ ਕਰਦੀਆਂ ਹਨ।

### ਸਿਆਸੀ ਪ੍ਰਤੀਕਿਰਿਆਵਾਂ: ਬਿੱਟੂ ਵੱਲੋਂ ਹਮਾਇਤ

ਹੈਰਾਨੀਜਨਕ ਮੋੜ ਉਦੋਂ ਆਇਆ ਜਦੋਂ ਭਾਜਪਾ ਆਗੂ ਅਤੇ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਬਾਜੇਕੇ ਦੇ ਹੱਕ ਵਿੱਚ ਨਿੱਤਰੇ। ਬਿੱਟੂ ਨੇ ਕਿਹਾ ਕਿ "ਬਾਜੇਕੇ ਵਰਗੇ ਭਲੇ ਬੰਦੇ ਨੂੰ ਜੇਲ੍ਹ ਵਿੱਚ ਰੱਖਣਾ ਗਲਤ ਹੈ, ਉਸ ਨੂੰ ਬਾਹਰ ਕੱਢਣਾ ਚਾਹੀਦਾ ਹੈ।" ਉਨ੍ਹਾਂ ਨੇ ਡੀ.ਜੀ.ਪੀ. (ਜੇਲ੍ਹਾਂ) ਨੂੰ ਅਪੀਲ ਕੀਤੀ ਕਿ ਉਹ ਖੁਦ ਜੇਲ੍ਹ ਦਾ ਦੌਰਾ ਕਰਨ ਅਤੇ ਸਥਿਤੀ ਦਾ ਜਾਇਜ਼ਾ ਲੈਣ।

### 'ਵਾਰਿਸ ਪੰਜਾਬ ਦੇ' ਵੱਲੋਂ ਸੰਘਰਸ਼ ਦੀ ਚਿਤਾਵਨੀ

ਦੂਜੇ ਪਾਸੇ, 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਕਾਰਜਕਾਰੀ ਮੁਖੀ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਜਥੇਬੰਦੀ ਨੇ ਜੇਲ੍ਹ ਪ੍ਰਸ਼ਾਸਨ ਦੇ ਇਸ ਵਤੀਰੇ ਵਿਰੁੱਧ ਤਿੱਖਾ ਸੰਘਰਸ਼ ਵਿੱਢਣ ਦੀ ਧਮਕੀ ਦਿੱਤੀ ਹੈ।

ਫਿਲਹਾਲ, ਜੇਲ੍ਹ ਪ੍ਰਸ਼ਾਸਨ ਵੱਲੋਂ ਇਨ੍ਹਾਂ ਦੋਸ਼ਾਂ 'ਤੇ ਕੋਈ ਅਧਿਕਾਰਤ ਸਪੱਸ਼ਟੀਕਰਨ ਸਾਹਮਣੇ ਨਹੀਂ ਆਇਆ ਹੈ, ਪਰ ਇਸ ਮਾਮਲੇ ਨੇ ਪੰਜਾਬ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ।

## ਯੂਪੀਐਸਸੀ ਪਾਸ ਕਰਨ ਵਾਲੇ ਸਿੱਖ ਨੌਜਵਾਨਾਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਐਲਾਨ

# ਮਿਲੇਗੀ 1-1 ਲੱਖ ਰੁਪਏ ਦੀ ਸਨਮਾਨ ਰਾਸ਼ੀ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉੱਚ ਪ੍ਰਸ਼ਾਸਕੀ ਸੇਵਾਵਾਂ ਵਿੱਚ ਚੁਣੇ ਗਏ ਸਿੱਖ ਵਿਦਿਆਰਥੀਆਂ ਦਾ ਮਾਣ ਵਧਾਉਣ ਲਈ ਇੱਕ ਅਹਿਮ ਫੈਸਲਾ ਲਿਆ ਗਿਆ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਯੂਪੀਐਸਸੀ ਪਾਸ ਕਰਨ ਵਾਲੇ ਸਿੱਖ ਵਿਦਿਆਰਥੀਆਂ ਨੂੰ ਇੱਕ-ਇੱਕ ਲੱਖ ਰੁਪਏ ਦੀ ਸਨਮਾਨ ਰਾਸ਼ੀ ਦੇਣ ਨੂੰ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਗਈ ਹੈ। ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸ ਪਹਿਲਕਦਮੀ ਦਾ ਮੁੱਖ ਮਕਸਦ ਸਿੱਖ ਨੌਜਵਾਨਾਂ ਨੂੰ ਪ੍ਰਸ਼ਾਸਨਿਕ ਸੇਵਾਵਾਂ ਵਿੱਚ ਅੱਗੇ ਆਉਣ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਯੂਪੀਐਸਸੀਦੀ ਪ੍ਰੀਖਿਆ ਪਾਸ ਕਰਨ ਵਾਲੇ ਇਹ ਵਿਦਿਆਰਥੀ ਦੂਜੇ ਨੌਜਵਾਨਾਂ ਲਈ ਮਾਰਗਦਰਸ਼ਕ ਬਣਨਗੇ।

### ਬਜਟ ਵਿੱਚ ਕੀਤੇ ਖਾਸ ਪ੍ਰਬੰਧ



➢ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਵਿਦਿਆਰਥੀਆਂ ਦੀ ਤਿਆਰੀ ਲਈ ਕਈ ਵੱਡੇ ਕਦਮ ਚੁੱਕੇ ਜਾ ਰਹੇ ਹਨ:


➢ ਯੂਪੀਐਸਸੀ ਦਾ ਮੁੱਢਲਾ ਟੈਸਟ ਪਾਸ ਕਰਨ ਵਾਲੇ ਗੁਰਸਿੱਖ ਵਿਦਿਆਰਥੀਆਂ ਨੂੰ 'ਮੇਨ' ਦੀ ਤਿਆਰੀ ਕਰਵਾਉਣ ਲਈ ਬਜਟ ਵਿੱਚ 5 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

➢ ਨਿਸ਼ਚੈ ਅਕੈਡਮੀ ਅਕੈਡਮੀ ਰਾਹੀਂ ਪ੍ਰਸ਼ਾਸਕੀ ਅਤੇ ਜੁਡੀਸ਼ੀਅਲ ਸੇਵਾਵਾਂ ਦੀ ਤਿਆਰੀ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।

➢ ਅੰਮ੍ਰਿਤਧਾਰੀ ਵਿਦਿਆਰਥੀਆਂ ਦੀਆਂ ਫੀਸਾਂ ਵਿੱਚ ਛੋਟ, ਲੜਕੀਆਂ ਨੂੰ ਮੁਫਤ ਵਿੱਦਿਆ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਸਾਲਾਨਾ ਮਦਦ ਦਿੱਤੀ ਜਾ ਰਹੀ ਹੈ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਜਲਦ ਹੀ ਇੱਕ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਜਾਵੇਗਾ ਜਿਸ ਵਿੱਚ ਸਫਲ ਵਿਦਿਆਰਥੀਆਂ ਨੂੰ 'ਨਿਸ਼ਚੈ ਅਕੈਡਮੀ' ਵਿੱਚ ਤਿਆਰੀ ਕਰ ਰਹੇ ਹੋਰਨਾਂ ਸਿਖਿਆਰਥੀਆਂ ਦੇ ਰੂਬਰੂ ਕਰਵਾਇਆ ਜਾਵੇਗਾ ਤਾਂ ਜੋ ਉਹ ਉਨ੍ਹਾਂ ਦੇ ਤਜ਼ਰਬਿਆਂ ਤੋਂ ਸਿੱਖ ਸਕਣ। ਸਿੱਖ ਪਰਿਵਾਰਾਂ ਨੂੰ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਉੱਚ ਪ੍ਰਸ਼ਾਸਕੀ ਅਹੁਦਿਆਂ ਵੱਲ ਪ੍ਰੇਰਿਤ ਕਰਨ, ਤਾਂ ਜੋ ਸਾਡੀ ਕੌਮ ਦੇ ਨੌਜਵਾਨ ਉੱਚ ਅਹੁਦਿਆਂ 'ਤੇ ਬੈਠ ਕੇ ਮਨੁੱਖਤਾ ਦੀ ਭਲਾਈ ਲਈ ਕਾਰਜ ਕਰ ਸਕਣ।

ਸੰਪਾਦਕੀ ਵਿਚਾਰ :– ਸਿੱਖਿਆ ਉਹੀ ਹੈ ਜਿਸ ਨਾਲ ਮਨੁੱਖ ਨੂੰ ਆਪਣੇ ਆਪੇ ਦੀ ਪਹਿਚਾਣ ਹੋਵੇ ।



ਰਜਿੰਦਰ ਸਿੰਘ ਪੁਰੇਵਾਲ

# ਜਥੇਦਾਰ ਅਕਾਲ ਤਖ਼ਤ ਸਾਹਿਬ, ਪੰਥਕ ਮਸਲੇ, ਸਰਕਾਰੀ ਦਖਲ ਅੰਦਾਜ਼ੀ ਅਤੇ ਨਿਆਂ ਦੀ ਚੁਣੌਤੀ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ 3 ਮਈ ਨੂੰ ਸਿੱਖ ਵਿਦਵਾਨਾਂ ਅਤੇ ਕਾਨੂੰਨੀ ਮਾਹਿਰਾਂ ਦੀ ਸੱਦੀ ਗਈ ਮੀਟਿੰਗ ਮੌਜੂਦਾ ਸਮੇਂ ਦੀ ਵੱਡੀ ਲੋੜ ਹੈ। ਇਹ ਮੀਟਿੰਗ ਅਜਿਹੇ ਮੋੜ ’ਤੇ ਹੋ ਰਹੀ ਹੈ ਜਦੋਂ ਸਿੱਖ ਕੌਮ ਦੋ ਅਹਿਮ ਅਤੇ ਗੁੰਝਲਦਾਰ ਮਸਲਿਆਂ-ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ ਅਤੇ ਪੰਜਾਬ ਸਰਕਾਰ ਦੇ ਨਵੇਂ ‘ਬੇਅਦਬੀ ਕਾਨੂੰਨ’-ਦੇ ਵਿਚਕਾਰ ਖੜ੍ਹੀ ਹੈ। ਇਹ ਦੋਵੇਂ ਮੁੱਦੇ ਸਿਰਫ਼ ਕਾਨੂੰਨੀ ਨਹੀਂ ਹਨ, ਸਗੋਂ ਸਿੱਖ ਭਾਵਨਾਵਾਂ ਅਤੇ ਪੰਥਕ ਹੋਂਦ ਨਾਲ ਡੂੰਘੀ ਤਰ੍ਹਾਂ ਜੁੜੇ ਹੋਏ ਹਨ। ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਸਬੰਧੀ ਰਹਿਮ ਦੀ ਪਟੀਸ਼ਨ ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਕੇਂਦਰ ਸਰਕਾਰ ਕੋਲ ਲਟਕ ਰਹੀ ਹੈ। ਕਿਸੇ ਵੀ ਲੋਕਤੰਤਰ ਵਿੱਚ ਨਿਆਂ ਦਾ ਇੰਨਾ ਲੰਮਾ ਇੰਤਜ਼ਾਰ ਆਪਣੇ ਆਪ ਵਿੱਚ ਸਜ਼ਾ ਤੋਂ ਘੱਟ ਨਹੀਂ ਹੁੰਦਾ। ਰਾਜੋਆਣਾ ਵੱਲੋਂ ਪਟੀਸ਼ਨ ਵਾਪਸ ਲੈਣ ਦੀ ਮੰਗ ਉਨ੍ਹਾਂ ਦੀ ਨਿਰਾਸ਼ਾ ਅਤੇ ਸਿਸਟਮ ਪ੍ਰਤੀ ਬੇਭਰੋਸਗੀ ਨੂੰ ਦਰਸਾਉਂਦੀ ਹੈ। ਸ਼੍ਰੋਮਣੀ ਕਮੇਟੀ ਲਈ ਇਹ ਧਰਮ-ਸੰਕਟ ਵਾਲੀ ਸਥਿਤੀ ਹੈ ਕਿਉਂਕਿ ਪਟੀਸ਼ਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ’ਤੇ ਪਾਈ ਗਈ ਸੀ। ਹੁਣ ਜਥੇਦਾਰ ਵੱਲੋਂ ਕਾਨੂੰਨੀ ਮਾਹਿਰਾਂ ਨਾਲ ਰਾਏ-ਮਸ਼ਵਰਾ ਕਰਨਾ ਇਹ ਸੰਕੇਤ ਦਿੰਦਾ ਹੈ ਕਿ ਕੌਮ ਇਸ ਮਾਮਲੇ ਵਿੱਚ ਕੋਈ ਸਖ਼ਤ ਅਤੇ ਨਿਰਣਾਇਕ ਫੈਸਲਾ ਲੈਣ ਦੀ ਤਿਆਰੀ ਵਿੱਚ ਹੈ। ਸਾਨੂੰ ਉਮੀਦ ਹੈ ਕਿ ਜਥੇਦਾਰ ਸਾਹਿਬ ਇਹ ਸਟੈਂਡ ਲੈਣ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਅਤੇ ਸੇਵਾ-ਸੰਭਾਲ ਦਾ ਅਧਿਕਾਰ ਸਿਰਫ਼ ਸਿੱਖ ਸੰਸਥਾਵਾਂ (ਸ਼ਘਫਛ) ਕੋਲ ਹੀ ਰਹਿਣਾ ਚਾਹੀਦਾ ਹੈ। ਸਰਕਾਰ ਵੱਲੋਂ ‘ਕਸਟੋਡੀਅਨਸ਼ਿਪ’ ਜਾਂ ਅੰਕੜਿਆਂ ਦੀ ਮੰਗ ਦੇ ਨਾਂ ’ਤੇ ਸਿੱਖ ਰਹਿਤ ਮਰਯਾਦਾ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸੁਆਲ ਇਹ ਵੀ ਹੈ ਕਿ ਜਾਗਤ ਜੋਤਿ ਉਪਰ ਕਨੂੰਨ ਬਣ ਸਕਦਾ ਹੈ। ਕੀ ਅਜਿਹਾ ਕਨੂੰਨ ਸਬਦ ਗੁਰੂ ਦੀ ਅਥਾਰਟੀ ਨੂੰ ਚੈਲਿੰਜ ਨਹੀਂ। ਜਥੇਦਾਰ ਸਾਹਿਬ ਸਰਕਾਰ ਤੋਂ ਇਹ ਸਵਾਲ ਪੁੱਛ ਸਕਦੇ ਹਨ ਕਿ 2015 ਦੇ ਬੇਅਦਬੀ ਕਾਂਡ (ਬਰਗਾੜੀ, ਬਹਿਬਲ ਕਲਾਂ ਆਦਿ) ਦੇ ਦੋਸ਼ੀਆਂ ਨੂੰ ਇਸ ਕਾਨੂੰਨ ਦੇ ਦਾਇਰੇ ਵਿੱਚ ਲਿਆ ਕੇ ਸਜ਼ਾਵਾਂ ਕਿਉਂ ਨਹੀਂ ਦਿੱਤੀਆਂ ਜਾ ਰਹੀਆਂ ? ਜਥੇਦਾਰ ਸਾਹਿਬ ਇਹ ਸਟੈਂਡ ਲੈਣਾ ਚਾਹੀਦਾ ਕਿ ਧਾਰਮਿਕ ਮਾਮਲਿਆਂ ਨਾਲ ਜੁੜਿਆ ਕੋਈ ਵੀ ਕਾਨੂੰਨ ਸਿੱਖ ਪੰਥ ਦੀਆਂ ਸਿਰਮੌਰ ਸੰਸਥਾਵਾਂ ਅਤੇ ਵਿਦਵਾਨਾਂ ਦੀ ਸਲਾਹ ਤੋਂ ਬਿਨਾਂ ਫਾਈਨਲ ਨਹੀਂ ਹੋਣਾ ਚਾਹੀਦਾ। ਸਿੱਖ ਸਿਧਾਂਤ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ‘ਜਾਗਤਿ ਜੋਤਿ’ ਹਨ ਅਤੇ ਉਨ੍ਹਾਂ ਦੀ ਅਥਾਰਟੀ ਕਿਸੇ ਵੀ ਦੁਨਿਆਵੀ ਕਾਨੂੰਨ ਜਾਂ ਸਰਕਾਰ ਤੋਂ ਉੱਪਰ ਹੈ। ਜਦੋਂ ਕੋਈ ਸਰਕਾਰ ਅਜਿਹਾ ਕਾਨੂੰਨ ਬਣਾਉਂਦੀ ਹੈ ਜੋ ਗੁਰੂ ਸਾਹਿਬ ਦੇ ਸਰੂਪਾਂ ਦੀ ‘ਕਸਟੋਡੀਅਨਸ਼ਿਪ’ (ਸੰਭਾਲ ਦਾ ਹੱਕ) ਜਾਂ ਪ੍ਰਕਾਸ਼ਨ ਉੱਤੇ ਕੰਟਰੋਲ ਦੀ ਗੱਲ ਕਰਦਾ ਹੈ, ਤਾਂ ਇਸ ਨੂੰ ਗੁਰੂ ਦੀ ਸੁਤੰਤਰ ਅਥਾਰਟੀ ਵਿੱਚ ਦਖ਼ਲਅੰਦਾਜ਼ੀ ਵਜੋਂ ਦੇਖਿਆ ਜਾਂਦਾ ਹੈ। ਜੇਕਰ ਕਾਨੂੰਨ ਇਹ ਤੈਅ ਕਰਦਾ ਹੈ ਕਿ ਗੁਰੂ ਸਾਹਿਬ ਦੇ ਸਰੂਪ ਕਿੱਥੇ ਰਹਿਣਗੇ ਜਾਂ ਉਨ੍ਹਾਂ ਦਾ ਪ੍ਰਬੰਧ ਕਿਵੇਂ ਹੋਵੇਗਾ, ਤਾਂ ਅਸਿੱਧੇ ਤੌਰ ’ਤੇ ਰਾਜ ਸਿੱਖ ਪੰਥ ਮਰਯਾਦਾ ਦੇ ਉੱਪਰ ਆਪਣੀ ਤਾਕਤ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ। ਸਿੱਖ ਪੰਥ ਦਾ ਇਹ ਸਪੱਸ਼ਟ ਫੈਸਲਾ ਹੈ ਕਿ ਪੰਥਕ ਮਸਲਿਆਂ ਦਾ ਹੱਲ ਪੰਥਕ ਰਵਾਇਤਾਂ ਅਤੇ ਸੰਸਥਾਵਾਂ (ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ) ਰਾਹੀਂ ਹੋਣਾ ਚਾਹੀਦਾ ਹੈ। ਜਥੇਦਾਰ ਸਾਹਿਬ ਦਾ ਮੁੱਖ ਉਦੇਸ਼ ਇਹ ਹੋਣਾ ਚਾਹੀਦਾ ਹੈ ਕਿ “ਕਾਨੂੰਨ ਸਖ਼ਤ ਹੋਵੇ ਪਰ ਗੁਰੂ ਗ੍ਰੰਥ ਸਾਹਿਬ ਦੀ ਪ੍ਰਭੂਸੱਤਾ ਤੇ ਸਿੱਖ ਸੰਸਥਾਵਾਂ ਦੀ ਪ੍ਰਭੂਸੱਤਾ ਵਿੱਚ ਕੋਈ ਸੰਨ੍ਹ ਨਾ ਲੱਗੇ।”

ਦੂਜੇ ਪਾਸੇ, ਪੰਜਾਬ ਸਰਕਾਰ ਵੱਲੋਂ ਬਣਾਇਆ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026’ ਸਵਾਲਾਂ ਦੇ ਘੇਰੇ ਵਿੱਚ ਹੈ। ਬੇਅਦਬੀ ਵਰਗੇ ਸੰਵੇਦਨਸ਼ੀਲ ਮਸਲੇ ’ਤੇ ਸਖ਼ਤ ਕਾਨੂੰਨ ਦੀ ਮੰਗ ਸਦੀਆਂ ਪੁਰਾਣੀ ਹੈ, ਪਰ ਜੇਕਰ ਕਾਨੂੰਨ ਬਣਾਉਣ ਵੇਲੇ ਸਬੰਧਤ ਧਿਰਾਂ (ਸਿੱਖ ਸੰਸਥਾਵਾਂ) ਨੂੰ ਭਰੋਸੇ ਵਿੱਚ ਨਾ ਲਿਆ ਜਾਵੇ, ਤਾਂ ਸ਼ੰਕੇ ਪੈਦਾ ਹੋਣਾ ਲਾਜ਼ਮੀ ਹੈ। ਸ਼੍ਰੋਮਣੀ ਕਮੇਟੀ ਦਾ ਇਹ ਇਤਰਾਜ਼ ਜਾਇਜ਼ ਪ੍ਰਤੀਤ ਹੁੰਦਾ ਹੈ ਕਿ ਪਾਵਨ ਸਰੂਪਾਂ ਦੀ ‘ਕਸਟੋਡੀਅਨਸ਼ਿਪ’ ਅਤੇ ਪ੍ਰਕਾਸ਼ਨ ਦੇ ਮਾਮਲੇ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਸਿੱਖ ਸੰਸਥਾਵਾਂ ਦੀ ਖ਼ੁਦਮੁਖਤਿਆਰੀ ਨੂੰ ਢਾਹ ਲਾ ਸਕਦੀ ਹੈ। ਨਾਲ ਹੀ, 2015 ਦੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਬਾਰੇ ਚੁੱਪੀ ਇਸ ਕਾਨੂੰਨ ਦੀ ਨੀਅਤ ’ਤੇ ਸਵਾਲ ਖੜ੍ਹੇ ਕਰਦੀ ਹੈ। ਮਰਯਾਦਾ, ਪ੍ਰਕਾਸ਼ਨਾ, ਅਤੇ ਗੁਰਦੁਆਰਾ ਪ੍ਰਬੰਧ ਸਿਰਫ਼ ਪੰਥਕ ਸੰਸਥਾਵਾਂ ਦੇ ਅਧਿਕਾਰ ਖੇਤਰ ਵਿੱਚ ਹੋਣੇ ਚਾਹੀਦੇ ਹਨ। ਇੱਥੇ ਸਰਕਾਰੀ ਦਖ਼ਲਅੰਦਾਜ਼ੀ ਗੁਰੂ ਦੀ ਅਥਾਰਟੀ ਨੂੰ ਚੁਣੌਤੀ ਦੇਣ ਦੇ ਬਰਾਬਰ ਮੰਨੀ ਜਾਂਦੀ ਹੈ। ਸਰਕਾਰ ਦੀ ਮਦਦ ਉਦੋਂ ਹੀ ਸਾਰਥਕ ਮੰਨੀ ਜਾਵੇਗੀ ਜੇਕਰ ਉਹ ਪੁਰਾਣੇ (2015 ਦੇ) ਅਤੇ ਨਵੇਂ ਬੇਅਦਬੀ ਮਾਮਲਿਆਂ ਵਿੱਚ ਬਿਨਾਂ ਕਿਸੇ ਸਿਆਸੀ ਪੱਖਪਾਤ ਦੇ ਇਨਸਾਫ਼ ਕਰੇ[

ਅਕਾਲ ਤਖ਼ਤ ਸਾਹਿਬ ਵੱਲੋਂ ਸੱਦੀ ਗਈ ਇਹ ਮੀਟਿੰਗ ਪੰਥਕ ਇਕਜੁੱਟਤਾ ਦਾ ਪ੍ਰਤੀਕ ਬਣਨੀ ਚਾਹੀਦੀ ਹੈ। ਰਾਜਨੀਤਿਕ ਪਾਰਟੀਆਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਮਸਲਿਆਂ ਨੂੰ ਵੋਟ ਬੈਂਕ ਦੀ ਨਜ਼ਰ ਨਾਲ ਦੇਖਣ ਦੀ ਬਜਾਏ ਇਨਸਾਫ਼ ਅਤੇ ਮਰਯਾਦਾ ਦੇ ਚੌਖਟੇ ਵਿੱਚ ਰੱਖ ਕੇ ਦੇਖਣ। ਉਮੀਦ ਹੈ ਕਿ 3 ਮਈ ਦੀ ਵਿਚਾਰ-ਚਰਚਾ ਵਿੱਚੋਂ ਕੋਈ ਅਜਿਹਾ ਸਾਰਥਕ ਰਾਹ ਨਿਕਲੇਗਾ ਜੋ ਨਾ ਸਿਰਫ਼ ਰਾਜੋਆਣਾ ਵਰਗੇ ਬੰਦੀ ਸਿੰਘਾਂ ਦੇ ਭਵਿੱਖ ਦਾ ਫੈਸਲਾ ਕਰੇਗਾ, ਸਗੋਂ ਗੁਰੂ ਸਾਹਿਬ ਦੀ ਬੇਅਦਬੀ ਰੋਕਣ ਲਈ ਇੱਕ ਨਿਰਪੱਖ ਅਤੇ ਮਜ਼ਬੂਤ ਕਾਨੂੰਨੀ ਢਾਂਚਾ ਸਿਰਜਣ ਵਿੱਚ ਵੀ ਸਹਾਈ ਹੋਵੇਗਾ। ਸਾਡੀ ਰਾਇ ਹੈ ਕਿ ਬੇਅਦਬੀ ਰੋਕਣ ਦੇ ਬਹਾਨੇ ਧਾਰਮਿਕ ਸੰਸਥਾਵਾਂ (ਜਿਵੇਂ ਐਸਜੀਪੀਸੀ) ਦੇ ਪ੍ਰਬੰਧਕੀ ਢਾਂਚੇ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਨਾ ਕਰੇ ਸਰਕਾਰ।

-ਰਜਿੰਦਰ ਸਿੰਘ ਪੁਰੇਵਾਲ

## NEWS & VIEWS

# Statue of Baba Band Singh Bahadur at Sri Guru Nanak Darbar Gurdwara, Gravesend



Gurmukh Singh OBE

**-Difference between idol worship of a deity using stones, statues and images; and, depiction of Sikh History through works of art, two dimensional images, three dimensional statues and films.**

**-Educational example: *Mehdiana Sculptures bring Sikh history to life at Gurdwara Mehdiana Sahib* [historical Gurdwara near Jagraon.]**

Idol worship is the religious veneration, devotion, or adoration of physical objects (idols, images, statues) *believed to represent or embody a deity. So,* an idol represents gods when used as an object of worship. Idol worship is central to the Hindu ideology and the Sikhi view about such worship is clear in Gurbani: For example:

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥ ਅੰਧੇ ਗੁੰਗੇ ਅੰਧ ਅੰਧਾਰੁ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ॥ ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥੨

*Meaning: The Hindus have forgotten the Primal Lord; they are going the wrong way. They are blind and mute, the blindest of the blind. As Naarad instructed them, they are worshipping idols. The ignorant fools pick up stones and worship them. But when those stones themselves sink, who will carry you across?*

(M 4 SGGS Ang 556)

A stone (*pathhar*) and almost anything can be the object of idol worship in Hindu tradition.



In his e-mail of 22 April, 2026, prominent Sikh personality, Sardar Tarlochan Singh (ex-MP and former Chairman Indian National Minorities Commission) wrote on a forum, to quote: *Earlier I wrote to S. Tanmanjeet Singh Dhesi, MP who is from Gravesend objecting to placing of Banda Singh Bahadur Statue in Gurdwara premises which is against our tradition. Statues should be on main roads or crossing and not in the Gurdwaras. Perhaps you are aware master Tara Singh Statue in Delhi is on the main road leading to Parliament, outside the boundary the of Gurdwara Rakab Ganj Sahib.* S. Jaspreet Singh on the forum agreed. He wrote: *there is no place for idols and statues in Sikhi.*

Indeed, there is no place for idol worship in Sikhi ***if*** any stone, image, statute etc is represented as a deity, god, devi, devta etc. However, there are works of art, images, portraits, photographs of historical figures displayed within the precincts of many Gurdwaras, for example, in Langar Halls and at the Central Sikh Museum at Darbar Sahib. I seem to recall statues of Sikh historical figures at entrances of one or more Gurdwaras in Panjab.

Historical Gurdwara Mehdiana Sahib, located in the village of Mehdiana near Jagraon in the Ludhiana district of Punjab, has been referred to as a *School of Sikh History*. Guru Gobind Singh Ji wrote parts of the *Zafarnama* (Epistle of Victory) there. In front of the Gurdwara, Sikh sacrifices and events in Sikh history, including the martyrdom of Banda Singh Bahadur, are depicted through statues. One observer writes: *These sculptures serve as a powerful visual narrative of the sacrifices and bravery of the Sikh community with the aim of educating visitors.* Over the years I have taken own growing up children to this Gurdwara not far from our historical village, Bassian near Raikot.

The distinction between idol worship and educational works of art depicting Sikh history is important.

Gurmukh Singh OBE, Ret'd Principal Civil Servant (UK) sewauk2005@yahoo.co.uk

## ਅਮਰੀਕੀ ਸੰਸਦ ਮੈਂਬਰ ਰੋ ਖੰਨਾ ਦਾ ਵੱਡਾ ਧਮਾਕਾ

# ਸੰਘ ਦੇ ਪ੍ਰੋਗਰਾਮ ਤੋਂ ਪੱਲਾ ਝਾੜਿਆ, ਕਿਹਾ-'ਮੈਂ ਸੰਘੀ ਨਹੀਂ'

### ✪ ਮਹਿਮਾਨਾਂ ਦੀ ਸੂਚੀ ਤੋਂ ਅਣਜਾਣ ਸੀ ਰੋ ਖੰਨਾ ? ਸੰਘ ਨਾਲ ਜੁੜੇ ਵਿਵਾਦ ਨੇ ਮਚਾਈ ਸਿਆਸੀ ਹਲਚਲ ✪ ਰਾਸ਼ਟਰਪਤੀ ਦੀ ਕੁਰਸੀ 'ਤੇ ਨਜ਼ਰ ? ਰੋ ਖੰਨਾ ਨੇ 'ਹਿੰਦੂਤਵ' ਦੀ ਰਾਜਨੀਤੀ ਤੋਂ ਬਣਾਈ ਦੂਰੀ

ਅਮਰੀਕਾ ਵਿੱਚ ਭਾਰਤੀ ਮੂਲ ਦੇ ਪ੍ਰਭਾਵਸ਼ਾਲੀ ਸੰਸਦ ਮੈਂਬਰ ਰੋ ਖੰਨਾ ਇੱਕ ਵਾਰ ਫਿਰ ਚਰਚਾ ਵਿੱਚ ਹਨ। ਉਨ੍ਹਾਂ ਨੇ ਵਾਸ਼ਿੰਗਟਨ ਡੀ.ਸੀ. ਵਿੱਚ ਆਯੋਜਿਤ ਇੱਕ ਪ੍ਰੋਗਰਾਮ ਤੋਂ ਖ਼ੁਦ ਨੂੰ ਵੱਖ ਕਰ ਲਿਆ ਹੈ, ਜਿਸ ਵਿੱਚ ਆਰ. ਐਸ. ਐਸ. ਦੇ ਸਰਕਾਰਯਵਾਹ ਦੱਤਾਤ੍ਰੇਅ ਹੋਸਬਲੇ ਸ਼ਾਮਲ ਹੋਏ ਸਨ। ਖੰਨਾ ਨੇ ਸਪੱਸ਼ਟ ਕੀਤਾ ਹੈ ਕਿ ਉਹ ਸੰਘ ਦੀ ਵਿਚਾਰਧਾਰਾ ਦਾ ਸਮਰਥਨ ਨਹੀਂ ਕਰਦੇ। ਰੋ ਖੰਨਾ ਅਮਰੀਕਾ ਦੀ ਡੈਮੋਕ੍ਰੇਟਿਕ ਪਾਰਟੀ ਨਾਲ ਸਬੰਧਿਤ ਹਨ। ਉਹ ਕੈਲੀਫੋਰਨੀਆ ਦੇ ਸਿਲੀਕਾਨ ਵੈਲੀ ਖੇਤਰ ਤੋਂ ਅਮਰੀਕੀ ਪ੍ਰਤੀਨਿਧੀ ਸਭਾ ਦੇ ਮੈਂਬਰ ਹਨ। ਉਹ ਪਾਰਟੀ ਦੇ 'ਪ੍ਰੋਗਰੈਸਿਵ' (ਅਗਾਂਹਵਧੂ) ਧੜੇ ਦੇ ਮਜ਼ਬੂਤ ਨੇਤਾ ਮੰਨੇ ਜਾਂਦੇ ਹਨ।

ਵਾਸ਼ਿੰਗਟਨ ਦੇ ਪ੍ਰਸਿੱਧ ਥਿੰਕ ਟੈਂਕ 'ਹਡਸਨ ਇੰਸਟੀਚਿਊਟ' ਵੱਲੋਂ ਹਾਲ ਹੀ ਵਿੱਚ 'ਨਿਊ ਇੰਡੀਆ ਕਾਨਫਰੰਸ' ਦਾ ਆਯੋਜਨ ਕੀਤਾ ਗਿਆ ਸੀ। ਇਸ ਪ੍ਰੋਗਰਾਮ ਵਿੱਚ ਭਾਜਪਾ ਦੇ ਵਿਦੇਸ਼ ਮਾਮਲਿਆਂ ਦੇ ਇੰਚਾਰਜ ਵਿਜੇ ਚੌਥਾਈਵਾਲੇ ਅਤੇ ਰਾਮ ਮਾਧਵ ਵਰਗੇ ਆਗੂ ਵੀ ਮੌਜੂਦ ਸਨ। ਰੋ ਖੰਨਾ ਨੇ ਇਸ ਪ੍ਰੋਗਰਾਮ ਲਈ ਇੱਕ ਪਹਿਲਾਂ ਤੋਂ ਰਿਕਾਰਡ ਕੀਤਾ ਵੀਡੀਓ ਸੰਦੇਸ਼ ਭੇਜਿਆ ਸੀ, ਜਿਸ ਤੋਂ ਬਾਅਦ ਵਿਵਾਦ ਸ਼ੁਰੂ ਹੋ ਗਿਆ।

ਸੋਸ਼ਲ ਮੀਡੀਆ ਪਲੇਟਫਾਰਮ ਐਕਸ(ਪਹਿਲਾਂ ਟਵਿੱਟਰ) 'ਤੇ ਜਾਣਕਾਰੀ ਦਿੰਦਿਆਂ ਰੋ ਖੰਨਾ ਨੇ ਕਿਹਾ ਕਿ ਮੈਂ ਉਸ ਪ੍ਰੋਗਰਾਮ ਵਿੱਚ ਖ਼ੁਦ ਮੌਜੂਦ ਨਹੀਂ ਸੀ। ਹਡਸਨ ਇੰਸਟੀਚਿਊਟ ਨੇ ਮੇਰੇ ਤੋਂ ਇੱਕ ਮਿੰਟ ਦਾ ਵੀਡੀਓ ਸੰਦੇਸ਼ ਮੰਗਿਆ ਸੀ, ਜੋ ਮੈਂ ਮੁਹੱਈਆ ਕਰਵਾ ਦਿੱਤਾ। ਮੈਨੂੰ ਉੱਥੇ ਆਉਣ ਵਾਲੇ ਮਹਿਮਾਨਾਂ ਦੀ ਸੂਚੀ ਬਾਰੇ ਕੋਈ ਜਾਣਕਾਰੀ ਨਹੀਂ ਸੀ। ਖੰਨਾ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਪ੍ਰੋਗਰਾਮ ਵਿੱਚ ਸੰਘ ਦੇ ਵੱਡੇ ਆਗੂ ਦੱਤਾਤ੍ਰੇਅ ਹੋਸਬਲੇ ਸ਼ਾਮਲ ਹੋ ਰਹੇ ਹਨ।



ਮੈਂ ਕਿਸੇ ਵੀ ਤਰ੍ਹਾਂ ਸੰਘ ਦਾ ਸਮਰਥਨ ਨਹੀਂ ਕਰਦਾ। ਖੰਨਾ ਨੇ ਪਹਿਲਾਂ ਵੀ ਸਪੱਸ਼ਟ ਕੀਤਾ ਸੀ ਕਿ ਉਹ ਕਿਸੇ ਖਾਸ ਵੋਟ ਬੈਂਕ ਜਾਂ ਦਬਾਅ ਹੇਠ ਆਪਣੀ ਰਾਏ ਨਹੀਂ ਬਦਲਣਗੇ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਅਮਰੀਕਾ ਵਿੱਚ ਡੋਨਾਲਡ ਟਰੰਪ ਵਰਗੇ ਸੱਜੇ-ਪੱਖੀ ਰਾਸ਼ਟਰਵਾਦੀਆਂ ਨੂੰ ਸਹਿਣ ਨਹੀਂ ਕਰਦੇ, ਇਸ ਲਈ ਉਹ ਭਾਰਤ ਨਾਲ ਜੁੜੀ ਕੱਟੜਪੰਥੀ ਰਾਜਨੀਤੀ ਤੋਂ ਵੀ ਦੂਰ ਰਹਿਣਗੇ। ਉਨ੍ਹਾਂ ਨੇ ਇਹ ਜਵਾਬ 'ਇੰਡੀਅਨ-ਅਮਰੀਕਨ ਮੁਸਲਿਮ ਕੌਂਸਲ' ਵੱਲੋਂ ਉਠਾਏ ਗਏ ਸਵਾਲਾਂ ਦੇ ਜਵਾਬ ਵਿੱਚ ਦਿੱਤਾ।

ਰੋ ਖੰਨਾ ਨੂੰ ਅਮਰੀਕੀ ਰਾਜਨੀਤੀ ਵਿੱਚ ਇੱਕ ਉੱਭਰਦੇ ਹੋਏ ਸਿਤਾਰੇ ਵਜੋਂ ਦੇਖਿਆ ਜਾ ਰਿਹਾ ਹੈ। ਚਰਚਾ ਹੈ ਕਿ ਉਹ 2028 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਦੀ ਦੌੜ ਵਿੱਚ ਸ਼ਾਮਲ ਹੋ ਸਕਦੇ ਹਨ। ਸ਼ਾਇਦ ਇਹੀ ਕਾਰਨ ਹੈ ਕਿ ਉਹ ਆਪਣੀ 'ਪ੍ਰੋਗਰੈਸਿਵ' (ਅਗਾਂਹਵਧੂ) ਤਸਵੀਰ ਨੂੰ ਬਰਕਰਾਰ ਰੱਖਣ ਲਈ ਹਿੰਦੂਤਵ ਦੀ ਰਾਜਨੀਤੀ ਤੋਂ ਦੂਰੀ ਬਣਾ ਕੇ ਰੱਖ ਰਹੇ ਹਨ।

ਸਾਲ 2019 ਵਿੱਚ ਵੀ ਰੋ ਖੰਨਾ ਨੇ ਕਿਹਾ ਸੀ ਕਿ ਹਰ ਭਾਰਤੀ-ਅਮਰੀਕੀ ਸਿਆਸਤਦਾਨ ਦਾ ਫਰਜ਼ ਹੈ ਕਿ ਉਹ ਬਹੁਲਵਾਦ ਦੇ ਪੱਖ ਵਿੱਚ ਖੜ੍ਹਾ ਹੋਵੇ ਅਤੇ ਅਜਿਹੀ ਰਾਜਨੀਤੀ ਨੂੰ ਨਕਾਰੇ ਜੋ ਸਿਰਫ਼ ਇੱਕ ਪੱਖ ਦੀ ਗੱਲ ਕਰਦੀ ਹੋਵੇ। ਉਨ੍ਹਾਂ ਨੇ ਹਮੇਸ਼ਾ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਅਤੇ ਹੋਰ ਧਰਮਾਂ ਲਈ ਬਰਾਬਰ ਅਧਿਕਾਰਾਂ ਦੀ ਵਕਾਲਤ ਕੀਤੀ ਹੈ। ਹਾਲਾਂਕਿ, ਉਨ੍ਹਾਂ ਦੇ ਇਨ੍ਹਾਂ ਫੈਸਲਿਆਂ ਕਾਰਨ ਕੁਝ ਨਸਲਵਾਦੀ ਭਾਰਤੀ-ਅਮਰੀਕੀ ਸਮੂਹ ਉਨ੍ਹਾਂ ਦਾ ਵਿਰੋਧ ਵੀ ਕਰਦੇ ਰਹੇ ਹਨ, ਪਰ ਖੰਨਾ ਆਪਣੇ ਸਟੈਂਡ 'ਤੇ ਕਾਇਮ ਹਨ। ਖੰਨਾ ਨੇ ਸੰਦੇਸ਼ ਕਿਸੇ ਹਿੰਦੂਤਵ ਜਥੇਬੰਦੀ ਨੂੰ ਨਹੀਂ, ਬਲਕਿ 'ਹਡਸਨ ਇੰਸਟੀਚਿਊਟ' ਨੂੰ ਭੇਜਿਆ ਗਿਆ ਸੀ, ਜੋ ਕਿ ਵਾਸ਼ਿੰਗਟਨ ਦਾ ਇੱਕ ਬਹੁਤ ਵੱਡਾ ਅਤੇ ਪ੍ਰਭਾਵਸ਼ਾਲੀ 'ਥਿੰਕ ਟੈਂਕ' ਹੈ। ਅਮਰੀਕੀ ਸਿਆਸਤਦਾਨ ਅਕਸਰ ਅਜਿਹੇ ਸੰਸਥਾਨਾਂ ਦੇ ਪ੍ਰੋਗਰਾਮਾਂ ਲਈ ਵੀਡੀਓ ਸੰਦੇਸ਼ ਭੇਜਦੇ ਹਨ।

ਯਾਦ ਰਹੇ ਕਿ 'ਹਿੰਦੂ ਅਮਰੀਕਨ ਫਾਊਂਡੇਸ਼ਨ' ਵਰਗੇ ਸੰਗਠਨਾਂ ਨੇ ਉਨ੍ਹਾਂ ਦੇ 2019 ਵਾਲੇ ਬਿਆਨ ਦਾ ਵਿਰੋਧ ਕੀਤਾ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਖੰਨਾ 'ਹਿੰਦੂਤਵ' ਦੀ ਆਲੋਚਨਾ ਕਰਕੇ ਅਸਲ ਵਿੱਚ ਹਿੰਦੂ ਭਾਈਚਾਰੇ ਨੂੰ ਨਿਸ਼ਾਨਾ ਬਣਾ ਰਹੇ ਹਨ। ਉਨ੍ਹਾਂ 'ਤੇ 'ਹਿੰਦੂ-ਫੋਬੀਆ' (ਹਿੰਦੂਆਂ ਪ੍ਰਤੀ ਡਰ ਜਾਂ ਨਫ਼ਰਤ) ਨੂੰ ਵਧਾਉਣ ਦੇ ਦੋਸ਼ ਲੱਗੇ ਹਨ। ਹੁਣ 'ਇੰਡੀਅਨ-ਅਮਰੀਕਨ ਮੁਸਲਿਮ ਕੌਂਸਲ' ਵਰਗੇ ਗਰੁੱਪਾਂ ਨੇ ਉਨ੍ਹਾਂ ਦਾ ਵਿਰੋਧ ਇਸ ਲਈ ਕੀਤਾ ਕਿ ਉਨ੍ਹਾਂ ਨੇ ਉਸ ਪ੍ਰੋਗਰਾਮ ਵਿੱਚ ਸੰਦੇਸ਼ ਕਿਉਂ ਭੇਜਿਆ ਜਿੱਥੇ ਸੰਘ ਆਗੂ ਮੌਜੂਦ ਸਨ। ਉਨ੍ਹਾਂ ਨੇ ਖੰਨਾ ਨੂੰ ਆਪਣੇ ਸਟੈਂਡ 'ਤੇ ਸਪੱਸ਼ਟ ਹੋਣ ਲਈ ਮਜ਼ਬੂਰ ਕੀਤਾ।

ਰੋ ਖੰਨਾ ਦਾ ਇਹ ਫੈਸਲਾ ਇੱਕ ਸੋਚਿਆ-ਸਮਝਿਆ ਜੋਖਮ ਹੈ। ਉਨ੍ਹਾਂ ਨੇ ਥੋੜ੍ਹੇ ਸਮੇਂ ਲਈ ਕੁਝ ਹਿੰਦੂ ਵੋਟਰਾਂ ਦੀ ਨਾਰਾਜ਼ਗੀ ਮੁੱਲ ਲਈ ਹੈ, ਪਰ ਲੰਬੇ ਸਮੇਂ ਲਈ ਉਹ ਅਮਰੀਕਾ ਦੇ ਵੱਡੇ 'ਲਿਬਰਲ' ਵੋਟ ਬੈਂਕ ਵਿੱਚ ਆਪਣੀ ਥਾਂ ਪੱਕੀ ਕਰ ਰਹੇ ਹਨ। ਸਿੱਟਾ ਇਹ ਨਿਕਲੇਗਾ ਕਿ ਰੋ ਖੰਨਾ ਹੁਣ ਅਮਰੀਕਾ ਵਿੱਚ (ਸੱਜੇ-ਪੱਖੀ ਰਾਜਨੀਤੀ ਦੇ ਵਿਰੋਧੀ) ਚਿਹਰੇ ਵਜੋਂ ਉੱਭਰਨਗੇ, ਜੋ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਨੂੰ ਫਾਇਦਾ ਵੀ ਦੇ ਸਕਦਾ ਹੈ।

# ਬਿਹਾਰ ਵਿਚ ਚੂਹੇ ਖਾ ਗਏ ਰਿਸ਼ਵਤ ਦੇ ਨੋਟ !

### ✪ ਸੁਪਰੀਮ ਕੋਰਟ ਨੇ ਜਤਾਈ ਹੈਰਾਨੀ, ਮਹਿਲਾ ਅਧਿਕਾਰੀ ਨੂੰ ਮਿਲੀ ਜ਼ਮਾਨਤ

ਨਵੀਂ ਦਿੱਲੀ-ਬਿਹਾਰ ਤੋਂ ਭ੍ਰਿਸ਼ਟਾਚਾਰ ਦਾ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਨਿਆਂਪਾਲਿਕਾ ਅਤੇ ਸਰਕਾਰੀ ਪ੍ਰਬੰਧਾਂ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਇੱਕ ਮਹਿਲਾ ਅਧਿਕਾਰੀ ਕੋਲੋਂ ਬਰਾਮਦ ਕੀਤੇ ਗਏ ਰਿਸ਼ਵਤ ਦੇ ਪੈਸਿਆਂ ਨੂੰ ਚੂਹਿਆਂ ਵੱਲੋਂ ਨਸ਼ਟ ਕੀਤੇ ਜਾਣ ਦੀ ਗੱਲ ਸੁਣ ਕੇ ਸੁਪਰੀਮ ਕੋਰਟ ਵੀ ਹੈਰਾਨ ਰਹਿ ਗਈ। ਅਦਾਲਤ ਨੇ ਇਸ ਨੂੰ ਪ੍ਰਸ਼ਾਸਨਿਕ ਲਾਪਰਵਾਹੀ ਦਾ ਸਿਖਰ ਮੰਨਦਿਆਂ ਦੋਸ਼ੀ ਮਹਿਲਾ ਅਧਿਕਾਰੀ ਦੀ ਸਜ਼ਾ ਮੁਅੱਤਲ ਕਰ ਦਿੱਤੀ ਹੈ ਅਤੇ ਉਸ ਨੂੰ ਜ਼ਮਾਨਤ ਦੇ ਦਿੱਤੀ ਹੈ।





ਕੀ ਹੈ ਪੂਰਾ ਮਾਮਲਾ ?-ਇਹ ਮਾਮਲਾ ਸਾਲ 2014 ਦਾ ਹੈ, ਜਦੋਂ ਬਿਹਾਰ ਵਿੱਚ ਬਾਲ ਵਿਕਾਸ ਪ੍ਰੋਜੈਕਟ ਅਫਸਰ ਵਜੋਂ ਤਾਇਨਾਤ ਇੱਕ ਮਹਿਲਾ ਨੂੰ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਕਥਿਤ ਤੌਰ 'ਤੇ ਫੜਿਆ ਗਿਆ ਸੀ। ਹੇਠਲੀ ਅਦਾਲਤ ਨੇ ਪਹਿਲਾਂ ਇਸ ਮਹਿਲਾ ਨੂੰ ਬਰੀ ਕਰ ਦਿੱਤਾ ਗਿਆ ਸੀ। ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਉਲਟਾਉਂਦਿਆਂ ਉਸ ਨੂੰ ਦੋਸ਼ੀ ਕਰਾਰ ਦਿੱਤਾ ਸੀ। ਹਾਲਾਂਕਿ, ਜਦੋਂ ਮਾਮਲਾ ਸੁਪਰੀਮ ਕੋਰਟ ਪਹੁੰਚਿਆ ਤਾਂ ਇੱਕ ਹੈਰਾਨ ਕਰਨ ਵਾਲਾ ਤੱਥ ਸਾਹਮਣੇ ਆਇਆ। ਪਤਾ ਲੱਗਾ ਕਿ ਜਿਸ 'ਮਾਲਖਾਨੇ' ਵਿੱਚ ਜ਼ਬਤ ਕੀਤੀ ਗਈ ਨਕਦੀ ਰੱਖੀ ਗਈ ਸੀ, ਉੱਥੇ ਚੂਹਿਆਂ ਨੇ ਉਨ੍ਹਾਂ ਨੋਟਾਂ ਨੂੰ ਕੁਤਰ ਕੇ ਨਸ਼ਟ ਕਰ ਦਿੱਤਾ।

ਸੁਪਰੀਮ ਕੋਰਟ ਦੀਆਂ ਤਿੱਖੀਆਂ ਟਿੱਪਣੀਆਂ-ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਕੇ. ਵੀ. ਵਿਸ਼ਵਨਾਥਨ ਦੇ ਬੈਂਚ ਨੇ ਇਸ ਦਲੀਲ 'ਤੇ ਸਖ਼ਤ ਨਾਰਾਜ਼ਗੀ ਜਤਾਈ। ਅਦਾਲਤ ਨੇ ਕਿਹਾ ਕਿ "ਇਹ ਸਪੱਸ਼ਟੀਕਰਨ ਕਿ ਚੂਹਿਆਂ ਨੇ ਕਰੰਸੀ ਨੋਟਾਂ ਨੂੰ ਨਸ਼ਟ ਕਰ ਦਿੱਤਾ, ਪੂਰੀ ਤਰ੍ਹਾਂ ਅਵਿਸ਼ਵਾਸ਼ਯੋਗ ਹੈ। ਇਹ ਸਿਰਫ਼ ਲਾਪਰਵਾਹੀ ਨਹੀਂ, ਸਗੋਂ ਨਿਆਂ ਪ੍ਰਣਾਲੀ ਦੀ ਭਰੋਸੇਯੋਗਤਾ 'ਤੇ ਸਵਾਲੀਆ ਨਿਸ਼ਾਨ ਹੈ।"

ਅਦਾਲਤ ਨੇ ਚਿੰਤਾ ਪ੍ਰਗਟਾਈ ਕਿ ਜੇਕਰ ਅਹਿਮ ਸਬੂਤ ਅਤੇ ਸਰਕਾਰੀ ਖ਼ਜ਼ਾਨਾ ਇਸ ਤਰ੍ਹਾਂ ਅਸੁਰੱਖਿਅਤ ਥਾਵਾਂ 'ਤੇ ਰੱਖਿਆ ਜਾਵੇਗਾ, ਤਾਂ ਇਨਸਾਫ਼ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ।

ਸਰਕਾਰੀ ਮਸ਼ੀਨਰੀ ਦੀ ਪੋਲ ਖੁੱਲ੍ਹੀ-ਇਹ ਘਟਨਾ ਸੂਬੇ ਦੇ ਸਰਕਾਰੀ ਸਿਸਟਮ ਦੀਆਂ ਖਾਮੀਆਂ ਨੂੰ ਉਜਾਗਰ ਕਰਦੀ ਹੈ। ਅਦਾਲਤ ਨੇ ਇਸ ਨੂੰ "ਵੱਡਾ ਮਾਲੀਆ ਨੁਕਸਾਨ" ਕਰਾਰ ਦਿੱਤਾ ਹੈ। ਹੁਣ ਅਗਲੀ ਸੁਣਵਾਈ ਦੌਰਾਨ ਅਦਾਲਤ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਕਰੇਗੀ ਕਿ ਸਬੂਤਾਂ ਦੀ ਸੰਭਾਲ ਵਿੱਚ ਇੰਨੀ ਵੱਡੀ ਚੂਕ ਕਿਵੇਂ ਹੋਈ।

ਸੁਪਰੀਮ ਕੋਰਟ ਨੇ ਮਹਿਲਾ ਅਧਿਕਾਰੀ ਦੀ ਸਜ਼ਾ 'ਤੇ ਰੋਕ ਲਗਾਉਂਦਿਆਂ ਜ਼ਮਾਨਤ ਦੇ ਦਿੱਤੀ ਹੈ। ਕੀ ਸਬੂਤਾਂ ਦਾ "ਚੂਹਿਆਂ ਦੀ ਖੁਰਾਕ" ਬਣਨਾ ਮਹਿਜ਼ ਇਤਫ਼ਾਕ ਹੈ ਜਾਂ ਸਬੂਤ ਮਿਟਾਉਣ ਦੀ ਕੋਈ ਸਾਜ਼ਿਸ਼ ?

ਇਹ ਮਾਮਲਾ ਭਵਿੱਖ ਵਿੱਚ ਪੁਲਿਸ ਮਾਲਖਾਨਿਆਂ ਅਤੇ ਸਰਕਾਰੀ ਗੋਦਾਮਾਂ ਦੀ ਸੁਰੱਖਿਆ ਨੂੰ ਲੈ ਕੇ ਇੱਕ ਵੱਡੀ ਚਿਤਾਵਨੀ ਵਜੋਂ ਦੇਖਿਆ ਜਾ ਰਿਹਾ ਹੈ।

# ਲੰਡਨ ਮੈਰਾਥਨ ਵਿੱਚ 59000 ਦੌੜਾਕਾਂ ਨੇ ਲਿਆ ਹਿੱਸਾ



ਮਨੀ ਸਿੰਘ ਕੰਗ, ਜਗਜੀਤ ਸਿੰਘ, ਬਲਜਿੰਦਰ ਸਿੰਘ ਚੀਮਾ, ਮਨਜੀਤ ਸਿੰਘ, ਹਰਮੰਦਰ ਸਿੰਘ ਲੰਡਨ ਮੈਰਾਥਨ ਵਿੱਚ ਹਿੱਸਾ ਲੈਂਦੇ ਹੋਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਮੈਰਾਥਨ 2026 ਵਿੱਚ 59000 ਦੌੜਾਕਾਂ ਨੇ ਹਿੱਸਾ ਲੈ ਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ ਅਤੇ ਇਸ ਦੇ ਨਾਲ ਹੀ ਕੀਨੀਆ ਦੇ ਸੇਬੇਸਟੀਅਨ ਸਾਵੇ ਅਧਿਕਾਰਤ ਸਮੇਂ ਤੋਂ ਪਹਿਲਾਂ 1 ਘੰਟੇ 59 ਮਿੰਟ ਅਤੇ 30 ਸੈਕਿੰਡ 26 ਮੀਲ ਦੀ ਮੈਰਾਥਨ ਪੂਰੀ ਕਰਨ ਵਾਲਾ ਪਹਿਲਾ ਮੈਰਾਥਨ ਦੌੜਾਕ ਬਣ ਗਿਆ ਹੈ। ਇਥੋਪੀਆ ਦੀ ਟਾਈਗਸਟ ਅਸੇਫਾ ਨੇ ਆਪਣੇ ਖਿਤਾਬ ਦਾ ਬਚਾਅ ਕੀਤਾ ਅਤੇ ਕੁਲੀਨ ਮਹਿਲਾ ਦੌੜ ਵਿੱਚ ਨਵਾਂ ਰਿਕਾਰਡ ਕਾਇਮ ਕੀਤਾ।

ਲੰਡਨ ਦੀਆਂ ਸੜਕਾਂ ਤੇ ਲੱਖਾਂ ਲੋਕਾਂ ਨੇ ਦੌੜਾਕਾਂ ਦਾ ਸਮਰਥਨ ਦੇਣ ਲਈ 26.2 ਮੀਲ ਦੇ ਰਸਤੇ 'ਤੇ ਕਤਾਰਾਂ ਲਾਈਆਂ ਹੋਈਆਂ ਸਨ। ਜਿਕਰਯੋਗ ਹੈ ਕਿ ਇਹ ਦੌੜਾਕ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਲਈ ਫੰਡ ਇਕੱਤਰ ਕਰਦੇ ਹਨ, ਭਾਵੇਂ ਕਿ ਅਜੇ ਇਸ ਰਕਮ ਦਾ ਖੁਲਾਸਾ ਨਹੀਂ ਹੋਇਆ ਪਰ ਪਿਛਲੇ ਸਾਲ ਲਗਭਗ 90 ਮਿਲੀਅਨ ਪੌਂਡ ਇਕੱਠੇ ਹੋਏ ਸਨ।

ਇਸ ਦੌੜ ਵਿੱਚ ਪੰਜਾਬੀ ਮੂਲ ਦੇ ਦੌੜਾਕਾਂ ਨੇ ਵੀ ਹਿੱਸਾ ਲਿਆ। ਜਿਹਨਾਂ ਵਿੱਚ ਬਾਬਾ ਫੌਜਾ ਸਿੰਘ ਤੋਂ ਪ੍ਰੇਰਣਾ ਲੈਣ ਵਾਲੇ 80 ਸਾਲਾ ਬਲਦੇਵ ਸਿੰਘ ਬੈਂਸ ਨੇ ਪਹਿਲੀ ਮੈਰਾਥਨ ਦੌੜੀ ਪਰ ਉਹ ਪੂਰੀ ਨਹੀਂ ਕਰ ਸਕੇ ਅਤੇ ਉਹਨਾਂ ਦੇ ਕੋਚ ਸਿੱਖਸ ਇੰਨ ਦਾ ਸਿਟੀ ਦੇ ਹਰਮੰਦਰ ਸਿੰਘ ਅਤੇ ਮਨਜੀਤ ਸਿੰਘ ਨੇ ਹਿੱਸਾ ਲਿਆ, ਜਿਹਨਾਂ ਦਾ ਟੀਚਾ ਬਾਬਾ ਫੌਜਾ ਸਿੰਘ ਕਲੱਬ ਦੀ ਉਸਾਰੀ ਕਰਨਾ ਹੈ। ਇਸੇ ਤਰ੍ਹਾਂ ਕੌਂਸਲਰ ਜਗਜੀਤ ਸਿੰਘ ਨੇ ਆਪਣੀ 600ਵੀਂ ਮੈਰਾਥਨ ਦੌੜੀ ਆਪਣੇ ਮਾਤਾ ਪਿਤਾ ਨੂੰ ਸਮਰਪਿਤ ਕਰਦਿਆਂ ਲੀਓਨਾਰਡ ਚੈਸ਼ਾਇਰ ਸਮਾਜ ਸੇਵੀ ਸੰਸਥਾ ਲਈ ਦੌੜੀ।ਬਲਜਿੰਦਰ ਸਿੰਘ ਚੀਮਾ ਨੇ ਪੰਜਾਬੀ ਪਹਿਰਾਵੇ ਵਿੱਚ ਲੰਡਨ ਮੈਰਾਥਨ ਦੌੜੀ, ਜਦ ਕਿ ਮਿਡਲੈਂਡ ਤੋਂ 130 ਮੀਲ ਪੈਦਲ ਚੱਲ ਕੇ ਲੰਡਨ ਆਉਣ ਵਾਲੇ ਮਨੀ ਸਿੰਘ ਕੰਗ ਨੇ ਲਗਾਤਾਰ ਬਿਨ੍ਹਾਂ ਸੁੱਤੇ ਲੰਡਨ ਮੈਰਾਥਨ ਦੌੜ੍ਹ ਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ। ਉਹਨਾਂ ਇਹ ਦੌੜ ਡੀਮੈਂਸ਼ੀਆ ਯੂ ਕੇ ਲਈ ਦੌੜੀ ਅਤੇ 3 ਲੱਖ 45 ਹਜ਼ਾਰ ਪੌਂਡ ਸੰਸਥਾ ਲਈ ਇਕੱਤਰ ਕੀਤੇ।

## ਬ੍ਰਿਟਿਸ਼ ਭਾਰਤੀ ਪੁਸਤਕ ਵਿਕਰੇਤਾ ਪਹਿਲੇ ਚਿਲਡਰਨ ਬੁੱਕਰ ਪੁਰਸਕਾਰ ਦੀ ਜੱਜ ਬਣੀ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 28 ਅਪ੍ਰੈਲ ਨੂੰ ਪਹਿਲੇ ਚਿਲਡਰਨ ਬੁੱਕਰ ਪੁਰਸਕਾਰ 2027 ਦੇ ਨਿਰਣਾਇਕ ਪੈਨਲ ਦਾ ਐਲਾਨ ਕੀਤਾ ਗਿਆ, ਜਿਸ ਵਿੱਚ ਉੱਤਰੀ ਲੰਡਨ ਦੀ ਇੱਕ ਬ੍ਰਿਟਿਸ਼ ਭਾਰਤੀ ਪੁਸਤਕ ਵਿਕਰੇਤਾ ਸ਼ਾਮਲ ਹੈ।ਸੰਚਿਤਾ ਬਾਸੂ ਡੇ ਸਰਕਾਰ, ਜੋ ਕਿ ਮਸਵੈੱਲ ਹਿੱਲ ਵਿੱਚ ਪੁਰਸਕਾਰ ਜੇਤੂ ਚਿਲਡਰਨ ਬੁੱਕ ਸ਼ਾਪ ਦੀ ਮਾਲਕ ਹੈ, ਅੱਠ ਤੋਂ 12 ਸਾਲ ਦੀ ਉਮਰ ਦੇ ਬੱਚਿਆਂ ਲਈ ਸਭ ਤੋਂ ਵਧੀਆ ਸਮਕਾਲੀ ਗਲਪ ਦੀ ਚੋਣ ਕਰਨ ਲਈ ਯੂ ਕੇ ਚਿਲਡਰਨ ਲੌਰੀਏਟ ਫ੍ਰੈਂਕ ਕੌਟਰੇਲ-ਬੌਇਸ ਅਤੇ ਅਦਾਕਾਰਾ ਲੋਲੀ ਅਡੇਫੋਪ ਨਾਲ ਜੱਜ ਪੈਨਲ ਵਿੱਚ ਹੋਵੇਗੀ।

ਸਾਲਾਨਾ ਬੁਕਰ ਪੁਰਸਕਾਰ ਵਾਂਗ, ਸਾਹਿਤਕ ਪੁਰਸਕਾਰ ਦੇ ਬੱਚਿਆਂ ਦੇ ਸੰਸਕਰਣ ਦੇ ਜੇਤੂ ਨੂੰ 50,000 ਪੌਂਡ ਅਤੇ ਸ਼ਾਰਟਲਿਸਟ ਕੀਤੇ ਲੇਖਕਾਂ ਨੂੰ 2,500 ਪੌਂਡ ਹਰੇਕ ਨੂੰ ਦਿੱਤੇ ਜਾਣਗੇ। ਪਹਿਲਾ ਚਿਲਡਰਨ ਬੁੱਕਰ ਇਨਾਮ 2 ਫਰਵਰੀ, 2027 ਨੂੰ ਅੰਗਰੇਜ਼ੀ ਵਿੱਚ ਲਿਖੇ ਜਾਂ ਅਨੁਵਾਦ ਕੀਤੇ ਗਏ ਅਤੇ ਯੂ ਕੇ ਜਾਂ ਆਇਰਲੈਂਡ ਵਿੱਚ ਪ੍ਰਕਾਸ਼ਿਤ ਕੀਤੇ ਗਏ ਕੰਮ ਨੂੰ ਦਿੱਤਾ ਜਾਵੇਗਾ।"ਸਾਊਥ ਏਸ਼ੀਅਨ ਇਲਸਟ੍ਰੇਸ਼ਨ ਐਂਡ ਲਿਟਰੇਚਰ ਫੈਸਟੀਵਲ ਦੀ ਸਹਿ-ਸੰਸਥਾਪਕ ਸੰਚਿਤਾ ਬਾਸੂ ਡੇ ਸਰਕਾਰ ਨੇ ਕਿਹਾ ਕਿ ਇਹ ਉਹਨਾਂ ਸਾਰੀਆਂ ਚੀਜ਼ਾਂ ਨੂੰ ਇਕੱਠਾ ਕਰਦਾ ਹੈ ਜੋ ਮੈਨੂੰ ਪਸੰਦ ਹਨ ਜਿਵੇਂ ਬੱਚਿਆਂ ਦੀਆਂ ਕਿਤਾਬਾਂ ਪੜ੍ਹਨਾ, ਹੁਸ਼ਿਆਰ ਲੋਕਾਂ ਨਾਲ ਉਨ੍ਹਾਂ 'ਤੇ ਚਰਚਾ ਕਰਨਾ, ਅਤੇ ਦੇਸ਼ ਭਰ ਦੇ ਬੱਚਿਆਂ ਨਾਲ ਕਿਤਾਬਾਂ ਸਾਂਝੀਆਂ ਕਰਨਾ ਤਾਂ ਜੋ ਅਸੀਂ ਗੱਲਬਾਤ ਜਾਰੀ ਰੱਖ ਸਕੀਏ,"।ਪੈਨਲ 'ਤੇ ਬਾਲਗਾਂ ਨੂੰ ਬਾਲ ਜੱਜਾਂ ਨਾਲ ਜੋੜਿਆ ਜਾਵੇਗਾ, ਜਿਨ੍ਹਾਂ ਨੂੰ ਯੂ ਕੇ-ਵਿਆਪੀ ਮੁਕਾਬਲੇ ਰਾਹੀਂ ਚੁਣਿਆ ਜਾਵੇਗਾ ਜੋ ਇਸ ਹਫ਼ਤੇ ਵੀ ਸ਼ੁਰੂ ਹੋਇਆ ਹੈ।"ਬਾਸੂ ਡੇ ਸਰਕਾਰ ਨੇ ਕਿਹਾ ਕਿ ਬੱਚਿਆਂ ਨਾਲ ਨਿਰਣਾ ਕਰਨਾ ਇੱਕ ਪੂਰੀ ਤਰ੍ਹਾਂ ਵਿਲੱਖਣ ਅਨੁਭਵ ਹੋਵੇਗਾ, ਅਤੇ ਜਿਸ ਬਾਰੇ ਮੈਂ ਸਭ ਤੋਂ ਵੱਧ ਉਤਸ਼ਾਹਿਤ ਹਾਂ,"।ਬਾਲਗ ਪੈਨਲ ਨੂੰ 24 ਨਵੰਬਰ ਨੂੰ ਐਲਾਨੀਆਂ ਜਾਣ ਵਾਲੀਆਂ ਅੱਠ ਕਿਤਾਬਾਂ ਦੀ ਇੱਕ ਛੋਟੀ ਸੂਚੀ ਚੁਣਨ ਦਾ ਕੰਮ ਸੌਂਪਿਆ ਗਿਆ ਹੈ। ਤਿੰਨ ਬਾਲ ਜੱਜ, ਜਿਨ੍ਹਾਂ ਦੀ ਉਮਰ ਅੱਠ ਤੋਂ 12 ਸਾਲ ਦੇ ਵਿਚਕਾਰ ਹੈ ਅਤੇ ਯੂ ਕੇ ਵਿੱਚ ਰਹਿੰਦੇ ਹਨ, ਫਿਰ ਬੱਚਿਆਂ ਨੂੰ ਨਤੀਜੇ ਵਿੱਚ ਸਿੱਧੀ ਆਵਾਜ਼ ਦੇਣ ਅਤੇ ਇਹ ਯਕੀਨੀ ਬਣਾਉਣ ਲਈ ਤਿਆਰ ਕੀਤੀ ਗਈ ਪ੍ਰਕਿਰਿਆ ਦੇ ਹਿੱਸੇ ਵਜੋਂ ਜੇਤੂ ਕਿਤਾਬ ਦੀ ਚੋਣ ਕਰਨ ਵਿੱਚ ਉਨ੍ਹਾਂ ਨਾਲ ਸ਼ਾਮਲ ਹੋਣਗੇ ਕਿ ਜੇਤੂ ਕਿਤਾਬ ਨੌਜਵਾਨ ਪਾਠਕਾਂ ਦੁਆਰਾ ਉਨ੍ਹਾਂ ਦੇ ਸਾਥੀਆਂ ਨੂੰ ਇੱਕ ਸਿਫਾਰਸ਼ ਹੈ।ਉਹਨਾਂ ਕਿਹਾ ਕਿ ਮੈਨੂੰ ਪਹਿਲੇ ਚਿਲਡਰਨ ਬੁੱਕਰ ਪ੍ਰਾਈਜ਼ ਦੇ ਜੱਜ ਵਜੋਂ ਸ਼ਾਮਲ ਹੋਣ ਲਈ ਤਿੰਨ ਕਿਤਾਬ-ਪ੍ਰੇਮੀ ਬੱਚਿਆਂ ਨੂੰ ਲੱਭਣ ਲਈ ਕਿਹਾ ਗਿਆ ਹੈ।ਬੁੱਕਰ ਪ੍ਰਾਈਜ਼ ਫਾਊਂਡੇਸ਼ਨ ਨੇ ਕਿਹਾ ਕਿ ਇਹ ਪ੍ਰਕਾਸ਼ਕਾਂ ਅਤੇ ਭਾਈਵਾਲਾਂ ਨਾਲ ਮਿਲ ਕੇ ਹਰ ਸਾਲ ਸ਼ਾਰਟਲਿਸਟ ਕੀਤੀਆਂ ਅਤੇ ਜੇਤੂ ਕਿਤਾਬਾਂ ਦੀਆਂ 30,000 ਕਾਪੀਆਂ ਉਨ੍ਹਾਂ ਬੱਚਿਆਂ ਨੂੰ ਤੋਹਫ਼ੇ ਵਜੋਂ ਪ੍ਰਦਾਨ ਕਰੇਗਾ ਜਿਨ੍ਹਾਂ ਨੂੰ ਉਨ੍ਹਾਂ ਦੀ ਸਭ ਤੋਂ ਵੱਧ ਲੋੜ ਹੈ।

## ਪ੍ਰਿਤਪਾਲ ਸਿੰਘ ਨਾਗੀ ਨੇ ਸਟੈਫੋਰਡਸ਼ਾਇਰ ਦੇ ਹਾਈਸ਼ੈਰਿਫ ਦਾ ਅਹੁਦਾ ਸੰਭਾਲਿਆ




ਅਹੁਦਾ ਸੰਭਾਲਣ ਉਪਰੰਤ ਸ: ਪ੍ਰਿਤਪਾਲ ਸਿੰਘ ਨਾਗੀ ਸਥਾਨਿਕ ਜੱਜਾਂ ਨਾਲ ਅਤੇ ਗਿਆਨੀ ਤੇਜਿੰਦਰ ਸਿੰਘ ਕੇਸਰੀ ਨਿਸ਼ਾਨ ਸਾਹਿਬ ਨਾਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਦਿਨੀ ਪ੍ਰਿਤਪਾਲ ਸਿੰਘ ਨਾਗੀ ਨੇ ਸਟੈਫੋਰਡਸ਼ਾਇਰ ਦੇ ਹਾਈਸ਼ੈਰਿਫ ਦਾ ਅਹੁਦਾ ਸੰਭਾਲਿਆ ਹੈ। ਸਟੈਫੋਰਡ ਕਰਾਊਨ ਕੋਰਟ ਦੇ ਮਾਣਯੋਗ ਜੱਜ ਅਵਿਕ ਮੁਖਰਜੀ ਕੇ.ਸੀ., ਸਟੈਫੋਰਡਸ਼ਾਇਰ ਦੇ ਲਾਰਡ-ਲੈਫਟੀਨੈਂਟ, ਪ੍ਰੋਫੈਸਰ ਲਿਜ਼ ਬਾਰਨਜ਼ ਸੀ.ਬੀ.ਈ. ਦੀ ਮੌਜੂਦਗੀ ਵਿੱਚ ਰਸਮੀ ਤੌਰ 'ਤੇ ਅਹੁਦੇ ਦਾ ਐਲਾਨ ਕੀਤਾ ਗਿਆ। ਸਟੈਫੋਰਡਸ਼ਾਇਰ ਮੈਜਿਸਟ੍ਰੇਟ ਬੈਂਚ ਦੀ ਚੇਅਰਪਰਸਨ ਸ਼੍ਰੀਮਤੀ ਕੇਟ ਫਿਟਜ਼ਪੈਟ੍ਰਿਕ ਵੀ ਮੌਜੂਦ ਸਨ। ਸ਼੍ਰੀਮਤੀ ਐਮੀ ਗਲੋਵਰ ਨੂੰ ਵੀ ਅਗਲੇ ਬਾਰਾਂ ਮਹੀਨਿਆਂ ਲਈ ਅੰਡਰ ਸ਼ੈਰਿਫ ਵਜੋਂ ਸਹੁੰ ਚੁਕਾਈ ਗਈ।

ਪਰੰਪਰਾ ਅਨੁਸਾਰ, ਦੋ ਨੌਜਵਾਨ ਸਵੈ-ਇੱਛਤ ਪੁਲਿਸ ਕੈਡਿਟਾਂ, ਲੈਕਸੀ ਕਾਰ ਅਤੇ ਟੇਲਰ ਫਰੋਮ ਨੂੰ ਸ! ਨਾਗੀ ਦੀ ਸਹਾਇਤਾ ਲਈ ਹਾਈ ਸ਼ੈਰਿਫ ਕੈਡੇਟ ਵਜੋਂ ਨਿਯੁਕਤ ਕੀਤਾ ਗਿਆ। ਰੇਵਰੈਂਡ ਜੋਸ਼ੂਆ ਪੇਂਡਕ ਅਤੇ ਗਿਆਨੀ ਤੇਜਿੰਦਰ ਸਿੰਘ ਨੇ ਹਾਈ ਸ਼ੈਰਿਫਟ ਦੇ ਚੈਪਲੇਨ ਵਜੋਂ ਨਿਯੁਕਤੀ ਹੋਈ।

ਸਟੈਫੋਰਡ ਵਿੱਚ ਪ੍ਰਿਤਪਾਲ ਸਿੰਘ ਦੇ ਰੂਪ ਵਿੱਚ ਹਾਈਸ਼ੈਰਿਫ ਬਣਨਾ ਸਿੱਖ ਭਾਈਚਾਰੇ ਅਤੇ ਬਰਤਾਨਵੀ ਸਮਾਜ ਦੋਵਾਂ ਲਈ ਇੱਕ ਇਤਿਹਾਸਕ ਪਲ ਸੀ। ਸੇਂਟ ਮੈਰੀ ਚਰਚ ਵਿਖੇ ਆਯੋਜਿਤ ਇਹ ਸਮਾਰੋਹ ਏਕਤਾ, ਵਿਭਿੰਨਤਾ ਅਤੇ ਤਰੱਕੀ ਦਾ ਪ੍ਰਤੀਕ ਸੀ ਕਿਉਂਕਿ ਨਾਗੀ ਸਟੈਫੋਰਡਸ਼ਾਇਰ ਦੇ ਹਾਈ ਸ਼ੈਰਿਫ ਵਜੋਂ ਸੇਵਾਵਾਂ ਸੰਭਾਲਣ ਵਾਲੇ ਪਹਿਲੇ ਸਿੱਖ ਬਣੇ। ਗਿਆਨੀ ਤੇਜਿੰਦਰ ਸਿੰਘ ਨੇ ਗੁਰਬਾਣੀ ਜਾਪ ਤੋਂ ਬਾਅਦ ਸਿੱਖ ਪ੍ਰੰਪਰਾਵਾਂ ਮੁਤਾਬਿਕ ਅਰਦਾਸ ਕੀਤੀ।

# ਸਿੱਖ ਮਹਿਲਾ 'ਤੇ ਜਿਨਸੀ ਹਮਲਾ ਕਰਨ ਵਾਲੇ ਗੋਰੇ ਨੂੰ ਇੰਗਲੈਂਡ ਵਿੱਚ ਉਮਰ ਕੈਦ ਦੀ ਸਜ਼ਾ ਧਾਰਮਿਕ ਤੌਰ ਤੇ ਹਮਲਾ ਕਰਨ ਦੇ ਕਾਰਨ ਘੱਟੋ ਘੱਟ 14 ਸਾਲ ਕੈਦ ਰੱਖਣ ਦੇ ਹੁਕਮ



ਦੋਸ਼ੀ ਜੌਨ ਐਸ਼ਬੀ, ਬ੍ਰਮਿੰਘਮ ਕਰਾਊਨ ਕੋਰਟ ਅਤੇ ਸਜ਼ਾ ਸੁਣਾਉਣ ਵਾਲੇ ਜੱਜ ਜਸਟਿਸ ਪੇਪਰਾਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅਕਤੂਬਰ 2025 ਨੂੰ ਬ੍ਰਮਿੰਘਮ ਦੇ ਵਾਲਸਾਲ ਇਲਾਕੇ ਵਿੱਚ ਇੱਕ ਸਿੱਖ ਮਹਿਲਾ ਨਾਲ ਜਬਰ-ਜਨਾਹ ਕਰਨ ਵਾਲੇ 32 ਸਾਲਾ ਜੌਨ ਐਸ਼ਬੀ ਨਾਮ ਦੇ ਵਿਅਕਤੀ ਨੂੰ ਅੱਜ ਬ੍ਰਮਿੰਘਮ ਕਰਾਊਨ ਕੋਰਟ ਵਿੱਚ ਜੱਜ ਜਸਟਿਸ ਪੇਪਰਾਲ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਘੱਟੋ ਘੱਟ ਜਮਾਨਤ ਤੋਂ ਪਹਿਲਾਂ ਸਿੱਖ ਮਹਿਲਾ ਤੇ ਧਾਰਮਿਕ ਕਾਰਨਾ ਕਰਕੇ ਹਮਲਾ ਕਰਨ ਲਈ ਘੱਟੋ ਘੱਟ 14 ਸਾਲ ਕੈਦ ਰੱਖਣ ਦੇ ਹੁਕਮ ਦਿੱਤੇ ਹਨ। ਜੱਜ ਪੇਪਰਾਲ ਨੇ ਕਿਹਾ ਉਹ ਔਰਤਾਂ ਲਈ ਖ਼ਤਰਾ ਹੈ। ਕਾਨੂੰਨੀ ਕਾਰਨਾਂ ਕਰਕੇ ਪੀੜਤਾ ਦਾ ਨਾਮ ਗੁਪਤ ਰੱਖਿਆ ਗਿਆ।

ਜੱਜ ਜਸਟਿਸ ਪੇਪਰਾਲ ਨੇ ਬਚਾਅ ਪੱਖ ਦੀ ਮਾਨਸਕਿ ਰੋਗਾਂ ਦੀ ਦਲੀਲ ਨੂੰ ਅਸਵੀਕਾਰ ਕਰਦਿਆਂ ਐਸ਼ਬੀ ਦੇ ਹਮਲੇ ਨੂੰ ਧਾਰਮਿਕ ਵਿਰੋਧੀ, ਗੰਭੀਰ ਅਪਰਾਧ ਮੰਨਿਆ। ਮਾਣਯੋਗ ਜੱਜ ਨੇ ਕਿਹਾ ਕਿ ਐਸ਼ਬੀ ਨੇ ਪੀੜਤਾ ਦੇ ਘਰ ਜਬਰਦਸਤੀ ਦਾਖਲ ਹੋ ਕੇ ਹਿੰਸਾ ਕੀਤੀ, ਘੱਟੋ ਘੱਟ 24 ਮਿੰਟ ਤੱਕ ਇੱਛਾ ਵਿਰੁੱਧ ਰੋਕਿਆ, ਉਸ ਦਾ ਨਿਰਾਦਰ ਕੀਤਾ ਅਤੇ ਗੰਭੀਰ ਮਾਨਸਿਕ ਨੁਕਸਾਨ ਕੀਤਾ। ਅਦਾਲਤ ਵਿੱਚ ਦੱਸਿਆ ਗਿਆ ਕਿ ਦੋਸ਼ੀ ਨੇ ਇੱਕ ਸਿੱਖ ਔਰਤ ਦਾ ਉਸ ਸਮੇਂ ਪਿੱਛਾ ਕੀਤਾ ਜਦੋਂ ਉਹ ਕੰਮ ਤੋਂ ਵਾਪਿਸ ਆ ਰਹੀ ਸੀ ਅਤੇ ਉਸਦੇ ਘਰ ਵਿੱਚ ਬਲਾਤਕਾਰ ਕੀਤਾ ਸੀ। ਦੋਸ਼ੀ ਜੌਨ ਐਸ਼ਬੀ 'ਤੇ ਪਹਿਲਾਂ ਵੀ ਕਈ ਮਾਮਲੇ ਦਰਜ਼ ਹਨ। ਦੋਸ਼ੀ ਨੇ ਅਦਾਲਤ ਵਿੱਚ ਕਿਹਾ ਕਿ ਉਸ ਨੇ ਮੁਸਲਿਮ ਸਮਝ ਕੇ ਮਹਿਲਾ ਤੇ ਹਮਲਾ ਕੀਤਾ। ਜਦ ਕਿ ਮਹਿਲਾ ਵਾਰ ਵਾਰ ਕਹਿੰਦੀ ਰਹੀ ਕਿ ਉਹ ਸਿੱਖ ਹੈ। ਅਦਾਲਤ ਵਿੱਚ ਪੀੜਤਾ ਨੇ ਕਿਹਾ ਕਿ ਇਸ ਘਟਨਾ ਨੇ ਉਸ ਦੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ ਹੈ। ਇਸ ਦਾ ਅਸਰ ਉਸ ਦੇ ਦੋਸਤਾਂ ਅਤੇ ਪ੍ਰੀਵਾਰ ਤੇ ਪਿਆ ਹੈ। ਪੀੜਤਾ ਨੇ ਕਿਹਾ ਕਿ ਉਸ ਹਮਲਾਵਰ ਦਾ ਸਾਹਮਣਾ ਕਰਨਾ ਚਾਹੁੰਦੀ ਸੀ, ਤਾਂ ਜੋ ਮੈਂ ਉਸ ਵਿਅਕਤੀ ਨੂੰ ਦੇਖ ਸਕਾਂ ਅਤੇ ਕਹਿ ਸਕਾਂ ਕਿ ਉਸ ਨੇ ਮੇਰੇ ਨਾਲ ਕੀ ਕੀਤਾ ਹੈ। ਮਹਿਲਾ ਦੇ ਸਾਥੀ ਨੇ ਅਦਾਲਤ ਵਿੱਚ ਕਿਹਾ ਕਿ ਇਹ ਅਤਿ ਦੁਖਦਾਈ ਹੈ, ਅਫਸੋਸ ਕਿ ਮੈਂ ਉਸ ਦੀ ਰੱਖਿਆ ਲਈ ਹਾਜ਼ਰ ਨਹੀਂ ਸੀ। ਦੋਸ਼ੀ ਨੇ ਪੀੜਤਾ ਦੀ ਕੁੱਟ ਮਾਰ ਵੀ ਕੀਤੀ ਅਤੇ ਉਸ ਦਾ ਮੋਬਾਇਲ ਫੋਨ ਅਤੇ ਗਹਿਣੇ ਵੀ ਲੁੱਟ ਲਏ ਸਨ।

# ਸਵਰਗੀ ਡਾਇਨਾ ਨਾਲ ਆਪਣੇ ਸਬੰਧਾਂ ਲਈ ਜਾਣੇ ਜਾਂਦੇ ਡਾ. ਹਸਨਤ ਖਾਨ ਮੁੜ ਪਾਕਿਸਤਾਨ ਚਲੇ ਗਏ



ਡਾ. ਹਸਨਤ ਖਾਨ ਅਤੇ ਰਾਜਕੁਮਾਰੀ ਡਾਇਨਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦਿਲਾਂ ਦੇ ਰੋਗਾਂ ਦੇ ਮਾਹਿਰ ਮਸ਼ਹੂਰ ਡਾਕਟਰ ਹਸਨਤ ਖਾਨ, ਜੋ ਕਿ ਸਵਰਗੀ ਡਾਇਨਾ ਨਾਲ ਆਪਣੇ ਸਬੰਧਾਂ ਲਈ ਅੰਤਰਰਾਸ਼ਟਰੀ ਪੱਧਰ 'ਤੇ ਜਾਣੇ ਜਾਂਦੇ ਹਨ, ਲਾਹੌਰ ਦੇ ਆਉਣ ਵਾਲੇ ਕਾਰਡੀਆਕ ਕੇਅਰ ਸੈਂਟਰਾਂ ਵਿੱਚੋਂ ਇੱਕ ਦੀ ਅਗਵਾਈ ਕਰਨ ਲਈ ਪਾਕਿਸਤਾਨ ਵਾਪਸ ਚਲੇ ਗਏ ਹਨ।

ਵੇਰਵਿਆਂ ਅਨੁਸਾਰ, ਡਾ. ਖਾਨ ਨੂੰ ਲਾਹੌਰ ਵਿੱਚ ਨਵੇਂ ਸਥਾਪਿਤ ਜਿਨਾਹ ਇੰਸਟੀਚਿਊਟ ਆਫ਼ ਕਾਰਡੀਓਲੋਜੀ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਅਤੇ ਡੀਨ ਨਿਯੁਕਤ ਕੀਤਾ ਗਿਆ ਹੈ, ਜਿੱਥੇ ਇਸਦੇ ਅਧਿਕਾਰਤ ਉਦਘਾਟਨ ਤੋਂ ਪਹਿਲਾਂ ਅੰਤਿਮ ਤਿਆਰੀਆਂ ਚੱਲ ਰਹੀਆਂ ਹਨ।

1958 ਵਿੱਚ ਜੇਹਲਮ ਵਿੱਚ ਜਨਮੇ, ਡਾ. ਖਾਨ ਨੇ ਉੱਨਤ ਸਿਖਲਾਈ ਅਤੇ ਅਭਿਆਸ ਲਈ ਯੂ.ਕੇ. ਜਾਣ ਤੋਂ ਪਹਿਲਾਂ ਆਪਣੀ ਸ਼ੁਰੂਆਤੀ ਡਾਕਟਰੀ ਸਿੱਖਿਆ ਕਿੰਗ ਐਡਵਰਡ ਮੈਡੀਕਲ ਯੂਨੀਵਰਸਿਟੀ (ਕੇ.ਈ.ਐਮ.ਯੂ.) ਤੋਂ ਪ੍ਰਾਪਤ ਕੀਤੀ। ਬਾਅਦ ਵਿੱਚ ਲੰਡਨ ਦੇ ਦਿਲ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਲਈ ਮਾਹਰ ਹਸਪਤਾਲ ਰੋਇਲ ਬ੍ਰੌਮਪਟਨ ਵਿਚ ਕਈ ਸਾਲਾਂ ਤੱਕ ਕਾਰਡੀਆਕ ਸਰਜਨ ਵਜੋਂ ਕੰਮ ਕੀਤਾ।

ਡਾ. ਖਾਨ 1995 ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਵਿੱਚ ਆਏ ਜਦੋਂ ਡਾਇਨਾ ਇੱਕ ਮਰੀਜ਼ ਦੀ ਫੇਰੀ ਦੌਰਾਨ ਰੋਇਲ ਬ੍ਰੌਮਪਟਨ ਹਸਪਤਾਲ ਉਹਨਾਂ ਨੂੰ ਮਿਲੀ ਸੀ। ਡਾਇਨਾ ਅਤੇ ਡਾ. ਖਾਨ ਉਨ੍ਹਾਂ ਦੇ ਰਿਸ਼ਤੇ ਵਿਸ਼ਵ ਭਰ ਦੇ ਮੀਡੀਆ ਵਿੱਚ ਚਰਚਾ ਦਾ ਵਿਸ਼ਾ ਬਣੇ ਰਹੇ।

# ਅਰਬਪਤੀਆਂ ਦੇ ਮਾਮਲੇ 'ਚ ਭਾਰਤ ਤੀਜੇ ਨੰਬਰ 'ਤੇ



ਨਵੀਂ ਦਿੱਲੀ : ਦੇਸ਼ ਵਿਚ ਤਕਨਾਲੋਜੀ, ਉਦਯੋਗਿਕ ਖੇਤਰਾਂ ਅਤੇ ਪੂੰਜੀ ਬਾਜ਼ਾਰਾਂ ਵਿਚ ਦੌਲਤ ਸਿਰਜਣ ਨਾਲ 2031 ਤਕ ਉੱਚ-ਨੈੱਟ-ਵਰਥ ਵਾਲੇ ਵਿਅਕਤੀਆਂ ਦੀ ਗਿਣਤੀ 25,217 ਅਤੇ ਅਰਬਪਤੀਆਂ ਦੀ ਗਿਣਤੀ 313 ਹੋਣ ਦਾ ਅਨੁਮਾਨ ਹੈ। ਅਲਟਰਾ-ਹਾਈ ਨੈੱਟ-ਵਰਥ ਵਾਲੇ ਵਿਅਕਤੀ (ਯੂ ਐਚ ਐਨ ਡਬਲਿਊ ਆਈ) ਉਹ ਹੁੰਦੇ ਹਨ ਜਿਨ੍ਹਾਂ ਦੀ ਕੁਲ ਜਾਇਦਾਦ 3 ਕਰੋੜ ਡਾਲਰ ਜਾਂ ਇਸ ਤੋਂ ਵੱਧ ਹੁੰਦੀ ਹੈ। ਵਰਤਮਾਨ ਵਿਚ, ਭਾਰਤ ਵਿਚ ਅਜਿਹੇ 19,877 ਵਿਅਕਤੀ ਹਨ, ਜਦੋਂ ਕਿ ਅਰਬਪਤੀਆਂ ਦੀ ਗਿਣਤੀ 207 ਹੈ। ਰੀਅਲ ਅਸਟੇਟ ਸਲਾਹਕਾਰ ਨਾਈਟ ਫ਼ਰੈਂਕ ਨੇ ਅਪਣੀ ਦ ਵੈਲਥ ਰਿਪੋਰਟ 2026 ਵੀਰਵਾਰ ਨੂੰ ਜਾਰੀ ਕੀਤੀ। ਇਸ ਵਿਚ ਕਿਹਾ ਗਿਆ ਹੈ ਕਿ ਵਿਸ਼ਵਵਿਆਪੀ ਅਨਿਸ਼ਚਿਤਤਾਵਾਂ, ਵਧਦੀਆਂ ਵਿਆਜ ਦਰਾਂ ਬਾਰੇ ਚਿੰਤਾਵਾਂ ਅਤੇ ਅਸਮਾਨ ਆਰਥਕ ਪ੍ਰਦਰਸ਼ਨ ਦੇ ਬਾਵਜੂਦ, ਵਿਸ਼ਵਵਿਆਪੀ ਦੌਲਤ ਸਿਰਜਣਾ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਨਾਈਟ ਫਰੈਂਕ ਅਨੁਸਾਰ, ਦੇਸ਼ ਵਿਚ ਪਿਛਲੇ ਪੰਜ ਸਾਲਾਂ ਵਿਚ ਅਰਬਪਤੀਆਂ ਦੀ ਗਿਣਤੀ 58 ਪ੍ਰਤੀਸ਼ਤ ਵੱਧ ਕੇ 2026 ਵਿਚ 207 ਹੋ ਗਈ ਹੈ, ਜਿਸ ਨਾਲ ਇਹ ਅਮਰੀਕਾ (914) ਅਤੇ ਚੀਨ (485) ਤੋਂ ਬਾਅਦ ਤੀਜੇ ਸਥਾਨ ਤੇ ਹੈ। ਦੇਸ਼ ਵਿਚ ਅਰਬਪਤੀਆਂ ਦੀ ਗਿਣਤੀ 2026 ਦੀ ਸ਼ੁਰੂਆਤ ਵਿਚ 207 ਤੋਂ ਵੱਧ ਕੇ 2031 ਤਕ 51 ਪ੍ਰਤੀਸ਼ਤ ਵਾਧੇ ਨਾਲ 313 ਹੋਣ ਦਾ ਅਨੁਮਾਨ ਹੈ। ਭਾਰਤ ਵਿਚ ਯੂ ਐਚ ਐਨ ਡਬਲਿਊ ਆਈ ਦੀ ਕੁੱਲ ਗਿਣਤੀ ਵਿਚ ਮੁੰਬਈ ਦੀ ਹਿੱਸੇਦਾਰੀ 35.4 ਪ੍ਰਤੀਸ਼ਤ ਹੈ। ਭਾਰਤ ਹੁਣ ਦੁਨੀਆ ਵਿਚ ਯੂ ਐਚ ਐਨ ਡਬਲਿਊ ਆਈ ਦਾ ਛੇਵਾਂ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ।

# ਯੂ ਕੇ ਦੀ ਸੰਸਦ ਵਿੱਚ 'ਤੰਬਾਕੂ ਅਤੇ ਵੇਪਸ ਬਿੱਲ' ਪਾਸ

## 1 ਜਨਵਰੀ 2009 ਜਾਂ ਉਸ ਤੋਂ ਬਾਅਦ ਪੈਦਾ ਹੋਏ ਕਿਸੇ ਵੀ ਵਿਅਕਤੀ ਨੂੰ ਤੰਬਾਕੂ ਵੇਚਣ ਤੇ ਲੱਗੀ ਪਾਬੰਦੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੀ ਸੰਸਦ ਨੇ ਇੱਕ ਇਤਿਹਾਸਕ 'ਤੰਬਾਕੂ ਅਤੇ ਵੇਪਸ ਬਿੱਲ' ਪਾਸ ਕਰ ਦਿੱਤਾ ਹੈ। ਇਸ ਬਿੱਲ ਦਾ ਮੁੱਖ ਮਕਸਦ ਦੇਸ਼ ਦੀ ਆਉਣ ਵਾਲੀ ਪੀੜ੍ਹੀ ਨੂੰ ਸਿਗਰਟਨੋਸ਼ੀ ਤੋਂ ਪੂਰੀ ਤਰ੍ਹਾਂ ਮੁਕਤ ਕਰਨਾ ਹੈ।**

**ਇਹ ਕਾਨੂੰਨ 1 ਜਨਵਰੀ 2009 ਜਾਂ ਉਸ ਤੋਂ ਬਾਅਦ ਪੈਦਾ ਹੋਏ ਕਿਸੇ ਵੀ ਵਿਅਕਤੀ ਨੂੰ ਤੰਬਾਕੂ ਵੇਚਣ 'ਤੇ ਪੱਕੇ ਤੌਰ 'ਤੇ ਰੋਕ ਲਗਾਉਂਦਾ ਹੈ। ਇਸਦਾ ਮਤਲਬ ਹੈ ਕਿ ਮੌਜੂਦਾ 17 ਸਾਲ ਜਾਂ ਉਸ ਤੋਂ ਘੱਟ ਉਮਰ ਦੇ ਬੱਚੇ ਆਪਣੀ ਪੂਰੀ ਜ਼ਿੰਦਗੀ ਵਿੱਚ ਕਦੇ ਵੀ ਕਾਨੂੰਨੀ ਤੌਰ 'ਤੇ ਸਿਗਰਟ ਨਹੀਂ ਖਰੀਦ ਸਕਣਗੇ। ਇਸ ਦੇ ਨਾਲ ਹੀ ਹਰ ਸਾਲ ਸਿਗਰਟ ਖਰੀਦਣ ਦੀ ਕਾਨੂੰਨੀ ਉਮਰ ਵਧਦੀ ਜਾਵੇਗੀ, ਤਾਂ ਜੋ ਇਹ ਪੀੜ੍ਹੀ ਕਦੇ ਵੀ ਇਸ ਦੀ ਕਾਨੂੰਨੀ ਉਮਰ ਤੱਕ ਨਾ ਪਹੁੰਚ ਸਕੇ। ਕਾਨੂੰਨੀ ਨਿਯਮਾਂ ਅਨੁਸਾਰ ਵੇਪਿੰਗ 'ਤੇ ਵੀ ਸਖ਼ਤੀ ਕੀਤੀ ਹੈ। ਬਿੱਲ ਵਿੱਚ ਬੱਚਿਆਂ ਨੂੰ ਅਕ੍ਰਸ਼ਿਤ ਵਾਲੇ ਵੇਪ ਦੇ ਫਲੇਵਰਾਂ, ਪੈਕੇਜਿੰਗ ਅਤੇ ਇਸ਼ਤਿਹਾਰਾਂ 'ਤੇ ਵੀ ਸਖ਼ਤ ਪਾਬੰਦੀਆਂ ਲਗਾਈਆਂ ਗਈਆਂ ਹਨ। ਜਨਤਕ ਥਾਵਾਂ ਜਿਵੇਂ ਹਸਪਤਾਲਾਂ, ਸਕੂਲਾਂ ਦੇ ਬਾਹਰ ਅਤੇ ਬੱਚਿਆਂ ਦੇ ਖੇਡ ਮੈਦਾਨਾਂ ਵਰਗੀਆਂ ਜਨਤਕ ਥਾਵਾਂ 'ਤੇ ਸਿਗਰਟਨੋਸ਼ੀ 'ਤੇ ਪਾਬੰਦੀ ਨੂੰ ਹੋਰ ਵਧਾਇਆ ਗਿਆ ਹੈ। ਬਰਤਾਨਵੀ ਸਰਕਾਰ ਦੇ ਅਨੁਸਾਰ, ਇਸ ਦਾ ਉਦੇਸ਼ "ਸਿਗਰਟਨੋਸ਼ੀ-ਮੁਕਤ ਪੀੜ੍ਹੀ" ਤਿਆਰ ਕਰਨਾ ਹੈ। ਸਿਗਰਟਨੋਸ਼ੀ ਯੂ ਕੇ ਵਿੱਚ ਰੋਕੀਆਂ ਜਾ ਸਕਣ ਵਾਲੀਆਂ ਮੌਤਾਂ ਦਾ ਸਭ ਤੋਂ ਵੱਡਾ ਕਾਰਨ ਹੈ, ਜਿਸ ਨਾਲ ਹਰ ਸਾਲ ਲਗਭਗ 80,000 ਲੋਕਾਂ ਦੀ ਮੌਤ ਹੁੰਦੀ ਹੈ ਅਤੇ ਜਿਸ ਨਾਲ ਨੈਸ਼ਨਲ ਹੈਲਥ ਸਰਵਿਸ 'ਤੇ ਭਾਰੀ ਬੋਝ ਪੈਂਦਾ ਹੈ। ਇਹ ਬਿੱਲ 21 ਅਪ੍ਰੈਲ 2026 ਨੂੰ ਸੰਸਦ ਦੇ ਦੋਵਾਂ ਸਦਨਾਂ ਵਿੱਚ ਪਾਸ ਹੋ ਗਿਆ ਹੈ। ਮਹਾਰਾਜਾ ਚਾਰਲਸ ਤੀਜੇ ਦੇ ਦਸਤਖ਼ਤਾਂ ਤੋਂ ਬਾਅਦ ਇਹ ਪੂਰੀ ਤਰ੍ਹਾਂ ਕਾਨੂੰਨ ਬਣ ਜਾਵੇਗਾ। ਇਹ ਨਵੇਂ ਨਿਯਮ 1 ਜਨਵਰੀ 2027 ਤੋਂ ਲਾਗੂ ਹੋਣਗੇ।**

# ਬ੍ਰਮਿੰਘਮ ਅਦਾਲਤ ਵਿੱਚ ਜਬਰਜਨਾਹ ਮਾਮਲੇ ਦੀ ਅਦਾਲਤੀ ਕਾਰਵਾਈ ਵੇਖਣਾ ਪੀੜਾਦਾਇਕ ਸੀ - ਸਿੱਖ ਆਗੂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਮਿੰਘਮ ਦੇ ਇਲਾਕੇ ਵਾਲਸਾਲ ਵਿੱਚ ਇੱਕ ਸਿੱਖ ਮਹਿਲਾ 'ਤੇ ਹੋਏ ਜਿਣਸੀ ਹਮਲੇ ਨੂੰ ਲੈ ਕੇ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਸੀ ਅਤੇ ਯੂ ਕੇ ਭਰ ਵਿੱਚ ਸਿੱਖਾਂ ਅੰਦਰ ਗੁੱਸੇ ਦੀ ਲਹਿਰ ਸੀ। ਕਿਉਂਕਿ ਇਸ ਘਟਨਾਂ ਤੋਂ ਮਹਿਜ ਕੁਝ ਦਿਨ ਪਹਿਲਾਂ ਹੀ ਬ੍ਰਮਿੰਘਮ ਦੇ ਇੱਕ ਹੋਰ ਇਲਾਕੇ ਓਲਡਬਰੀ ਦੇ ਇੱਕ ਪਾਰਕ ਵਿੱਚ ਸਿੱਖ ਮਹਿਲਾ ਨਾਲ ਜਬਰਜਨਾਹ ਦੀ ਘਟਨਾਂ ਵਾਪਰੀ ਸੀ। ਜਿਸ ਦਾ ਦੋਸ਼ੀ ਅਜੇ ਤੱਕ ਪੁਲਿਸ ਦੇ ਹੱਥ ਨਹੀਂ ਆਇਆ। ਲੇਕਨ ਪੁਲਿਸ ਨੇ ਵਾਲਸਾਲ ਵਾਲੀ ਘਟਨਾਂ ਦੇ ਦੋਸ਼ੀ ਜੌਹਨ ਐਸ਼ਬੀ ਨੂੰ ਗ੍ਰਿਫਤਾਰ ਕਰ ਲਿਆ ਸੀ ਅਤੇ ਜਿਸ ਨੂੰ ਹੁਣ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਹੈ ਅਤੇ ਘੱਟੋ ਘੱਟ 14 ਸਾਲ ਕੈਦ ਰੱਖਣ ਦੇ ਹੁਕਮ ਦਿੱਤੇ ਹਨ। ਇਸ ਸੁਣਵਾਈ ਦੌਰਾਨ ਅਦਾਲਤ ਵਿੱਚ ਮੌਜੂਦ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਮੁੱਖ ਸੇਵਾਦਾਰ ਜਤਿੰਦਰ ਸਿੰਘ ਅਤੇ ਸਿੱਖ ਫੈਡਰੇਸ਼ਨ ਦੇ ਭਾਈ ਜਸ ਸਿੰਘ ਨੇ ਕਿਹਾ ਕਿ ਜਦੋਂ ਉਹ


ਭਾਈ ਅਮਰੀਕ ਸਿੰਘ ਗਿੱਲ, ਭਾਈ ਜਸ ਸਿੰਘ, ਭਾਈ ਦਬਿੰਦਰਜੀਤ ਸਿੰਘ, ਭਾਈ ਜਤਿੰਦਰ ਸਿੰਘ ਬਾਸੀ

ਪੂਰੀ ਸੁਣਵਾਈ ਦੌਰਾਨ ਘਟਨਾਂ ਬਾਰੇ ਸੁਣ ਰਹੇ ਸਨ ਤਾਂ ਉਹਨਾਂ ਲਈ ਸੁਣ ਪਾਉਣਾ ਬਹੁਤ ਮੁਸ਼ਕਿਲ ਹੋ ਰਿਹਾ ਸੀ।

ਭਾਈ ਜਤਿੰਦਰ ਸਿੰਘ ਨੇ ਕਿਹਾ ਕਿ ਨੌਜਵਾਨ ਸਿੱਖ ਬੀਬੀ ਨੇ ਬੇਸ਼ਕ ਦਲੇਰੀ ਨਾਲ ਹਾਲਾਤਾਂ ਦਾ ਸਾਹਮਣਾ ਕੀਤਾ ਹੈ, ਪਰ ਜੋ ਦੋਸ਼ੀ ਨੇ ਦਰਿੰਦਗੀ ਵਿਖਾਈ ਹੈ, ਉਹ ਬਹੁਤ ਹੀ ਭਿਆਨਕ ਸੀ। ਉਹਨਾਂ ਭਰੇ ਮਨ ਨਾਲ ਕਿਹਾ ਕਿ ਅਜੇਹੀਆਂ ਘਟਨਾਵਾਂ ਨੂੰ ਭੁਲਾਉਣਾ ਬਹੁਤ ਮੁਸ਼ਕਿਲ ਹੈ। ਭਾਈ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਇਹ ਨਸਲੀ ਹਮਲਾ ਕਰਨ ਵਾਲਿਆਂ ਲਈ ਇਹ ਸਜ਼ਾ ਸਖ਼ਤ ਚਿਤਾਵਨੀ ਹੈ। ਉਹਨਾਂ ਕਿਹਾ ਕਿ ਪੂਰਾ ਸਿੱਖ ਭਾਈਚਾਰਾ ਪੀੜਤ ਪ੍ਰੀਵਾਰ ਨਾਲ ਹੈ, ਇਹ ਸਜ਼ਾ ਥੋੜੀ ਰਾਹਤ ਦੇਣ ਵਾਲੀ ਹੈ।

ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਸਿੱਖ ਭਾਈਚਾਰਾ ਚਿਰਾਂ ਤੋਂ ਮੰਗ ਕਰ ਰਿਹਾ ਹੈ ਸਿੱਖ ਵਿਰੋਧੀ ਹਮਲਿਆਂ ਨੂੰ ਨਸਲੀ ਅਪਰਾਧ ਵਜੋਂ ਦਰਜ਼ ਕੀਤਾ ਜਾਵੇ। ਤਾਂ ਕਿ ਨਫਰਤ ਫੈਲਾਉਣ ਵਾਲੇ ਲੋਕਾਂ ਨੂੰ ਨੱਥ ਪਾਈ ਜਾ ਸਕੇ। ਉਹਨਾਂ ਕਿਹਾ ਕਿ ਯੂ ਕੇ ਸਰਕਾਰ ਨੂੰ ਸਿੱਖ ਵਿਰੋਧੀ ਨਫਰਤੀ ਅਪਰਾਧਾਂ ਨਾਲ ਨਜਿੱਠਣ ਲਈ ਜਲਦੀ ਅਤੇ ਠੋਸ ਕਾਰਵਾਈ ਕਰਨੀ ਚਾਹੀਦੀ ਹੈ, ਕਿਉਂਕਿ ਪਿਛਲੇ ਕਈ ਦਹਾਕਿਆਂ ਤੋਂ ਸਿੱਖਾਂ ਦੀ ਇਸ ਮੰਗ ਨੂੰ ਨਜ਼ਰ ਅੰਦਾਜ਼ ਕੀਤਾ ਹੋਇਆ ਹੈ। ਇਹਨਾਂ ਕਾਰਨਾਂ ਕਰਕੇ ਹੀ ਮਰਦਮਸ਼ੁਮਾਰੀ ਮੌਕੇ ਸਿੱਖਾਂ ਦੇ ਵੱਖਰੇ ਖਾਨੇ ਦੀ ਮੰਗ ਕੀਤੀ ਜਾਂਦੀ ਸੀ ਤਾਂ ਕਿ ਸਰਕਾਰੀ ਨੀਤੀਆਂ ਬਣਾਉਣ ਮੌਕੇ ਸਿੱਖਾਂ ਦੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਿਆ ਜਾ ਸਕੇ।

# ਬਰਤਾਨਵੀ ਫੌਜ ਵਿੱਚ ਭਰਤੀ ਲਈ ਸਿੰਘ ਸਭਾ ਸਾਊਥਾਲ ਵਿੱਚ ਕੈਂਪ ਪਹਿਲੀ ਮਈ ਨੂੰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਫੌਜ ਵਿੱਚ ਭਰਤੀ ਲਈ ਬਰਤਾਨਵੀ ਫੌਜ ਦੇ ਅਧਿਕਾਰੀਆਂ ਵੱਲੋਂ 1 ਮਈ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਕੈਂਪ ਲਗਾਇਆ ਜਾ ਰਿਹਾ ਹੈ। ਡਿਫੈਂਸ ਸਿੱਖ ਨੈਟਵਰਕ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਾਂਝੇ ਉਪਰਾਲੇ ਸਦਕਾ ਇਸ ਕੈਂਪ ਵਿੱਚ ਬਰਤਾਨਵੀ ਫੌਜ ਵਿੱਚ ਨੌਕਰੀਆਂ ਦੇ ਮੌਕੇ ਅਤੇ ਫੌਜ ਵਿੱਚ ਭਰਤੀ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਸ ਮੌਕੇ ਫੌਜ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਰਹਿਣਗੇ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ ਅਤੇ ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ ਨੇ ਕਿਹਾ ਕਿ ਇਹ ਕੈਂਪ ਗਿਆਨੀ ਦਿੱਤ ਸਿੰਘ ਹਾਲ ਵਿੱਚ 1 ਮਈ ਨੂੰ ਸ਼ਾਮੀ 7 ਵਜੇ ਤੋਂ 8:30 ਵਜੇ ਤੱਕ ਲੱਗੇਗਾ।


ਸ: ਗੁਰਮੇਲ ਸਿੰਘ ਮੱਲੀ ਅਤੇ ਸ਼ਰਨਬੀਰ ਸਿੰਘ ਸੰਘਾ

# ਹੰਸਲੋ ਕੌਂਸਲ ਚੋਣਾਂ ਲਈ ਲੇਬਰ ਪਾਰਟੀ ਦੇ ਉਮੀਦਵਾਰਾਂ ਵੱਲੋਂ ਚੋਣ ਪ੍ਰਚਾਰ ਤੇਜ਼


ਲੇਬਰ ਪਾਰਟੀ ਦੇ ਉਮੀਦਵਾਰ ਚੋਣ ਪ੍ਰਚਾਰ ਕਰਦੇ ਹੋਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਬਾਰੋ ਆਫ ਹੰਸਲੋ ਦੀਆਂ 7 ਮਈ ਨੂੰ ਹੋਣ ਵਾਲੀਆਂ ਕੌਂਸਲ ਚੋਣਾਂ ਲਈ ਲੇਬਰ ਪਾਰਟੀ ਦੇ ਉਮੀਦਵਾਰਾਂ ਵੱਲੋਂ ਘਰ ਘਰ ਜਾ ਕੇ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਲੇਬਰ ਪਾਰਟੀ ਵੱਲੋਂ ਪਹਿਲੀ ਚੋਣ ਲੜ ਰਹੀ ਹਰਜੋਤ ਕੌਰ ਸੇਖੋਂ ਨੇ ਦੱਸਿਆ ਕਿ ਉਹ ਹੰਸਲੋ ਵੈਸਟ ਤੋਂ ਉਮੀਦਵਾਰ ਹੈ ਜਦ ਕਿ ਉਸ ਨਾਲ ਦਰਸ਼ਨ ਸਿੰਘ ਖੋਸਾ, ਐਨਾ ਲੁਈਸ ਸਿੱਧੂ, ਚੀਜ਼ਕ ਰਿਵਰਸਾਈਡ ਤੋਂ ਗੁਰਿੰਦਰ ਕੌਰ ਰੰਧਾਵਾ, ਹੰਸਲੋ ਸੈਂਟਰਲ ਤੋਂ ਪ੍ਰੀਤਮ ਸਿੰਘ ਗਰੇਵਾਲ, ਅਜਮੇਰ ਕੌਰ ਗਰੇਵਾਲ, ਹਿਸਟਨ ਵੈਸਟ ਤੋਂ ਰਾਜਾਵਤ ਸੰਤਨੂੰ, ਹੈਸਟਨ ਈਸਟ ਤੋਂ ਗੁਰਬਚਨ ਸਿੰਘ ਅਠਵਾਲ, ਗੁਰਮੇਲ ਸਿੰਘ ਲਾਲ, ਹੈਸਟਨ ਸੈਂਟਰਲ ਤੋਂ ਸ਼ਿਵਰਾਜ ਸਿੰਘ ਗਰੇਵਾਲ ਆਦਿ ਚੋਣ ਲੜ ਰਹੇ ਹਨ। ਜਿਕਰਯੋਗ ਹੈ ਕਿ ਹੰਸਲੋ ਵਿੱਚ 20 ਸਾਲਾਂ ਤੋਂ ਲੇਬਰ ਪਾਰਟੀ ਦਾ ਕਬਜ਼ਾ ਹੈ। ਹੰਸਲੋ ਦੇ 22 ਵਾਰਡ ਲਈ 267 ਉਮੀਦਵਾਰ ਮੈਦਾਨ ਵਿੱਚ ਹਨ।

# ਵੱਖ ਵੱਖ ਖੇਤਰਾਂ 'ਚ ਯੋਗਦਾਨ ਪਾਉਣ ਵਾਲੀਆਂ ਮਹਿਲਾਵਾਂ ਦਾ ਬਰਤਾਨੀਆਂ ਦੀ ਸੰਸਦ ਵਿੱਚ ਸਨਮਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਦਿਨੀ ਬਰਤਾਨੀਆਂ ਦੀ ਸੰਸਦ ਵਿੱਚ ਵੱਖ ਵੱਖ ਖੇਤਰਾਂ 'ਚ ਯੋਗਦਾਨ ਪਾਉਣ ਵਾਲੀਆਂ ਮਹਿਲਾਵਾਂ ਅਤੁ ਬੱਚਿਆਂ ਨੂੰ "ਸ਼ੀ ਇੰਨਸਪਾਇਰਜ਼ 2026" ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਦੁਨੀਆ ਭਰ ਤੋਂ ਆਈਆਂ ਲਗਭਗ 63 ਔਰਤਾਂ ਅਤੇ ਬੱਚੇ ਸ਼ਾਮਲ ਹੋਏ। ਇਸ ਸਮਾਗਮ ਦਾ ਆਯੋਜਨ ਆਈ ਆਈ ਡਬਲਿਊ ਸ਼ੀ ਇੰਨਸਪਾਇਰ ਵੱਲੋਂ ਰਸ਼ਮੀ ਮਿਸ਼ਰਾ ਦੀ ਅਗਵਾਈ ਵਿੱਚ ਕੀਤਾ ਗਿਆ। ਜਿਸ ਵਿੱਚ ਵੱਖ ਵੱਖ ਕਲਾ ਪੇਸ਼ਕਾਰੀਆਂ ਕੀਤੀਆਂ ਗਈਆਂ। ਇਸ ਸਮਾਗਮ ਮੌਕੇ ਲੰਡਨ ਦੀ ਪੰਜਾਬੀ ਲੇਖਿਕਾ ਅਤੇ ਗਾਇਕਾ ਗੁਰਮੇਲ ਕੌਰ ਸੰਘਾ ਨੂੰ ਸੰਗੀਤ ਅਤੇ ਪੰਜਾਬੀ ਕਾਵਿਤਾ ਲਈ ਚੁਣਿਆ ਗਿਆ। ਜਿਹਨਾਂ ਨੂੰ ਐਮ ਪੀ ਰੂਥ ਕੈਡਬਰੀ ਨੇ ਪੁਰਸਕਾਰ ਭੇਂਟ ਕੀਤਾ। ਇਸ ਮੌਕੇ ਬਰਤਾਨਵੀ ਸੰਸਦ ਦੇ ਦੋਵੇਂ ਸਦਨਾਂ ਦੇ ਸੰਸਦ ਮੈਂਬਰਾਂ ਤੋਂ ਇਲਾਵਾ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਅਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਵੀ ਹਾਜ਼ਰ ਸਨ। ਜਿਹਨਾਂ ਵਿੱਚ ਬਿਓਲਾ ਜੋਸਫ਼ਿਨ, ਰਾਕੇਸ਼ ਕੁਮਾਰੀ, ਯੇਦਿਤਾ ਸ਼ਰਮਾ, ਵੇਦਿਕਾ ਗੁਪਤਾ, ਅਰਾਧਨਾ ਸਰਵਾਨਨ , ਰਿਦਵਿਕਾ ਵਿਵੇਕ, ਦਹਾਨਾ ਸੰਰਵਨਾ, ਅਦੀਨਾਂ ਨਵਜੀਵਨ, ਹਰਿਪ੍ਰੀਆ ਸ਼ਨਮੁਗਮ, ਸ਼ੁਭਾਸ਼੍ਰੀ ਸਾਹੂ, ਟਵਿੰਕਲ ਪਟੇਲ, ਅਸ਼ੁਥਾਮਾਨਸਾ, ਪ੍ਰੀਥੀ ਮੋਹਨ ਰਾਓ, ਸ਼ੀਤਲ ਕੇਸ਼ਰੀ, ਚੰਦਰ ਚੱਕਰਵਰਤੀ, ਸੁਸ਼ਮਿਤਾ ਦੇਬ, ਮੀਨਾ ਤ੍ਰਿਵੇਦੀ, ਅਰਪਿਤਾ ਮੁਕਰਜੀ, ਸੁਜਾਤਾ ਬੁਲਾਡੀ, ਡਾ. ਸ੍ਰੀਮਤੀ ਕੇਸਾਂ, ਪਰਮ ਕੁਲਾਰ, ਰਾਜ ਅਧੋਲੀਆ, ਅੰਜਲੀ ਨਾਗਰਾਜ, ਡਾ. ਅਰਪਿਤਾ ਰਾਏ, ਅਨੁਸਰੁਥੀ ਸੁਨੀਲ ਸਿੰਮਾਂ, ਰਚਨਾ ਭਟਨਾਗਰ, ਕਿਰਨ ਤਾਨੀਕੇਲਾ, ਮਾਝ ਹਿਨਾ ਮੋਰਜਾਰੀਆ, ਡਾ. ਅਕਾਸ਼ੀ ਕੁਮਾਰ, ਡਾ. ਅਲੀਨਾ ਚੱਕਰਵਰਤੀ, ਪ੍ਰੀਤ ਇੰਦਰ ਢਿੱਲੋਂ, ਕਮਾਲਿਕਾ ਸੇਨ, ਅਸ਼ਮਿਤਾ ਗੁਪਤਾ ਆਦਿ ਦਾ ਸਨਮਾਨ ਕੀਤਾ ਗਿਆ।


ਐਮ ਪੀ ਰੂਥ ਕੈਡਬਰੀ ਤੋਂ ਸਨਮਾਨ ਪ੍ਰਾਪਤ ਕਰਨ ਮੌਕੇ ਗੁਰਮੇਲ ਕੌਰ ਸੰਘਾ

# ਇੰਦਰਪ੍ਰੀਤ ਸਿੰਘ ਸੇਠੀ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕਾਂਗਰਸੀ ਆਗੂ ਮਨਜੀਤ ਸਿੰਘ ਸੇਠੀ ਦੇ ਬੇਟੇ ਇੰਦਰਪ੍ਰੀਤ ਸਿੰਘ ਸੇਠੀ ਦੇ ਅਕਾਲ ਚਲਾਣੇ ਤੇ ਬਰਤਾਨੀਆਂ ਦੇ ਸਾਬਕਾ ਐਮ ਪੀ ਵਰਿੰਦਰ ਸ਼ਰਮਾਂ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸੇਠੀ ਪ੍ਰੀਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਉਹਨਾਂ ਕਿਹਾ ਕਿ ਭਰ ਜਵਾਨੀ ਵਿੱਚ ਇੰਦਰਪ੍ਰੀਤ ਦਾ ਚਲੇ ਜਾਣਾ ਅਸਹਿ ਹੈ। ਇਸੇ ਤਰ੍ਹਾਂ ਕੌਂਸਲਰ ਰਾਜੂ ਸੰਸਾਰਪੁਰੀ, ਪ੍ਰੀਤਮ ਸਿੰਘ ਬਰਾੜ ਨੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਬਰਤਾਨਵੀ ਸੰਸਦ ਦੇ ਸਪੀਕਰ ਹਾਊਸ ਵਿੱਚ ਖਾਲਸਾ ਪੰਥ ਦਾ ਸਾਜਨਾ ਦਿਵਸ ਵਿਸਾਖੀ ਮਨਾਇਆ



*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਸੰਸਦ ਦੇ ਸਪੀਕਰ ਹਾਊਸ ਵਿੱਚ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਮਨਾਉਂਦਿਆਂ ਬ੍ਰਿਟਿਸ਼ ਸਿੱਖ ਕੰਸਲਟੇਟਿਵ ਫੌਰਮ ਯੂ ਕੇ ਦੇ ਉਦਮ ਸਦਕਾ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਦੇਸ਼ ਭਰ ਤੋਂ ਵੱਡੀ ਗਿਣਤੀ ਵਿੱਚ ਸਿੱਖ ਗੁਰਦੁਆਰਾ, ਸੰਸਥਾਵਾਂ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਸਮੇਤ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਸਖਸ਼ੀਅਤਾਂ ਨੇ ਹਾਜ਼ਰੀ ਭਰੀ।*

ਸਮਾਗਮ ਦੀ ਸ਼ੁਰੂਆਤ ਬੱਚਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਕੀਤੀ। ਇਸ ਮੌਕੇ ਐਮ ਪੀ ਪੈਟ ਮਿਕਫੈਡਨ, ਨਿਸ਼ਕਾਮ ਸੇਵਕ ਜੱਥਾ ਦੇ ਮੁੱਖੀ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਨੇ ਖਾਲਸਾ ਪੰਥ ਦੇ ਸਾਜਨਾ ਦਿਵਸ ਸਬੰਧੀ ਵਿਸਥਾਰ ਸਹਿਤ ਚਾਨਣਾ ਪਾਇਆ। ਸਪੀਕਰ ਲਿੰਡਸੇ ਹੋਲੋਵੇ ਨੇ ਕਿਹਾ ਕਿ ਸਿੱਖ ਭਾਈਚਾਰੇ ਨੇ ਦੇਸ਼ ਦੇ ਵਿਕਾਸ ਲਈ ਹਰ ਖੇਤਰ ਵਿੱਚ ਵੱਡਾ ਯੋਗਦਾਨ ਪਾਇਆ ਹੈ। ਲਾਰਡ ਕੁਲਦੀਪ ਸਿੰਘ ਸਹੋਤਾ, ਡਾ: ਜਸਦੇਵ ਸਿੰਘ ਰਾਏ ਸਮੇਤ ਹੋਰ ਵੀ ਬੁਲਾਰਿਆਂ ਨੇ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਦੀ ਵਧਾਈ ਦਿੱਤੀ। ਬੁਲਾਰਿਆਂ ਨੇ ਜਿੱਥੇ ਵਿਸ਼ਵ ਯੁੱਧਾਂ ਤੋਂ ਲੈ ਕੇ ਹੁਣ ਵੱਖ ਵੱਖ ਖੇਤਰਾ ਵਿੱਚ ਸਿੱਖ ਭਾਈਚਾਰੇ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਉੱਥੇ ਬਰਤਾਨਵੀ ਸੰਸ਼ਦ ਵਿੱਚ ਸਿੱਖ ਸੰਸਦਾਂ ਦੀ ਗਿਣਤੀ ਦਾ ਵੱਧਣਾ ਵੀ ਵੱਡੀ ਰਾਜਸੀ ਪ੍ਰਾਪਤੀ ਕਿਹਾ। ਇਸ ਮੌਕੇ ਐਮ ਪੀ ਤਨਮਨਜੀਤ ਸਿੰਘ ਢੇਸੀ, ਐਮ ਪੀ ਸੋਨੀਆ ਕੁਮਾਰ, ਐਮ ਪੀ ਸਤਵੀਰ ਕੌਰ, ਦਲਜੀਤ ਸਿੰਘ ਸੱਗੂ, ਐਮ ਪੀ ਜਸ ਅਠਵਾਲ, ਨਰਪਿੰਦਰ ਕੌਰ ਮਾਨ, ਅਸ਼ੋਕ ਚੌਹਾਨ, ਮੁਨੀਸ਼ ਬਰਤਾਨਵੀ ਫੌਜ ਦੇ ਅਧਿਕਾਰੀਆਂ ਸਮੇਤ ਵੱਡੀ ਗਿਣਤੀ ਵਿੱਚ ਭਾਈਚਾਰੇ ਦੇ ਲੋਕ ਹਾਜ਼ਰ ਸਨ।




**ਵਿਸਾਖੀ ਸਮਾਗਮ ਮੌਕੇ ਸੰਬੋਧਨ ਕਰਦੇ ਹੋਏ ਬੁਲਾਰੇ ਅਤੇ ਗੁਰਬਾਣੀ ਗਾਇਨ ਕਰਦੇ ਬੱਚੇ**

# ਲੰਮੇ ਸਮੇਂ ਤੋਂ ਜਲਾਵਤਨੀ ਕੱਟ ਰਹੇ ਭਾਈ ਕੁਲਦੀਪ ਸਿੰਘ (ਨਿਹੰਗ) ਦੇ ਪਿਤਾ ਸ. ਤੇਜਾ ਸਿੰਘ ਬੱਲ ਦੇ ਅਕਾਲ ਚਲਾਣੇ ਤੇ ਬੱਬਰ ਖਾਲਸਾ ਜਰਮਨੀ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ

ਜਰਮਨੀ (ਪੰਜਾਬ ਟਾਈਮਜ਼) - ਪਿਛਲੇ 36 ਸਾਲਾਂ ਤੋਂ ਜਲਾਵਤਨੀ ਕੱਟ ਰਹੇ, ਇਸ ਵੇਲੇ ਇੰਗਲੈਂਡ ਦੀ ਧਰਤੀ 'ਤੇ ਰਹਿ ਕੇ ਅਖੰਡ ਕੀਰਤਨੀ ਜਥਾ ਅਤੇ ਸਤਿਕਾਰ ਕਮੇਟੀ ਵਿੱਚ ਸੇਵਾਵਾਂ ਨਿਭਾ ਰਹੇ ਭਾਈ ਕੁਲਦੀਪ ਸਿੰਘ ਨੂੰ ਉਸ ਵੇਲੇ ਵੱਡਾ ਸਦਮਾਂ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਸ. ਤੇਜਾ ਸਿੰਘ ਬੱਲ ਪੰਜਾਬ ਦੀ ਧਰਤੀ 'ਤੇ ਆਪਣੇ ਸਵਾਸਾਂ ਦੀ ਪੂੰਜੀ ਸਮੇਟ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਆਪਣਿਆਂ ਦੇ ਤੁਰ ਜਾਣ ਤੇ, ਉਹਨਾਂ ਦੀਆਂ ਅੰਤਿਮ ਰਸਮਾਂ ਵਿੱਚ ਸ਼ਾਮਲ ਨਾ ਹੋ ਸਕਣ ਦਾ ਅਹਿਸਾਸ ਸ਼ਬਦਾਂ ਵਿਚ ਬਿਆਨ ਕਰਨ ਤੋਂ ਬਾਹਰ ਦੀ ਗੱਲ ਹੈ। ਇਸ ਰਾਹ ਦੇ ਪਾਂਧੀ ਹੀ ਇਹ ਮਹਿਸੂਸ ਕਰ ਸਕਦੇ ਹਨ। ਵਤਨ ਦੀ ਅਜ਼ਾਦੀ ਦੀ ਕੀਮਤ ਦਾ ਇਹ ਵੀ ਇੱਕ ਮੁੱਲ ਹੈ, ਜੋ ਅਜ਼ਾਦੀ ਘੁਲਾਟੀਆਂ ਨੂੰ ਉਤਾਰਨਾ ਪੈਂਦਾ ਹੈ। ਭਾਈ ਸਾਹਿਬ ਦੇ ਤਾਇਆ ਜੀ ਸ. ਰਘਵੀਰ ਸਿੰਘ 13 ਅਪ੍ਰੈਲ 1978 ਨੂੰ ਵਿਸਾਖੀ ਵੇਲੇ ਵਾਪਰੇ ਸਾਕੇ ਸਮੇਂ ਅਖੰਡ ਕੀਰਤਨੀ ਜਥੇ ਵਿੱਚ ਸੇਵਾ ਨਿਭਾਉਂਦਿਆਂ ਸ਼ਹੀਦ ਭਾਈ ਫੌਜਾ ਸਿੰਘ ਦੇ ਜਥੇ ਵਿੱਚ ਸ਼ਹਾਦਤ ਪ੍ਰਾਪਤ ਕਰ ਗਏ ਸਨ।



**ਸਵਰਗੀ ਤੇਜਾ ਸਿੰਘ ਬੱਲ**



**ਭਾਈ ਰੇਸ਼ਮ ਸਿੰਘ ਬੱਬਰ**

ਭਾਈ ਕੁਲਦੀਪ ਸਿੰਘ ਨਿਹੰਗ ਨੇ ਲੱਗ ਭੱਗ ਪੰਦਰਾਂ ਸਾਲ ਸਾਡੇ ਨਾਲ ਜਰਮਨੀ ਵਿਖੇ ਵਿਚਰਦਿਆਂ ਹਰ ਪੰਥਕ ਖੇਤਰ ਵਿੱਚ ਆਪਣਾ ਯੋਗਦਾਨ ਪਾਇਆ, ਜੋ ਕਿ ਹੁਣ ਇੰਗਲੈਂਡ ਵਿਖੇ ਨਿਰੰਤਰ ਜਾਰੀ ਹੈ। ਅਸੀਂ ਬੱਬਰ ਖਾਲਸਾ ਵੱਲੋਂ ਜਥੇਦਾਰ ਰੇਸ਼ਮ ਸਿੰਘ ਬੱਬਰ, ਭਾਈ ਸਤਨਾਮ ਸਿੰਘ ਬੱਬਰ, ਭਾਈ ਬਿਧੀ ਸਿੰਘ ਬੱਬਰ, ਭਾਈ ਅਵਤਾਰ ਸਿੰਘ ਬੱਬਰ, ਭਾਈ ਹਰਜੋਤ ਸਿੰਘ ਬੱਬਰ, ਭਾਈ ਰਾਜਿੰਦਰ ਸਿੰਘ ਬੱਬਰ ਅਤੇ ਭਾਈ ਬਲਜਿੰਦਰ ਸਿੰਘ ਆਦਿ ਇਸ ਦੁੱਖ ਦੀ ਘੜੀ ਵਿੱਚ ਭਾਈ ਕੁਲਦੀਪ ਸਿੰਘ ਨਿਹੰਗ ਨਾਲ ਦੁੱਖ ਸਾਂਝਾ ਕਰਦਿਆਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸ. ਤੇਜਾ ਸਿੰਘ ਹੋਰਾਂ ਦੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ। ਇਹ ਵੀ ਅਰਦਾਸ ਹੈ ਕਿ ਵਾਹਿਗੁਰੂ ਕੌਮ ਨੂੰ ਆਪਣਾ ਅਜ਼ਾਦ ਘਰ ਖਾਲਿਸਤਾਨ ਬਖਸ਼ਣ ਤਾਂ ਕਿ ਕੋਈ ਵੀ ਆਪਣਿਆਂ ਦੀਆਂ ਖੁਸ਼ੀਆਂ ਗਮੀਆਂ ਵਿੱਚ ਸ਼ਾਮਿਲ ਹੋਣ ਤੋਂ ਵਾਂਝਾ ਨਾ ਰਹੇ।

# ਸਲੋਹ ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਨਗਰ ਕੀਰਤਨ ਸਜਾਇਆ ਗਿਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸਿੰਘ ਸਭਾ ਸਲੋਹ, ਗੁਰਦੁਆਰਾ ਰਾਮਗੜ੍ਹੀਆ ਸਭਾ ਸਲੋਹ ਅਤੇ ਹੋਰ ਗੁਰਦੁਆਰਾ ਸਾਹਿਬਾਨ ਅਤੇ ਸੰਗਤਾਂ ਦੇ ਸਹਿਯੋਗ ਨਾਲ ਸਲੋਹ ਵਿਖੇ ਬੀਤੇ ਕੱਲ ਖਾਲਸਾ ਪੰਥ ਦੇ ਸਾਜਨਾ ਦਿਵਸ ਸਬੰਧੀ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਗੁਰਦੁਆਰਾ ਰਾਮਗੜ੍ਹੀਆ ਸਭਾ ਸਲੋਹ ਤੋਂ ਹੋਈ ਅਤੇ ਸਮਾਪਤੀ ਸਿੰਘ ਸਭਾ ਸਪੋਰਟਸ ਸੈਂਟਰ ਵਿਖੇ ਹੋਈ। ਸੁੰਦਰ ਪਾਲਕੀ ਵਿੱਚ ਸ਼ਸ਼ੋਬਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਏ ਗਏ ਨਗਰ ਕੀਰਤਨ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਸ਼ਮੂਲੀਅਤ ਕੀਤੀ। ਗੁਰਬਾਣੀ ਗਾਇਨ ਕਰਦਿਆਂ ਸੰਗਤਾਂ ਦਾ ਸਵਾਗਤ ਕਰਨ ਲਈ ਥਾਂ-ਥਾਂ ਤੇ ਲੰਗਰ ਲਗਾਏ ਹੋਏ ਸਨ। ਗੱਤਕਾ ਅਖਾੜੇ ਦੇ ਨੌਜਵਾਨਾਂ ਨੇ ਗੱਤਕੇ ਦੇ ਜੌਹਰ ਦਿਖਾਏ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਸੰਗਤਾਂ ਨੂੰ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ। ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਸੰਗਤਾਂ ਨੂੰ ਵਧਾਈ ਦਿੰਦਿਆਂ ਗੁਰੂ ਸਾਹਿਬ ਵੱਲੋਂ ਦਿੱਤੀਆਂ ਸਿੱਖਿਆਵਾਂ ਅਨੁਸਾਰ ਜੀਵਨ ਬਸਰ ਕਰਨ ਲਈ ਪ੍ਰੇਰਿਤ ਕੀਤਾ।




**ਸਲੋਹ ਵਿਖੇ ਸਜਾਏ ਨਗਰ ਕੀਰਤਨ ਮੌਕੇ ਦਾ ਦ੍ਰਿਸ਼**

# ਮਾਂ ਪੁੱਤ ਦੀ ਮੌਤ ਦਾ ਕਾਰਨ ਬਣੇ ਟਰੱਕ ਦੇ ਡਰਾਈਵਰ ਨੇ ਦੋਸ਼ ਕਬੂਲੇ

**ਵੈਨਕੂਵਰ-(ਮਲਕੀਤ ਸਿੰਘ)-ਸਾਲ 2022 ਚ ਕੈਨੇਡਾ ਦੇ ਕਿਊਬੈਕ ਸੂਬੇ ਦੇ ਹਾਈਵੇ 30 'ਤੇ ਵਾਪਰੇ ਇਕ ਭਿਆਨਕ ਸੜਕ ਹਾਦਸੇ ਦੇ ਜਿੰਮੇਵਾਰ ਪੰਜਾਬੀ ਮੂਲ ਦੇ ਡਰਾਈਵਰ ਬਲਜੀਤ ਸਿੰਘ ਵੱਲੋਂ ਅਦਾਲਤ ਵਿੱਚ ਆਪਣਾ ਗੁਨਾਹ ਕਬੂਲ ਕਰ ਲਿਆ ਗਿਆ ਹੈ। ਮਾਨਯੋਗ ਅਦਾਲਤ ਵਿੱਚ ਚੱਲ ਰਹੇ ਟਰਾਇਲ ਦੌਰਾਨ ਉਸ ਨੇ ਦੋਸ਼ ਸਵੀਕਾਰ ਕਰਦੇ ਹੋਏ ਮੰਨਿਆ ਕਿ ਉਹ ਟਰੱਕ ਚਲਾਉਂਦੇ ਸਮੇਂ ਮੋਬਾਈਲ 'ਤੇ ਲੂਡੋ ਖੇਡ ਰਿਹਾ ਸੀ, ਜਿਸ ਕਾਰਨ ਇਹ ਹਾਦਸਾ ਵਾਪਰਿਆ।ਇਸ ਦੁਰਘਟਨਾ ਵਿੱਚ ਮਹਿਲਾ ਅਤੇ ਉਸ ਦੇ ਪੁੱਤ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ ਜਦਕਿ ਇਕ ਹੋਰ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਸੀ ।ਅਦਾਲਤੀ ਕਾਰਵਾਈ ਦੌਰਾਨ ਸਾਹਮਣੇ ਆਇਆ ਕਿ ਦੋਸ਼ੀ ਪਹਿਲਾਂ ਵੀ ਡਰਾਈਵਿੰਗ ਦੌਰਾਨ ਮੋਬਾਈਲ 'ਤੇ ਖੇਡਾਂ ਖੇਡਦਾ ਰਿਹਾ ਹੈ**

# ਵੁੱਡਸਟੌਕ ਵਿਚ ਸਿੱਖ ਬਜ਼ੁਰਗ ਉਪਰ ਨਸਲੀ ਅਟੈਕ: ਪੁਲਿਸ ਵੱਲੋਂ ਇੱਕ ਨੌਜਵਾਨ ਗ੍ਰਿਫਤਾਰ

## ✪ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ 'ਚ ਭਾਰੀ ਉਛਾਲ: ਵਰਲਡ ਸਿੱਖ ਆਰਗੇਨਾਜੇਸ਼ਨ ਦੀ ਰਿਪੋਰਟ ਵਿਚ ਹੋਏ ਵੱਡੇ ਖੁਲਾਸੇ ✪ 91 ਫੀਸਦੀ ਸਿੱਖ ਆਪਣੀ ਪਛਾਣ ਕਾਰਨ ਨਿਸ਼ਾਨੇ 'ਤੇ: ਕੈਨੇਡਾ ਵਿੱਚ ਸਿੱਖ ਭਾਈਚਾਰਾ ਚਿੰਤਤ

ਵੁੱਡਸਟੌਕ-ਕੈਨੇਡਾ ਦੇ ਓਨਟਾਰੀਓ ਸੂਬੇ ਦੇ ਸ਼ਹਿਰ ਵੁੱਡਸਟੌਕ ਵਿੱਚ ਇੱਕ ਬਜ਼ੁਰਗ ਸਿੱਖ ਵਿਅਕਤੀ ਨੂੰ ਨਿਸ਼ਾਨਾ ਬਣਾਉਣ ਅਤੇ ਉਸ ਨਾਲ ਨਸਲੀ ਬਦਸਲੂਕੀ ਕਰਨ ਦੇ ਦੋਸ਼ ਵਿੱਚ ਪੁਲਿਸ ਨੇ ਇੱਕ ਗੋਰੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ। ਇਹ ਘਟਨਾ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ ਤੋਂ ਬਾਅਦ ਚਰਚਾ ਵਿੱਚ ਆਈ ਹੈ। ਵੁੱਡਸਟੌਕ ਪੁਲਿਸ ਅਨੁਸਾਰ ਇਹ ਘਟਨਾ 22 ਅਪ੍ਰੈਲ ਨੂੰ ਸਵੇਰੇ ਲਗਭਗ 11:35 ਵਜੇ 'ਟਰਟਲ ਆਈਲੈਂਡ ਸਕੂਲ' ਦੇ ਨੇੜੇ ਨਾਈਟਸ ਲੇਨ ਇਲਾਕੇ ਵਿੱਚ ਵਾਪਰੀ। ਰਿਪੋਰਟਾਂ ਮੁਤਾਬਕ ਇੱਕ ਸਿੱਖ ਬਜ਼ੁਰਗ ਸੜਕ ਕਿਨਾਰੇ ਪੈਦਲ ਜਾ ਰਹੇ ਸਨ। ਇੱਕ ਨੌਜਵਾਨ ਨੇ ਉਨ੍ਹਾਂ ਨੂੰ ਧੱਕਾ ਦਿੱਤਾ ਅਤੇ ਉਨ੍ਹਾਂ ਦੀ ਨਸਲ ਨੂੰ ਲੈ ਕੇ ਅਪਸ਼ਬਦ ਬੋਲੇ। ਨੌਜਵਾਨ ਨੇ ਬਜ਼ੁਰਗ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਖੁਸ਼ਕਿਸਮਤੀ ਨਾਲ, ਇਸ ਹਮਲੇ ਵਿੱਚ ਬਜ਼ੁਰਗ ਨੂੰ ਕੋਈ ਗੰਭੀਰ ਸਰੀਰਕ ਸੱਟ ਨਹੀਂ ਲੱਗੀ। ਪੁਲਿਸ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਤੁਰੰਤ ਕਾਰਵਾਈ ਕੀਤੀ ਅਤੇ ਨੌਜਵਾਨ ਨੂੰ ਹਿਰਾਸਤ ਵਿੱਚ ਲੈ ਲਿਆ। ਉਸ ਵਿਰੁੱਧ ਹਮਲਾ, ਜਾਨੋਂ ਮਾਰਨ ਜਾਂ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦੇਣਾ, ਅਪਰਾਧਿਕ ਤੌਰ 'ਤੇ ਪਰੇਸ਼ਾਨ ਕਰਨਾ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। 'ਯੂਥ ਕ੍ਰਿਮੀਨਲ ਜਸਟਿਸ ਐਕਟ' ਦੇ ਕਾਰਨ ਮੁਲਜ਼ਮ ਦੀ ਪਛਾਣ ਜਨਤਕ ਨਹੀਂ ਕੀਤੀ ਜਾ ਸਕਦੀ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਇਸ ਘਟਨਾ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਸੰਸਥਾ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਸਿੱਖ ਭਾਈਚਾਰੇ ਵਿਰੁੱਧ ਵਧ ਰਹੇ ਨਫ਼ਰਤੀ ਅਪਰਾਧਾਂ ਦਾ ਹਿੱਸਾ ਹਨ। ਉਨ੍ਹਾਂ ਨੇ ਪੁਲਿਸ ਦੀ ਤੁਰੰਤ ਕਾਰਵਾਈ ਦਾ ਧੰਨਵਾਦ ਕੀਤਾ ਅਤੇ ਸਰਕਾਰ ਤੋਂ ਸਿਸਟਮੈਟਿਕ ਬਦਲਾਅ ਦੀ ਮੰਗ ਕੀਤੀ ਤਾਂ ਜੋ ਅਜਿਹੇ ਨਫ਼ਰਤੀ ਹਮਲਿਆਂ ਨੂੰ ਰੋਕਿਆ ਜਾ ਸਕੇ। ਪੁਲਿਸ ਅਨੁਸਾਰ "ਸਾਡੇ ਭਾਈਚਾਰੇ ਵਿੱਚ ਨਫ਼ਰਤ ਲਈ ਕੋਈ ਥਾਂ ਨਹੀਂ ਹੈ। ਅਸੀਂ ਹਰ ਨਾਗਰਿਕ ਦੀ ਸੁਰੱਖਿਆ ਲਈ ਵਚਨਬੱਧ ਹਾਂ ਅਤੇ ਅਜਿਹੇ ਅਪਰਾਧ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ।"

ਵੁੱਡਸਟੌਕ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਇਸ ਘਟਨਾ ਦੀ ਹੋਰ ਵੀਡੀਓ ਫੁਟੇਜ ਜਾਂ ਜਾਣਕਾਰੀ ਹੈ, ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰਨ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਜਾਰੀ ਕੀਤੀ ਗਈ 'ਕੈਨੇਡਾ ਵਿੱਚ ਸਿੱਖ ਵਿਰੋਧੀ ਨਫ਼ਰਤ ਨੂੰ ਸਮਝਣਾ ਅਤੇ ਹੱਲ ਕਰਨਾ' ਨਾਮਕ ਰਿਪੋਰਟ ਮੁਤਾਬਕ, ਦੇਸ਼ ਵਿੱਚ ਸਿੱਖਾਂ ਵਿਰੁੱਧ ਨਫ਼ਰਤ ਅਤੇ ਵਿਤਕਰੇ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਹ ਰਿਪੋਰਟ ਪੂਰੇ ਕੈਨੇਡਾ ਵਿੱਚ ਕੀਤੇ ਗਏ ਸਰਵੇਖਣਾਂ ਅਤੇ 1,600 ਤੋਂ ਵੱਧ ਪ੍ਰਤੀਕਿਰਿਆਵਾਂ 'ਤੇ ਅਧਾਰਿਤ ਹੈ।80 ਫੀਸਦੀ ਤੋਂ ਵੱਧ ਲੋਕਾਂ ਨੇ ਮੰਨਿਆ ਕਿ ਪਿਛਲੇ ਪੰਜ ਸਾਲਾਂ ਵਿੱਚ ਵਿਤਕਰੇ ਦੀਆਂ ਘਟਨਾਵਾਂ



ਵਧੀਆਂ ਹਨ। 65 ਫੀਸਦੀ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਜ਼ਬਾਨੀ ਤੌਰ 'ਤੇ ਪਰੇਸ਼ਾਨ ਕੀਤਾ ਗਿਆ ਜਾਂ ਨਸਲੀ ਟਿੱਪਣੀਆਂ ਦਾ ਸਾਹਮਣਾ ਕਰਨਾ ਪਿਆ। 91 ਫੀਸਦੀ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੀ 'ਸਿੱਖ ਪਛਾਣ' (ਜਿਵੇਂ ਕਿ ਦਸਤਾਰ, ਕੜਾ ਜਾਂ ਸਿਰ ਢਕਣ ਕਰਕੇ) ਕਾਰਨ ਨਿਸ਼ਾਨਾ ਬਣਾਇਆ ਗਿਆ। ਰਿਪੋਰਟ ਵਿੱਚ ਇੱਕ ਵੱਡਾ ਖੁਲਾਸਾ ਇਹ ਹੋਇਆ ਹੈ ਕਿ 70 ਫੀਸਦੀ ਪੀੜਤਾਂ ਨੇ ਆਪਣੇ ਨਾਲ ਹੋਈ ਨਫ਼ਰਤ ਦੀ ਘਟਨਾ ਬਾਰੇ ਪੁਲਿਸ ਜਾਂ ਕਿਸੇ ਸੰਸਥਾ ਨੂੰ ਸ਼ਿਕਾਇਤ ਨਹੀਂ ਕੀਤੀ। ਇਸ ਦੇ ਕਾਰਨ ਸੰਸਥਾਵਾਂ ਅਤੇ ਪੁਲਿਸ 'ਤੇ ਭਰੋਸਾ ਨਾ ਹੋਣਾ ਹੈ। ਖਾਸ ਕਰਕੇ ਅੰਤਰਰਾਸ਼ਟਰੀ ਵਿਦਿਆਰਥੀ ਆਪਣੀ ਸੁਰੱਖਿਆ ਅਤੇ ਇਮੀਗ੍ਰੇਸ਼ਨ ਸਥਿਤੀ ਨੂੰ ਲੈ ਕੇ ਡਰਦੇ ਹਨ। ਨਸਲਵਾਦ ਜਾਂ ਨਫ਼ਰਤ ਨੂੰ ਸਾਬਤ ਕਰਨਾ ਇੱਕ ਮਾਨਸਿਕ ਬੋਝ ਬਣ ਜਾਂਦਾ ਹੈ। ਵਰਲਡ ਸਿੱਖ ਆਰਗੇਨਾਜੇਸ਼ਨ ਦੇ ਬੀ.ਸੀ. ਖੇਤਰੀ ਅਧਿਕਾਰੀ ਗੁਰਜੀਤ ਸਿੰਘ ਨੇ ਕਿਹਾ ਕਿ ਸਿੱਖ ਕੈਨੇਡਾ ਵਿੱਚ ਇੱਕ ਸਦੀ ਤੋਂ ਵੱਧ ਸਮੇਂ ਤੋਂ ਰਹਿ ਰਹੇ ਹਨ, ਫਿਰ ਵੀ ਅਜਿਹਾ ਵਿਤਕਰਾ ਹੋਣਾ ਹੈਰਾਨੀਜਨਕ ਹੈ। ਸੰਸਥਾ ਨੇ ਸਰਕਾਰ ਨੂੰ ਹੇਠ ਲਿਖੇ ਕਦਮ ਚੁੱਕਣ ਦੀ ਅਪੀਲ ਕੀਤੀ ਹੈ:

ਕੈਨੇਡਾ ਦੀ ਰਾਸ਼ਟਰੀ ਨਸਲਵਾਦ ਵਿਰੋਧੀ ਰਣਨੀਤੀ ਵਿੱਚ 'ਸਿੱਖ ਵਿਰੋਧੀ ਨਫ਼ਰਤ' ਦੀ ਰਸਮੀ ਪਰਿਭਾਸ਼ਾ ਸ਼ਾਮਲ ਕੀਤੀ ਜਾਵੇ।

ਨਫ਼ਰਤੀ ਅਪਰਾਧਾਂ ਦੀ ਰਿਪੋਰਟਿੰਗ ਵਿੱਚ ਸਿੱਖਾਂ ਲਈ ਇੱਕ ਵੱਖਰੀ ਸ਼੍ਰੇਣੀ ਬਣਾਈ ਜਾਵੇ।

ਪੁਲਿਸ ਅਤੇ ਜਨਤਕ ਸੇਵਕਾਂ ਲਈ ਵਿਸ਼ੇਸ਼ ਸਿਖਲਾਈ ਤੇ ਜਨਤਕ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣ।

ਫਰੇਜ਼ਰ ਵੈਲੀ ਵਰਗੇ ਇਲਾਕਿਆਂ ਵਿੱਚ, ਜਿੱਥੇ ਸਿੱਖਾਂ ਦੀ ਵੱਡੀ ਆਬਾਦੀ ਹੈ, ਪੁਲਿਸ ਕੋਲ ਦਰਜ ਹੋਣ ਵਾਲੇ ਨਫ਼ਰਤੀ ਅਪਰਾਧਾਂ ਦੀ ਦਰ ਰਾਸ਼ਟਰੀ ਔਸਤ ਨਾਲੋਂ ਵੀ ਉੱਪਰ ਚਲੀ ਗਈ ਹੈ, ਜੋ ਕਿ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ।

# ਪੰਜਾਬ ਪੁਲਿਸ ਦਾ ਗੈਂਗਸਟਰ-ਖਾੜਕੂਵਾਦ ਗਠਜੋੜ 'ਤੇ ਵੱਡਾ ਹਮਲਾ

## ✪ 400 ਸ਼ੱਕੀ ਰਡਾਰ 'ਤੇ, ਲਾਰੈਂਸ ਬਿਸ਼ਨੋਈ ਤੇ ਬੱਬਰ ਖਾਲਸਾ ਨੈੱਟਵਰਕ ਤੋੜਨ ਦੀ ਤਿਆਰੀ

ਜਲੰਧਰ-ਪੰਜਾਬ ਵਿੱਚ ਗੈਂਗਸਟਰਾਂ ਅਤੇ ਦੇਸ਼ ਵਿਰੋਧੀ ਅਨਸਰਾਂ ਦੇ ਨੈੱਟਵਰਕ ਨੂੰ ਜੜ੍ਹੋਂ ਪੁੱਟਣ ਲਈ ਜਲੰਧਰ ਦੇਹਾਤ ਪੁਲਿਸ ਨੇ ਇੱਕ ਵੱਡੀ ਮੁਹਿੰਮ ਵਿੱਢ ਦਿੱਤੀ ਹੈ। ਪੁਲਿਸ ਨੇ ਖੂੰਖਾਰ ਗੈਂਗਸਟਰ ਲਾਰੈਂਸ ਬਿਸ਼ਨੋਈ, ਵਿਦੇਸ਼ਾਂ ਵਿੱਚ ਬੈਠੇ ਉਸ ਦੇ ਹੈਂਡਲਰਾਂ ਅਤੇ ਖਾਲਿਸਤਾਨੀ ਸੰਗਠਨ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਸਬੰਧਾਂ ਨੂੰ ਤੋੜਨ ਲਈ ਲਗਭਗ 400 ਸ਼ੱਕੀਆਂ ਦੀ ਪਛਾਣ ਕੀਤੀ ਹੈ।

ਇਸ ਅਪ੍ਰੇਸ਼ਨ ਵਿੱਚ ਐਂਟੀ ਗੈਂਗਸਟਰ ਟਾਸਕ ਫੋਰਸ, ਕਾਊਂਟਰ ਇੰਟੈਲੀਜੈਂਸ ਅਤੇ ਇੰਟਰਨਲ ਸਿਕਿਊਰਟੀ ਵਿੰਗ ਵੱਲੋਂ ਸਾਂਝੇ ਤੌਰ 'ਤੇ ਡਾਟਾ ਤਿਆਰ ਕੀਤਾ ਗਿਆ ਹੈ। ਕੁੱਲ 427 ਲੋਕਾਂ ਦੀ ਸੂਚੀ ਵਿੱਚੋਂ ਡੁਪਲੀਕੇਟ ਨਾਮ ਹਟਾਉਣ ਤੋਂ ਬਾਅਦ 178 ਅਜਿਹੇ ਸ਼ੱਕੀ ਪਾਏ ਗਏ ਹਨ, ਜਿਨ੍ਹਾਂ 'ਤੇ ਤੁਰੰਤ ਕਾਰਵਾਈ ਕੀਤੀ ਜਾ ਰਹੀ ਹੈ ਜ਼ਾਂਚ ਵਿੱਚ ਸਾਹਮਣੇ ਆਇਆ ਹੈ ਕਿ ਲਗਭਗ 200 ਸ਼ੱਕੀ ਜਲੰਧਰ ਤੋਂ ਬਾਹਰਲੇ ਜ਼ਿਲ੍ਹਿਆਂ ਨਾਲ ਸਬੰਧਤ ਹਨ, ਜੋ ਸਾਬਤ ਕਰਦਾ ਹੈ ਕਿ ਇਹ ਨੈੱਟਵਰਕ ਪੂਰੇ ਦੇਸ਼ ਵਿੱਚ ਫੈਲਿਆ ਹੋਇਆ ਹੈ। ਸਰਕਾਰ ਦਾ ਕਹਿਣਾ ਹੈ ਕਿ ਵਿਦੇਸ਼ਾਂ ਵਿੱਚ ਬੈਠੇ ਖਾਲਿਸਤਾਨ ਜਥੇਬੰਦੀਆਂ ਦੇ ਆਗੂ (ਜਿਵੇਂ ਹਰਵਿੰਦਰ ਸਿੰਘ ਰਿੰਦਾ ਜਾਂ ਲਖਬੀਰ ਸਿੰਘ ਲੰਡਾ) ਹਥਿਆਰਾਂ ਦੀ ਸਪਲਾਈ ਅਤੇ ਪੈਸੇ ਦੇ ਲੈਣ-ਦੇਣ ਲਈ ਸਥਾਨਕ ਗੈਂਗਸਟਰਾਂ ਦੀ ਵਰਤੋਂ ਕਰਦੇ ਹਨ। ਪੁਲਿਸ ਦਾ ਦਾਅਵਾ ਹੈ ਕਿ ਗੈਂਗਸਟਰਾਂ ਕੋਲ "ਸ਼ਾਰਪ ਸ਼ੂਟਰ" ਤੇ "ਗਰਾਊਂਡ ਨੈੱਟਵਰਕ" ਹੁੰਦਾ ਹੈ, ਜਦਕਿ ਜਥੇਬੰਦੀਆਂ ਕੋਲ "ਫੰਡ" ਅਤੇ "ਹਥਿਆਰ" ਹੁੰਦੇ ਹਨ। ਇਸ ਸਾਂਝ ਨੂੰ ਏਜੰਸੀਆਂ 'ਗੈਂਗਸਟਰ-ਟੈਰਰ ਨੈਕਸਸ' ਕਹਿੰਦੀਆਂ ਹਨ।

ਦੂਜੇ ਪਾਸੇ ਬੱਬਰ ਖਾਲਸਾ ਜਾਂ ਹੋਰ ਜਥੇਬੰਦੀਆਂ ਅਕਸਰ ਗੈਂਗਸਟਰਾਂ ਨਾਲ ਸਬੰਧਾਂ ਤੋਂ ਇਨਕਾਰ ਕਰਦੀਆਂ ਹਨ ਕਿਉਂਕਿ: ਜਥੇਬੰਦੀਆਂ ਦਾ ਦਾਅਵਾ ਹੁੰਦਾ ਹੈ ਕਿ ਉਨ੍ਹਾਂ ਦੀ ਲੜਾਈ "ਧਾਰਮਿਕ ਜਾਂ ਰਾਜਨੀਤਿਕ" ਹੈ, ਜਦਕਿ ਗੈਂਗਸਟਰ ਸਿਰਫ਼ ਪੈਸੇ, ਫਿਰੌਤੀਆਂ ਅਤੇ ਨਿੱਜੀ ਦੁਸ਼ਮਣੀ ਲਈ ਕੰਮ ਕਰਦੇ ਹਨ। ਉਨ੍ਹਾਂ ਅਨੁਸਾਰ ਗੈਂਗਸਟਰਾਂ ਨਾਲ ਜੁੜਨਾ ਉਨ੍ਹਾਂ ਦੀ "ਮੁਹਿੰਮ" ਨੂੰ ਬਦਨਾਮ ਕਰਦਾ ਹੈ। ਆਮ ਜਨਤਾ ਗੈਂਗਸਟਰ ਕਲਚਰ (ਨਸ਼ਾ, ਫਿਰੌਤੀ, ਕਤਲ) ਨੂੰ ਨਫ਼ਰਤ ਕਰਦੀ ਹੈ। ਜੇਕਰ ਕੋਈ ਜਥੇਬੰਦੀ ਇਨ੍ਹਾਂ ਨਾਲ ਜੁੜਦੀ ਹੈ, ਤਾਂ ਉਹ ਆਪਣਾ ਲੋਕ-ਆਧਾਰ ਗੁਆ ਸਕਦੀ ਹੈ। ਜਿੱਥੇ ਜਥੇਬੰਦੀਆਂ ਆਪਣੀ "ਸਾਖ" ਬਚਾਉਣ ਲਈ ਇਨਕਾਰ ਕਰਦੀਆਂ ਹਨ, ਉੱਥੇ ਸਰਕਾਰ ਕੋਲ ਆਪਣੀਆਂ ਜਾਂਚ ਏਜੰਸੀਆਂ ਦੀਆਂ ਰਿਪੋਰਟਾਂ ਹੁੰਦੀਆਂ ਹਨ। ਸੱਚਾਈ ਅਕਸਰ ਇਨ੍ਹਾਂ ਦੋਵਾਂ ਦੇ ਵਿਚਕਾਰ ਹੁੰਦੀ ਹੈ-ਕਈ ਵਾਰ ਗੈਂਗਸਟਰ ਸਿਰਫ਼ ਪੈਸੇ ਲਈ ਕਿਸੇ ਵੀ ਧਿਰ ਨਾਲ ਜੁੜ ਜਾਂਦੇ ਹਨ, ਚਾਹੇ ਉਹ ਜਥੇਬੰਦੀ ਹੋਵੇ ਜਾਂ ਕੋਈ ਹੋਰ।

ਪੁਲਿਸ ਨੇ ਜਿਨ੍ਹਾਂ ਲੋਕਾਂ ਨੂੰ ਰਡਾਰ 'ਤੇ ਲਿਆ ਹੈ, ਉਨ੍ਹਾਂ ਵਿੱਚ ਸ਼ਾਮਲ ਹਨ:

- ਵਿਦੇਸ਼ੀ ਹੈਂਡਲਰਾਂ ਦੇ ਸਥਾਨਕ ਸਾਥੀ।
- ਜ਼ਮਾਨਤ 'ਤੇ ਬਾਹਰ ਆਏ ਪੁਰਾਣੇ ਅਪਰਾਧੀ।
- ਜੇਲ੍ਹਾਂ ਵਿੱਚ ਬੰਦ ਗੈਂਗਸਟਰਾਂ ਦੇ ਮਦਦਗਾਰ।
- ਗੈਂਗਸਟਰਾਂ ਦੇ ਪਰਿਵਾਰਕ ਮੈਂਬਰ ਅਤੇ ਨਜ਼ਦੀਕੀ ਰਿਸ਼ਤੇਦਾਰ।

ਪਿਛਲੇ ਚਾਰ ਮਹੀਨਿਆਂ ਦੌਰਾਨ ਪੁਲਿਸ ਨੇ ਇਸ ਦਿਸ਼ਾ ਵਿੱਚ ਅਹਿਮ ਪ੍ਰਾਪਤੀਆਂ ਕੀਤੀਆਂ ਹਨ: 30 ਗੈਂਗਸਟਰਾਂ ਦੇ ਗੁਰਗੇ ਗ੍ਰਿਫਤਾਰ ਕੀਤੇ ਗਏ। 6 ਖਾੜਕੂ ਬੱਬਰ ਖਾਲਸਾ ਦੇ ਕਾਬੂ ਕੀਤੇ ਗਏ ਸਨ।

ਪੁਲਿਸ ਦਾ ਮੁੱਖ ਮਕਸਦ ਸਿਰਫ਼ ਛੋਟੇ ਅਪਰਾਧੀਆਂ ਨੂੰ ਫੜਨਾ ਨਹੀਂ, ਸਗੋਂ ਗੈਂਗਸਟਰਾਂ ਦੀ ਸਪਲਾਈ ਚੇਨ ਅਤੇ ਫੰਡਿੰਗ (ਹਵਾਲਾ) ਨੂੰ ਪੂਰੀ ਤਰ੍ਹਾਂ ਰੋਕਣਾ ਹੈ। ਅਧਿਕਾਰੀਆਂ ਅਨੁਸਾਰ, ਆਉਣ ਵਾਲੇ ਦਿਨਾਂ ਵਿੱਚ ਕਈ ਹੋਰ ਗ੍ਰਿਫਤਾਰੀਆਂ ਸੰਭਵ ਹਨ ਅਤੇ ਵਿਦੇਸ਼ੀ ਹੈਂਡਲਰਾਂ ਵਿਰੁੱਧ ਰੈੱਡ ਕਾਰਨਰ ਨੋਟਿਸ ਵੀ ਜਾਰੀ ਕੀਤੇ ਜਾ ਸਕਦੇ ਹਨ।

ਪੁਲਿਸ ਵੱਲੋਂ ਡਿਜੀਟਲ ਨੈੱਟਵਰਕ 'ਤੇ ਵੀ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ ਤਾਂ ਜੋ ਸੋਸ਼ਲ ਮੀਡੀਆ ਰਾਹੀਂ ਫੈਲਾਈ ਜਾ ਰਹੀ ਦਹਿਸ਼ਤ ਨੂੰ ਨੱਥ ਪਾਈ ਜਾ ਸਕੇ ਅਤੇ ਪੰਜਾਬ ਦੇ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਿਆ ਜਾ ਸਕੇ।

# ਖਾਲਸਾ ਸਾਜਨਾ ਦਿਵਸ ਦੇ ਸਬੰਧ 'ਚ ਲੈਸਟਰ ਚ ਸਜਾਇਆ ਗਿਆ ਵਿਸਾਲ ਨਗਰ ਕੀਰਤਨ

## ✪ ਵੱਡੀ ਗਿਣਤੀ ਚ ਸੰਗਤਾਂ ਨੇ ਕੀਤੀ ਸਮੂਲੀਅਤ, ਸੰਗਤਾਂ ਵੱਲੋ ਅਨੇਕਾਂ ਪ੍ਰਕਾਰ ਦੇ ਲੰਗਰਾ ਦੇ ਲਗਾਏ ਗਏ ਅਨੇਕਾਂ ਸਟਾਲ



*ਨਗਰ ਕੀਰਤਨ ਦੀ ਅਗਵਾਈ ਕਰਦੇ ਹੋਏ ਪੰਜ ਪਿਆਰੇ, ਪਾਲਕੀ ਸਾਹਿਬ ਅਤੇ ਕਵੀਸਰੀ ਵਾਰਾ ਪੇਸ ਕਰਦਾ ਹੋਇਆ ਭਾਈ ਮਨਜੀਤ ਸਿੰਘ ਸੋਹੀ ਦਾ ਕਵੀਸਰੀ ਜਥਾ*

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਲੈਸਟਰ ਵਿਖੇ ਖਾਲਸਾ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਦਿਹਾੜੇ ਮੌਕੇ ਵਿਸਾਲ ਨਗਰ ਕੀਰਤਨ ਬੜੀ ਸ਼ਰਧਾ, ਉਤਸ਼ਾਹ ਅਤੇ ਚੜ੍ਹਦੀ ਕਲਾ ਦੇ ਮਾਹੌਲ ਵਿੱਚ ਸਜਾਇਆ ਗਿਆ। ਇਹ ਨਗਰ ਕੀਰਤਨ ਸਵੇਰੇ ਸ੍ਰੀ ਗੁਰੂ ਨਾਨਕ ਦੇਵ ਜੀ ਗੁਰਦੁਆਰਾ ਹੋਲੀ ਬੋਨ ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਛਤਰ ਛਾਇਆ ਵਿੱਚ ਅਰੰਭ ਹੋਇਆ। ਅਰੰਭ ਸਮੇਂ ਸੰਗਤਾਂ ਵੱਲੋਂ ਅਰਦਾਸ ਕੀਤੀ ਗਈ ਅਤੇ ਗੁਰਬਾਣੀ ਕੀਰਤਨ ਦੀ ਮਧੁਰ ਧੁਨ ਨਾਲ ਸਾਰਾ ਮਾਹੌਲ ਰੂਹਾਨੀ ਰੰਗ ਵਿੱਚ ਰੰਗਿਆ ਗਿਆ। ਪੰਜ ਪਿਆਰੇ ਪੂਰੇ ਖਾਲਸਾਈ ਬਾਣੇ ਵਿੱਚ ਸਜੇ ਹੋਏ ਪਾਲਕੀ ਸਾਹਿਬ ਦੇ ਅੱਗੇ ਅੱਗੇ ਚੱਲ ਰਹੇ ਸਨ,

ਨਗਰ ਕੀਰਤਨ ਸ਼ਹਿਰ ਦੀਆਂ ਵੱਖ-ਵੱਖ ਸੜਕਾਂ, ਟਾਊਨ ਅਤੇ ਇਲਾਕਿਆਂ ਵਿੱਚੋਂ ਬੜੀ ਸ਼ਾਨ ਨਾਲ ਗੁਜ਼ਰਦਾ ਹੋਇਆ ਦੁਪਹਿਰ ਤਿੰਨ ਵਜੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ, ਈਸਟ ਪਾਰਕ ਰੋਡ ਵਿਖੇ ਪਹੁੰਚ ਕੇ ਸੰਪੰਨ ਹੋਇਆ। ਰਸਤੇ ਵਿੱਚ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਨਗਰ ਕੀਰਤਨ ਦਾ ਭਰਪੂਰ ਸਵਾਗਤ ਕੀਤਾ ਗਿਆ ਅਤੇ ਜੈਕਾਰਿਆਂ ਨਾਲ ਮਾਹੌਲ ਗੂੰਜਦਾ ਰਿਹਾ। ਨਗਰ ਕੀਰਤਨ ਦੌਰਾਨ ਥਾਂ-ਥਾਂ ਤੇ ਸੰਗਤਾਂ ਵੱਲੋਂ ਬੜੀ ਪ੍ਰੇਮ ਭਾਵਨਾ ਨਾਲ ਲੰਗਰਾਂ ਦੇ ਵਿਸ਼ਾਲ ਪ੍ਰਬੰਧ ਕੀਤੇ ਗਏ। ਸੇਵਾਦਾਰਾਂ ਵੱਲੋਂ ਚਾਹ, ਦੁੱਧ, ਮਿੱਠਿਆਈਆਂ, ਫਲ, ਪਕੌੜੇ ਅਤੇ ਹੋਰ ਕਈ ਕਿਸਮਾਂ ਦੇ ਪ੍ਰਸਾਦ ਦੀ ਸੇਵਾ ਕੀਤੀ ਗਈ। ਹਰ ਆਉਣ ਵਾਲੇ ਨੂੰ ਬਿਨਾ ਕਿਸੇ ਭੇਦਭਾਵ ਦੇ ਲੰਗਰ ਵਰਤਾਇਆ ਗਿਆ। ਇਸ ਮੌਕੇ ਤੇ ਗੁਰੂ ਦੀਆ ਲਾਡਲੀਆ ਫੌਜਾ ਨਿਹੰਗ ਸਿੰਘਾ ਵੱਲੋਂ ਗਤਕਾ ਦੇ ਜੌਹਰ ਵੀ ਵਿਖਾਏ ਗਏ, ਜਿਨ੍ਹਾਂ ਨੇ ਸਿੱਖ ਯੋਧਾ ਪਰੰਪਰਾ ਦੀ ਸ਼ਾਨ ਨੂੰ ਦਰਸਾਇਆ ਅਤੇ ਦਰਸ਼ਕਾਂ ਵੱਲੋਂ ਉਨ੍ਹਾਂ ਦੀ ਭਰਪੂਰ ਸਰਾਹਨਾ ਕੀਤੀ ਗਈ।

ਨਗਰ ਕੀਰਤਨ ਵਿੱਚ ਵਿਸ਼ੇਸ਼ ਤੌਰ 'ਤੇ ਪੰਜਾਬ ਤੋਂ ਪਹੁੰਚੇ ਪੰਥ ਪ੍ਰਸਿੱਧ ਕਵੀਸਰ ਭਾਈ ਮਨਜੀਤ ਸਿੰਘ ਸੋਹੀ ਦੇ ਜਥੇ ਨੇ ਹਾਜ਼ਰੀ ਭਰੀ। ਉਨ੍ਹਾਂ ਵੱਲੋਂ ਗੁਰੂ ਸਾਹਿਬਾਨ ਦੇ ਮਹਾਨ ਇਤਿਹਾਸ ਨੂੰ ਕਵੀਸ਼ਰੀ ਰੂਪ ਵਿੱਚ ਬੜੀ ਭਾਵਨਾਤਮਕ ਢੰਗ ਨਾਲ ਪੇਸ਼ ਕੀਤਾ ਗਿਆ ਅਤੇ ਸੰਗਤਾਂ ਨੂੰ ਰੂਹਾਨੀ ਅਨੰਦ ਨਾਲ ਨਿਹਾਲ ਕੀਤਾ ਗਿਆ। ਇਸ ਵਿਸਾਲ ਧਾਰਮਿਕ ਸਮਾਗਮ ਵਿੱਚ ਵੱਖ-ਵੱਖ ਦੇਸ਼ਾਂ ਵਿੱਚ ਵਸਦੀਆਂ ਸੰਗਤਾਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਹਰ ਪਾਸੇ ਖਾਲਸਾਈ ਬਾਣੇ ਵਿੱਚ ਸਜੇ ਸਿੱਖ ਭਾਈਚਾਰੇ ਦੀ ਏਕਤਾ, ਪਿਆਰ ਅਤੇ ਭਰਾਤਰੀ ਭਾਵਨਾ ਦੀ ਸੁੰਦਰ ਝਲਕ ਦੇਖਣ ਨੂੰ ਮਿਲੀ।

ਨਗਰ ਕੀਰਤਨ ਦੌਰਾਨ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਹੋਲੀ ਬੋਨ ਦੇ ਪ੍ਰਧਾਨ ਸ ਅਜਮੇਰ ਸਿੰਘ ਬਸਰਾ, ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਦੇ ਪ੍ਰਧਾਨ ਗੁਰਨਾਮ ਸਿੰਘ ਨਵਾ ਸਹਿਰ, ਸਾਬਕਾ ਪ੍ਰਧਾਨ ਅਤੇ ਤੀਰ ਗਰੁੱਪ ਦੇ ਮੁਖ ਬੁਲਾਰੇ ਰਾਜਮਨਵਿੰਦਰ ਸਿੰਘ ਰਾਜਾ ਕੰਗ, ਜਨਰਲ ਸਕੱਤਰ ਸਤਵਿੰਦਰ ਸਿੰਘ ਦਿਓਲ, ਸਟੇਜ ਸਕੱਤਰ ਮੁਖਤਿਆਰ ਸਿੰਘ ਸਮੇਤ ਵੱਡੀ ਗਿਣਤੀ ਚ ਸੰਗਤਾ ਹਾਜਿਰ ਸਨ, ਨਗਰ ਕੀਰਤਨ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸੇਵਾਦਾਰਾਂ ਵੱਲੋਂ ਸੁਚੱਜੇ ਪ੍ਰਬੰਧ ਕੀਤੇ ਗਏ, ਜਿਸ ਨਾਲ ਪੂਰਾ ਨਗਰ ਕੀਰਤਨ ਬੜੀ ਸ਼ਾਂਤੀ ਅਤੇ ਸਫਲਤਾ ਨਾਲ ਸੰਪੰਨ ਹੋਇਆ। ਇਹ ਵਿਸਾਲ ਨਗਰ ਕੀਰਤਨ ਸਿੱਖ ਕੌਮ ਦੀ ਏਕਤਾ, ਸੇਵਾ ਭਾਵਨਾ ਅਤੇ ਗੁਰੂ ਪ੍ਰਤੀ ਅਟੁੱਟ ਸ਼ਰਧਾ ਦਾ ਪ੍ਰਤੀਕ ਬਣ ਕੇ ਸਾਹਮਣੇ ਆਇਆ।

# ਘਰ ਨੂੰ ਲੱਗੀ ਅੱਗ ਨਾਲ ਦੋ ਨੰਨੇ ਬੱਚਿਆਂ ਦੀ ਮੌਤ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਵੋਲਵਰਹੈਂਪਟਨ ਦੀ ਇਕ ਰਹਾਇਸ਼ੀ ਗਲੀ ਵਿੱਚ ਸ਼ੁੱਕਰਵਾਰ ਦੀ ਸ਼ਾਮ ਵਾਪਰੀ ਦੁਖਦਾਈ ਘਟਨਾ ਦੌਰਾਨ ਘਰ ਨੂੰ ਲੱਗੀ ਭਿਆਨਕ ਅੱਗ ਨੇ ਦੋ ਨੰਨੇ ਬੱਚਿਆਂ ਦੀ ਜ਼ਿੰਦਗੀ ਲੈ ਲਈ, ਜਿਸ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਪ੍ਰਾਪਤ ਵੇਰਵਿਆਂ ਅਨੁਸਾਰ ਮੈਸਨ ਗਲੀ ਵਿੱਚ ਕਰੀਬ ਸਾਢੇ ਅੱਠ ਵਜੇ ਅਚਾਨਕ ਅੱਗ ਲੱਗ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਕਾਨੂੰਨ ਰੱਖਿਆ ਬਲ, ਅੱਗ ਬੁਝਾਊ ਦਲ ਅਤੇ ਰੋਗੀ ਸਹਾਇਤਾ ਦਲ ਮੌਕੇ ਫ਼ਲਸਤੂ-ਤੇ ਪਹੁੰਚ ਗਏ ਅਤੇ ਤੁਰੰਤ ਬਚਾਵ ਕਾਰਜ ਸ਼ੁਰੂ ਕੀਤਾ ਗਿਆ।

ਅੱਗ ਬੁਝਾਊ ਦਲ ਦੇ ਕਰਮਚਾਰੀਆਂ ਨੇ ਮਕਾਨ ਅੰਦਰ ਦਾਖਲ ਹੋ ਕੇ ਦੋ ਨੰਨੇ ਬੱਚਿਆਂ ਨੂੰ ਬਾਹਰ ਕੱਢਿਆ। ਇਸ ਤੋਂ ਬਾਅਦ ਚਿਕਿਤਸਕ ਕਰਮਚਾਰੀਆਂ ਵੱਲੋਂ ਮੌਕੇ ਤੇ ਹੀ ਉਨ੍ਹਾਂ ਨੂੰ ਜੀਵਨ ਬਚਾਉਣ ਲਈ ਪੂਰੀ ਕੋਸ਼ਿਸ਼ ਕੀਤੀ ਗਈ, ਪਰ ਅਫਸੋਸਜਨਕ ਤੌਰ ਤੇ ਦੋਹਾਂ ਬੱਚਿਆਂ ਨੂੰ ਬਚਾਇਆ ਨਾ ਜਾ ਸਕਿਆ ਅਤੇ ਉਨ੍ਹਾਂ ਦੀ ਮੌਤ ਹੋ ਗਈ।

ਦੱਸਿਆ ਜਾਂਦਾ ਹੈ ਕਿ ਘਟਨਾ ਸਮੇਂ ਮਕਾਨ ਵਿੱਚ ਮੌਜੂਦ ਇਕ ਔਰਤ ਅਤੇ ਹੋਰ ਦੋ ਬੱਚੇ ਪਹਿਲਾਂ ਹੀ ਬਾਹਰ ਨਿਕਲ ਆਏ ਸਨ। ਉਨ੍ਹਾਂ ਦੀ ਜਾਂਚ ਕੀਤੀ ਗਈ ਪਰ ਕਿਸੇ ਨੂੰ ਵੀ ਗੰਭੀਰ ਚੋਟ ਨਾ ਹੋਣ ਕਾਰਨ ਹੋਰ ਇਲਾਜ ਦੀ ਲੋੜ ਨਹੀਂ ਪਈ।

ਅੱਗ ਕਾਰਨ ਮਕਾਨ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਕਾਨੂੰਨ ਰੱਖਿਆ ਬਲ ਵੱਲੋਂ ਮਕਾਨ ਦੇ ਆਲੇ ਦੁਆਲੇ ਘੇਰਾ ਪਾ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਅੱਗ ਲੱਗਣ ਦੇ ਕਾਰਨਾਂ ਬਾਰੇ ਪੜਤਾਲ ਜਾਰੀ ਹੈ।

ਅਧਿਕਾਰੀਆਂ ਨੇ ਇਸ ਘਟਨਾ ਤੇ ਗਹਿਰਾ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਹੈ ਕਿ ਮ੍ਰਿਤਕ ਬੱਚਿਆਂ ਦੇ ਪਰਿਵਾਰ ਨਾਲ ਸਾਂਝੀ ਸੰਵੇਦਨਾ ਹੈ। ਸਥਾਨਕ ਲੋਕਾਂ ਵੱਲੋਂ ਵੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਜਾ ਰਿਹਾ ਹੈ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਲੰਡਨ ਵਿੱਚ ਘੱਲੂਘਾਰੇ ਦੀ ਯਾਦ ਨੂੰ ਸਮਰਪਿਤ ਰੋਸ ਮੁਜਾਹਰਾ 7 ਜੂਨ ਨੂੰ ਹੋਵੇਗਾ- ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ

*ਲੰਡਨ- ਜੂਨ 1984 ਦੌਰਾਨ ਸਿੱਖ ਤਵਾਰੀਖ ਵਿੱਚ ਵਾਪਰਿਆ ਤੀਸਰਾ ਖੂਨੀ ਘੱਲੂਘਾਰਾ ਅਜਿਹਾ ਕਹਿਰ ਹੈ ਜਿਸ ਨੂੰ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕਦੀ। ਬਲਕਿ ਇਸ ਘੱਲੂਘਾਰੇ ਨਾਲ ਸਿਰਜੇ ਗਏ ਆਜਾਦ ਸਿੱਖ ਰਾਜ ਖਾਲਿਸਤਾਨ ਰੂਪੀ ਕੌਮੀ ਨਿਸ਼ਾਨੇ ਦੀ ਪੂਰਤੀ ਵਾਸਤੇ ਸਿੱਖ ਕੌਮ ਯਤਨਸ਼ੀਲ ਰਹੇਗੀ । ਜਿਸ ਵਾਸਤੇ ਅਣਗਿਣਤ ਸਿੱਖਾਂ ਦੀਆਂ ਸ਼ਹਾਦਤਾਂ ਹੋ ਚੁੱਕੀਆਂ ਹਨ। ਭਾਰਤੀ ਫੌਜ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਟੈਂਕਾਂ ਤੋਪਾਂ ਨਾਲ ਅੱਤ ਵਹਿਸ਼ੀ ਹਮਲਾ ਕਰਨ ਤੋਂ ਇਲਾਵਾ 40 ਤੋਂ ਵੱਧ ਹੋਰ ਗੁਰਦਵਾਰਿਆਂ ਤੇ ਭਾਰਤੀ ਫੌਜ ਨੇ ਦਾਖਲ ਹੋ ਕੇ ਸਿੱਖ ਸੰਗਤਾਂ ਤੇ ਜ਼ੁਲਮ ਕੀਤੇ ਸਨ ।*




ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵਲੋਂ ਘੱਲੂਘਾਰਾ ਜੂਨ 1984 ਦੀ ਯਾਦ ਨੂੰ ਸਮਰਪਿਤ ਭਾਰੀ ਰੋਸ ਮੁਜਾਹਰਾ ਸੱਤ ਜੂਨ 2026 ਐਤਵਾਰ ਵਾਲੇ ਦਿਨ ਕੀਤਾ ਜਾ ਰਿਹਾ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ਨਜ਼ ਯੂ,ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਜਾਰੀ ਪ੍ਰੈੱਸ ਬਿਆਨ ਵਿੱਚ ਆਖਿਆ ਕਿ ਗਿਆਰਾਂ ਵਜੇ ਹਾਈਡ ਪਾਰਕ ਵਿਖੇ ਸਿੱਖ ਸੰਗਤਾਂ ਇਕੱਤਰ ਹੋਣਗੀਆਂ ।ਇੱਕ ਵਜੇ ਰੋਸ ਅਤੇ ਰੋਹ ਭਰਪੂਰ ਮਾਰਚ ਅਰੰਭ ਹੋਵੇਗਾ ਜਿਹੜਾ ਲੰਡਨ ਦੀਆਂ ਸੜਕਾਂ ਤੋਂ ਗੁਜ਼ਰਦਾ ਹੋਇਆ ਟਰਫਾਲਗਰ ਸੁਕੇਅਰ ਪੁੱਜੇਗਾ, ਜਿੱਥੇ ਪੰਜ ਵਜੇ ਤੱਕ ਸੱਚ, ਇਨਸਾਫ ਅਤੇ ਆਜ਼ਾਦੀ ਤੇ ਅਧਾਰਿਤ ਰੈਲੀ ਹੋਵੇਗੀ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ਨਜ਼ ਯੂ,ਕੇ ਵਲੋਂ ਦੱਸਿਆ ਗਿਆ ਕਿ ਇਸ ਰੋਸ ਮੁਜਾਹਰੇ ਵਾਸਤੇ ਯੂ,ਕੇ ਭਰ ਦੇ ਗੁਰਦਵਾਰਿਆਂ ਤੋਂ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਗਤਾਂ ਵਲੋਂ ਕੋਚਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਜਿਕਰਯੋਗ ਹੈ ਕਿ ਜੂਨ 1984 ਦੇ ਖੂਨੀ ਘੱਲੂਘਾਰੇ ਦੌਰਾਨ ਭਾਰਤੀ ਫੌਜ ਨੇ ਅਜਿਹੇ ਜ਼ੁਲਮ ਕੀਤੇ ਹਨ ਜਿਹਨਾਂ ਸਾਹਮਣੇ ਮੀਰ ਮੰਨੂ, ਅਬਦਾਲੀ, ਜਕਰੀਏ ਵਰਗਿਆਂ ਦੇ ਜ਼ੁਲਮ ਵੀ ਬੌਣੇ ਪੈ ਗਏ । ਭਾਰਤੀ ਫੌਜ ਨੇ ਛੋਟੇ ਛੋਟੇ ਬੱਚਿਆਂ ਤੋਂ ਲੈ ਕੇ ਬੀਬੀਆਂ, ਬਜੁਰਗ ਅਤੇ ਨੌਜਵਾਨਾਂ ਨੂੰ ਵੱਡੀ ਗਿਣਤੀ ਵਿੱਚ ਸ਼ਹੀਦ ਕੀਤਾ ਗਿਆ। ਦਮਦਮੀ ਟਕਸਾਲ ਦੇ ਜਥੇਦਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਜੀ, ਮਹਾਨ ਜਰਨੈਲ ਜਨਰਲ ਸ਼ਾਬੇਗ ਸਿੰਘ ਜੀ ਦੀ ਅਗਵਾਈ ਵਿੱਚ ਜੁਝਾਰੂ ਸਿੰਘਾਂ ਨੇ ਭਾਰਤੀ ਫੌਜ ਦਾ ਆਖਰੀ ਦਮ ਤੱਕ ਮੁਕਾਬਲਾ ਕੀਤਾ ਅਤੇ ਜੂਝ ਕੇ ਸ਼ਹਾਦਤਾਂ ਪਾਈਆਂ । ਇੱਕ ਅਜਿਹੀ ਆਸਾਵੀਂ ਜੰਗ ਲੜਦਿਆਂ ਸਿੰਘਾਂ ਨੇ ਚਮਕੌਰ ਦੀ ਗੜੀ ਦਾ ਇਤਿਹਾਸ ਦੁਹਰਾ ਦਿੱਤਾ ਜਿਸ ਤੇ ਸਿੱਖ ਕੌਮ ਨੂੰ ਸਦਾ ਮਾਣ ਰਹੇਗਾ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਵਲੋਂ ਦੁਨੀਆ ਭਰ ਦੇ ਸਿੱਖਾਂ ਨੂੰ ਜੂਨ 1984 ਦੌਰਾਨ ਸਿੱਖ ਤਵਾਰੀਖ ਵਾਪਰੇ ਤੀਸਰੇ ਖੂਨੀ ਘੱਲੂਘਾਰੇ ਦੀ ਯਾਦ ਵਿੱਚ ਵੱਧ ਤੋਂ ਵੱਧ ਸਮਾਗਮ ਕਰਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਕਰਦਿਆਂ ਕੌਮੀ ਅਜਾਦੀ ਵਾਸਤੇ ਸਾਰਥਕ ਅਤੇ ਉਸਾਰੂ ਸੋਚ ਨਾਲ ਯਤਨਸ਼ੀਲ ਹੋਣ ਦੀ ਸਨਿਮਰ ਅਪੀਲ ਕੀਤੀ ਗਈ ਹੈ ।

# ਹੰਬੋਲਟ ਬ੍ਰੋਂਕੋਜ਼ ਹਾਦਸੇ ਦੇ ਜ਼ਿੰਮੇਵਾਰ ਟਰੱਕ ਡਰਾਈਵਰ ਦੀ ਡਿਪੋਰਟੇਸ਼ਨ ਤੇ ਅਸਥਾਈ ਰੋਕ

ਵੈਨਕੂਵਰ-(ਮਲਕੀਤ ਸਿੰਘ) – ਕੈਨੇਡਾ ਵਿੱਚ ਹੰਬੋਲਟ ਬ੍ਰੋਂਕੋਜ਼ ਬੱਸ ਹਾਦਸੇ ਲਈ ਜ਼ਿੰਮੇਵਾਰ ਪਾਏ ਗਏ ਟਰੱਕ ਡਰਾਈਵਰ ਜਸਕੀਤ ਸਿੰਘ ਸਿੱਧੂ ਦੀ ਡਿਪੋਰਟੇਸ਼ਨ ਨੂੰ ਅਸਥਾਈ ਤੌਰ ‘ਤੇ ਰੋਕ ਦਿੱਤਾ ਗਿਆ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਅਧਿਕਾਰੀਆਂ ਵੱਲੋਂ ਇਹ ਫੈਸਲਾ ਮਾਮਲੇ ਦੀ ਹੋਰ ਸਮੀਖਿਆ ਕਰਨ ਲਈ ਲਿਆ ਗਿਆ ਹੈ।ਜ਼ਿਕਰਯੋਗ ਹੈ ਕਿ ਇਹ ਹਾਦਸਾ ਕੈਨੇਡਾ ਦੇ ਸਭ ਤੋਂ ਦਰਦਨਾਕ ਸੜਕ ਹਾਦਸਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਜਿਸ ਵਿੱਚ ਕਈ ਨੌਜਵਾਨ ਖਿਡਾਰੀਆਂ ਦੀ ਮੌਤ ਹੋਈ ਸੀ ਅਤੇ ਕਈ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਸਨ। ਇਸ ਭਿਆਨਕ ਹਾਦਸੇ ਕਾਰਨ ਉਸ ਵੇਲੇ ਕਨੇਡਾ ਭਰ ਵਿੱਚ ਦੁੱਖ ਅਤੇ ਸੰਵੇਦਨਾ ਦੀ ਲਹਿਰ ਦੌੜ ਗਈ ਸੀ । ਸੰਬੰਧਤ ਟਰੱਕ ਡਰਾਈਵਰ ਨੂੰ ਪਹਿਲਾਂ ਹੀ ਅਦਾਲਤ ਵੱਲੋਂ ਸਜ਼ਾ ਸੁਣਾਈ ਜਾ ਚੁੱਕੀ ਹੈ, ਜਦਕਿ ਉਸਦੀ ਇਮੀਗ੍ਰੇਸ਼ਨ ਸਥਿਤੀ ਸਬੰਧੀ ਕਾਰਵਾਈ ਜਾਰੀ ਹੈ। ਹਾਲ ਹੀ ਵਿੱਚ ਉਸਦੀ ਡਿਪੋਰਟੇਸ਼ਨ ਦੀ ਪ੍ਰਕਿਰਿਆ ਚੱਲ ਰਹੀ ਸੀ, ਪਰ ਹੁਣ ਇਸਨੂੰ ਕੁਝ ਸਮੇਂ ਲਈ ਰੋਕ ਦਿੱਤਾ ਗਿਆ ਹੈ।ਇਸ ਫੈਸਲੇ ਨਾਲ ਜਿੱਥੇ ਕਾਨੂੰਨੀ ਕਾਰਵਾਈ ਨੂੰ ਹੋਰ ਸਮਾਂ ਮਿਲੇਗਾ, ਉੱਥੇ ਹੀ ਇਸ ਮਾਮਲੇ ਨਾਲ ਜੁੜੇ ਪਰਿਵਾਰਾਂ ਅਤੇ ਕਮਿਊਨਿਟੀ ਵਿੱਚ ਵੱਖ-ਵੱਖ ਪ੍ਰਤੀਕਿਰਿਆਵਾਂ ਸਾਹਮਣੇ ਆ ਰਹੀਆਂ ਹਨ। ਕੁਝ ਲੋਕ ਇਸਨੂੰ ਨਿਆਂਕ ਪ੍ਰਕਿਰਿਆ ਦਾ ਹਿੱਸਾ ਮੰਨ ਰਹੇ ਹਨ, ਜਦਕਿ ਹੋਰਾਂ ਵੱਲੋਂ ਇਸ ‘ਤੇ ਨਾਰਾਜ਼ਗੀ ਵੀ ਜਤਾਈ ਜਾ ਰਹੀ ਹੈ।

# ਪਤਨੀ ’ਤੇ ਤੱਤਾ ਤੇਲ ਸੁੱਟ ਕੇ ਜਾਨ ਲੈਣ ਦੀ ਕੋਸ਼ਿਸ਼ ਕਰਨ ਵਾਲੇ ਨੂੰ 26 ਸਾਲ ਕੈਦ

ਲੈਸਟਰ- (ਸੁਖਜਿੰਦਰ ਸਿੰਘ ਢੱਡੇ)-ਇਕ ਨਿਰਦਈ ਘਰੇਲੂ ਘਟਨਾ ਵਿੱਚ ਪਤਨੀ ਦੇ ਚਿਹਰੇ ’ਤੇ ਤੱਤਾ ਤੇਲ ਸੁੱਟ ਕੇ ਉਸ ਦੀ ਜਾਨ ਲੈਣ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀ ਨੂੰ ਅਦਾਲਤ ਵੱਲੋਂ 26 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ।



ਦੋਸ਼ੀ ਦੀ ਪਛਾਣ ਰਾਜੂ ਮੋਲ੍ਹਾ (ਉਮਰ 49 ਸਾਲ) ਵਜੋਂ ਹੋਈ ਹੈ, ਜਿਸ ਨੇ ਆਪਣੇ ਹੀ ਘਰ ਵਿੱਚ ਪਤਨੀ ’ਤੇ ਬਹੁਤ ਹੀ ਕਠੋਰ ਹਮਲਾ ਕੀਤਾ। ਇਹ ਮਾਮਲਾ ਬਰਮਿੰਘਮ ਦੀ ਉੱਚ ਅਦਾਲਤ ਵਿੱਚ ਸੁਣਿਆ ਗਿਆ, ਜਿੱਥੇ ਉਸਨੂੰ ਦੋਸ਼ੀ ਕਰਾਰ ਦਿੱਤਾ ਗਿਆ।

ਜਾਣਕਾਰੀ ਅਨੁਸਾਰ ਘਟਨਾ ਤੋਂ ਕੁਝ ਦਿਨ ਪਹਿਲਾਂ ਦੋਵਾਂ ਪਤੀ-ਪਤਨੀ ਵਿਚ ਜਾਇਦਾਦ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ। ਘਟਨਾ ਵਾਲੇ ਦਿਨ ਦੋਸ਼ੀ ਘਰ ਆਇਆ ਅਤੇ ਪਤਨੀ ਨੂੰ ਖਾਣਾ ਤਿਆਰ ਕਰਨ ਲਈ ਕਿਹਾ। ਇਸ ਦੌਰਾਨ ਉਸ ਨੇ ਕੜਾਹੀ ਵਿੱਚ ਵੱਧ ਮਾਤਰਾ ਵਿੱਚ ਤੇਲ ਗਰਮ ਕੀਤਾ।

ਜਦੋਂ ਪਤਨੀ ਰਸੋਈ ਵਿੱਚ ਕੰਮ ਕਰ ਰਹੀ ਸੀ ਤਾਂ ਦੋਸ਼ੀ ਨੇ ਉਸ ਨੂੰ ਵਾਲਾਂ ਤੋਂ ਫੜ ਕੇ ਜਬਰਦਸਤੀ ਉਸਦੇ ਚਿਹਰੇ ’ਤੇ ਤੱਤਾ ਤੇਲ ਸੁੱਟ ਦਿੱਤਾ। ਇਸ ਤੋਂ ਬਾਅਦ ਉਸ ਨੇ ਲੋਹੇ ਦੇ ਸਾਮਾਨ ਨਾਲ ਉਸ ’ਤੇ ਲਗਾਤਾਰ ਵਾਰ ਕੀਤੇ, ਮਾਰ-ਕੁੱਟ ਕੀਤੀ ਅਤੇ ਜ਼ਮੀਨ ’ਤੇ ਡਿੱਗਣ ਤੋਂ ਬਾਅਦ ਵੀ ਉਸ ਨੂੰ ਲੱਤਾਂ ਮਾਰੀਆਂ ਅਤੇ ਕੁੱਟਮਾਰ ਜਾਰੀ ਰੱਖੀ।

ਇਸ ਹਮਲੇ ਕਾਰਨ ਪੀੜਤਾ ਦੇ ਚਿਹਰੇ, ਗਰਦਨ, ਬਾਂਹਾਂ ਅਤੇ ਹੱਥਾਂ ’ਤੇ ਭਾਰੀ ਸੜਨ ਹੋਈ। ਕਈ ਜ਼ਖ਼ਮ ਇੰਨੇ ਗੰਭੀਰ ਸਨ ਕਿ ਚਮੜੀ ਦੀਆਂ ਸਾਰੀਆਂ ਪਰਤਾਂ ਤੱਕ ਨੁਕਸਾਨ ਪਹੁੰਚਿਆ। ਇਸ ਤੋਂ ਇਲਾਵਾ ਉਸਦੇ ਸਿਰ ’ਤੇ ਚੋਟ, ਦੰਦ ਟੁੱਟ ਜਾਣਾ ਅਤੇ ਹੋਰ ਗੰਭੀਰ ਸੱਟਾਂ ਵੀ ਲੱਗੀਆਂ। ਸਹਾਇਤਾ ਕਰਮਚਾਰੀਆਂ ਨੇ ਪੀੜਤਾ ਨੂੰ ਖੂਨ ਅਤੇ ਤੇਲ ਨਾਲ ਲਿਪਟੇ ਹਾਲਤ ਵਿੱਚ ਬਰਾਮਦ ਕੀਤਾ। ਦੋਸ਼ੀ ਨੇ ਪਹਿਲਾਂ ਇਸਨੂੰ ਹਾਦਸਾ ਦੱਸਣ ਦੀ ਕੋਸ਼ਿਸ਼ ਕੀਤੀ, ਪਰ ਜਾਂਚ ਦੌਰਾਨ ਸੱਚ ਸਾਹਮਣੇ ਆ ਗਿਆ।

ਅਦਾਲਤ ਨੇ ਇਸਨੂੰ ਬਹੁਤ ਹੀ ਨਿਰਦਈ ਅਤੇ ਲਗਾਤਾਰ ਕੀਤਾ ਗਿਆ ਹਮਲਾ ਕਰਾਰ ਦਿੰਦੇ ਹੋਏ ਦੋਸ਼ੀ ਨੂੰ 26 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਅਤੇ ਪੀੜਤਾ ਨਾਲ ਸੰਪਰਕ ’ਤੇ ਪਾਬੰਦੀ ਵੀ ਲਗਾ ਦਿੱਤੀ।

ਅਧਿਕਾਰੀਆਂ ਵੱਲੋਂ ਕਿਹਾ ਗਿਆ ਹੈ ਕਿ ਇਸ ਤਰ੍ਹਾਂ ਦੇ ਗੰਭੀਰ ਅਪਰਾਧਾਂ ’ਤੇ ਕਾਨੂੰਨ ਵੱਲੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੁਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. ‘ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# 'ਹਿੰਦੂ ਰਾਸ਼ਟਰ' ਦੇ ਪ੍ਰਚਾਰ ਲਈ ਬਾਬਾ ਬਾਗੇਸ਼ਵਰ ਧਾਮ ਨੂੰ ਕੇਂਦਰ ਵਲੋਂ ਤੋਹਫ਼ਾ

## ✪ ਵਿਦੇਸ਼ੀ ਚੰਦੇ ਦੀ ਮਿਲੀ ਹਰੀ ਝੰਡੀ, ਸੰਘ ਦੀ ਨੇੜਤਾ ਤੇ ਸਾਧ ਦੀ ਚੜ੍ਹਤ
## ✪ ਘੱਟਗਿਣਤੀ ਜਥੇਬੰਦੀਆਂ ਲਈ ਵਿਦੇਸ਼ੀ ਫੰਡ ਲੈਣਾ ਕਿਉਂ ਅਸੰਭਵ ?





**« ਵਿਸ਼ੇਸ਼ ਰਿਪੋਰਟ »**

ਕੇਂਦਰੀ ਗ੍ਰਹਿ ਮੰਤਰਾਲੇ ਨੇ ਮੱਧ ਪ੍ਰਦੇਸ਼ ਦੇ ਮਸ਼ਹੂਰ ਕਥਾਵਾਚਕ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ ਦੀ ਅਗਵਾਈ ਵਾਲੇ ਸੰਗਠਨ 'ਸ਼੍ਰੀ ਬਾਗੇਸ਼ਵਰ ਜਨ ਸੇਵਾ ਸਮਿਤੀ' ਨੂੰ ਵਿਦੇਸ਼ੀ ਅੰਸ਼ਦਾਨ (ਰੈਗੂਲੇਸ਼ਨ) ਐਕਟ (ਐਫ ਸੀ ਆਰ ਏ) ਦੇ ਤਹਿਤ ਰਜਿਸਟਰ ਕਰ ਲਿਆ ਹੈ। ਇਸ ਮਨਜ਼ੂਰੀ ਤੋਂ ਬਾਅਦ ਹੁਣ ਇਹ ਸੰਗਠਨ ਵਿਦੇਸ਼ਾਂ ਤੋਂ ਦਾਨ ਪ੍ਰਾਪਤ ਕਰਨ ਦੇ ਯੋਗ ਹੋ ਗਿਆ ਹੈ। ਬਾਗੇਸ਼ਵਰ ਧਾਮ ਨੂੰ 'ਧਾਰਮਿਕ (ਹਿੰਦੂ)' ਦੇ ਨਾਲ-ਨਾਲ ਸੱਭਿਆਚਾਰਕ, ਆਰਥਿਕ, ਵਿਦਿਅਕ ਅਤੇ ਸਮਾਜਿਕ ਸ਼੍ਰੇਣੀਆਂ ਵਿੱਚ ਰਜਿਸਟਰ ਕੀਤਾ ਗਿਆ ਹੈ। ਇਸ ਸਾਲ 15 ਅਪ੍ਰੈਲ ਤੱਕ 38 ਐਨਜੀਓਜ਼ ਨੂੰ ਐਫਸੀਆਰਏ ਲਾਇਸੈਂਸ ਦਿੱਤੇ ਗਏ ਹਨ, ਜਿਨ੍ਹਾਂ ਵਿੱਚੋਂ ਬਾਗੇਸ਼ਵਰ ਧਾਮ ਸਮੇਤ 6 ਸੰਸਥਾਵਾਂ ਹਿੰਦੂ ਧਾਰਮਿਕ ਸ਼੍ਰੇਣੀ ਵਿੱਚ ਹਨ। ਜਿਵੇਂ ਦਿਵਯ ਜੋਤੀ ਜਾਗ੍ਰਤੀ ਸੰਸਥਾਨ (ਦਿੱਲੀ): ਆਸ਼ੂਤੋਸ਼ ਮਹਾਰਾਜ ਨਾਲ ਸਬੰਧਤ ਸੰਸਥਾ, ਰਾਧਾ ਸੁਆਮੀ ਸਤਿਸੰਗ (ਸੁਆਮੀ ਬਾਗ, ਆਗਰਾ): ਉੱਤਰ ਪ੍ਰਦੇਸ਼ ਸਥਿਤ, ਰਾਮਕ੍ਰਿਸ਼ਨ ਮਿਸ਼ਨ (ਬੋਲਪੁਰ, ਪੱਛਮੀ ਬੰਗਾਲ): ਸੱਭਿਆਚਾਰਕ ਅਤੇ ਧਾਰਮਿਕ ਕਾਰਜਾਂ ਲਈ, ਰਾਮਕ੍ਰਿਸ਼ਨ ਮਿਸ਼ਨ (ਪੂਰਨੀਆ, ਬਿਹਾਰ): ਸਮਾਜਿਕ ਅਤੇ ਧਾਰਮਿਕ ਗਤੀਵਿਧੀਆਂ ਲਈ, ਧਰਮਸਥਲ ਸੰਸਥਾ (ਕਰਨਾਟਕ) ਦੱਖਣ ਭਾਰਤ ਦਾ ਪ੍ਰਸਿੱਧ ਧਾਰਮਿਕ ਅਦਾਰਾ। ਇਹ ਰਜਿਸਟ੍ਰੇਸ਼ਨ 5 ਸਾਲਾਂ ਲਈ ਮਾਨਤਾ ਪ੍ਰਾਪਤ ਹੁੰਦੀ ਹੈ, ਜਿਸ ਤੋਂ ਬਾਅਦ ਇਸ ਨੂੰ ਰੀਨਿਊ ਕਰਵਾਉਣਾ ਪੈਂਦਾ ਹੈ।

### ਹੋਰ ਪ੍ਰਮੁੱਖ ਸੰਸਥਾਵਾਂ ਬਾਕੀ 32 ਵਿੱਚੋਂ ਕੁਝ ਖ਼ਾਸ ਇਹ ਹਨ:

ਸ਼ਿਖਰ ਧਵਨ ਫਾਉਂਡੇਸ਼ਨ: ਭਾਰਤੀ ਕ੍ਰਿਕਟਰ ਸ਼ਿਖਰ ਧਵਨ ਦੀ ਸੰਸਥਾ, ਜਿਸ ਨੂੰ ਸਮਾਜਿਕ ਸ਼੍ਰੇਣੀ ਵਿੱਚ ਫੰਡ ਲੈਣ ਦੀ ਇਜਾਜ਼ਤ ਮਿਲੀ ਹੈ।

ਐਚਸੀਐਲ ਫਾਉਂਡੇਸ਼ਨ: ਆਈ.ਟੀ. ਦਿੱਗਜ ਐਚਸੀਐਲ ਦੀ ਸਮਾਜਿਕ ਸ਼ਾਖਾ

ਐਨਆਈਆਈਟੀ ਫਾਉਂਡੇਸ਼ਨ: ਸਿੱਖਿਆ ਅਤੇ ਹੁਨਰ ਵਿਕਾਸ ਲਈ

ਆਈਆਈਟੀਐਮ ਪ੍ਰਵਰਤਕ ਟੈਕਨੋਲੋਜੀ ਫਾਉਂਡੇਸ਼ਨ: ਤਕਨੀਕੀ ਖੋਜ ਅਤੇ ਵਿਕਾਸ ਲਈ

ਮੇਓ ਕਾਲਜ ਜਨਰਲ ਕੌਂਸਲ: ਰਾਜਸਥਾਨ ਦਾ ਪ੍ਰਸਿੱਧ ਵਿਦਿਅਕ ਅਦਾਰਾ

ਕਰੁਣਾ ਹੋਮ ਫਾਰ ਡਿਸੇਬਲਡ: ਅਪਾਹਜਾਂ ਦੀ ਸੇਵਾ ਲਈ ਕੰਮ ਕਰਨ ਵਾਲੀ ਸੰਸਥਾ

ਚੇਨਈ ਮੈਥੇਮੈਟੀਕਲ ਇੰਸਟੀਚਿਊਟ: ਉੱਚ ਸਿੱਖਿਆ ਅਤੇ ਗਣਿਤ ਖੋਜ ਲਈ

### ਸਾਧ ਨੂੰ ਲਾਭ ਕੀ ਸੰਘ ਅਤੇ ਸੱਤਾ ਨਾਲ ਨੇੜਤਾ ਕਾਰਨ ਮਿਲਿਆ ?

ਤੁਹਾਡਾ ਸਵਾਲ ਕਿ "ਕੀ ਇਹ ਮਨਜ਼ੂਰੀ ਸੰਘ ਨਾਲ ਸਾਂਝ ਦੀ ਨੇੜਤਾ ਕਾਰਨ ਮਿਲੀ ਹੈ?" ਇਸ ਵੇਲੇ ਸਿਆਸੀ ਗਲਿਆਰਿਆਂ ਵਿੱਚ ਬਹਿਸ ਦਾ ਵਿਸ਼ਾ ਹੈ। ਹਾਲਾਂਕਿ ਸਰਕਾਰ ਇਸ ਨੂੰ ਇੱਕ ਆਮ ਕਾਰਵਾਈ ਦੱਸਦੀ ਹੈ, ਪਰ ਕਈ ਕਾਰਨ ਇਸ ਚਰਚਾ ਨੂੰ ਹਵਾ ਦਿੰਦੇ ਹਨ: ਧੀਰੇਂਦਰ ਸ਼ਾਸਤਰੀ ਖੁੱਲ੍ਹੇਆਮ 'ਹਿੰਦੂ ਰਾਸ਼ਟਰ' ਦੀ ਵਕਾਲਤ ਕਰਦੇ ਹਨ, ਜੋ ਕਿ ਸੰਘ ਦੀ ਮੂਲ ਵਿਚਾਰਧਾਰਾ ਦੇ ਨੇੜੇ ਹੈ।

### ਮੋਦੀ ਸਰਕਾਰ ਦਾ ਵਿਰੋਧ ਕਿਉਂ ?

ਸ਼ਾਸਤਰੀ ਅਕਸਰ ਵੱਡੇ ਸਿਆਸਤਦਾਨਾਂ ਨਾਲ ਨਜ਼ਰ ਆਉਂਦੇ ਹਨ। ਵਿਰੋਧੀ ਧਿਰਾਂ ਦਾ ਇਲਜ਼ਾਮ ਹੈ ਕਿ ਜਿੱਥੇ ਇੱਕ ਪਾਸੇ ਸਰਕਾਰ ਨੇ ਪਿਛਲੇ ਕੁਝ ਸਾਲਾਂ ਵਿੱਚ 18,000 ਤੋਂ ਵੱਧ ਐਨਜੀਓ ਦੇ ਲਾਇਸੈਂਸ ਰੱਦ ਕੀਤੇ ਹਨ (ਜਿਨ੍ਹਾਂ ਵਿੱਚ ਕਈ ਮਾਨਵਤਾਵਾਦੀਤੇ ਘੱਟ ਗਿਣਤੀ ਸੰਸਥਾਵਾਂ ਸਨ), ਉੱਥੇ ਬਾਗੇਸ਼ਵਰ ਧਾਮ ਵਰਗੀਆਂ ਸੰਸਥਾਵਾਂ ਨੂੰ ਤੇਜ਼ੀ ਨਾਲ ਮਨਜ਼ੂਰੀ ਮਿਲਣਾ ਸਵਾਲ ਖੜ੍ਹੇ ਕਰਦਾ ਹੈ ਜ਼ੋ ਕਿ ਹਿੰਦੂਤਵ ਦੇ ਨਾਮ ਉਪਰ ਨਫਰਤ ਫੈਲਾ ਰਿਹਾ ਹੈ। ਸਰਕਾਰ ਨੇ ਹਾਲ ਹੀ ਵਿੱਚ ਐਫਸੀਆਰਏ ਕਾਨੂੰਨ ਵਿੱਚ ਕਈ ਸੋਧਾਂ ਕੀਤੀਆਂ ਹਨ, ਜਿਸ ਦਾ ਤਾਮਿਲਨਾਡੂ ਅਤੇ ਕੇਰਲ ਵਰਗੇ ਰਾਜਾਂ ਨੇ ਵਿਰੋਧ ਕੀਤਾ ਸੀ। ਵਿਰੋਧੀਆਂ ਦਾ ਕਹਿਣਾ ਹੈ ਕਿ ਸਰਕਾਰ ਆਪਣੇ ਪਸੰਦੀਦਾ ਸੰਗਠਨਾਂ ਨੂੰ ਰਾਹਤ ਦੇ ਰਹੀ ਹੈ ਅਤੇ ਆਲੋਚਕਾਂ ਦੇ ਫੰਡ ਰੋਕ ਰਹੀ ਹੈ।

ਗ੍ਰਹਿ ਮੰਤਰਾਲੇ ਦੇ ਅੰਕੜਿਆਂ ਅਨੁਸਾਰ, ਦੇਸ਼ ਵਿੱਚ ਇਸ ਸਮੇਂ 14,538 ਸਰਗਰਮ ਐਫਸੀਆਰਏ ਰਜਿਸਟਰਡ ਸੰਸਥਾਵਾਂ ਹਨ। ਸਰਕਾਰ ਦਾ ਤਰਕ ਹੈ ਕਿ ਰਜਿਸਟ੍ਰੇਸ਼ਨ ਕੇਵਲ ਉਹਨਾਂ ਨੂੰ ਦਿੱਤੀ ਜਾਂਦੀ ਹੈ ਜੋ ਨਿਰਧਾਰਤ ਮਾਪਦੰਡਾਂ ਨੂੰ ਪੂਰਾ ਕਰਦੇ ਹਨ ਅਤੇ ਜਿਨ੍ਹਾਂ ਦੀਆਂ ਗਤੀਵਿਧੀਆਂ 'ਦੇਸ਼ ਵਿਰੋਧੀ' ਨਹੀਂ ਪਾਈਆਂ ਜਾਂਦੀਆਂ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਧੀਰੇਂਦਰ ਸ਼ਾਸਤਰੀ ਦੀ ਵਧਦੀ ਲੋਕਪ੍ਰਿਯਤਾ ਅਤੇ ਹਿੰਦੂਤਵ ਦੇ ਏਜੰਡੇ 'ਤੇ ਉਨ੍ਹਾਂ ਦੇ ਸਟੈਂਡ ਨੇ ਉਨ੍ਹਾਂ ਨੂੰ ਸੱਤਾਧਾਰੀ ਧਿਰ ਦੇ ਨੇੜੇ ਲਿਆਂਦਾ ਹੈ। ਅਜਿਹੇ ਵਿੱਚ ਵਿਦੇਸ਼ੀ ਚੰਦੇ ਦੀ ਮਨਜ਼ੂਰੀ ਨੂੰ ਕੇਵਲ ਇੱਕ 'ਤਕਨੀਕੀ ਪ੍ਰਕਿਰਿਆ' ਵਜੋਂ ਦੇਖਣਾ ਮੁਸ਼ਕਲ ਹੈ, ਕਿਉਂਕਿ ਇਸ ਦੇ ਪਿੱਛੇ ਸਪਸ਼ਟ ਸਿਆਸੀ ਅਤੇ ਵਿਚਾਰਧਾਰਕ ਪ੍ਰਭਾਵ ਦਿਖਾਈ ਦਿੰਦਾ ਹੈ।

### ਘਟਗਿਣਤੀ ਕੌਮਾਂ ਦੀਆਂ ਜਥੇਬੰਦੀਆਂ ਨੂੰ ਇਹ ਸਹੂਲਤ ਕਿਉਂ ਰੋਕੀ ਜਾਂਦੀ ਹੈ ?

ਘੱਟਗਿਣਤੀ ਕੌਮਾਂ ਅਤੇ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੀਆਂ ਜਥੇਬੰਦੀਆਂ ਦੇ ਐਫਸੀਆਰਏ ਲਾਇਸੈਂਸ ਰੱਦ ਹੋਣਾ ਜਾਂ ਰੋਕੇ ਜਾਣਾ ਇੱਕ ਗੰਭੀਰ ਅਤੇ ਵਿਵਾਦਪੂਰਨ ਵਿਸ਼ਾ ਰਿਹਾ ਹੈ। ਕੇਂਦਰ ਸਰਕਾਰ ਅਤੇ ਸੁਤੰਤਰ ਸੰਸਥਾਵਾਂ ਇਸ ਦੇ ਵੱਖ-ਵੱਖ ਕਾਰਨ ਦੱਸਦੀਆਂ ਹਨ। ਇੱਥੇ ਉਹ ਮੁੱਖ ਨੁਕਤੇ ਹਨ ਜਿਨ੍ਹਾਂ ਕਰਕੇ ਘੱਟਗਿਣਤੀ ਜਥੇਬੰਦੀਆਂ ਨੂੰ ਇਹ ਸਹੂਲਤ ਲੈਣ ਵਿੱਚ ਮੁਸ਼ਕਲਾਂ ਆ ਰਹੀਆਂ ਹਨ।

ਕੇਂਦਰ ਸਰਕਾਰ ਅਕਸਰ ਇਹ ਦਲੀਲ ਦਿੰਦੀ ਹੈ ਕਿ ਕਈ ਇਸਾਈ ਅਤੇ ਹੋਰ ਘੱਟਗਿਣਤੀ ਜਥੇਬੰਦੀਆਂ ਵਿਦੇਸ਼ੀ ਫੰਡਾਂ ਦੀ ਵਰਤੋਂ 'ਜਬਰਦਸਤੀ ਧਰਮ ਪਰਿਵਰਤਨ' ਕਰਵਾਉਣ ਲਈ ਕਰ ਰਹੀਆਂ ਹਨ। ਸਰਕਾਰ ਦਾ ਮੰਨਣਾ ਹੈ ਕਿ ਇਹ ਦੇਸ਼ ਦੇ ਸਮਾਜਿਕ ਤਾਣੇ-ਬਾਣੇ ਅਤੇ ਜਨਸੰਖਿਆ ਦੇ ਸੰਤੁਲਨ ਲਈ ਖਤਰਾ ਹੈ।

ਸਰਕਾਰ ਵੱਲੋਂ ਅਕਸਰ ਇਹ ਕਿਹਾ ਜਾਂਦਾ ਹੈ ਕਿ ਕੁਝ ਐਨਜੀਓ ਵਿਦੇਸ਼ੀ ਪੈਸੇ ਦੀ ਵਰਤੋਂ ਅਜਿਹੇ ਪ੍ਰਦਰਸ਼ਨਾਂ ਜਾਂ ਮੁਹਿੰਮਾਂ ਲਈ ਕਰਦੇ ਹਨ ਜੋ ਦੇਸ਼ ਦੇ ਵੱਡੇ ਵਿਕਾਸ ਪ੍ਰੋਜੈਕਟਾਂ (ਜਿਵੇਂ ਮਾਈਨਿੰਗ ਜਾਂ ਡੈਮ) ਵਿੱਚ ਰੁਕਾਵਟ ਪਾਉਂਦੇ ਹਨ। ਖਾਸ ਕਰਕੇ ਆਦਿਵਾਸੀ ਅਤੇ ਘੱਟਗਿਣਤੀ ਇਲਾਕਿਆਂ ਵਿੱਚ ਕੰਮ ਕਰਨ ਵਾਲੀਆਂ ਜਥੇਬੰਦੀਆਂ 'ਤੇ ਅਜਿਹੀ ਨਜ਼ਰ ਰੱਖੀ ਜਾਂਦੀ ਹੈ।

2020 ਵਿੱਚ ਐਫਸੀਆਰਏ ਕਾਨੂੰਨ ਵਿੱਚ ਕੀਤੀਆਂ ਗਈਆਂ ਸੋਧਾਂ ਨੇ ਨਿਯਮਾਂ ਨੂੰ ਬਹੁਤ ਗੁੰਝਲਦਾਰ ਬਣਾ ਦਿੱਤਾ ਹੈ। ਹੁਣ ਕੋਈ ਵੀ ਸੰਸਥਾ ਵਿਦੇਸ਼ੀ ਫੰਡਾਂ ਦਾ ਸਿਰਫ 20% ਹੀ ਪ੍ਰਬੰਧਕੀ ਖਰਚਿਆਂ (ਤਨਖਾਹਾਂ, ਦਫ਼ਤਰ ਦਾ ਕਿਰਾਇਆ ਆਦਿ) ਲਈ ਵਰਤ ਸਕਦੀ ਹੈ (ਪਹਿਲਾਂ ਇਹ 50% ਸੀ)। ਹਰ ਸੰਸਥਾ ਲਈ ਦਿੱਲੀ ਸਥਿਤ ਐਸਬੀਆਈ ਦੀ ਮੇਨ ਬ੍ਰਾਂਚ ਵਿੱਚ ਖਾਤਾ ਖੋਲ੍ਹਣਾ ਲਾਜ਼ਮੀ ਕਰ ਦਿੱਤਾ ਗਿਆ ਹੈ, ਜੋ ਦੂਰ-ਦੁਰਾਡੇ ਇਲਾਕਿਆਂ ਵਿੱਚ ਕੰਮ ਕਰਦੀਆਂ ਛੋਟੀਆਂ ਜਥੇਬੰਦੀਆਂ ਲਈ ਔਖਾ ਹੈ।

ਸਰਕਾਰ ਦਾ ਕਹਿਣਾ ਹੈ ਕਿ ਕਈ ਸੰਸਥਾਵਾਂ ਆਪਣੇ ਖਰਚਿਆਂ ਦਾ ਸਹੀ ਵੇਰਵਾ ਪੇਸ਼ ਨਹੀਂ ਕਰਦੀਆਂ। ਟੈਕਸ ਰਿਟਰਨਾਂ ਵਿੱਚ ਗਲਤੀਆਂ ਜਾਂ ਫੰਡਾਂ ਦੀ ਦੁਰਵਰਤੋਂ ਨੂੰ ਆਧਾਰ ਬਣਾ ਕੇ ਵੀ ਲਾਇਸੈਂਸ ਰੱਦ ਕੀਤੇ ਜਾਂਦੇ ਹਨ।

ਵਿਰੋਧੀ ਧਿਰ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ (ਜਿਵੇਂ ਅਮੈਸਿਟੀ ਇੰਟਰਨੈਸ਼ਨਲ ਦਾ ਇਲਜ਼ਾਮ ਹੈ ਕਿ ਸਰਕਾਰ ਚੋਣਵੇਂ ਤਰੀਕੇ ਨਾਲ ਕੰਮ ਕਰ ਰਹੀ ਹੈ। ਜਿਹੜੀਆਂ ਜਥੇਬੰਦੀਆਂ ਸਰਕਾਰ ਦੀਆਂ ਨੀਤੀਆਂ ਦੀ ਨੁਕਤਾਚੀਨੀ ਕਰਦੀਆਂ ਹਨ ਜਾਂ ਘੱਟਗਿਣਤੀਆਂ ਦੇ ਹੱਕਾਂ ਦੀ ਗੱਲ ਕਰਦੀਆਂ ਹਨ, ਉਹਨਾਂ ਨੂੰ 'ਦੇਸ਼ ਵਿਰੋਧੀ' ਗਰਦਾਨ ਕੇ ਉਹਨਾਂ ਦੇ ਫੰਡ ਰੋਕ ਦਿੱਤੇ ਜਾਂਦੇ ਹਨ। ਦੂਜੇ ਪਾਸੇ, ਸੱਤਾਧਾਰੀ ਵਿਚਾਰਧਾਰਾ ਦੇ ਨੇੜੇ ਰਹਿਣ ਵਾਲੀਆਂ ਸੰਸਥਾਵਾਂ (ਜਿਵੇਂ ਬਾਗੇਸ਼ਵਰ ਧਾਮ ਜਾਂ ਹੋਰ ਹਿੰਦੂ ਸੰਗਠਨ) ਨੂੰ ਨਿਯਮਾਂ ਵਿੱਚ ਢਿੱਲ ਜਾਂ ਜਲਦੀ ਮਨਜ਼ੂਰੀ ਮਿਲ ਜਾਂਦੀ ਹੈ। ਜਿੱਥੇ ਸਰਕਾਰ ਇਸ ਨੂੰ ਰਾਸ਼ਟਰੀ ਸੁਰੱਖਿਆ ਅਤੇ ਵਿੱਤੀ ਪਾਰਦਰਸ਼ਤਾ ਦਾ ਮਾਮਲਾ ਦੱਸਦੀ ਹੈ, ਉੱਥੇ ਹੀ ਘੱਟਗਿਣਤੀ ਸਮੂਹ ਇਸ ਨੂੰ ਆਪਣੀ ਆਵਾਜ਼ ਦਬਾਉਣ ਅਤੇ ਲੋਕਤੰਤਰੀ ਢਾਂਚੇ ਵਿੱਚ ਆਪਣੀ ਹਿੱਸੇਦਾਰੀ ਘਟਾਉਣ ਦੀ ਕੋਸ਼ਿਸ਼ ਵਜੋਂ ਦੇਖਦੇ ਹਨ।

# ਪਾਕਿਸਤਾਨ ਵਿਚ ਹਿੰਦੂ ਕੁੜੀਆਂ 'ਤੇ ਟੁੱਟਿਆ ਕਹਿਰ

**✪ ਜਬਰੀ ਨਿਕਾਹ ਤੇ ਮਜ਼ਹਬ ਬਦਲਣ ਦੀ ਮਾਰ, ਯੂਐਨ ਓ ਨੇ ਜਤਾਈ ਚਿੰਤਾ ✪ ਸਿੰਧ ਬਣਿਆ ਗੁਨਾਹਾਂ ਦਾ ਗੜ੍ਹ: 80% ਘਟਨਾਵਾਂ ਸਿਰਫ਼ ਸਿੰਧ ਵਿਚ ਵਾਪਰੀਆਂ! ✪ ਪਾਕਿਸਤਾਨੀ ਹਿੰਦੂ ਕੁੜੀਆਂ ਲਈ 'ਦਹਿਸ਼ਤ ਦਾ ਪਰਛਾਵਾਂ', ਰਿਪੋਰਟ ਨੇ ਹਿਲਾਇਆ ਦੁਨੀਆ ਨੂੰ**

ਖਾਸ ਖਬਰ

ਸੰਯੁਕਤ ਰਾਸ਼ਟਰ ਦੇ ਮਾਹਿਰਾਂ ਦੀ ਤਾਜ਼ਾ ਰਿਪੋਰਟ ਨੇ ਇੱਕ ਵਾਰ ਫਿਰ ਪਾਕਿਸਤਾਨ ਵਿੱਚ ਰਹਿ ਰਹੀਆਂ ਘੱਟ ਗਿਣਤੀ ਹਿੰਦੂ ਅਤੇ ਈਸਾਈ ਕੁੜੀਆਂ ਦੀ ਦਰਦਨਾਕ ਸਥਿਤੀ ਨੂੰ ਦੁਨੀਆ ਦੇ ਸਾਹਮਣੇ ਨੰਗਾ ਕਰ ਦਿੱਤਾ ਹੈ। ਇਹ ਮਾਮਲਾ ਹੁਣ ਸਿਰਫ਼ ਧਾਰਮਿਕ ਅਸਹਿਣਸ਼ੀਲਤਾ ਦਾ ਨਹੀਂ ਰਿਹਾ, ਸਗੋਂ ਇਹ 21ਵੀਂ ਸਦੀ ਵਿੱਚ ਮਨੁੱਖੀ ਅਧਿਕਾਰਾਂ ਦੇ ਸਭ ਤੋਂ ਵਹਿਸ਼ੀਆਨਾ ਘਾਣ ਦੀ ਇੱਕ ਮਿਸਾਲ ਬਣ ਗਿਆ ਹੈ। ਜਦੋਂ ਕਿਸੇ ਰਾਜ ਵਿੱਚ ਧੀਆਂ-ਭੈਣਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਅਗਵਾ ਕਰਕੇ, ਜਬਰੀ ਧਰਮ ਪਰਿਵਰਤਨ ਕਰਵਾ ਕੇ, ਉਨ੍ਹਾਂ ਦੀ ਮਰਜ਼ੀ ਦੇ ਖਿਲਾਫ ਵਿਆਹ ਦਿੱਤਾ ਜਾਂਦਾ ਹੈ, ਤਾਂ ਉਹ ਸਮਾਜ ਸੱਭਿਅਕ ਹੋਣ ਦਾ ਹੱਕ ਗੁਆ ਬੈਠਦਾ ਹੈ।



ਰਿਪੋਰਟ ਵਿੱਚ ਸਭ ਤੋਂ ਵੱਧ ਪਰੇਸ਼ਾਨ ਕਰਨ ਵਾਲਾ ਪਹਿਲੂ ਇਹ ਹੈ ਕਿ ਇਹ ਘਟਨਾਵਾਂ ਕਿਸੇ ਲੁਕਵੇਂ ਕੋਨੇ ਵਿੱਚ ਨਹੀਂ, ਸਗੋਂ ਪਾਕਿਸਤਾਨੀ ਪ੍ਰਸ਼ਾਸਨ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਨੱਕ ਹੇਠ ਹੋ ਰਹੀਆਂ ਹਨ। ਜਦੋਂ ਪੁਲਿਸ ਸ਼ਿਕਾਇਤ ਦਰਜ ਕਰਨ ਤੋਂ ਇਨਕਾਰ ਕਰਦੀ ਹੈ ਅਤੇ ਅਦਾਲਤਾਂ ਨਾਬਾਲਗਾਂ ਨੂੰ ਉਨ੍ਹਾਂ ਦੇ ਅਗਵਾਕਾਰਾਂ ਦੇ ਹਵਾਲੇ ਕਰ ਦਿੰਦੀਆਂ ਹਨ, ਤਾਂ ਇਹ ਸਾਫ਼ ਹੋ ਜਾਂਦਾ ਹੈ ਕਿ ਇਹ 'ਦੋਸ਼ੀ ਦੀ ਨਿੱਜੀ ਗਲਤੀ' ਨਹੀਂ ਸਗੋਂ ਇੱਕ 'ਸੰਸਥਾਗਤ ਅਪਰਾਧ' ਹੈ। ਮਨੁੱਖੀ ਅਧਿਕਾਰਾਂ ਦੇ ਸੰਦਰਭ ਵਿੱਚ, ਇਹ 'ਰਾਈਟ ਟੂ ਲਾਈਫ' (ਜੀਣ ਦਾ ਅਧਿਕਾਰ) ਅਤੇ 'ਧਾਰਮਿਕ ਸੁਤੰਤਰਤਾ' ਦੀ ਸ਼ਰੇਆਮ ਉਲੰਘਣਾ ਹੈ।

ਸੰਯੁਕਤ ਰਾਸ਼ਟਰ ਮਾਹਿਰਾਂ ਨੇ ਸਹੀ ਕਿਹਾ ਹੈ ਕਿ ਇਹ ਕੁੜੀਆਂ ''ਦਹਿਸ਼ਤ ਦੇ ਪਰਛਾਂਵੇਂ'' ਹੇਠ ਜੀ ਰਹੀਆਂ ਹਨ। 14 ਤੋਂ 18 ਸਾਲ ਦੀਆਂ ਮਾਸੂਮ ਕੁੜੀਆਂ, ਜੋ ਅਜੇ ਜ਼ਿੰਦਗੀ ਨੂੰ ਸਮਝਣ ਦੇ ਕਾਬਿਲ ਵੀ ਨਹੀਂ ਹੁੰਦੀਆਂ, ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੋੜਿਆ ਜਾਂਦਾ ਹੈ। ਇਹ ਆਧੁਨਿਕ ਯੁੱਗ ਵਿੱਚ 'ਲਿੰਗ-ਅਧਾਰਿਤ ਗੁਲਾਮੀ' ਦਾ ਸਭ ਤੋਂ ਭਿਆਨਕ ਰੂਪ ਹੈ। ਸਿੰਧ ਪ੍ਰਾਂਤ ਵਿੱਚ 80 ਫੀਸਦੀ ਘਟਨਾਵਾਂ ਦਾ ਹੋਣਾ ਇਹ ਦਰਸਾਉਂਦਾ ਹੈ ਕਿ ਉੱਥੋਂ ਦਾ ਸਮਾਜਿਕ ਢਾਂਚਾ ਘੱਟ ਗਿਣਤੀਆਂ ਲਈ ਪੂਰੀ ਤਰ੍ਹਾਂ ਅਸੁਰੱਖਿਅਤ ਹੋ ਚੁੱਕਾ ਹੈ।

ਸਿਰਫ਼ ਚਿੰਤਾ ਜਤਾਉਣ ਨਾਲ ਹੁਣ ਕੰਮ ਨਹੀਂ ਚੱਲੇਗਾ। ਪਾਕਿਸਤਾਨ ਦਾ ਇਹ ਰਵੱਈਆ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਧੀਆਂ (ਜਿਨ੍ਹਾਂ 'ਤੇ ਉਸ ਨੇ ਖੁਦ ਦਸਤਖਤ ਕੀਤੇ ਹਨ) ਦਾ ਮਜ਼ਾਕ ਉਡਾਉਣ ਵਾਲਾ ਹੈ। ਜੇਕਰ ਅੰਤਰਰਾਸ਼ਟਰੀ ਭਾਈਚਾਰਾ ਅਜੇ ਵੀ ਚੁੱਪ ਰਹਿੰਦਾ ਹੈ, ਤਾਂ ਇਹ ਮੰਨਿਆ ਜਾਵੇਗਾ ਕਿ ਦੁਨੀਆ ਨੇ ਇਨ੍ਹਾਂ ਮਾਸੂਮਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਦਿੱਤਾ ਹੈ।

ਜਬਰੀ ਧਰਮ ਪਰਿਵਰਤਨ ਅਤੇ ਨਾਬਾਲਗਾਂ ਦੇ ਵਿਆਹ ਨੂੰ ਸਿਰਫ਼ 'ਧਾਰਮਿਕ ਮਾਮਲਾ' ਕਹਿ ਕੇ ਪੱਲਾ ਨਹੀਂ ਝਾੜਿਆ ਜਾ ਸਕਦਾ। ਇਹ ਮਨੁੱਖਤਾ ਦੇ ਖਿਲਾਫ ਅਪਰਾਧ ਹੈ, ਜਿਸ ਲਈ ਪਾਕਿਸਤਾਨੀ ਹਕੂਮਤ ਨੂੰ ਜਵਾਬਦੇਹ ਬਣਾਉਣਾ ਲਾਜ਼ਮੀ ਹੈ।

### ਪਾਕਿਸਤਾਨ ਕਾਰਵਾਈ ਕਿਉਂ ਨਹੀਂ ਕਰਦਾ

ਪਾਕਿਸਤਾਨ ਦੀ ਸੰਸਦ ਵਿੱਚ ਕਈ ਵਾਰ 'ਜਬਰੀ ਧਰਮ ਪਰਿਵਰਤਨ ਵਿਰੋਧੀ ਬਿੱਲ' ਲਿਆਂਦਾ ਗਿਆ, ਪਰ ਹਰ ਵਾਰ ਕੱਟੜਪੰਥੀ ਧਾਰਮਿਕ ਜਥੇਬੰਦੀਆਂ ਦੇ ਦਬਾਅ ਹੇਠ ਇਸ ਨੂੰ ਰੱਦ ਕਰ ਦਿੱਤਾ ਗਿਆ।

ਧਾਰਮਿਕ ਮਾਮਲਿਆਂ ਬਾਰੇ ਸੰਸਦੀ ਕਮੇਟੀ ਨੇ ਪਹਿਲਾਂ ਇਹ ਕਹਿ ਕੇ ਬਿੱਲ ਖਾਰਜ ਕਰ ਦਿੱਤਾ ਸੀ ਕਿ ਅਜਿਹਾ ਕਾਨੂੰਨ 'ਇਸਲਾਮ ਦੇ ਵਿਰੁੱਧ' ਹੋ ਸਕਦਾ ਹੈ।

ਸਿੰਧ ਅਸੈਂਬਲੀ ਨੇ 2016 ਵਿੱਚ ਇੱਕ ਬਿੱਲ ਪਾਸ ਕੀਤਾ ਸੀ, ਪਰ ਕੱਟੜਪੰਥੀਆਂ ਦੇ ਵਿਰੋਧ ਕਾਰਨ ਉੱਥੋਂ ਦੇ ਗਵਰਨਰ ਨੇ ਉਸ 'ਤੇ ਦਸਤਖਤ ਨਹੀਂ ਕੀਤੇ। ਪਾਕਿਸਤਾਨ ਦੇ ਵੱਖ-ਵੱਖ ਸੂਬਿਆਂ ਵਿੱਚ ਵਿਆਹ ਦੀ ਉਮਰ ਨੂੰ ਲੈ ਕੇ ਟਕਰਾਅ ਹੈ।

ਸਿੰਧ ਵਿੱਚ ਵਿਆਹ ਦੀ ਕਾਨੂੰਨੀ ਉਮਰ 18 ਸਾਲ ਹੈ, ਪਰ ਪੰਜਾਬ ਅਤੇ ਹੋਰ ਹਿੱਸਿਆਂ ਵਿੱਚ ਇਹ ਅਜੇ ਵੀ 16 ਸਾਲ (ਕੁੜੀਆਂ ਲਈ) ਹੈ।

ਅਕਸਰ ਅਦਾਲਤਾਂ ਇਹ ਫੈਸਲਾ ਸੁਣਾਉਂਦੀਆਂ ਹਨ ਕਿ ਜੇਕਰ ਕੁੜੀ ਨੂੰ 'ਮਾਹਵਾਰੀ' ਸ਼ੁਰੂ ਹੋ ਗਈ ਹੈ, ਤਾਂ ਸ਼ਰੀਅਤ ਕਾਨੂੰਨ ਮੁਤਾਬਕ ਉਸ ਦਾ ਵਿਆਹ ਜਾਇਜ਼ ਹੈ, ਚਾਹੇ ਉਸ ਦੀ ਉਮਰ 18 ਸਾਲ ਤੋਂ ਘੱਟ ਕਿਉਂ ਨਾ ਹੋਵੇ।

ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਪਾਕਿਸਤਾਨੀ ਪੁਲਿਸ ਦੀ ਭੂਮਿਕਾ ਸਭ ਤੋਂ ਵੱਧ ਸ਼ੱਕੀ ਹੈ:

ਪੁਲਿਸ ਅਕਸਰ ਅਗਵਾ ਹੋਈਆਂ ਕੁੜੀਆਂ ਦੇ ਮਾਪਿਆਂ ਦੀ ਐਫ.ਆਈ.ਆਰ. ਦਰਜ ਨਹੀਂ ਕਰਦੀ। ਜੇਕਰ ਕੇਸ ਦਰਜ ਹੁੰਦਾ ਵੀ ਹੈ, ਤਾਂ ਪੁਲਿਸ ਅਦਾਲਤ ਵਿੱਚ ਅਗਵਾਕਾਰਾਂ ਦਾ ਪੱਖ ਲੈਂਦੀ ਹੈ ਅਤੇ ਕੁੜੀ ਵੱਲੋਂ ਦਬਾਅ ਹੇਠ ਦਿੱਤੇ ਗਏ ਬਿਆਨ (ਕਿ ਉਸ ਨੇ ਆਪਣੀ ਮਰਜ਼ੀ ਨਾਲ ਇਸਲਾਮ ਕਬੂਲਿਆ ਹੈ) ਨੂੰ ਹੀ ਸੱਚ ਮੰਨ ਲਿਆ ਜਾਂਦਾ ਹੈ।

ਪਾਕਿਸਤਾਨੀ ਸਰਕਾਰ ਅੰਤਰਰਾਸ਼ਟਰੀ ਮੰਚਾਂ 'ਤੇ ਅਕਸਰ ਅਜਿਹੀਆਂ ਰਿਪੋਰਟਾਂ ਨੂੰ 'ਪ੍ਰੋਪੇਗੰਡਾ' ਦੱਸ ਕੇ ਖਾਰਜ ਕਰਦੀ ਆਈ ਹੈ। ਸਰਕਾਰ ਦਾ ਦਾਅਵਾ ਹੁੰਦਾ ਹੈ ਕਿ ਇਹ 'ਜਬਰੀ ਧਰਮ ਪਰਿਵਰਤਨ' ਨਹੀਂ, ਸਗੋਂ 'ਪਿਆਰ ਦੇ ਮਾਮਲੇ' ਹਨ। ਹਾਲਾਂਕਿ, ਸੰਯੁਕਤ ਰਾਸ਼ਟਰ ਨੇ ਸਾਫ਼ ਕੀਤਾ ਹੈ ਕਿ 14-15 ਸਾਲ ਦੀ ਬੱਚੀ ਦੀ ਸਹਿਮਤੀ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੁੰਦਾ।

ਪਾਕਿਸਤਾਨ ਵਿੱਚ ਕਈ ਪ੍ਰਭਾਵਸ਼ਾਲੀ ਧਾਰਮਿਕ ਆਗੂ (ਜਿਵੇਂ ਮੀਆਂ ਮਿੱਠੂ) ਸ਼ਰੇਆਮ ਇਨ੍ਹਾਂ ਗਤੀਵਿਧੀਆਂ ਨੂੰ ਸ਼ਹਿ ਦਿੰਦੇ ਹਨ। ਪਾਕਿਸਤਾਨੀ ਰਾਜਨੀਤਿਕ ਪਾਰਟੀਆਂ ਵੋਟ ਬੈਂਕ ਅਤੇ ਧਾਰਮਿਕ ਦਬਾਅ ਕਾਰਨ ਇਨ੍ਹਾਂ ਲੋਕਾਂ ਵਿਰੁੱਧ ਕਾਰਵਾਈ ਕਰਨ ਤੋਂ ਡਰਦੀਆਂ ਹਨ।

ਪਾਕਿਸਤਾਨ ਨੇ ਕੁੱਝ ਦਿਖਾਵੇ ਦੇ ਕਮਿਸ਼ਨ ਜ਼ਰੂਰ ਬਣਾਏ ਹਨ, ਪਰ ਅਸਲ ਵਿੱਚ ਕੋਈ ਅਜਿਹਾ ਸਖ਼ਤ ਕੇਂਦਰੀ ਕਾਨੂੰਨ ਨਹੀਂ ਬਣਾਇਆ ਜੋ ਘੱਟ ਗਿਣਤੀ ਕੁੜੀਆਂ ਨੂੰ ਅਗਵਾਕਾਰਾਂ ਅਤੇ ਜਬਰੀ ਨਿਕਾਹ ਤੋਂ ਸੁਰੱਖਿਆ ਦੇ ਸਕੇ। ਅਦਾਲਤਾਂ ਅਤੇ ਪੁਲਿਸ ਦਾ ਢਾਂਚਾ ਅਜੇ ਵੀ ਅਪਰਾਧੀਆਂ ਨੂੰ 'ਸਜ਼ਾ ਮੁਕਤੀ' ਪ੍ਰਦਾਨ ਕਰ ਰਿਹਾ ਹੈ।

✪ ✪ ✪

## ਕੀ ਸਿੱਖਾਂ ਦੀਆਂ ਕੁੜੀਆਂ ਸੁਰਖਿਅਤ ਹਨ

ਪਾਕਿਸਤਾਨ ਵਿੱਚ ਸਿੱਖ ਕੁੜੀਆਂ ਦੀ ਸੁਰੱਖਿਆ ਨੂੰ ਲੈ ਕੇ ਸਥਿਤੀ ਵੀ ਓਨੀ ਹੀ ਗੰਭੀਰ ਹੈ ਜਿੰਨੀ ਹਿੰਦੂ ਅਤੇ ਈਸਾਈ ਕੁੜੀਆਂ ਦੀ। ਹਾਲਾਂਕਿ ਹਿੰਦੂ ਕੁੜੀਆਂ ਦੀ ਗਿਣਤੀ ਸਿੰਧ ਪ੍ਰਾਂਤ ਵਿੱਚ ਜ਼ਿਆਦਾ ਹੋਣ ਕਾਰਨ ਮਾਮਲੇ ਉੱਥੇ ਵੱਧ ਦਰਜ ਹੁੰਦੇ ਹਨ, ਪਰ ਖੈਬਰ ਪਖਤੂਨਖਵਾ ਅਤੇ ਪੰਜਾਬ ਪ੍ਰਾਂਤ ਵਿੱਚ ਰਹਿਣ ਵਾਲਾ ਸਿੱਖ ਭਾਈਚਾਰਾ ਵੀ ਲਗਾਤਾਰ ਜਬਰੀ ਧਰਮ ਪਰਿਵਰਤਨ ਅਤੇ ਅਗਵਾ ਦੀਆਂ ਘਟਨਾਵਾਂ ਦਾ ਸ਼ਿਕਾਰ ਹੋ ਰਿਹਾ ਹੈ।

ਪਿਛਲੇ ਕੁਝ ਸਾਲਾਂ ਵਿੱਚ ਸਿੱਖ ਕੁੜੀਆਂ ਦੇ ਅਗਵਾ ਅਤੇ ਜਬਰੀ ਨਿਕਾਹ ਦੇ ਮਾਮਲਿਆਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਸੁਰਖੀਆਂ ਬਟੋਰੀਆਂ ਹਨ:

ਨਨਕਾਣਾ ਸਾਹਿਬ ਵਿਖੇ ਜਗਜੀਤ ਕੌਰ (ਜਿਸਦਾ ਨਾਂ ਬਦਲ ਕੇ ਆਇਸ਼ਾ ਰੱਖਿਆ ਗਿਆ ਸੀ) ਦਾ ਮਾਮਲਾ ਸਭ ਤੋਂ ਚਰਚਿਤ ਰਿਹਾ, ਜਿੱਥੇ ਇੱਕ ਗ੍ਰੰਥੀ ਦੀ ਧੀ ਨੂੰ ਅਗਵਾ ਕਰਕੇ ਜਬਰੀ ਨਿਕਾਹ ਕੀਤਾ ਗਿਆ। ਇਸ ਘਟਨਾ ਤੋਂ ਬਾਅਦ ਨਨਕਾਣਾ ਸਾਹਿਬ ਗੁਰਦੁਆਰੇ ਦੇ ਬਾਹਰ ਹਿੰਸਕ ਪ੍ਰਦਰਸ਼ਨ ਵੀ ਹੋਏ ਸਨ।

ਪਿਸ਼ਾਵਰ ਅਤੇ ਹੋਰ ਇਲਾਕਿਆਂ ਵਿੱਚ ਵੀ ਸਿੱਖ ਕੁੜੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਸਿੱਖ ਭਾਈਚਾਰੇ ਅਨੁਸਾਰ, ਅਗਵਾਕਾਰ ਅਕਸਰ ਕੁੜੀਆਂ ਨੂੰ ਡਰਾ-ਧਮਕਾ ਕੇ ਅਦਾਲਤ ਵਿੱਚ ਬਿਆਨ ਦਿਵਾਉਂਦੇ ਹਨ ਕਿ ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਇਸਲਾਮ ਕਬੂਲਿਆ ਹੈ।

ਸਿੱਖ ਭਾਈਚਾਰਾ ਸੰਖਿਆ ਵਿੱਚ ਬਹੁਤ ਛੋਟਾ ਹੈ, ਜਿਸ ਕਾਰਨ ਉਹ ਸਥਾਨਕ ਕੱਟੜਪੰਥੀ ਗਰੁੱਪਾਂ ਅਤੇ ਪ੍ਰਭਾਵਸ਼ਾਲੀ ਲੋਕਾਂ ਦੇ ਦਬਾਅ ਅੱਗੇ ਕਮਜ਼ੋਰ ਪੈ ਜਾਂਦੇ ਹਨ। ਹਿੰਦੂਆਂ ਵਾਂਗ, ਸਿੱਖਾਂ ਲਈ ਵੀ ਪਾਕਿਸਤਾਨ ਵਿੱਚ ਕੋਈ ਸਖ਼ਤ 'ਜਬਰੀ ਧਰਮ ਪਰਿਵਰਤਨ ਵਿਰੋਧੀ ਕਾਨੂੰਨ' ਨਹੀਂ ਹੈ।

ਪਾਕਿਸਤਾਨੀ ਸਿੱਖਾਂ ਨੇ ਕਈ ਵਾਰ ਸੜਕਾਂ 'ਤੇ ਉਤਰ ਕੇ ਪ੍ਰਦਰਸ਼ਨ ਕੀਤੇ ਹਨ। ਅਕਸਰ ਅਗਵਾ ਹੋਈਆਂ ਕੁੜੀਆਂ ਦੇ ਮਾਪਿਆਂ ਨੇ ਦੋਸ਼ ਲਾਇਆ ਹੈ ਕਿ ਪੁਲਿਸ ਦੋਸ਼ੀਆਂ ਦੀ ਮਦਦ ਕਰਦੀ ਹੈ। ਸ਼੍ਰੋਮਣੀ ਕਮੇਟੀ ਨੇ ਵੀ ਕਈ ਵਾਰ ਪਾਕਿਸਤਾਨ ਸਰਕਾਰ ਕੋਲ ਇਹ ਮੁੱਦਾ ਉਠਾਇਆ ਹੈ, ਪਰ ਪਾਕਿਸਤਾਨ ਵੱਲੋਂ ਸਿਰਫ਼ ਭਰੋਸੇ ਹੀ ਮਿਲਦੇ ਹਨ।

ਪਾਕਿਸਤਾਨ ਦੇ ਸਿੱਖ ਪਰਿਵਾਰ ਹੁਣ ਆਪਣੀਆਂ ਧੀਆਂ ਨੂੰ ਸਕੂਲ-ਕਾਲਜ ਭੇਜਣ ਤੋਂ ਵੀ ਕਤਰਾਉਣ ਲੱਗੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਰਹਿੰਦਾ ਹੈ ਕਿ ਰਾਹ ਵਿੱਚੋਂ ਹੀ ਉਨ੍ਹਾਂ ਦੀ ਧੀ ਨੂੰ ਕੋਈ ਅਗਵਾ ਨਾ ਕਰ ਲਵੇ।

# ਸ਼ਰਮਨਾਕ ! ਟਰੰਪ ਨੇ ਭਾਰਤ ਨੂੰ 'ਹੈਲਹੋਲ' ਕਹਿ ਕੇ ਕੀਤਾ ਅਪਮਾਨਿਤ

## ✪ ਕਾਂਗਰਸ ਨੇ ਕਿਹਾ - 'ਮੋਦੀ ਜੀ ਚੁੱਪ ਕਿਉਂ ਹਨ ?' ✪ ਕੀ ਮੋਦੀ ਦਰਜ ਕਰਵਾਉਣਗੇ ਇਤਰਾਜ਼ ?

ਅੰਤਰਰਾਸ਼ਟਰੀ ਰਾਜਨੀਤੀ ਵਿੱਚ ਸ਼ਬਦਾਂ ਦੀ ਚੋਣ ਕੇਵਲ ਭਾਸ਼ਾ ਦਾ ਵਿਸ਼ਾ ਨਹੀਂ ਹੁੰਦੀ, ਸਗੋਂ ਇਹ ਦੋ ਦੇਸ਼ਾਂ ਦੇ ਆਪਸੀ ਸਬੰਧਾਂ ਅਤੇ ਸਤਿਕਾਰ ਦੀ ਗਵਾਹੀ ਭਰਦੀ ਹੈ। ਹਾਲ ਹੀ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ 'ਟਰੁਥ ਸੋਸ਼ਲ' 'ਤੇ ਸਾਂਝੀ ਕੀਤੀ ਗਈ ਇੱਕ ਪੋਸਟ, ਜਿਸ ਵਿੱਚ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਨੂੰ "ਹੈਲਹੋਲ" (ਨਰਕ ਵਰਗਾ ਦੇਸ਼) ਕਿਹਾ ਗਿਆ ਹੈ, ਨੇ ਇੱਕ ਨਵਾਂ ਵਿਵਾਦ ਛੇੜ ਦਿੱਤਾ ਹੈ। ਇਹ ਟਿੱਪਣੀ ਅਜਿਹੇ ਸਮੇਂ ਆਈ ਹੈ ਜਦੋਂ ਭਾਰਤੀ ਮੀਡੀਆ ਅਤੇ ਸਰਕਾਰ ਅਮਰੀਕਾ ਨਾਲ ਗੂੜ੍ਹੇ ਹੁੰਦੇ ਸਬੰਧਾਂ ਦੇ ਦਾਅਵੇ ਕਰ ਰਹੀ ਹੈ।



ਟਰੰਪ ਵੱਲੋਂ ਸਾਂਝਾ ਕੀਤਾ ਗਿਆ ਪੱਤਰ ਅਸਲ ਵਿੱਚ ਅਮਰੀਕਾ ਦੀ 'ਜਨਮ ਤੋਂ ਨਾਗਰਿਕਤਾ' ਨੀਤੀ 'ਤੇ ਹਮਲਾ ਕਰਦਾ ਹੈ। ਪੱਤਰ ਵਿੱਚ ਤਰਕ ਦਿੱਤਾ ਗਿਆ ਹੈ ਕਿ ਪ੍ਰਵਾਸੀ ਅਮਰੀਕਾ ਵਿੱਚ ਬੱਚਾ ਪੈਦਾ ਕਰਕੇ ਨਾਗਰਿਕਤਾ ਹਾਸਲ ਕਰਦੇ ਹਨ ਅਤੇ ਫਿਰ ਆਪਣੇ ਪਰਿਵਾਰਾਂ ਨੂੰ ਭਾਰਤ ਵਰਗੇ "ਨਰਕ" ਦੇਸ਼ਾਂ ਤੋਂ ਉੱਥੇ ਬੁਲਾ ਲੈਂਦੇ ਹਨ।

ਟਰੰਪ ਦੀ ਰਾਜਨੀਤੀ ਦਾ ਮੁੱਖ ਧੁਰਾ 'ਅਮਰੀਕਾ ਫਸਟ' ਹੈ। ਉਹ ਗੈਰ-ਕਾਨੂੰਨੀ ਅਤੇ ਜ਼ਿਆਦਾ ਇਮੀਗ੍ਰੇਸ਼ਨ ਨੂੰ ਅਮਰੀਕੀ ਸਰੋਤਾਂ 'ਤੇ ਬੋਝ ਮੰਨਦੇ ਹਨ। ਉਨ੍ਹਾਂ ਨੇ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਨੂੰ 'ਨਰਕ' ਕਹਿ ਕੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਉੱਥੋਂ ਦੇ ਲੋਕ ਆਪਣੇ 'ਮਾੜੇ' ਦੇਸ਼ਾਂ ਨੂੰ ਛੱਡ ਕੇ ਅਮਰੀਕਾ ਦੀਆਂ ਸਹੂਲਤਾਂ (ਸਿਹਤ ਅਤੇ ਭਲਾਈ ਸਕੀਮਾਂ) ਦਾ ਨਾਜਾਇਜ਼ ਫ਼ਾਇਦਾ ਚੁੱਕਣ ਲਈ ਆਉਂਦੇ ਹਨ।

ਟਰੰਪ ਅਕਸਰ ਅਜਿਹੀ ਭੜਕਾਊ ਬਿਆਨਬਾਜ਼ੀ ਆਪਣੇ ਕੱਟੜ ਸਮਰਥਕਾਂ ਨੂੰ ਖ਼ੁਸ਼ ਕਰਨ ਲਈ ਕਰਦੇ ਹਨ। ਉਹ ਇਹ ਦਿਖਾਉਣਾ ਚਾਹੁੰਦੇ ਹਨ ਕਿ ਉਹ ਅਮਰੀਕੀ ਸੱਭਿਆਚਾਰ ਅਤੇ ਆਰਥਿਕਤਾ ਨੂੰ ਬਾਹਰੀ ਲੋਕਾਂ ਤੋਂ ਬਚਾਉਣ ਵਾਲੇ ਇਕਲੌਤੇ ਨੇਤਾ ਹਨ। ਇਸ ਪੋਸਟ ਰਾਹੀਂ ਉਨ੍ਹਾਂ ਨੇ ਅਮਰੀਕੀ ਮੱਧ ਵਰਗ ਦੀਆਂ ਉਨ੍ਹਾਂ ਚਿੰਤਾਵਾਂ ਨੂੰ ਹਵਾ ਦਿੱਤੀ ਹੈ ਜੋ ਮੰਨਦੇ ਹਨ ਕਿ ਪ੍ਰਵਾਸੀਆਂ ਕਾਰਨ ਉਨ੍ਹਾਂ ਦੀਆਂ ਨੌਕਰੀਆਂ ਅਤੇ ਟੈਕਸ ਦਾ ਪੈਸਾ ਖ਼ਰਚ ਹੋ ਰਿਹਾ ਹੈ।

ਭਾਰਤ ਅਤੇ ਅਮਰੀਕਾ ਵਿਚਾਲੇ ਇਸ ਵੇਲੇ ਅਹਿਮ ਵਪਾਰਕ ਸੌਦੇ ਅਤੇ ਰਣਨੀਤਕ ਗੱਲਬਾਤ ਚੱਲ ਰਹੀ ਹੈ। ਈਰਾਨ ਸੰਕਟ ਦੌਰਾਨ ਵੀ ਦੋਵਾਂ ਨੇਤਾਵਾਂ ਵਿਚਾਲੇ ਲੰਬੀ ਗੱਲਬਾਤ ਹੋਈ ਸੀ। ਅਜਿਹੇ ਨਾਜ਼ੁਕ ਮੋੜ 'ਤੇ ਅਮਰੀਕੀ ਰਾਸ਼ਟਰਪਤੀ ਦਾ ਇਹ ਰਵੱਈਆ ਦੱਸਦਾ ਹੈ ਕਿ ਅੰਤਰਰਾਸ਼ਟਰੀ ਰਾਜਨੀਤੀ ਵਿੱਚ 'ਦੋਸਤੀ' ਨਾਲੋਂ 'ਹਿੱਤ' ਅਤੇ 'ਵੋਟ ਬੈਂਕ' ਦੀ ਰਾਜਨੀਤੀ ਜ਼ਿਆਦਾ ਭਾਰੂ ਹੁੰਦੀ ਹੈ। ਟਰੰਪ ਦਾ ਇਹ ਕਦਮ ਉਨ੍ਹਾਂ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਦਾ ਹਿੱਸਾ ਹੋ ਸਕਦਾ ਹੈ, ਪਰ ਕਿਸੇ ਦੋਸਤ ਦੇਸ਼ ਦੇ ਸਤਿਕਾਰ ਦੀ ਕੀਮਤ 'ਤੇ ਅਜਿਹੀ ਬਿਆਨਬਾਜ਼ੀ ਬਰਦਾਸ਼ਤਯੋਗ ਨਹੀਂ ਹੈ।

=ਇੱਥੇ ਸਵਾਲ ਇਹ ਉੱਠਦਾ ਹੈ ਕਿ ਕੀ ਚੋਣ ਪ੍ਰਚਾਰ ਜਾਂ ਅੰਦਰੂਨੀ ਨੀਤੀਆਂ ਦੀ ਆੜ ਵਿੱਚ ਕਿਸੇ ਮਿੱਤਰ ਦੇਸ਼ ਦੇ ਵਿਰੁੱਧ ਅਜਿਹੀ ਭਾਸ਼ਾ ਦੀ ਵਰਤੋਂ ਜਾਇਜ਼ ਹੈ? ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਅਮਰੀਕਾ ਦੇ ਵਿਕਾਸ ਵਿੱਚ ਭਾਰਤੀ ਪ੍ਰਵਾਸੀਆਂ ਦਾ ਯੋਗਦਾਨ ਬੇਮਿਸਾਲ ਹੈ। ਅਜਿਹੇ ਵਿੱਚ ਭਾਰਤ ਨੂੰ "ਨਰਕ" ਕਹਿਣਾ ਨਾ ਸਿਰਫ਼ ਦੇਸ਼ ਦਾ ਅਪਮਾਨ ਹੈ, ਸਗੋਂ ਉਨ੍ਹਾਂ ਲੱਖਾਂ ਭਾਰਤੀਆਂ ਦੀ ਮਿਹਨਤ ਦੀ ਵੀ ਤੌਹੀਨ ਹੈ ਜੋ ਅਮਰੀਕੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ।

ਵਿਰੋਧੀ ਧਿਰ ਨੇ ਮੋਦੀ ਨੂੰ ਘੇਰਿਆ- ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨੇ ਇਸ ਮੁੱਦੇ 'ਤੇ ਕੇਂਦਰ ਸਰਕਾਰ ਦੀ ਚੁੱਪ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੋ ਅਕਸਰ ਟਰੰਪ ਨਾਲ ਆਪਣੀ ਨਿੱਜੀ ਦੋਸਤੀ ਦਾ ਹਵਾਲਾ ਦਿੰਦੇ ਹਨ, ਨੂੰ ਇਸ ਮਾਮਲੇ 'ਤੇ ਸਖ਼ਤ ਰੁਖ਼ ਅਖਤਿਆਰ ਕਰਨਾ ਚਾਹੀਦਾ ਹੈ। ਜਦੋਂ ਭਾਰਤੀ ਮੀਡੀਆ ਟਰੰਪ ਅਤੇ ਮੋਦੀ ਦੀ 40 ਮਿੰਟ ਦੀ ਫ਼ੋਨ ਕਾਲ ਨੂੰ ਇੱਕ ਵੱਡੀ ਕੂਟਨੀਤਕ ਜਿੱਤ ਵਜੋਂ ਪੇਸ਼ ਕਰਦਾ ਹੈ, ਤਾਂ ਅਜਿਹੀਆਂ ਅਪਮਾਨਜਨਕ ਘਟਨਾਵਾਂ ਵੇਲੇ ਉਸੇ ਮੀਡੀਆ ਦੀ ਚੁੱਪ ਹੈਰਾਨੀਜਨਕ ਹੈ। ਕੀ ਭਾਰਤ ਦੀ ਵਿਦੇਸ਼ ਨੀਤੀ ਇੰਨੀ ਕਮਜ਼ੋਰ ਹੋ ਗਈ ਹੈ ਕਿ ਅਸੀਂ ਇੱਕ ਸ਼ਕਤੀਸ਼ਾਲੀ ਦੇਸ਼ ਦੇ ਆਗੂ ਵੱਲੋਂ ਕੀਤੇ ਗਏ ਜਨਤਕ ਅਪਮਾਨ ਨੂੰ ਸਿਰਫ਼ ਇਸ ਲਈ ਨਜ਼ਰਅੰਦਾਜ਼ ਕਰ ਦੇਈਏ ਕਿ ਸਾਡੇ ਵਪਾਰਕ ਹਿੱਤ ਜੁੜੇ ਹੋਏ ਹਨ?

ਟਰੰਪ ਦਾ ਇਹ ਰਵੱਈਆ ਅਮਰੀਕਾ ਵਿੱਚ ਰਹਿ ਰਹੇ ਭਾਰਤੀਆਂ ਲਈ ਵੀ ਚਿੰਤਾ ਦਾ ਵਿਸ਼ਾ ਹੈ। ਅਜਿਹੀਆਂ ਟਿੱਪਣੀਆਂ ਨਸਲੀ ਵਿਤਕਰੇ ਨੂੰ ਹਵਾ ਦੇ ਸਕਦੀਆਂ ਹਨ। ਜੇਕਰ ਇੱਕ ਦੇਸ਼ ਦਾ ਰਾਸ਼ਟਰਪਤੀ ਹੀ ਦੂਜੇ ਦੇਸ਼ਾਂ ਨੂੰ ਘਟੀਆ ਦੱਸੇਗਾ, ਤਾਂ ਉੱਥੋਂ ਦੇ ਆਮ ਨਾਗਰਿਕਾਂ ਵਿੱਚ ਪ੍ਰਵਾਸੀਆਂ ਪ੍ਰਤੀ ਨਫ਼ਰਤ ਵਧਣੀ ਲਾਜ਼ਮੀ ਹੈ।

ਕਾਂਗਰਸ ਦਾ ਮੰਨਣਾ ਹੈ ਕਿ ਅੰਤਰਰਾਸ਼ਟਰੀ ਸਬੰਧਾਂ ਵਿੱਚ ਸਤਿਕਾਰ ਦੋ-ਪਾਸੜ ਹੋਣਾ ਚਾਹੀਦਾ ਹੈ। ਭਾਰਤ ਇੱਕ ਉੱਭਰ ਰਹੀ ਵਿਸ਼ਵ ਸ਼ਕਤੀ ਹੈ ਅਤੇ ਕਿਸੇ ਵੀ ਦੇਸ਼ ਨੂੰ ਇਹ ਹੱਕ ਨਹੀਂ ਦਿੱਤਾ ਜਾ ਸਕਦਾ ਕਿ ਉਹ ਸਾਡੇ ਰਾਸ਼ਟਰ ਦੀ ਗਰਿਮਾ ਨੂੰ ਠੇਸ ਪਹੁੰਚਾਏ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕੇਵਲ ਵਪਾਰਕ ਸੌਦਿਆਂ 'ਤੇ ਹੀ ਧਿਆਨ ਨਾ ਦੇਵੇ, ਸਗੋਂ ਰਾਸ਼ਟਰੀ ਸਵੈ-ਮਾਣ ਦੀ ਰਾਖੀ ਲਈ ਅਮਰੀਕੀ ਪ੍ਰਸ਼ਾਸਨ ਕੋਲ ਸਖ਼ਤ ਵਿਰੋਧ ਦਰਜ ਕਰਵਾਏ ਜੇਕਰ ਅੱਜ ਇਸ ਅਪਮਾਨ ਦਾ ਵਿਰੋਧ ਨਾ ਕੀਤਾ ਗਿਆ, ਤਾਂ ਭਵਿੱਖ ਵਿੱਚ ਅਜਿਹੀਆਂ ਟਿੱਪਣੀਆਂ ਕੌਮਾਂਤਰੀ ਪੱਧਰ 'ਤੇ ਭਾਰਤ ਦੀ ਸਾਖ ਨੂੰ ਹੋਰ ਨੁਕਸਾਨ ਪਹੁੰਚਾ ਸਕਦੀਆਂ ਹਨ।

# ਕੈਨੇਡਾ ਵਿਚ ਭਾਰਤੀ ਵਿਦਿਆਰਥੀ ਬਣ ਰਹੇ ਬਿਸ਼ਨੋਈ ਤੇ ਬੰਬੀਹਾ ਗੈਂਗ ਦੇ 'ਮੋਹਰੇ'

## ✪ ਫਿਨਟ੍ਰੈਕ ਦੀ ਰਿਪੋਰਟ ਨੇ ਕੀਤੇ ਵੱਡੇ ਖੁਲਾਸੇ ✪ 100 ਤੋਂ ਵੱਧ ਸ਼ੱਕੀ ਟ੍ਰਾਂਜੈਕਸ਼ਨਾਂ ਨੇ ਉਡਾਏ ਸੁਰੱਖਿਆ ਏਜੰਸੀਆਂ ਦੇ ਹੋਸ਼। ✪ ਫਿਰੌਤੀ ਦੀ ਰਕਮ ਲਈ ਕ੍ਰਿਪਟੋ ਤੇ ਈ-ਟ੍ਰਾਂਸਫਰ ਦਾ ਜਾਲ: ਫਿਨਟ੍ਰੈਕ ਵਲੋਂ ਬੈਂਕਾਂ ਨੂੰ ਹਾਈ ਅਲਰਟ

ਖਾਸ ਰਿਪੋਰਟ

ਕੈਨੇਡਾ ਦੀ ਵਿੱਤੀ ਖੁਫੀਆ ਏਜੰਸੀ 'ਫਿਨਟ੍ਰੈਕ' ਦੀ ਇੱਕ ਤਾਜ਼ਾ ਅਤੇ ਚਿੰਤਾਜਨਕ ਰਿਪੋਰਟ ਸਾਹਮਣੇ ਆਈ ਹੈ। ਇਸ ਰਿਪੋਰਟ ਅਨੁਸਾਰ ਕੈਨੇਡਾ ਵਿੱਚ ਸਰਗਰਮ ਅਪਰਾਧਿਕ ਗਰੁੱਪ ਫਿਰੌਤੀਆਂ ਦੀ ਰਕਮ ਵਸੂਲਣ ਅਤੇ ਉਸ ਨੂੰ ਟ੍ਰਾਂਸਫਰ ਕਰਨ ਲਈ ਭਾਰਤੀ ਵਿਦਿਆਰਥੀਆਂ, ਖਾਸ ਕਰਕੇ ਪੰਜਾਬੀ ਨੌਜਵਾਨਾਂ ਨੂੰ ਮੋਹਰੇ ਵਜੋਂ ਵਰਤ ਰਹੇ ਹਨ। ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਅਪਰਾਧਿਕ ਗਰੁੱਪ 17 ਤੋਂ 30 ਸਾਲ ਦੀ ਉਮਰ ਦੇ ਉਨ੍ਹਾਂ ਨੌਜਵਾਨਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਜੋ ਆਰਥਿਕ ਤੌਰ 'ਤੇ ਕਮਜ਼ੋਰ ਹਨ। ਮੁੱਖ ਤੌਰ 'ਤੇ ਅਜਿਹੇ ਵਿਦਿਆਰਥੀਆਂ ਨੂੰ ਲਾਲਚ ਦਿੱਤਾ ਜਾਂਦਾ ਹੈ:

ਜਿਨ੍ਹਾਂ ਦੇ ਸਟੱਡੀ ਜਾਂ ਵਰਕ ਪਰਮਿਟ ਖ਼ਤਮ ਹੋ ਚੁੱਕੇ ਹਨ।

ਜਿਨ੍ਹਾਂ ਦੇ ਪੱਕੇ ਹੋਣ ਦੀ ਕੋਈ ਉਮੀਦ ਨਹੀਂ ਰਹੀ।

ਕਾਲਜਾਂ ਵਿੱਚ ਪੜ੍ਹ ਰਹੇ ਨਵੇਂ ਵਿਦਿਆਰਥੀ (ਲੜਕੇ ਅਤੇ ਲੜਕੀਆਂ) ਜਿਨ੍ਹਾਂ ਨੂੰ ਸਿੱਧੇ ਸੰਪਰਕ ਰਾਹੀਂ ਗੈਂਗਾਂ ਵਿੱਚ ਭਰਤੀ ਕੀਤਾ ਜਾ ਰਿਹਾ ਹੈ।

ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਨਾਲ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਕ, ਇਹ ਗੈਂਗਸਟਰ ਕੈਨੇਡਾ ਵਿੱਚ ਵੱਸਦੇ ਭਾਰਤੀਆਂ, ਖਾਸ ਕਰਕੇ ਪੰਜਾਬੀ ਮੂਲ ਦੇ ਕਾਰੋਬਾਰੀਆਂ ਨੂੰ ਆਪਣਾ ਸ਼ਿਕਾਰ ਬਣਾ ਰਹੇ ਹਨ। ਇਨ੍ਹਾਂ ਵਿੱਚ ਮੁੱਖ ਤੌਰ 'ਤੇ ਟਰੱਕਿੰਗ ਅਤੇ ਮਕਾਨ ਉਸਾਰੀ ,ਪ੍ਰਾਪਰਟੀ ਡੀਲਰ ਅਤੇ ਹੋਟਲ ਮਾਲਕ, ਰੈਸਟੋਰੈਂਟ ਅਤੇ ਹੋਰ ਮੱਧ ਦਰਜੇ ਦੇ ਵਪਾਰੀ ਖੇਤਰਾਂ ਨਾਲ ਜੁੜੇ ਲੋਕ ਸ਼ਾਮਿਲ ਹਨ।

ਵਿੱਤੀ ਲੈਣ-ਦੇਣ ਦੇ ਬਦਲਦੇ ਤਰੀਕੇ- ਫਿਨਟ੍ਰੈਕ ਅਨੁਸਾਰ, ਫਿਰੌਤੀ ਦੀ ਰਕਮ ਲੈਣ ਲਈ ਈ-ਮੇਲ, ਚੈੱਕ, ਅਤੇ ਕ੍ਰਿਪਟੋਕਰੰਸੀ ਦੀ ਵਰਤੋਂ ਕੀਤੀ ਜਾ ਰਹੀ ਹੈ। ਪੁਲਿਸ ਦੀ ਨਜ਼ਰ ਤੋਂ ਬਚਣ ਲਈ ਵੱਡੀ ਰਕਮ ਨੂੰ ਛੋਟੀਆਂ-ਛੋਟੀਆਂ ਕਿਸ਼ਤਾਂ ਵਿੱਚ ਲਿਆ ਜਾਂਦਾ ਹੈ। ਇਸ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ ਫਿਨਟ੍ਰੈਕ ਨੇ ਫਿਰੌਤੀ ਨਾਲ ਜੁੜੇ 100 ਤੋਂ ਵੱਧ ਸ਼ੱਕੀ ਮਾਮਲਿਆਂ ਦੀ ਪਛਾਣ ਕੀਤੀ ਹੈ, ਜੋ ਕਿ ਪਿਛਲੇ ਦੋ ਸਾਲਾਂ ਦੇ ਕੁੱਲ ਅੰਕੜੇ ਤੋਂ ਦੁੱਗਣੀ ਹੈ।

ਬੰਬੀਹਾ ਅਤੇ ਬਿਸ਼ਨੋਈ ਗੈਂਗ ਦਾ ਨਾਮ ਆਇਆ ਸਾਹਮਣੇ-ਏਜੰਸੀ ਨੇ ਦਾਅਵਾ ਕੀਤਾ ਹੈ ਕਿ ਇਨ੍ਹਾਂ ਅਪਰਾਧਿਕ ਗਤੀਵਿਧੀਆਂ ਵਿੱਚ ਬੰਬੀਹਾ ਅਤੇ ਬਿਸ਼ਨੋਈ ਗੈਂਗ ਸਮੇਤ ਕਈ ਹੋਰ ਗਰੁੱਪ ਸ਼ਾਮਿਲ ਹਨ। ਇਹ ਗਰੁੱਪ ਲੋੜਵੰਦ ਵਿਦਿਆਰਥੀਆਂ ਨੂੰ ਪੈਸੇ ਟ੍ਰਾਂਸਫਰ ਕਰਨ ਲਈ ਵਰਤਦੇ ਹਨ ਤਾਂ ਜੋ ਪੈਸਾ ਦੇਸ਼ ਤੋਂ ਬਾਹਰ ਭੇਜਿਆ ਜਾ ਸਕੇ।

ਸੁਰੱਖਿਆ ਏਜੰਸੀਆਂ ਵਲੋਂ ਚੇਤਾਵਨੀ- ਓਂਟਾਰੀਓ, ਅਲਬਰਟਾ ਅਤੇ ਮੈਨੀਟੋਬਾ ਵਰਗੇ ਸੂਬਿਆਂ ਵਿੱਚ ਗੋਲੀਬਾਰੀ ਅਤੇ ਅੱਗ ਲਗਾਉਣ ਦੀਆਂ ਵਧਦੀਆਂ ਘਟਨਾਵਾਂ ਨੂੰ ਦੇਖਦੇ ਹੋਏ, ਵਿੱਤੀ ਅਦਾਰਿਆਂ ਅਤੇ ਬੈਂਕਾਂ ਨੂੰ ਵਿਸ਼ੇਸ਼ ਸਾਵਧਾਨੀ ਵਰਤਣ ਦੇ ਨਿਰਦੇਸ਼ ਦਿੱਤੇ ਗਏ ਹਨ। ਖਾਸ ਤੌਰ 'ਤੇ ਵਿਦੇਸ਼ਾਂ ਵਿੱਚ ਭੇਜੀ ਜਾਣ ਵਾਲੀ ਰਕਮ 'ਤੇ ਤਿੱਖੀ ਨਜ਼ਰ ਰੱਖਣ ਲਈ ਕਿਹਾ ਗਿਆ ਹੈ ਤਾਂ ਜੋ ਜਰਾਇਮ ਪੇਸ਼ਾ ਲੋਕਾਂ ਤੱਕ ਪੈਸਾ ਨਾ ਪਹੁੰਚ ਸਕੇ। ਕੈਨੇਡਾ ਦੀ ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਨੇ ਪਿਛਲੇ ਕੁਝ ਮਹੀਨਿਆਂ ਵਿੱਚ ਓਂਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਕਈ ਛਾਪੇਮਾਰੀ ਕੀਤੀ ਹੈ। ਇਨ੍ਹਾਂ ਵਿੱਚ ਦਰਜਨਾਂ ਨੌਜਵਾਨਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ, ਜਿਨ੍ਹਾਂ ਵਿੱਚੋਂ ਕਈਆਂ ਦਾ ਸਬੰਧ ਸਟੱਡੀ ਵੀਜ਼ਾ ਜਾਂ ਵਰਕ ਪਰਮਿਟ ਨਾਲ ਦੱਸਿਆ ਜਾ ਰਿਹਾ ਹੈ। ਰਿਪੋਰਟ ਮੁਤਾਬਕ ਗ੍ਰਿਫਤਾਰੀਆਂ ਦੀ ਗਿਣਤੀ ਲਗਾਤਾਰ ਬਦਲ ਰਹੀ ਹੈ ਕਿਉਂਕਿ ਪੁਲਿਸ ਹੁਣ ਉਨ੍ਹਾਂ 'ਮਨੀ ਮਿਊਲਜ਼' ਨੂੰ ਫੜ ਰਹੀ ਹੈ ਜੋ ਗੈਂਗਸਟਰਾਂ ਲਈ ਪੈਸੇ ਆਪਣੇ ਖਾਤੇ ਵਿੱਚ ਪਵਾ ਕੇ ਅੱਗੇ ਭੇਜਦੇ ਸਨ।

## ✿ ਮਾਮਲਾ ਡੀਆਈਜੀ ਭੁੱਲਰ ਰਿਸ਼ਵਤ ਕਾਂਡ ਦਾ ✿

# ਸੀਲਬੰਦ ਲੈਪਟਾਪ ਤੇ ਮੋਬਾਈਲ ਫਿਰ ਖੁੱਲ੍ਹਣਗੇ, ਕਈ ਵੱਡੇ ਅਫ਼ਸਰਾਂ 'ਤੇ ਡਿੱਗ ਸਕਦੀ ਹੈ ਗਾਜ

ਚੰਡੀਗੜ੍ਹ-ਪੰਜਾਬ ਪੁਲਿਸ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਨਾਲ ਜੁੜੇ ਰਿਸ਼ਵਤਖੋਰੀ ਦੇ ਮਾਮਲੇ ਵਿੱਚ ਸੀਬੀਆਈ ਨੂੰ ਇੱਕ ਵੱਡੀ ਸਫਲਤਾ ਮਿਲੀ ਹੈ। ਵਿਸ਼ੇਸ਼ ਸੀਬੀਆਈ ਅਦਾਲਤ ਨੇ ਏਜੰਸੀ ਨੂੰ ਭੁੱਲਰ ਦੇ ਸੀਲਬੰਦ ਇਲੈਕਟ੍ਰਾਨਿਕ ਯੰਤਰਾਂ ਨੂੰ ਦੁਬਾਰਾ ਖੋਲ੍ਹਣ ਅਤੇ ਜਾਂਚਣ ਦੀ ਇਜਾਜ਼ਤ ਦੇ ਦਿੱਤੀ ਹੈ। ਮੰਨਿਆ ਜਾ ਰਿਹਾ ਹੈ ਕਿ ਇਹਨਾਂ ਯੰਤਰਾਂ ਵਿੱਚ ਪੰਜਾਬ ਦੇ ਕਈ ਹੋਰ ਸੀਨੀਅਰ ਅਧਿਕਾਰੀਆਂ ਦੇ ਭ੍ਰਿਸ਼ਟਾਚਾਰ ਨਾਲ ਸਬੰਧਤ ਅਹਿਮ ਸਬੂਤ ਛੁਪੇ ਹੋਏ ਹਨ। ਸੀਬੀਆਈ ਹੁਣ ਹੇਠ ਲਿਖੇ ਯੰਤਰਾਂ ਦੀ ਫੋਰੈਂਸਿਕ ਜਾਂਚ ਕਰੇਗੀ, ਜਿਨ੍ਹਾਂ ਵਿੱਚੋਂ ਵੱਡੇ ਖੁਲਾਸੇ ਹੋਣ ਦੀ ਉਮੀਦ ਹੈ:

ਸੈਮਸੰਗ ਗਲੈਕਸੀ ਜ਼ੈੱਡ ਫੋਲਡ-6 ਮੋਬਾਈਲ ਫ਼ੋਨ

ਐਪਲ ਆਈਪੈਡ ਅਤੇ ਮੈਕਬੁੱਕ ਪ੍ਰੋ

ਸੋਨੀ ਵਾਈਓ ਦੇ ਦੋ ਲੈਪਟਾਪ

ਕਿਵੇਂ ਸ਼ੁਰੂ ਹੋਇਆ ਇਹ ਮਾਮਲਾ?

ਜ਼ਿਕਰਯੋਗ ਹੈ ਕਿ 16 ਅਕਤੂਬਰ 2025 ਨੂੰ ਸੀਬੀਆਈ ਨੇ ਹਰਚਰਨ ਸਿੰਘ ਭੁੱਲਰ ਅਤੇ ਉਨ੍ਹਾਂ ਦੇ ਵਿਚੋਲੇ ਕ੍ਰਿਸ਼ਨੂ ਸ਼ਾਰਦਾ ਨੂੰ 8 ਲੱਖ ਰੁਪਏ ਦੀ ਮਹੀਨਾਵਾਰ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕੀਤਾ ਸੀ। ਇਹ ਰਿਸ਼ਵਤ ਮੰਡੀ ਗੋਬਿੰਦਗੜ੍ਹ ਦੇ ਇੱਕ ਵਪਾਰੀ ਤੋਂ ਮੰਗੀ ਗਈ ਸੀ। ਜਦੋਂ ਸੀਬੀਆਈ ਨੇ ਭੁੱਲਰ ਦੇ ਸੈਕਟਰ 40 ਸਥਿਤ ਘਰ ਦੀ ਤਲਾਸ਼ੀ ਲਈ ਸੀ, ਤਾਂ ਉੱਥੋਂ 7.5 ਕਰੋੜ ਰੁਪਏ ਨਕਦ ਅਤੇ 2.5 ਕਿਲੋ ਸੋਨਾ ਬਰਾਮਦ ਹੋਇਆ ਸੀ। ਇਸ ਤੋਂ ਬਾਅਦ ਉਨ੍ਹਾਂ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਵੀ ਦਰਜ ਕੀਤਾ ਗਿਆ ਸੀ। ਸੀਬੀਆਈ ਨੇ



ਅਦਾਲਤ ਵਿੱਚ ਦਾਇਰ ਅਰਜ਼ੀ ਵਿੱਚ ਦੱਸਿਆ ਹੈ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਭੁੱਲਰ ਇਸ ਖੇਡ ਵਿੱਚ ਇਕੱਲੇ ਨਹੀਂ ਸਨ। ਵਟਸਐਪ ਚੈਟਾਂ ਅਤੇ ਦਸਤਾਵੇਜ਼ਾਂ ਤੋਂ ਸੰਕੇਤ ਮਿਲੇ ਹਨ ਕਿ ਕਈ ਹੋਰ ਸੀਨੀਅਰ ਸਰਕਾਰੀ ਅਧਿਕਾਰੀ ਵੀ ਇਸ ਭ੍ਰਿਸ਼ਟਾਚਾਰ ਦੇ ਗਠਜੋੜ ਦਾ ਹਿੱਸਾ ਸਨ। ਇਹ ਅਧਿਕਾਰੀ ਨਿੱਜੀ ਵਿਅਕਤੀਆਂ ਨੂੰ ਗੈਰ-ਕਾਨੂੰਨੀ ਲਾਭ ਪਹੁੰਚਾਉਣ ਦੇ ਬਦਲੇ ਮੋਟੀ ਰਿਸ਼ਵਤ ਵਸੂਲਦੇ ਸਨ। ਹੁਣ ਜਦੋਂ ਅਦਾਲਤ ਨੇ ਇਹਨਾਂ ਡਿਵਾਈਸਾਂ ਨੂੰ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ ਹੈ, ਤਾਂ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੇ ਕਈ ਵੱਡੇ ਨਾਮ ਜਨਤਕ ਹੋ ਸਕਦੇ ਹਨ। ਸੀਬੀਆਈ ਪਹਿਲਾਂ ਹੀ ਕਈ ਅਣਪਛਾਤੇ ਅਧਿਕਾਰੀਆਂ ਵਿਰੁੱਧ ਐਫਆਈਆਰ ਦਰਜ ਕਰ ਚੁੱਕੀ ਹੈ, ਜਿਨ੍ਹਾਂ ਦੀ ਪਛਾਣ ਹੁਣ ਇਹਨਾਂ ਡਿਜੀਟਲ ਸਬੂਤਾਂ ਰਾਹੀਂ ਹੋਣ ਦੀ ਸੰਭਾਵਨਾ ਹੈ।

## ਬਜ਼ੁਰਗ ਔਰਤ ਦੇ ਗਲ਼ ਵਿਚੋਂ ਸੋਨੇ ਦੀ ਚੇਨ ਝਪਟ ਕੇ ਲੁਟੇਰਾ ਫਰਾਰ

ਲੁਧਿਆਣਾ-ਉਦਯੋਗਿਕ ਨਗਰੀ ਲੁਧਿਆਣਾ ਵਿੱਚ ਬਦਮਾਸ਼ਾਂ ਦੇ ਹੌਸਲੇ ਬੁਲੰਦ ਹਨ। ਤਾਜ਼ਾ ਮਾਮਲਾ ਬਸਤੀ ਯੋਧੇਵਾਲ ਇਲਾਕੇ ਤੋਂ ਸਾਹਮਣੇ ਆਇਆ ਹੈ, ਜਿੱਥੇ ਇੱਕ ਮੋਟਰਸਾਈਕਲ ਸਵਾਰ ਲੁਟੇਰੇ ਨੇ ਦਿਨ-ਦਿਹਾੜੇ ਇੱਕ ਬਜ਼ੁਰਗ ਔਰਤ ਨੂੰ ਆਪਣਾ ਸ਼ਿਕਾਰ ਬਣਾਉਂਦਿਆਂ ਉਸ ਦੇ ਗਲ਼ ਵਿੱਚੋਂ ਸੋਨੇ ਦੀ ਚੇਨ ਝਪਟ ਲਈ ਅਤੇ ਮੌਕੇ ਤੋਂ ਫਰਾਰ ਹੋ ਗਿਆ। ਪੁਲਿਸ ਨੂੰ ਦਿੱਤੀ ਸ਼ਿਕਾਇਤ ਅਨੁਸਾਰ, ਹਰਕ੍ਰਿਸ਼ਨ ਵਿਹਾਰ (ਮਿਹਰਬਾਨ) ਦੀ ਰਹਿਣ ਵਾਲੀ ਰਾਜ ਕੌਰ ਬੀਤੀ ਸ਼ਾਮ ਘਰੋਂ ਬਾਜ਼ਾਰ ਖ਼ਰੀਦਾਰੀ ਕਰਨ ਲਈ ਨਿਕਲੀ ਸੀ। ਜਦੋਂ ਉਹ ਬਸਤੀ ਯੋਧੇਵਾਲ ਦੀ ਗਲੀ ਨੰਬਰ 2 ਦੇ ਨੇੜੇ ਪਹੁੰਚੀ, ਤਾਂ ਪਿੱਛੋਂ ਆਏ ਇੱਕ ਅਣਪਛਾਤੇ ਮੋਟਰਸਾਈਕਲ ਸਵਾਰ ਨੌਜਵਾਨ ਨੇ ਅਚਾਨਕ ਉਸ ਦੇ ਗਲ਼ 'ਤੇ ਝਪੱਟਾ ਮਾਰਿਆ। ਲੁਟੇਰਾ ਔਰਤ ਦੀ ਸੋਨੇ ਦੀ ਚੇਨ ਤੋੜ ਕੇ ਤੇਜ਼ ਰਫ਼ਤਾਰ ਮੋਟਰਸਾਈਕਲ 'ਤੇ ਰਫੂ-ਚੱਕਰ ਹੋ ਗਿਆ। ਵਾਰਦਾਤ ਤੋਂ ਬਾਅਦ ਇਲਾਕੇ ਵਿੱਚ ਸਹਿਮ ਦਾ ਮਾਹੌਲ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਦਰੇਸੀ ਦੀ ਪੁਲਿਸ ਹਰਕਤ ਵਿੱਚ ਆ ਗਈ ਹੈ। ਪੁਲਿਸ ਨੇ ਮ੍ਰਿਤਕਾ ਦੇ ਪਤੀ ਦਰਸ਼ਨ ਸਿੰਘ ਦੀ ਸ਼ਿਕਾਇਤ 'ਤੇ ਅਣਪਛਾਤੇ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਏ.ਐਸ.ਆਈ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲ ਰਹੀ ਹੈ ਤਾਂ ਜੋ ਮੁਲਜ਼ਮ ਦੀ ਪਛਾਣ ਅਤੇ ਮੋਟਰਸਾਈਕਲ ਦੇ ਨੰਬਰ ਦਾ ਪਤਾ ਲਗਾਇਆ ਜਾ ਸਕੇ। ਲੁਧਿਆਣਾ ਵਿੱਚ ਪਿਛਲੇ ਕੁਝ ਦਿਨਾਂ ਤੋਂ ਲੁੱਟ-ਖੋਹ ਅਤੇ ਚੋਰੀ ਦੀਆਂ ਵਾਰਦਾਤਾਂ ਵਿੱਚ ਵਾਧਾ ਹੋਇਆ ਹੈ। ਹਾਲ ਹੀ ਵਿੱਚ ਇੱਕ ਕੋਰੀਅਰ ਕੰਪਨੀ ਵਿੱਚ ਹੋਈ ਚੋਰੀ ਤੋਂ ਬਾਅਦ ਹੁਣ ਇਸ ਤਰ੍ਹਾਂ ਬਜ਼ੁਰਗ ਔਰਤ ਨੂੰ ਨਿਸ਼ਾਨਾ ਬਣਾਉਣਾ ਸ਼ਹਿਰ ਦੀ ਕਾਨੂੰਨ ਵਿਵਸਥਾ 'ਤੇ ਸਵਾਲ ਖੜ੍ਹੇ ਕਰਦਾ ਹੈ।

# ਵਿਦੇਸ਼ ਭੇਜਣ ਦੇ ਨਾਂ 'ਤੇ 35 ਲੱਖ ਦੀ ਠੱਗੀ

### ✪ ਤਰਨਤਾਰਨ ਦੀ ਮਹਿਲਾ ਸਣੇ 7 ਲੋਕ ਸ਼ਿਕਾਰ, ਡੀਸੀਪੀ ਵੱਲੋਂ ਜਾਂਚ ਦੇ ਹੁਕਮ

ਫਰੀਦਾਬਾਦ/ਤਰਨਤਾਰਨ-ਵਿਦੇਸ਼ ਜਾਣ ਅਤੇ ਉੱਥੇ ਸੁਨਹਿਰੀ ਭਵਿੱਖ ਬਣਾਉਣ ਦਾ ਸੁਪਨਾ ਵੇਖਣ ਵਾਲੇ ਪੰਜਾਬ ਦੇ ਨੌਜਵਾਨ ਇੱਕ ਵਾਰ ਫਿਰ ਠੱਗੀ ਦਾ ਸ਼ਿਕਾਰ ਹੋਏ ਹਨ। ਫਰੀਦਾਬਾਦ ਦੇ ਸੈਕਟਰ-31 ਸਥਿਤ 'ਸਰਵਿਸ ਲੈਡਰ ਇੰਟਰਨੈਸ਼ਨਲ' ਨਾਮਕ ਕੰਪਨੀ ਦੇ ਏਜੰਟ ਸੰਦੀਪ ਬਖਸ਼ੀ 'ਤੇ ਤਰਨਤਾਰਨ ਦੀ ਇੱਕ ਔਰਤ ਅਤੇ 6 ਹੋਰ ਨੌਜਵਾਨਾਂ ਤੋਂ 35 ਲੱਖ ਰੁਪਏ ਹੜੱਪਣ ਦੇ ਗੰਭੀਰ ਦੋਸ਼ ਲੱਗੇ ਹਨ।

ਤਰਨਤਾਰਨ ਦੇ ਮੁਰਾਦਪੁਰ ਦੀ ਰਹਿਣ ਵਾਲੀ ਰਾਜਬੀਰ ਕੌਰ ਨੇ ਦੱਸਿਆ ਕਿ ਅਗਸਤ 2023 ਵਿੱਚ ਏਜੰਟ ਨੇ ਉਸ ਨੂੰ ਸਿੰਗਾਪੁਰ ਭੇਜਿਆ ਸੀ, ਪਰ ਵੀਜ਼ਾ ਫਰਜ਼ੀ ਹੋਣ ਕਾਰਨ ਉਸ ਨੂੰ ਏਅਰਪੋਰਟ ਤੋਂ ਹੀ ਡਿਪੋਰਟ ਕਰ ਦਿੱਤਾ ਗਿਆ। ਜਦੋਂ ਉਸ ਨੇ ਆਪਣੇ 1.80 ਲੱਖ ਰੁਪਏ ਵਾਪਸ ਮੰਗੇ, ਤਾਂ ਏਜੰਟ ਨੇ ਉਸ ਨੂੰ ਆਪਣੇ ਕੋਲ ਨੌਕਰੀ 'ਤੇ ਰੱਖ ਲਿਆ ਅਤੇ ਕਿਹਾ ਕਿ ਉਹ ਹੋਰ ਗਾਹਕ ਲਿਆਵੇ ਤਾਂ ਜੋ ਉਹ ਆਪਣੇ ਪੈਸੇ ਪੂਰੇ ਕਰ ਸਕੇ।

ਰਾਜਬੀਰ ਰਾਹੀਂ ਪੰਜਾਬ ਦੇ 6 ਹੋਰ ਨੌਜਵਾਨਾਂ (ਕੁਲਜੀਤ ਸਿੰਘ, ਜਸਨਪ੍ਰੀਤ ਸਿੰਘ, ਅਮਨਦੀਪ ਸਿੰਘ, ਜਸਕਰਨ ਸਿੰਘ, ਇਕਬਾਲ ਸਿੰਘ ਅਤੇ ਜਸਪਾਲ ਸਿੰਘ) ਨੇ ਵਿਦੇਸ਼ ਜਾਣ ਲਈ ਏਜੰਟ ਨੂੰ ਕੁੱਲ 35 ਲੱਖ ਰੁਪਏ ਦਿੱਤੇ, ਪਰ ਕਿਸੇ ਨੂੰ ਵੀ ਵਿਦੇਸ਼ ਨਹੀਂ ਭੇਜਿਆ ਗਿਆ।

ਪੀੜਤਾਂ ਨੇ ਡੀਸੀਪੀ ਸੈਂਟਰਲ ਊਸ਼ਾ ਨੂੰ ਮਿਲ ਕੇ ਸ਼ਿਕਾਇਤ ਦਿੱਤੀ, ਜਿਸ ਤੋਂ ਬਾਅਦ ਉਨ੍ਹਾਂ ਨੇ ਥਾਣਾ ਸੈਕਟਰ-31 ਦੇ ਇੰਚਾਰਜ ਨੂੰ ਤੁਰੰਤ ਜਾਂਚ ਕਰਕੇ ਐਫ ਆਈ ਆਰ ਦਰਜ ਕਰਨ ਦੇ ਹੁਕਮ ਦਿੱਤੇ ਹਨ। ਪੀੜਤਾਂ ਦਾ ਇਲਜ਼ਾਮ ਹੈ ਕਿ ਪਹਿਲਾਂ ਜਦੋਂ ਉਹ ਥਾਣੇ ਗਏ ਸਨ, ਤਾਂ ਛੋਟੇ ਥਾਣੇਦਾਰ ਦਿਨੇਸ਼ ਨੇ ਉਨ੍ਹਾਂ ਦੀ ਸੁਣਵਾਈ ਕਰਨ ਦੀ ਬਜਾਏ ਉਨ੍ਹਾਂ ਨੂੰ ਪੰਜਾਬ ਜਾਣ ਲਈ ਕਹਿ ਕੇ ਭਜਾ ਦਿੱਤਾ ਸੀ।

ਦੂਜੇ ਪਾਸੇ, ਮੁਲਜ਼ਮ ਏਜੰਟ ਸੰਦੀਪ ਬਖਸ਼ੀ ਨੇ ਆਪਣੇ ਉੱਪਰ ਲੱਗੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਰਾਜਬੀਰ ਕੌਰ ਖੁਦ ਏਜੰਟ ਵਜੋਂ ਕੰਮ ਕਰ ਰਹੀ ਸੀ। ਉਸ ਨੇ ਮੰਨਿਆ ਕਿ ਉਸ ਕੋਲ 22 ਲੱਖ ਰੁਪਏ ਆਏ ਸਨ, ਪਰ ਫਾਈਲਾਂ ਰਿਜੈਕਟ ਹੋਣ ਕਾਰਨ ਕੰਮ ਨਹੀਂ ਹੋ ਸਕਿਆ। ਉਸ ਨੇ ਦਾਅਵਾ ਕੀਤਾ ਕਿ ਉਹ 5 ਲੱਖ ਰੁਪਏ ਵਾਪਸ ਕਰ ਚੁੱਕਾ ਹੈ। ਪੀੜਤਾਂ ਅਨੁਸਾਰ ਏਜੰਟ ਕੋਲ ਵਿਦੇਸ਼ ਮੰਤਰਾਲੇ ਦਾ ਰਜਿਸਟ੍ਰੇਸ਼ਨ ਅਥਾਰਟੀ ਲਾਇਸੈਂਸ ਨਹੀਂ ਹੈ। ਜੇਕਰ ਡੂੰਘਾਈ ਨਾਲ ਜਾਂਚ ਹੁੰਦੀ ਹੈ, ਤਾਂ ਇਸ ਵਿੱਚ ਕਈ ਹੋਰ ਲੋਕਾਂ ਦੇ ਸ਼ਾਮਲ ਹੋਣ ਦਾ ਖ਼ਦਸ਼ਾ ਹੈ। ਕਿਸੇ ਵੀ ਏਜੰਟ ਨੂੰ ਪੈਸੇ ਦੇਣ ਤੋਂ ਪਹਿਲਾਂ ਉਸ ਦੇ ਸਰਕਾਰੀ ਲਾਇਸੈਂਸ ਅਤੇ ਪਿਛਲੇ ਰਿਕਾਰਡ ਦੀ ਚੰਗੀ ਤਰ੍ਹਾਂ ਜਾਂਚ ਜ਼ਰੂਰ ਕਰੋ।

## ਮਾਮਲਾ ਬਠਿੰਡਾ ਵਪਾਰੀ ਖ਼ੁਦਕੁਸ਼ੀ ਦਾ

# ਸੈਸ਼ਨ ਜੱਜ ਦੀ ਰੀਡਰ ਅਤੇ ਪਤੀ ਗ੍ਰਿਫ਼ਤਾਰ, ਵਕੀਲ ਸਣੇ 4 'ਤੇ ਕੇਸ ਦਰਜ

ਬਠਿੰਡਾ-ਬਠਿੰਡਾ ਦੇ ਮਸ਼ਹੂਰ ਵਪਾਰੀ ਸੰਦੀਪ ਕੁਮਾਰ ਉਰਫ਼ ਸੋਨੂੰ ਬਾਂਸਲ ਦੀ ਖ਼ੁਦਕੁਸ਼ੀ ਦੇ ਮਾਮਲੇ ਵਿੱਚ ਪੁਲਿਸ ਨੇ ਸਖ਼ਤ ਕਾਰਵਾਈ ਕਰਦਿਆਂ ਨਿਆਂਇਕ ਪ੍ਰਣਾਲੀ ਨਾਲ ਜੁੜੇ ਵਿਅਕਤੀਆਂ ਨੂੰ ਸ਼ਿਕੰਜੇ ਵਿੱਚ ਲਿਆ ਹੈ।

ਪੁਲਿਸ ਨੇ ਸੈਸ਼ਨ ਜੱਜ ਦੀ ਮਹਿਲਾ ਰੀਡਰ ਅਤੇ ਉਸ ਦੇ ਟਾਈਪਿਸਟ ਪਤੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮ੍ਰਿਤਕ ਸੰਦੀਪ ਕੁਮਾਰ ਨੇ ਮੌਤ ਨੂੰ ਗਲੇ ਲਗਾਉਣ ਤੋਂ ਪਹਿਲਾਂ ਇੱਕ ਵੀਡੀਓ ਸੰਦੇਸ਼ ਜਾਰੀ ਕੀਤਾ ਸੀ ਅਤੇ ਇੱਕ ਸੁਸਾਈਡ ਨੋਟ ਵੀ ਛੱਡਿਆ ਸੀ।

ਇਨ੍ਹਾਂ ਦਸਤਾਵੇਜ਼ਾਂ ਵਿੱਚ ਉਨ੍ਹਾਂ ਨੇ ਆਪਣੀ ਮੌਤ ਲਈ ਜ਼ਿੰਮੇਵਾਰ ਵਿਅਕਤੀਆਂ ਦੇ ਨਾਮਾਂ ਦਾ ਖ਼ੁਲਾਸਾ ਕੀਤਾ ਸੀ। ਇਸ ਤੋਂ ਬਾਅਦ ਵਪਾਰੀਆਂ ਨੇ ਇਨਸਾਫ਼ ਦੀ ਮੰਗ ਨੂੰ ਲੈ ਕੇ ਸ਼ਹਿਰ ਵਿੱਚ ਚੱਕਾ ਜਾਮ ਕਰਕੇ ਜ਼ੋਰਦਾਰ ਪ੍ਰਦਰਸ਼ਨ ਵੀ ਕੀਤਾ।

### ਕੌਣ-ਕੌਣ ਹੋਏ ਨਾਮਜ਼ਦ ਅਤੇ ਗ੍ਰਿਫ਼ਤਾਰ?

ਪੁਲਿਸ ਨੇ ਮ੍ਰਿਤਕ ਦੇ ਭਰਾ ਦੇ ਬਿਆਨਾਂ ਦੇ ਆਧਾਰ 'ਤੇ ਥਾਣਾ ਕੋਤਵਾਲੀ ਵਿੱਚ ਧਾਰਾ 306 (ਖ਼ੁਦਕੁਸ਼ੀ ਲਈ ਮਜਬੂਰ ਕਰਨਾ) ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸਪੀ ਸਿਟੀ ਨਰਿੰਦਰ ਸਿੰਘ ਅਨੁਸਾਰ ਨਾਮਜ਼ਦ ਕੀਤੇ ਗਏ ਮੁਲਜ਼ਮ ਹੇਠ ਲਿਖੇ ਹਨ:

ਰੈਨੂ ਬਾਲਾ: ਸੈਸ਼ਨ ਜੱਜ ਦੀ ਰੀਡਰ (ਗ੍ਰਿਫ਼ਤਾਰ)

ਰਮਨ ਜੈਨ: ਰੈਨੂ ਬਾਲਾ ਦਾ ਪਤੀ ਅਤੇ ਟਾਈਪਿਸਟ (ਗ੍ਰਿਫ਼ਤਾਰ)


ਚਰਨਪਾਲ ਸਿੰਘ ਬਰਾੜ: ਵਕੀਲ

ਇੱਕ ਅਣਪਛਾਤਾ ਵਕੀਲ

ਇਸ ਮਾਮਲੇ ਵਿੱਚ ਇੱਕ ਹੈਰਾਨੀਜਨਕ ਮੋੜ ਉਦੋਂ ਆਇਆ ਜਦੋਂ ਪੁਲਿਸ ਨੇ ਐਲਾਨ ਕੀਤਾ ਕਿ ਇਸ ਪੂਰੇ ਘਟਨਾਕ੍ਰਮ ਵਿੱਚ ਡੀਐਸਪੀ ਸਿਟੀ-1ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ। ਪੀੜਤ ਪਰਿਵਾਰ ਵੱਲੋਂ ਲਗਾਏ ਗਏ ਦੋਸ਼ਾਂ ਤੋਂ ਬਾਅਦ ਉੱਚ ਅਧਿਕਾਰੀਆਂ ਨੇ ਨਿਰਪੱਖ ਜਾਂਚ ਦਾ ਭਰੋਸਾ ਦਿੱਤਾ ਹੈ।

ਵਪਾਰੀ ਦੀ ਮੌਤ ਤੋਂ ਬਾਅਦ ਸ਼ਹਿਰ ਦੇ ਵਪਾਰੀ ਵਰਗ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪੁਲਿਸ ਨੇ ਦੋ ਮੁੱਖ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲੈ ਕੇ ਬਾਕੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕਾਨੂੰਨ ਤੋਂ ਉੱਪਰ ਕੋਈ ਨਹੀਂ ਹੈ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।

# ਕਾਸ਼ ਪਟੇਲ ਵੱਲੋਂ ਮੈਗਜ਼ੀਨ ਵਿਰੁੱਧ 25 ਕਰੋੜ ਡਾਲਰ ਦਾ ਮਾਨਹਾਨੀ ਦਾਅਵਾ




ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਐਫ ਬੀ ਆਈ ਮੁਖੀ ਕਾਸ਼ ਪਟੇਲ ਨੇ 'ਦ ਐਟਲਾਂਟਿਕ ਮੈਗਜ਼ੀਨ' ਵੱਲੋਂ ਇਕ ਸਮਾਗਮ ਦੌਰਾਨ ਉਸ ਦੇ ਵਿਵਹਾਰ ਸਬੰਧੀ ਛਾਪੀ ਰਿਪੋਰਟ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਹੈ ਤੇ 25 ਕਰੋੜ ਡਾਲਰ ਦਾ ਮਾਨਹਾਨੀ ਦਾਅਵਾ ਕੀਤਾ ਹੈ। ਮੈਗਜ਼ੀਨ ਤੇ ਸਟਾਫ ਮੈਂਬਰ ਸਾਰਾਹ ਫਿਟਜ਼ਪੈਟਰਿਕ ਵਿਰੁੱਧ ਦਾਇਰ ਪਟੀਸ਼ਨ ਵਿੱਚ ਪ੍ਰਕਾਸ਼ਿਤ ਤੱਥਾਂ ਨੂੰ ਚੁਣੌਤੀ ਦਿੱਤੀ ਗਈ ਹੈ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਿਆਦਾ ਸ਼ਰਾਬ ਪੀਣ ਕਾਰਨ ਪਟੇਲ ਨੂੰ ਕੋਈ ਹੋਸ਼ ਨਹੀਂ ਰਹੀ ਤੇ ਉਸ ਨੇ ਗਲਤ ਵਿਵਹਾਰ ਕੀਤਾ। ਪਟੀਸ਼ਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਰਿਪੋਰਟ ਘੜੀ ਗਈ ਹੈ ਤੇ ਇਸ ਦਾ ਮਕਸਦ ਪਟੇਲ ਦੇ ਕਿਰਦਾਰ ਨੂੰ ਨੁਕਸਾਨ ਪਹੁੰਚਾਉਣਾ ਹੈ ਤਾਂ ਜੋ ਉਸ ਨੂੰ ਅਹੁੱਦੇ ਤੋਂ ਹਟਣ ਲਈ ਮਜਬੂਰ ਕੀਤਾ ਜਾ ਸਕੇ। ਦੂਸਰੇ ਪਾਸੇ ਮੈਗਜ਼ੀਨ ਨੇ ਕਿਹਾ ਹੈ ਕਿ ਉਹ ਆਪਣੇ ਆਪ ਤੇ ਆਪਣੇ ਪੱਤਰਕਾਰਾਂ ਦਾ ਪੂਰੀ ਤਾਕਤ ਨਾਲ ਬਚਾਅ ਕਰਨਗੇ। ਮੈਗਜ਼ੀਨ ਅਨੁਸਾਰ ਰਿਪੋਰਟ ਵਿੱਚ ਕੁਝ ਵੀ ਗਲਤ ਨਹੀਂ ਹੈ ਜੋ ਹੋਇਆ ਹੈ ਉਹ ਹੀ ਪ੍ਰਕਾਸ਼ਿਤ ਕੀਤਾ ਗਿਆ ਹੈ।

## ਗਿਣਮਿਥ ਕੇ ਹੋਈ ਲੜਾਈ ਵਿੱਚ 2 ਮੁੰਡਿਆਂ ਦੀ ਮੌਤ ਤੇ 5 ਜਖਮੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇੱਕ ਮਿਡਲ ਸਕੂਲ ਨਾਲ ਲੱਗਦੇ ਨਾਰਥ ਕੈਰੋਲੀਨਾ ਪਬਲਿਕ ਪਾਰਕ ਵਿੱਚ ਗਿਣਮਿਥਕੇ ਹੋਈ ਲੜਾਈ ਜੋ ਬਾਅਦ ਵਿੱਚ ਗੋਲੀਬਾਰੀ ਵਿੱਚ ਬਦਲ ਗਈ, 2 ਨੌਜਵਾਨਾਂ ਦੀ ਮੌਤ ਹੋ ਗਈ ਤੇ 5 ਹੋਰ ਜਖਮੀ ਹੋ ਗਏ। ਇਹ ਜਾਣਕਾਰੀ ਵਿੰਸਟਨ- ਸਲੇਮ ਪੁਲਿਸ ਨੇ ਜਾਰੀ ਇਕ ਬਿਆਨ ਵਿੱਚ ਦਿੱਤੀ ਹੈ। ਪੁਲਿਸ ਕੈਪਟਨ ਕੈਵਿਨ ਬਰਨਸ ਨੇ ਦੱਸਿਆ ਕਿ ਸਵੇਰ ਵੇਲੇ ਹੋਈ ਗੋਲੀਬਾਰੀ ਵਿੱਚ ਮਾਰੇ ਗਏ ਨਬਾਲਗ ਮੁੰਡਿਆਂ ਦੀ ਪਛਾਣ 17 ਸਾਲਾ ਏਰੁਬੇ ਰੋਮੇਰੋ ਮੈਡੀਨਾ ਤੇ 16 ਸਾਲਾ ਡੈਨੀਅਲ ਜਿਮੇਨੇਜ਼ ਮਿਲੀਅਨ ਵਜੋਂ ਹੋਈ ਹੈ। ਇਨਾਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਉਨਾਂ ਕਿਹਾ ਕਿ ਜਖਮੀ 5 ਨੌਜਵਾਨਾਂ ਵਿਚ 4 ਲੜਕੀਆਂ ਤੇ ਇਕ ਲੜਕਾ ਹੈ ਜਿਨਾਂ ਵਿਚੋਂ ਕੁਝ ਦੀ ਹਾਲਤ ਗੰਭੀਰ ਹੈ। ਇਨਾਂ ਸਾਰਿਆਂ ਦੀ ਉਮਰ 14 ਤੋਂ 19 ਸਾਲ ਦੇ ਦਰਮਿਆਨ ਹੈ। ਪੁਲਿਸ ਨੇ ਇਨਾਂ ਦੀ ਪਛਾਣ ਕਰ ਲਈ ਪਰੰਤੂ ਨਾਂ ਜਨਤਿਕ ਨਹੀਂ ਕੀਤੇ ਹਨ। ਘਟਨਾ ਸਬੰਧੀ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ ਤੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਰੈਕਸ ਹੂਰਮਾਨ ਨੇ 8 ਔਰਤਾਂ ਦੀਆਂ ਹੱਤਿਆਵਾਂ ਕਰਨ ਦੇ ਦੋਸ਼ਾਂ ਨੂੰ ਕਬੂਲਿਆ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਗਿਲਗੋ ਬੀਚ ਸੀਰੀਅਲ ਕਾਤਲ ਰੈਕਸ ਹੂਰਮਾਨ ਨੇ ਅਦਾਲਤ ਵਿੱਚ ਮੰਨਿਆ ਕਿ ਉਸ ਨੇ 2 ਦਹਾਕਿਆਂ ਦੇ ਸਮੇ ਦੌਰਾਨ 8 ਔਰਤਾਂ ਦੀਆਂ ਹੱਤਿਆਵਾਂ ਕੀਤੀਆਂ ਹਨ। ਉਸ ਨੇ ਇਹ ਹੱਤਿਆਵਾਂ 1993 ਤੋਂ 2010 ਦਰਮਿਆਨ ਕੀਤੀਆਂ। ਉਸ ਨੂੰ ਜੂਨ ਵਿਚ ਸਜਾ ਸੁਣਾਈ ਜਾਵੇਗੀ। ਪਹਿਲਾਂ ਉਹ ਅਦਾਲਤ ਵਿੱਚ ਮੁਕਰ ਗਿਆ ਸੀ ਤੇ ਉਸ ਨੇ ਕਿਹਾ ਸੀ ਕਿ ਉਹ 7 ਔਰਤਾਂ ਦਾ ਕਾਤਲ ਨਹੀਂ ਹੈ ਪਰਤੂੰ ਬੀਤੇ ਦਿਨ ਦਾਇਰ ਨਵੀਂ ਦਰਖਾਸਤ ਵਿੱਚ ਉਸ ਨੇ ਮੰਨਿਆ ਕਿ 7 ਨਹੀਂ ਬਲਕਿ 8 ਔਰਤਾਂ ਦੀ ਹੱਤਿਆ ਕੀਤੀ ਹੈ।

ਹੂਰਮਾਨ ਦੀ ਸਾਬਕਾ ਪਤਨੀ ਐਸਾ ਏਲਰੁਪ ਨੇ ਆਪਣੀ ਨਵੀਂ ਦਸਤਾਵੇਜੀ ਫਿਲਮ ਵਿੱਚ ਖੁਲਾਸਾ ਕੀਤਾ ਹੈ ਕਿ ਹੂਰਮਾਨ ਨੇ 7 ਔਰਤਾਂ ਦੀਆਂ ਹੱਤਿਆਵਾਂ ਆਪਣੇ ਘਰ ਵਿੱਚ ਹੀ ਕੀਤੀਆਂ ਹਨ। ਵਿਆਹੁਤਾ ਜੀਵਨ ਵਿੱਚ 27 ਸਾਲ ਹੂਰਮਾਨ ਨਾਲ ਰਹੀ ਏਲਰੁਪ ਅਨੁਸਾਰ ਉਹ ਘਟਨਾਵਾਂ ਨੂੰ ਉਸ ਸਮੇ ਅੰਜਾਮ ਦਿੰਦਾ ਰਿਹਾ ਜਦੋਂ ਉਹ ਕਿਤੇ ਗਈ ਹੁੰਦੀ ਸੀ।

ਏਲਰੁਪ ਨੇ 2023 ਵਿੱਚ ਹੂਰਮਾਨ ਦੀ ਗ੍ਰਿਫਤਾਰੀ ਉਪਰੰਤ ਉਸ ਨੂੰ ਤਲਾਕ ਦੇ ਦਿੱਤਾ ਸੀ। ਏਲਰੁਪ ਅਨੁਸਾਰ ਹੂਰਮਾਨ ਨੇ ਉਸ ਕੋਲ ਔਰਤਾਂ ਨੂੰ ਮਾਰਨ ਦੀ ਗੱਲ ਮੰਨੀ ਸੀ। ਏਲਰੁਪ ਅਨੁਸਾਰ ਉਸ ਸਮੇ ਉਹ ਬਹੁਤ ਪ੍ਰੇਸ਼ਾਨ ਨਜਰ ਆ ਰਿਹਾ ਸੀ। ਜਿਨਾਂ ਔਰਤਾਂ ਦੀਆਂ ਉਸ ਨੇ ਹੱਤਿਆਵਾਂ ਕੀਤੀਆਂ, ਉਨਾਂ ਵਿੱਚ ਮੇਗਨ ਵਾਟਰਮੈਨ (22), ਮੇਲੀਸਾ ਬਰਥੇਲੇਮੀ (24), ਅੰਬਰ ਕੋਸਟੇਲੋ (27), ਮੌਰੀਨ ਬਰੇਨਰਡ-ਬਰਨਸ (25), ਜੈਸਿਕਾ ਟੇਲਰ (20), ਸਾਂਡਰਾ ਕੋਲਟਿਲਾ (28), ਵੇਲਰੀ ਮੈਕ (24) ਤੇ ਕੇਰਨ ਵਰਗਟਾ (34) ਸ਼ਾਮਿਲ ਹਨ। ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਨਾਂ ਵਿਚੋਂ ਜਿਆਦਾਤਰ ਔਰਤਾਂ ਸੈਕਸ ਵਰਕਰ ਸਨ।

# ਉਬਾਮਾ ਤੇ ਮਮਦਾਨੀ ਨੇ ਸਕੂਲ ਦੇ ਬੱਚਿਆਂ ਨਾਲ ਬਿਤਾਇਆ ਸਮਾਂ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਤੇ ਨਿਊਯਾਰਕ ਦੇ ਮੇਅਰ ਜ਼ੋਹਰਨ ਮਮਦਾਨੀ ਨੇ ਦੱਖਣੀ ਬਰੌਂਕਸ ਵਿੱਚ ਪਲੇਅ ਪ੍ਰੀ ਕੇ ਸੈਂਟਰ ਜਿਥੇ ਫਰੀ ਪ੍ਰੀਸਕੂਲ ਪ੍ਰੋਗਰਾਮ ਤਹਿਤ 3 ਤੋਂ 4 ਸਾਲ ਦੇ ਬੱਚਿਆਂ ਨੂੰ ਰਖਿਆ ਜਾਂਦਾ ਹੈ,ਵਿਖੇ ਕੁਝ ਸਮਾਂ ਬਿਤਾਇਆ ਤੇ ਬੱਚਿਆਂ ਨਾਲ ਹਾਸਾ ਮਜ਼ਾਕਾ ਕੀਤਾ। ਬੱਚਿਆਂ ਨਾਲ ਹਾਸੇ ਮਜ਼ਾਕ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਉਪਰ ਤੇਜੀ ਨਾਲ ਫੈਲੀਆਂ ਹਨ ਤੇ ਲੱਖਾਂ ਲੋਕਾਂ ਨੇ ਦੋਨਾਂ ਲੀਡਰਾਂ ਦੀ ਰਜ ਕੇ ਪ੍ਰਸੰਸਾ ਕੀਤੀ ਹੈ। ਦੋਨਾਂ ਆਗੂਆਂ ਦੀ ਇਹ ਪਹਿਲੀ ਜਨਤਿਕ ਮੀਟਿੰਗ ਦਸੀ ਜਾ ਰਹੀ ਹੈ। ਬਰਾਕ ਉਬਾਮਾ ਬੱਚਿਆਂ ਦੁਆਰਾ ਗੁਣਗਣਾਏ ਪ੍ਰਸਿੱਧ ਐਨੀਮੇਟਡ ਫਿਲਮ ਦੇ ਗਾਣੇ ਨੂੰ ਪਛਾਣਨ ਵਿੱਚ ਅਸਫਲ ਰਹਿਣ 'ਤੇ ਮਮਦਾਨੀ ਨਾਲ ਮਜ਼ਾਕ ਕਰਦੇ ਹੋਏ ਨਜਰ ਵੀ ਆਏ। ਇਸ ਮੌਕੇ ਦੋਨਾਂ ਆਗੂਆਂ ਨੇ ਕੁਝ ਮੁੱਦਿਆਂ 'ਤੇ ਆਪਸ ਵਿੱਚ ਗੱਲਬਾਤ ਵੀ ਕੀਤੀ।



*ਬੱਚਿਆਂ ਨਾਲ ਸਾਬਕਾ ਰਾਸ਼ਟਰਪਤੀ ਉਬਾਮਾ ਤੇ ਮੇਅਰ ਜ਼ੋਹਰਨ ਮਮਦਾਨੀ*

## ਹਸਪਤਾਲ ਲਿਆਂਦੇ ਸ਼ੱਕੀ ਵੱਲੋਂ ਚਲਾਈ ਗੋਲੀ ਨਾਲ ਇਕ ਪੁਲਿਸ ਅਫਸਰ ਦੀ ਮੌਤ ਤੇ ਇਕ ਗੰਭੀਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਹਸਪਤਾਲ ਡਾਕਟਰੀ ਜਾਂਚ ਲਈ ਲਿਆਂਦੇ ਲੁੱਟਮਾਰ ਦੀ ਘਟਨਾ ਵਿੱਚ ਸ਼ਾਮਿਲ ਇੱਕ ਸ਼ੱਕੀ ਵੱਲੋਂ ਚਲਾਈ ਗੋਲੀ ਨਾਲ ਇੱਕ ਪੁਲਿਸ ਅਫਸਰ ਦੀ ਮੌਤ ਹੋ ਗਈ ਜਦ ਕਿ ਇੱਕ ਹੋਰ ਗੰਭੀਰ ਜ਼ਖਮੀ ਹੋ ਗਿਆ। ਇਹ ਜਾਣਕਾਰੀ ਸ਼ਿਕਾਗੋ ਪੁਲਿਸ ਦੇ ਸੁਪਰਡੈਂਟ ਲੈਰੀ ਸਨੈਲਿੰਗ ਨੇ ਦਿੰਦਿਆਂ ਕਿਹਾ ਕਿ ਇਹ ਘਟਨਾ ਐਨਡੇਵਰ ਹੈਲਥ ਸਵੀਡਿਸ਼ ਹਸਪਤਾਲ ਵਿੱਚ ਵਾਪਰੀ ਹੈ। ਅਜੇ ਇਹ ਸਪੱਸ਼ਟ ਨਹੀਂ ਹੈ ਕਿ ਸ਼ੱਕੀ ਜਿਸ ਨਾਲ ਹਥਿਆਰਬੰਦ ਲਾਅ ਇਨਫੋਰਸਮੈਂਟ ਅਫਸਰ ਤਾਇਨਾਤ ਸਨ, ਹਥਿਆਰ ਕਿਸ ਤਰਾਂ ਪ੍ਰਾਪਤ ਕਰਨ ਵਿਚ ਸਫਲ ਹੋਇਆ। ਸ਼ੱਕੀ ਗੋਲੀਬਾਰੀ ਕਰਨ ਉਪਰੰਤ ਮੌਕੇ ਤੋਂ ਫਰਾਰ ਹੋ ਗਿਆ ਤੇ ਇਕ ਘਰ ਵਿਚ ਵੜ ਗਿਆ। ਪੁਲਿਸ ਵੱਲੋਂ ਘਰ ਦੀ ਘੇਰਾਬੰਦੀ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸੁਪਰਡੈਂਟ ਅਨੁਸਾਰ ਜਖਮੀ ਪੁਲਿਸ ਅਫਸਰਾਂ ਨੂੰ ਐਡਵੋਕੇਟ ਇਲੀਨੋਇਸ ਮੈਸੋਨਿਕ ਮੈਡੀਕਲ ਸੈਂਟਰ ਲਿਜਾਇਆ ਗਿਆ ਜਿਥੇ ਇਕ ਅਫਸਰ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਦੂਸਰਾ ਜਿੰਦਗੀ ਲਈ ਸੰਘਰਸ਼ ਕਰ ਰਿਹਾ ਹੈ। ਮਾਮਲੇ ਦੀ ਜਾਂਚ ਲਈ ਹਸਪਤਾਲ ਬੰਦ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਮ੍ਰਿਤਕ ਤੇ ਜਖਮੀ ਪੁਲਿਸ ਅਫਸਰਾਂ ਦੇ ਨਾਂ ਜਨਤਿਕ ਨਹੀਂ ਕੀਤੇ ਹਨ। ਮ੍ਰਿਤਕ ਪੁਲਿਸ ਅਫਸਰ ਦੀ ਉਮਰ 38 ਸਾਲ ਸੀ ਤੇ ਉਹ ਪਿਛਲੇ 10 ਸਾਲ ਤੋਂ ਪੁਲਿਸ ਵਿਭਾਗ ਵਿਚ ਸੀ ਜਦ ਕਿ ਜਖਮੀ ਪੁਲਿਸ ਅਫਸਰ 57 ਸਾਲ ਦਾ ਹੈ ਤੇ ਉਹ ਪਿਛਲੇ 21 ਸਾਲ ਤੋਂ ਪੁਲਿਸ ਵਿਭਾਗ ਵਿਚ ਹੈ।

# ਲਿਉਜੀਆਨਾ ਦੇ ਮਾਲ ਵਿੱਚ ਦੋ ਧੜਿਆਂ ਵਿਚਾਲੇ ਗੋਲੀਬਾਰੀ ਵਿੱਚ ਇਕ ਮੌਤ ਤੇ 5 ਜ਼ਖਮੀ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਲਿਉਜੀਆਨਾ ਵਿੱਚ ਬੈਟਨ ਰੌਗ ਵਿਖੇ ਮਾਲ ਵਿੱਚ ਹੋਈ ਗੋਲੀਬਾਰੀ ਵਿੱਚ ਇਕ ਵਿਅਕਤੀ ਦੇ ਮਾਰੇ ਜਾਣ ਤੇ 5 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਅਨੁਸਾਰ 5 ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਹੈ ਤੇ ਮਾਮਲਾ ਅਜੇ ਜਾਂਚ ਅਧੀਨ ਹੈ। ਬੈਟਨ ਰੌਗ ਪੁਲਿਸ ਮੁਖੀ ਥਾਮਸ ਮੋਰਸ ਜੂਨੀਅਰ ਨੇ ਕਿਹਾ ਹੈ ਕਿ ਦੋ ਧੜਿਆਂ ਵਿਚ ਸ਼ਾਮਿਲ ਲੋਕਾਂ ਨੇ ਕਿਸੇ ਮੁੱਦੇ 'ਤੇ ਹੋਈ ਬਹਿਸ ਉਪਰੰਤ ਇਕ ਦੂਸਰੇ ਉਪਰ ਗੋਲੀਆਂ ਚਲਾ ਦਿੱਤੀਆਂ। ਮਾੜੀ ਗੱਲ ਇਹ ਰਹੀ ਕਿ ਕੁਝ ਨਿਰਦੋਸ਼ ਲੋਕ ਵੀ ਗੋਲੀਆਂ ਦੀ ਮਾਰ ਹੇਠ ਆ ਗਏ। ਗੋਲਬਾਰੀ ਉਪਰੰਤ ਲੋਕ ਆਪਣਾ ਬਚਾ ਕਰਨ ਲਈ ਇਧਰ ਉਧਰ ਲੁਕ ਗਏ। ਪੁਲਿਸ ਮੁਖੀ ਅਨੁਸਾਰ ਅਜੇ ਇਹ ਸਾਫ ਨਹੀਂ ਹੈ ਕਿ ਕੁਲ ਕਿੰਨੇ ਲੋਕ ਗੋਲੀਬਾਰੀ ਵਿੱਚ ਸ਼ਾਮਿਲ ਸਨ। ਜਾਂਚਕਾਰ ਸੀ ਸੀ ਟੀ ਵੀ ਦੀ ਫੁੱਟਜ ਵੇਖ ਰਹੇ ਹਨ ਤੇ ਮੌਕੇ ਦੇ ਗਵਾਹਾਂ ਦੇ ਬਿਆਨ ਲਏ ਜਾ ਰਹੇ ਹਨ ਤਾਂ ਜੋ ਦੋਸ਼ੀਆਂ ਤੱਕ ਪਹੁੰਚਿਆ ਜਾ ਸਕੇ। ਸ਼ੱਕੀ ਵਿਅਕਤੀਆਂ ਨੂੰ ਕਾਬੂ ਕਰਨ ਲਈ ਡਰੋਨ ਤੇ ਹੈਲੀਕਾਪਟਰ ਦੀ ਮੱਦਦ ਵੀ ਲਈ ਜਾ ਰਹੀ ਹੈ।

# ‘ਆਪ’ ਦੇ 7 ਰਾਜ ਸਭਾ ਮੈਂਬਰਾਂ ਦੇ ਭਾਜਪਾ ਵਿੱਚ ਰਲੇਵੇਂ ਤੋਂ ਬਾਅਦ ਕੇਜਰੀਵਾਲ ਨੂੰ ਹੁਣ ਸਿਆਸਤ ਛੱਡ ਕੇ ਘਰ ਬੈਠ ਜਾਣਾ ਚਾਹੀਦਾ : ਪ੍ਰੋ. ਸਰਚਾਂਦ ਸਿੰਘ ਖਿਆਲਾ

## ✪ ਕੇਜਰੀਵਾਲ ਦੀ ਝੂਠ ਦੀ ਦੁਕਾਨ ਹੁਣ ਬੰਦ ਹੋਣ ਕਿਨਾਰੇ ✪ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਲੋਕ ਆਪ ਨੂੰ ਅਜਿਹਾ ਸਬਕ ਸਿਖਾਉਣਗੇ ਜੋ ਉਹ ਕਦੇ ਨਹੀਂ ਭੁੱਲਣਗੇ






ਅੰਮ੍ਰਿਤਸਰ-ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਦੇ 7 ਰਾਜ ਸਭਾ ਮੈਂਬਰਾਂ ਵੱਲੋਂ ਪੰਜਾਬ ਦੇ ਲੋਕਾਂ ਦੀ ਅਵਾਜ਼ ਅਤੇ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਲੋਕਤੰਤਰਿਕ ਪ੍ਰਕਿਰਿਆ ਅਧੀਨ ਭਾਜਪਾ ਵਿੱਚ ਸ਼ਾਮਲ ਹੋਣਾ ਇਸ ਗੱਲ ਦਾ ਸਪਸ਼ਟ ਸੰਕੇਤ ਹੈ ਕਿ ਅਰਵਿੰਦ ਕੇਜਰੀਵਾਲ ਦੀ ਝੂਠ ਦੀ ਸਿਆਸਤ ਦੀ ਦੁਕਾਨ ਹੁਣ ਬੰਦ ਹੋਣ ਕਿਨਾਰੇ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੂੰ ਹੁਣ ਸਿਆਸਤ ਛੱਡ ਕੇ ਘਰ ਬੈਠ ਜਾਣਾ ਚਾਹੀਦਾ ਹੈ, ਨਹੀਂ ਤਾਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਲੋਕ ਆਪ ਨੂੰ ਅਜਿਹਾ ਸਬਕ ਸਿਖਾਉਣਗੇ ਜੋ ਉਹ ਕਦੇ ਨਹੀਂ ਭੁੱਲਣਗੇ।

ਪ੍ਰੋ. ਖਿਆਲਾ ਨੇ ਕਿਹਾ ਕਿ “ਬਦਲਾਅ ਦੀ ਰਾਜਨੀਤੀ” ਦੇ ਨਾਅਰੇ ਨਾਲ ਅੱਗੇ ਆਈ ਆਪ ਅੱਜ ਸਿਰਫ਼ ਸੱਤਾ ਦੀ ਭੁੱਖ ਅਤੇ ਤਾਨਾਸ਼ਾਹੀ ਦਾ ਪ੍ਰਤੀਕ ਬਣ ਚੁੱਕੀ ਹੈ। ਜਿਸ ਪਾਰਟੀ ਨੇ ਵੀ ਆਈ ਪੀ ਕਲਚਰ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ, ਉਹ ਅੱਜ ਖ਼ੁਦ ਇਸ ਕਲਚਰ ਨੂੰ ਸਭ ਤੋਂ ਵੱਧ ਵਧਾਵਾ ਦੇ ਰਹੀ ਹੈ। ਲੋਕਾਂ ਦੇ ਪੈਸੇ ਦੀ ਸਵਾਰਥੀ ਹਿਤਾਂ ਲਈ ਬੇਹਿਸਾਬ ਇਸ਼ਤਿਹਾਰਬਾਜ਼ੀ ਕਰਕੇ ਲੁੱਟ ਕੀਤੀ ਜਾ ਰਹੀ ਹੈ।

ਉਨ੍ਹਾਂ ਤਿੱਖੇ ਲਹਿਜ਼ੇ ਵਿੱਚ ਵਿਅੰਗ ਕਸਦਿਆਂ ਕਿਹਾ “ਘੁਟਾਲਾ ਸ਼ਰਾਬ ਦਾ ਕਰਦੇ ਹਨ ਤੇ ਨਾਅਰੇਬਾਜ਼ੀ ਇਨਕਲਾਬ ਦੀ ਲਗਾਉਂਦੇ ਹਨ।” ਅੱਜ ਪੰਜਾਬ “ਰੰਗਲਾ ਪੰਜਾਬ” ਨਹੀਂ, ਸਗੋਂ “ਰੁਲਦਾ ਪੰਜਾਬ” ਬਣ ਚੁੱਕਾ ਹੈ। ਵਿਕਾਸ ਦੀ ਥਾਂ ਇਸ਼ਤਿਹਾਰ, ਕ੍ਰਾਂਤੀ ਦੀ ਥਾਂ ਰੰਗ-ਰੋਗਨ ਅਤੇ ਇਮਾਨਦਾਰੀ ਦੀ ਥਾਂ ਸਮਝੌਤੇ-ਕੀ ਇਹੀ “ਨਵਾਂ ਪੰਜਾਬ” ਹੈ?

ਪ੍ਰੋ. ਖਿਆਲਾ ਨੇ ਕਿਹਾ ਕਿ ਆਪ ਦੇ ਫਾਊਂਡਰ ਮੈਂਬਰ ਅਤੇ ਅਹਿਮ ਆਗੂ ਇਕ-ਇਕ ਕਰਕੇ ਪਾਰਟੀ ਛੱਡ ਰਹੇ ਹਨ। ਹੁਣ ਰਾਘਵ ਚੱਢਾ, ਸੰਦੀਪ ਪਾਠਕ, ਅਸ਼ੋਕ ਮਿੱਤਲ, ਹਰਭਜਨ ਸਿੰਘ, ਰਾਜਿੰਦਰ ਗੁਪਤਾ, ਸਵਾਤੀ ਮਾਲੀਵਾਲ ਅਤੇ ਵਿਕਰਮ ਸਾਹਨੀ ਵਰਗੇ ਰਾਜ ਸਭਾ ਮੈਂਬਰਾਂ ਦੇ ਭਾਜਪਾ ਵਿੱਚ ਆਉਣ ’ਤੇ ਉਨ੍ਹਾਂ ਨੂੰ “ਗੱਦਾਰ” ਕਹਿਣਾ ਆਪ ਦੀ ਘਬਰਾਹਟ ਦਾ ਸਬੂਤ ਹੈ। ਉਨ੍ਹਾਂ ਪੁੱਛਿਆ ਕਿ ਜੇ ਪਾਰਟੀ ਛੱਡਣ ਵਾਲੇ ਗੱਦਾਰ ਹਨ ਤਾਂ ਫਿਰ ਹੋਰ ਪਾਰਟੀਆਂ ਤੋਂ ਆਏ ਆਪ ਆਗੂਆਂ ਨੂੰ ਕਿਹੜਾ ਸਰਟੀਫਿਕੇਟ ਦਿੱਤਾ ਜਾਵੇ?

ਉਨ੍ਹਾਂ ਕਿਹਾ ਕਿ ਜੇ ਇਹਨਾਂ ਲੋਕਾਂ ਦੀ “ਮੁਹੱਲਿਆਂ ਵਾਲੀ ਔਕਾਤ ਵੀ ਨਹੀਂ ਸੀ” ਤਾਂ ਫਿਰ ਇਹਨਾਂ ਨੂੰ ਰਾਜ ਸਭਾ ਕਿਉਂ ਥੋਪਿਆ ਗਿਆ? ਕੀ ਇਹ ਤੁਹਾਡੇ ਵੱਲੋਂ ਪੰਜਾਬੀਆਂ ਨਾਲ ਕੀਤੀ ਗਈ ਗ਼ੱਦਾਰੀ ਨਹੀਂ?

ਪ੍ਰੋ. ਖਿਆਲਾ ਨੇ ਕਿਹਾ ਕਿ ਭਾਜਪਾ ’ਤੇ “ਧੱਕਾ” ਕਰਨ ਦੇ ਦੋਸ਼ ਲਾਉਣ ਵਾਲੇ ਪਹਿਲਾਂ ਇਹ ਦੱਸਣ ਕਿ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨੂੰ ਘਰ ਬੁਲਾ ਕੇ ਕੇਜਰੀਵਾਲ ਨੇ ਆਪਣੇ ਪੀ ਏ ਤੋਂ ਚਪੇੜਾਂ ਮਰਵਾ ਕੇ ਨਾਰੀ ਸ਼ਕਤੀ ਦਾ ਅਪਮਾਨ ਕਿਉਂ ਕੀਤਾ?

ਉਨ੍ਹਾਂ ਕਿਹਾ ਕਿ ਹਰਭਜਨ ਸਿੰਘ ਵਰਗੇ ਮਹਾਨ ਕ੍ਰਿਕਟਰ ਨੂੰ “ਵਿਕਾਊ” ਕਹਿਣਾ ਸਿਰਫ਼ ਉਸ ਦਾ ਨਹੀਂ, ਸਗੋਂ ਪੂਰੇ ਖੇਡ ਜਗਤ ਦਾ ਅਪਮਾਨ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਅੱਜ ਲੁੱਟਾਂ-ਖੋਹਾਂ, ਫਿਰੌਤੀਆਂ, ਗੈਂਗਸਟਰਵਾਦ, ਕਤਲਾਂ ਦੀ ਭਰਮਾਰ ਹੈ। ਉਦਯੋਗਪਤੀ ਅਤੇ ਵਪਾਰੀ ਵਰਗ ਬੇਜ਼ਾਰ ਹੈ। ਕਾਨੂੰਨ-ਵਿਵਸਥਾ ’ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਗੈਂਗਸਟਰ ਕਲਚਰ, ਲੁੱਟਾਂ-ਖੋਹਾਂ, ਧਮਕੀਆਂ, ਕਤਲ ਅਤੇ ਪੁਲਿਸ ਥਾਣਿਆਂ ’ਤੇ ਗ੍ਰੇਨੇਡ ਹਮਲੇ ਆਮ ਹੋ ਗਏ ਹਨ। ਲਾਰੰਸ ਬਿਸ਼ਨੋਈ ਦਾ ਸੀਆਈਏ ਖਰੜ ਵਿੱਚ ਇੰਟਰਵਿਊ ਇਸ ਦਾ ਸਿੱਧਾ ਸਬੂਤ ਹੈ। ਉਨ੍ਹਾਂ ਨੇ ਤੰਜ ਕੱਸਦਿਆਂ ਕਿਹਾ ਕਿ ਜਿਹੜੇ ਕਹਿੰਦੇ ਸਨ “ਡਰ ਲੱਗਦਾ ਹੈ ਤਾਂ ਸਿਆਸਤ ਛੱਡ ਕੇ ਮੁਰਗੀਖਾਨਾ ਖੋਲ੍ਹ ਲਓ”, ਉਹੀ ਅੱਜ ਬੁਲੇਟ-ਪਰੂਫ਼ ਸ਼ੀਸ਼ੇ ਪਿੱਛੇ ਭਾਸ਼ਣ ਦੇ ਰਹੇ ਹਨ।

ਪ੍ਰੋ. ਖਿਆਲਾ ਨੇ ਕਿਹਾ ਕਿ ਭਗਵੰਤ ਮਾਨ ਅਤੇ ਕੇਜਰੀਵਾਲ ਸਿਰਫ਼ ਸ਼ੋਸ਼ੇਬਾਜ਼ੀ ਦੇ ਮਾਹਿਰ ਹਨ। ਅੱਜ ਸਭ ਜਾਣਦੇ ਹਨ ਕਿ ਸੀ ਐਮ ਓ ਨੂੰ ਕੌਣ ਚਲਾ ਰਿਹਾ ਹੈ, ਮੰਤਰੀਆਂ ਦੇ ਓ ਐਸ ਡੀ ਕਿੱਥੋਂ ਤੇ ਕਿਉਂ ਲਗਾਏ ਗਏ ਹਨ। ਈ ਡੀ ਦੀਆਂ ਰੇਡਾਂ ਨੂੰ ਰਾਜਨੀਤਿਕ ਦਬਾਅ ਕਹਿਣ ਵਾਲੇ ਇਹ ਵੀ ਦੱਸਣ ਕਿ ਵਿਜੀਲੈਂਸ ਦੀਆਂ ਰੇਡਾਂ ਕਿਸ ਖਾਤੇ ਵਿੱਚ ਪਾਈਆਂ ਜਾਣ?

ਉਨ੍ਹਾਂ ਕਿਹਾ ਕਿ ਪੰਜਾਬ ਸਾਢੇ ਚਾਰ ਲੱਖ ਕਰੋੜ ਦੇ ਕਰਜ਼ੇ ਹੇਠ ਡੁੱਬ ਚੁੱਕਾ ਹੈ। ਪਰ ਵਿਕਾਸ ਨਾਂ ਦੀ ਕੋਈ ਚੀਜ਼ ਨਹੀਂ। ਕੇਂਦਰੀ ਯੋਜਨਾਵਾਂ ਦੇ ਨਾਮ ਬਦਲ ਕੇ ਆਪਣੀਆਂ ਦੱਸੀਆਂ ਜਾ ਰਹੀਆਂ ਹਨ। ਕੇਂਦਰ ਵੱਲੋਂ ਭੇਜੇ ਫੰਡਾਂ ਦੀ UC (Utilization Certificate) ਤੱਕ ਨਹੀਂ ਭੇਜੀ ਜਾਂਦੀ।

ਉਨ੍ਹਾਂ ਕਿਹਾ ਕਿ “ਸਿਹਤ ਕ੍ਰਾਂਤੀ” ਦੇ ਨਾਂ ’ਤੇ ਕੇਵਲ ਮੁਹੱਲਾ ਕਲੀਨਿਕ ਖੋਲੇ ਗਏ। “ਸਿੱਖਿਆ ਕ੍ਰਾਂਤੀ/ਸਿਹਤ ਕ੍ਰਾਂਤੀ ਕੇਵਲ ਰੰਗ ਬਦਲਣ ਨਾਲ ਆਉਂਦੀ ਹੁੰਦੀ ਤਾਂ ਗਿਰਗਿਟ ਸਭ ਤੋਂ ਵੱਡਾ ਕ੍ਰਾਂਤੀਕਾਰੀ ਹੁੰਦਾ।” 16 ਮੈਡੀਕਲ ਕਾਲਜਾਂ ਦਾ ਵਾਅਦਾ ਅੱਜ ਵੀ ਦੂਰਬੀਨ ਨਾਲ ਵੀ ਨਹੀਂ ਦਿੱਸਦਾ। ਨਾ ਹੀ ਔਰਤਾਂ ਨੂੰ 1000 ਰੁਪੈ ਦੇਣ ਦਾ ਵਾਅਦਾ ਪੂਰਾ ਹੋਇਆ।

ਭ੍ਰਿਸ਼ਟਾਚਾਰ ’ਤੇ ਪ੍ਰਹਾਰ ਕਰਦਿਆਂ ਉਨ੍ਹਾਂ ਕਿਹਾ ਕਿ ਰੇਤ-ਬਜਰੀ ਮਾਫੀਆ ਬੇਲਗ਼ਾਮ ਹੈ। ਵਿਜੇ ਸਿੰਗਲਾ, ਅਮਿਤ ਰਤਨ, ਫੌਜਾ ਸਿੰਘ ਸਰਾਰੀ ਵਰਗੇ ਮੰਤਰੀ ਜੇਲ੍ਹ ਕੱਟ ਚੁੱਕੇ ਹਨ। 28 ਜੂਨ 2025 ਨੂੰ ਵਿਜੇ ਸਿੰਗਲਾ ਨੂੰ ਕਲੀਨ ਚਿੱਟ ਦੇਣ ਨਾਲ ਆਪ ਦੀ “ਇਮਾਨਦਾਰ ਸਰਕਾਰ” ਵਾਲੀ ਪੋਲ ਖੁੱਲ੍ਹ ਗਈ।

ਬੇਅਦਬੀ ਮਾਮਲਿਆਂ ’ਤੇ ਉਨ੍ਹਾਂ ਕਿਹਾ ਕਿ ਆਪ ਸਰਕਾਰ ਦੀ ਨੀਅਤ ’ਤੇ ਸਵਾਲ ਖੜ੍ਹਦੇ ਹਨ। 24 ਘੰਟਿਆਂ ਵਿੱਚ ਇਨਸਾਫ਼ ਦੇ ਵਾਅਦੇ ਕਰਨ ਵਾਲਿਆਂ ਨੇ 29 ਅਪ੍ਰੈਲ 2025 ਨੂੰ ਸੁਪਰੀਮ ਕੋਰਟ ’ਚ ਟਰਾਇਲ ਰੋਕਣ ’ਤੇ ਸਹਿਮਤੀ ਕਿਉਂ ਦਿੱਤੀ? 11 ਸਾਲਾਂ ਵਿੱਚ 597 ਬੇਅਦਬੀਆਂ, ਸਿਰਫ਼ 40 ਕੇਸਾਂ ਵਿੱਚ ਸਜ਼ਾ, 99 ਬਰੀ, 131 ਅਦਾਲਤਾਂ ਵਿੱਚ, ਅਤੇ 422 ਰਫ਼ਾ-ਦਫ਼ਾ-ਇਹ ਅੰਕੜੇ ਆਪ ਦੀ ਨਾਕਾਮੀ ਬਿਆਨ ਕਰਦੇ ਹਨ।

ਪ੍ਰੋ. ਖਿਆਲਾ ਨੇ ਅੰਨ੍ਹਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦਾ ਹਵਾਲਾ ਦਿੰਦਿਆਂ ਕਿਹਾ ਕਿ 2011 ਦੇ ਰਾਮਲੀਲ੍ਹਾ ਮੈਦਾਨ ਤੋਂ ਸ਼ੁਰੂ ਹੋਇਆ ਅੰਦੋਲਨ ਜਨ ਲੋਕਪਾਲ ਬਿੱਲ ਅਤੇ ਭ੍ਰਿਸ਼ਟਾਚਾਰ ਵਿਰੋਧੀ ਜਾਗਰੂਕਤਾ ਲਈ ਸੀ। ਪਰ 26 ਨਵੰਬਰ 2012 ਨੂੰ ਕੇਜਰੀਵਾਲ ਨੇ ਇਸ ਦਾ ਸਿਆਸੀ ਲਾਭ ਲੈ ਕੇ ਆਮ ਆਦਮੀ ਪਾਰਟੀ ਬਣਾਈ। ਉਸ ਵਕਤ ਅੰਨ੍ਹਾ ਹਜ਼ਾਰੇ ਨੇ ਖ਼ੁਦ ਕਿਹਾ ਸੀ ਕਿ ਕੇਜਰੀਵਾਲ ਨੇ ਸਿਆਸਤ ਵਿੱਚ ਆ ਕੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਨੂੰ ਨੁਕਸਾਨ ਪਹੁੰਚਾਇਆ।

ਉਨ੍ਹਾਂ ਕਿਹਾ ਕਿ “ਇਨਸਾਨ ਦਾ ਇਨਸਾਨ ਨਾਲ ਹੋਵੇ ਭਾਈਚਾਰਾ”, “ਕੱਟੜ ਇਮਾਨਦਾਰੀ”, “ਕੱਟੜ ਦੇਸ਼ਭਗਤੀ” ਅਤੇ “ਮਨੁੱਖਤਾ” ਦੇ ਨਾਅਰੇ ਦੇਣ ਵਾਲੀ ਪਾਰਟੀ ਅੱਜ ਭ੍ਰਿਸ਼ਟ, ਸਮਝੌਤਾਵਾਦੀ ਅਤੇ ਤਾਨਾਸ਼ਾਹ ਲੋਕਾਂ ਦੇ ਹੱਥਾਂ ਵਿੱਚ ਆ ਚੁੱਕੀ ਹੈ। ਇਸ ਲਈ ਅੱਜ ਪੰਜਾਬ ਦੀ ਜਨਤਾ ਕਹਿ ਰਹੀ ਹੈ- “ਰੰਗਲਾ ਨਹੀਂ, ਕੰਗਲਾ ਪੰਜਾਬ ਬਣਾਇਆ ਗਿਆ।”



# ਕੀ ਮੋਦੀ ਦੀ 'ਚਾਣਕਿਆ ਨੀਤੀ' ਮਮਤਾ ਦੀ 'ਸੋਸ਼ਲ ਇੰਜੀਨੀਅਰਿੰਗ' ਅੱਗੇ ਫੇਲ੍ਹ ਹੋਵੇਗੀ ?

## ✪ 27 ਲੱਖ ਵੋਟਾਂ ਦਾ ਸਵਾਲ: ਕੀ ਦਿੱਲੀ ਦੀ 'ਚਾਲ' ਬੰਗਾਲ 'ਚ ਹੋਵੇਗੀ ਫੇਲ੍ਹ ?

**ਦਰਪਣ ਝੂਠ ਨਹੀ ਬੋਲਦਾ**
**ਪੰਜਾਬ ਟਾਈਮਜ਼ ਮੀਡੀਆ**



ਬੰਗਾਲ ਦੀ ਸਿਆਸਤ ਇਸ ਸਮੇਂ ਇੱਕ ਅਜਿਹੇ ਮੋੜ 'ਤੇ ਹੈ ਜਿੱਥੇ ਹਰ ਵੋਟ ਇੱਕ ਨਵੀਂ ਇਬਾਰਤ ਲਿਖ ਰਹੀ ਹੈ। 2026 ਦੀਆਂ ਇਹ ਵਿਧਾਨ ਸਭਾ ਚੋਣਾਂ ਮਹਿਜ਼ ਸੱਤਾ ਦਾ ਸੰਘਰਸ਼ ਨਹੀਂ, ਸਗੋਂ ਬੰਗਾਲੀ ਪਛਾਣ ਅਤੇ ਕੇਂਦਰੀ ਰਣਨੀਤੀ ਦੇ ਵਿਚਕਾਰ ਇੱਕ ਵੱਡੀ ਜੰਗ ਬਣ ਚੁੱਕੀ ਹੈ। ਬੰਗਾਲ ਦੇ ਚੋਣ ਇਤਿਹਾਸ ਵਿੱਚ ਪਹਿਲੇ ਪੜਾਅ ਦੌਰਾਨ ਹੋਈ 92.7% ਦੀ ਰਿਕਾਰਡ ਵੋਟਿੰਗ ਨੇ ਸਿਆਸੀ ਪੰਡਿਤਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਜਿੱਥੇ ਭਾਜਪਾ ਇਸ ਨੂੰ ਸੱਤਾ ਵਿਰੋਧੀ ਲਹਿਰ ਵਜੋਂ ਦੇਖ ਰਹੀ ਹੈ, ਉੱਥੇ ਹੀ ਤੱਥ ਕੁਝ ਹੋਰ ਹੀ ਕਹਾਣੀ ਬਿਆਨ ਕਰਦੇ ਹਨ।

ਸਭ ਤੋਂ ਵੱਡਾ ਮੁੱਦਾ 27 ਲੱਖ ਵੋਟਰਾਂ ਦੇ ਨਾਂ ਕੱਟੇ ਜਾਣ ਦਾ ਹੈ। ਜਦੋਂ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਵੋਟਰ ਸੂਚੀਆਂ ਦੀ ਸੁਧਾਈ ਹੋਈ, ਤਾਂ ਬੰਗਾਲ ਵਿੱਚ ਵੱਡੀ ਪੱਧਰ 'ਤੇ ਨਾਂ ਕੱਟੇ ਗਏ। ਮਮਤਾ ਬੈਨਰਜੀ ਨੇ ਇਸ ਨੂੰ 'ਬੰਗਾਲੀਆਂ ਨੂੰ ਬੇਦਖ਼ਲ ਕਰਨ ਦੀ ਸਾਜ਼ਿਸ਼' ਵਜੋਂ ਪੇਸ਼ ਕੀਤਾ। ਇਸ ਕਦਮ ਨੇ ਉਹਨਾਂ ਵੋਟਰਾਂ ਨੂੰ ਵੀ ਘਰਾਂ ਤੋਂ ਬਾਹਰ ਕੱਢ ਦਿੱਤਾ ਜੋ ਸ਼ਾਇਦ ਪਹਿਲਾਂ ਉਦਾਸੀਨ ਸਨ। ਲੋਕਾਂ ਵਿੱਚ ਇਹ ਡਰ ਪੈਦਾ ਹੋ ਗਿਆ ਕਿ ਵੋਟ ਨਾ ਦੇਣਾ ਉਹਨਾਂ ਦੀ ਨਾਗਰਿਕਤਾ 'ਤੇ ਸਵਾਲ ਖੜ੍ਹੇ ਕਰ ਸਕਦਾ ਹੈ। ਇਸ ਵਾਰ ਔਰਤਾਂ ਦੀ ਵੋਟਿੰਗ ਦਰ (93%) ਮਰਦਾਂ ਨਾਲੋਂ ਵਧੇਰੇ ਰਹੀ ਹੈ। ਟੀ.ਐਮ.ਸੀ. ਦੀ ਲਕਸ਼ਮੀ ਭੰਡਾਰ ਯੋਜਨਾ ਯੋਜਨਾ ਔਰਤਾਂ ਲਈ ਇੱਕ ਮਜ਼ਬੂਤ ਆਰਥਿਕ ਸਹਾਰਾ ਬਣੀ ਹੈ। ਭਾਜਪਾ ਨੇ ਆਰ.ਜੀ. ਕਰ ਵਰਗੀਆਂ ਘਟਨਾਵਾਂ ਨੂੰ ਮੁੱਦਾ ਬਣਾ ਕੇ ਮਹਿਲਾ ਸੁਰੱਖਿਆ 'ਤੇ ਸਵਾਲ ਚੁੱਕੇ, ਪਰ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬੰਗਾਲ ਦੀਆਂ ਔਰਤਾਂ ਅਜੇ ਵੀ ਮਮਤਾ ਨੂੰ ਆਪਣੀ "ਦੀਦੀ" ਵਜੋਂ ਦੇਖਦੀਆਂ ਹਨ।

ਪ੍ਰਧਾਨ ਮੰਤਰੀ ਮੋਦੀ ਅਤੇ ਅਮਿਤ ਸ਼ਾਹ ਨੇ ਪੂਰੀ ਤਾਕਤ ਝੋਂਕ ਦਿੱਤੀ ਹੈ। ਕੇਂਦਰੀ ਏਜੰਸੀਆਂ (ਈਡੀ/ਸੀਬੀਆਈ) ਦੀ ਸਰਗਰਮੀ ਨੂੰ ਭਾਜਪਾ 'ਭ੍ਰਿਸ਼ਟਾਚਾਰ ਵਿਰੁੱਧ ਜੰਗ' ਕਹਿੰਦੀ ਹੈ, ਪਰ ਬੰਗਾਲ ਦੀ ਜਨਤਾ ਦਾ ਇੱਕ ਹਿੱਸਾ ਇਸ ਨੂੰ 'ਬੰਗਾਲੀ ਸਵੈ-ਮਾਣ' 'ਤੇ ਹਮਲੇ ਵਜੋਂ ਦੇਖ ਰਿਹਾ ਹੈ। ਦਿੱਲੀ ਅਤੇ ਬਿਹਾਰ ਦੇ ਤਜਰਬਿਆਂ ਨੇ ਵੋਟਰਾਂ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਹੈ ਕਿ ਕੀ ਕੇਂਦਰੀ ਵਾਅਦੇ ਜ਼ਮੀਨੀ ਹਕੀਕਤ ਬਣਦੇ ਹਨ ?

ਪੱਛਮੀ ਬੰਗਾਲ ਵਿੱਚ ਦੂਜੇ ਪੜਾਅ ਦੀਆਂ ਚੋਣਾਂ ਦੀ ਸਥਿਤੀ ਇਸ ਸਮੇਂ ਕਾਫ਼ੀ ਗੰਭੀਰ ਅਤੇ ਦਿਲਚਸਪ ਬਣੀ ਹੋਈ ਹੈ। ਦੱਖਣੀ 24 ਪਰਗਨਾ, ਹਾਵੜਾ ਅਤੇ ਹੁਗਲੀ ਵਰਗੇ ਜ਼ਿਲ੍ਹੇ ਰਵਾਇਤੀ ਤੌਰ 'ਤੇ ਤ੍ਰਿਣਮੂਲ ਕਾਂਗਰਸ ਦੇ ਗੜ੍ਹ ਮੰਨੇ ਜਾਂਦੇ ਹਨ, ਜਿਨ੍ਹਾਂ ਨੂੰ ਤੋੜਨ ਲਈ ਭਾਜਪਾ ਨੇ ਪੂਰੀ ਵਾਹ ਲਾਈ ਹੋਈ ਹੈ।

ਭਾਜਪਾ ਦਾ ਦਾਅਵਾ ਹੈ ਕਿ ਪਹਿਲੇ ਪੜਾਅ ਵਿੱਚ 110 ਸੀਟਾਂ ਜਿੱਤੇਗੀ। ਟੀ.ਐਮ.ਸੀ. ਦਾ ਮੰਨਣਾ ਹੈ ਕਿ ਉਹ:125-135 ਸੀਟਾਂ ਜਿਤੇਗੀ ਅਤੇ ਨੰਦੀਗ੍ਰਾਮ ਵਰਗੇ ਅਹਿਮ ਗੜ੍ਹਾਂ ਵਿੱਚ ਭਾਜਪਾ ਨੂੰ ਪਛਾੜਾਂਗੇ।

ਸਿਆਸੀ ਮਾਹਿਰਾਂ ਅਨੁਸਾਰ, ਰਿਕਾਰਡ ਮਤਦਾਨ ਅਕਸਰ ਤਬਦੀਲੀ ਦਾ ਸੰਕੇਤ ਹੁੰਦਾ ਹੈ, ਪਰ ਬੰਗਲ ਵਿੱਚ ਇਹ "ਧਰੁਵੀਕਰਨ ਦੇ ਵਿਰੁੱਧ ਲਾਮਬੰਦੀ" ਵੀ ਹੋ ਸਕਦਾ ਹੈ। ਜੇਕਰ ਮਮਤਾ ਬੈਨਰਜੀ 27 ਲੱਖ ਵੋਟਰਾਂ ਦੇ ਗੁੱਸੇ ਅਤੇ ਮਹਿਲਾ ਵੋਟਰਾਂ ਦੇ ਭਰੋਸੇ ਨੂੰ ਵੋਟਾਂ ਵਿੱਚ ਬਦਲਣ ਵਿੱਚ ਸਫਲ ਰਹਿੰਦੀ ਹੈ, ਤਾਂ ਮੋਦੀ ਦੀ ਸਿਆਸੀ ਚਾਲ ਫੇਲ੍ਹ ਹੋ ਸਕਦੀ ਹੈ।

ਪਰ ਜੇਕਰ ਭਾਜਪਾ ਦਾ 'ਚੁੱਪ ਵੋਟਰ' ਅਤੇ ਸੱਤਾ ਵਿਰੋਧੀ ਲਹਿਰ ਅੰਦਰਖਾਤੇ ਕੰਮ ਕਰ ਰਹੀ ਹੈ, ਤਾਂ ਨਤੀਜੇ ਹੈਰਾਨੀਜਨਕ ਹੋ ਸਕਦੇ ਹਨ। ਫਿਲਹਾਲ, ਬੰਗਾਲ ਦਾ ਕਿਲ੍ਹਾ ਮਮਤਾ ਲਈ ਸੁਰੱਖਿਅਤ ਜਾਪਦਾ ਹੈ, ਪਰ ਭਾਜਪਾ ਨੇ ਜਿਸ ਤਰ੍ਹਾਂ ਦੀ 'ਘੇਰਾਬੰਦੀ' ਕੀਤੀ ਹੈ, ਉਹ ਚੌਥੀ ਵਾਰ ਸੱਤਾ 'ਤੇ ਕਾਬਜ਼ ਹੋਣ ਦੇ ਰਾਹ ਵਿੱਚ ਵੱਡੀ ਚੁਣੌਤੀ ਹੈ। ਬੰਗਾਲ ਦੀਆਂ 2026 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਅਤੇ ਖੱਬੇ ਪੱਖੀਆਂ ਦੀ ਸਥਿਤੀ ਕਾਫ਼ੀ ਬਦਲ ਚੁੱਕੀ ਹੈ। ਇਸ ਵਾਰ ਸਭ ਤੋਂ ਵੱਡੀ ਖ਼ਬਰ ਇਹ ਹੈ ਕਿ ਦੋਵਾਂ ਪਾਰਟੀਆਂ ਵਿਚਕਾਰ ਪਿਛਲਾ ਗਠਜੋੜ ਟੁੱਟ ਚੁੱਕਾ ਹੈ ਅਤੇ ਉਹ ਸੁਤੰਤਰ ਤੌਰ 'ਤੇ ਚੋਣਾਂ ਲੜ ਰਹੇ ਹਨ। ਕਾਂਗਰਸ ਨੇ ਇਸ ਵਾਰ ਖੱਬੇ ਪੱਖੀਆਂ ਨਾਲ ਗਠਜੋੜ ਨਾ ਕਰਨ ਦਾ ਫੈਸਲਾ ਕੀਤਾ ਹੈ ਅਤੇ ਸਾਰੀਆਂ 294 ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰੇ ਹਨ। ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮੁੜ ਸੁਰਜੀਤ ਕਰਨਾ ਅਤੇ ਟੀ.ਐਮ.ਸੀ. ਤੇ ਭਾਜਪਾ ਤੋਂ ਨਾਰਾਜ਼ ਵੋਟਰਾਂ ਨੂੰ ਆਪਣੇ ਵੱਲ ਖਿੱਚਣਾ। ਬੰਗਾਲ ਵਿੱਚ ਸਿਆਸਤ ਪੂਰੀ ਤਰ੍ਹਾਂ 'ਦੋ-ਧਰੁਵੀ' ਹੋ ਚੁੱਕੀ ਹੈ (ਟੀ.ਐਮ.ਸੀ. ਬਨਾਮ ਭਾਜਪਾ)। ਅਜਿਹੇ ਵਿੱਚ ਕਾਂਗਰਸ ਲਈ ਆਪਣੀ ਹੋਂਦ ਬਚਾਉਣਾ ਅਤੇ ਵੋਟ ਬੈਂਕ ਨੂੰ ਖਿੰਡਣ ਤੋਂ ਰੋਕਣਾ ਇੱਕ ਵੱਡੀ ਚੁਣੌਤੀ ਹੈ। 2021 ਦੀਆਂ ਚੋਣਾਂ ਵਿੱਚ ਖੱਬੇ ਪੱਖੀਆਂ ਦਾ ਸਫਾਇਆ ਹੋ ਗਿਆ ਸੀ, ਇਸ ਲਈ 2026 ਉਹਨਾਂ ਲਈ 'ਕਰੋ ਜਾਂ ਮਰੋ' ਵਾਲੀ ਸਥਿਤੀ ਹੈ। ਸੀ.ਪੀ.ਆਈ.(ਐਮ) ਨੇ ਇਸ ਵਾਰ ਵੱਡੀ ਗਿਣਤੀ ਵਿੱਚ ਨੌਜਵਾਨ ਚਿਹਰਿਆਂ ਨੂੰ ਟਿਕਟਾਂ ਦਿੱਤੀਆਂ ਹਨ ਤਾਂ ਜੋ ਨਵੇਂ ਵੋਟਰਾਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ। ਕਾਂਗਰਸ ਨਾਲੋਂ ਵੱਖ ਹੋ ਕੇ ਖੱਬੇ ਪੱਖੀ ਹੁਣ 'ਇੰਡੀਅਨ ਸੈਕੂਲਰ ਫਰੰਟ' ਅਤੇ ਹੋਰ ਛੋਟੀਆਂ ਖੇਤਰੀ ਪਾਰਟੀਆਂ ਨਾਲ ਮਿਲ ਕੇ ਚੱਲਣ ਦੀ ਕੋਸ਼ਿਸ਼ ਕਰ ਰਹੇ ਹਨ।

ਕਾਂਗਰਸ ਅਤੇ ਖੱਬੇ ਪੱਖੀਆਂ ਦੇ ਵੱਖਰੇ ਤੌਰ 'ਤੇ ਚੋਣ ਲੜਨ ਨਾਲ ਕਈ ਸੀਟਾਂ 'ਤੇ ਮੁਕਾਬਲਾ ਤਿਕੋਣਾ ਹੋ ਗਿਆ ਹੈ। ਜੇਕਰ ਕਾਂਗਰਸ ਅਤੇ ਖੱਬੇ ਪੱਖੀ 'ਧਰਮ ਨਿਰਪੱਖ' ਵੋਟਾਂ ਕੱਟਦੇ ਹਨ, ਤਾਂ ਇਸ ਦਾ ਸਿੱਧਾ ਨੁਕਸਾਨ ਮਮਤਾ ਬੈਨਰਜੀ ਨੂੰ ਹੋ ਸਕਦਾ ਹੈ ? ਪਰ, ਜੇਕਰ ਉਹ ਭਾਜਪਾ ਦੇ ਕੁਝ ਹਿੰਦੂ ਵੋਟਰਾਂ ਜਾਂ ਨਾਰਾਜ਼ ਵੋਟਰਾਂ ਨੂੰ ਤੋੜਨ ਵਿੱਚ ਸਫਲ ਹੁੰਦੇ ਹਨ, ਤਾਂ ਇਹ ਟੀ.ਐਮ.ਸੀ. ਲਈ ਫਾਇਦੇਮੰਦ ਹੋ ਸਕਦਾ ਹੈ।

ਦੂਜੇ ਪੜਾਅ ਦੀਆਂ 142 ਸੀਟਾਂ ਵਿੱਚੋਂ ਜ਼ਿਆਦਾਤਰ ਦੱਖਣੀ ਬੰਗਾਲ ਵਿੱਚ ਹਨ, ਜਿੱਥੇ ਖੱਬੇ ਪੱਖੀਆਂ ਦਾ ਕਦੇ ਬਹੁਤ ਮਜ਼ਬੂਤ ਆਧਾਰ ਹੁੰਦਾ ਸੀ। ਉਹ ਆਪਣਾ ਗੁਆਚਿਆ ਹੋਇਆ ਕਿਲ੍ਹਾ ਮੁੜ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਦਕਿ ਕਾਂਗਰਸ ਮਾਲਦਾ ਅਤੇ ਮੁਰਸ਼ਿਦਾਬਾਦ ਵਰਗੇ ਆਪਣੇ ਰਵਾਇਤੀ ਖੇਤਰਾਂ ਵਿੱਚ ਜ਼ੋਰ ਲਾ ਰਹੀ ਹੈ।

ਕਾਂਗਰਸ ਅਤੇ ਖੱਬੇ ਪੱਖੀ ਇਸ ਸਮੇਂ ਬੰਗਾਲ ਵਿੱਚ 'ਤੀਜੀ ਧਿਰ' ਵਜੋਂ ਉੱਭਰਨ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਮੁੱਖ ਲੜਾਈ ਅਜੇ ਵੀ ਮਮਤਾ ਅਤੇ ਮੋਦੀ ਦੇ ਆਲੇ-ਦੁਆਲੇ ਹੀ ਘੁੰਮ ਰਹੀ ਹੈ।

# ਵਿਸ਼ਵ ਦੇ ਸਰਵੋਤਮ ਸ਼ਹਿਰ 2026: ਨਿਊਯਾਰਕ ਤੇ ਪੈਰਿਸ ਸਿਖਰ 'ਤੇ

## ✪ ਭਾਰਤ ਦੇ 3 ਸ਼ਹਿਰਾਂ ਨੇ ਬਣਾਈ ਥਾਂ

ਦਿੱਲੀ-ਸਾਲ 2026 ਲਈ ਦੁਨੀਆ ਦੇ ਸਭ ਤੋਂ ਬਿਹਤਰੀਨ ਸ਼ਹਿਰਾਂ ਦੀ ਗਲੋਬਲ ਰੈਂਕਿੰਗ ਜਾਰੀ ਕਰ ਦਿੱਤੀ ਗਈ ਹੈ। ਇਸ ਸੂਚੀ ਵਿੱਚ ਸ਼ਹਿਰਾਂ ਨੂੰ ਉਨ੍ਹਾਂ ਦੇ ਸੱਭਿਆਚਾਰ, ਵਪਾਰ, ਬੁਨਿਆਦੀ ਢਾਂਚੇ ਅਤੇ ਜੀਵਨ ਦੀ ਗੁਣਵੱਤਾ ਦੇ ਆਧਾਰ 'ਤੇ ਪਰਖਿਆ ਗਿਆ ਹੈ। ਖਾਸ ਗੱਲ ਇਹ ਹੈ ਕਿ ਭਾਰਤ ਦੇ ਤਿੰਨ ਸ਼ਹਿਰਾਂ ਨੇ ਇਸ ਸੂਚੀ ਵਿੱਚ ਥਾਂ ਬਣਾਈ ਹੈ, ਹਾਲਾਂਕਿ ਕੋਈ ਵੀ ਭਾਰਤੀ ਸ਼ਹਿਰ ਟਾਪ-10 ਵਿੱਚ ਸ਼ਾਮਲ ਨਹੀਂ ਹੋ ਸਕਿਆ।

ਅਮਰੀਕਾ ਦਾ ਨਿਊਯਾਰਕ ਆਪਣੀ ਆਰਥਿਕ ਤਾਕਤ ਅਤੇ ਸੱਭਿਆਚਾਰ ਕਾਰਨ ਸੂਚੀ ਵਿੱਚ ਦੂਜੇ ਨੰਬਰ 'ਤੇ ਹੈ। ਉੱਥੇ ਹੀ ਪੈਰਿਸ ਨੂੰ ਇਸਦੀ ਇਤਿਹਾਸਕ ਵਿਰਾਸਤ ਅਤੇ ਆਧੁਨਿਕ ਨਵੀਨਤਾ ਦੇ ਸੁਮੇਲ ਲਈ ਉੱਚਾ ਦਰਜਾ ਮਿਲਿਆ ਹੈ।

ਟੋਕੀਓ ਆਪਣੇ ਸ਼ਾਨਦਾਰ ਬੁਨਿਆਦੀ ਢਾਂਚੇ ਅਤੇ ਤਕਨਾਲੋਜੀ ਲਈ ਜਾਣਿਆ ਜਾਂਦਾ ਹੈ, ਜਦੋਂ ਕਿ ਸਪੇਨ ਦੀ ਰਾਜਧਾਨੀ ਮੈਡ੍ਰਿਡ ਆਪਣੀ ਕਲਾ ਅਤੇ ਬਿਹਤਰ ਜੀਵਨ ਸ਼ੈਲੀ ਲਈ ਮਸ਼ਹੂਰ ਹੈ। ਸਿੰਗਾਪੁਰ ਸੁਰੱਖਿਆ



ਅਤੇ ਕੁਸ਼ਲਤਾ ਦਾ ਪ੍ਰਤੀਕ ਹੈ, ਜਦੋਂ ਕਿ ਇਟਲੀ ਦਾ ਰੋਮ ਆਪਣੇ ਪ੍ਰਾਚੀਨ ਇਤਿਹਾਸ ਅਤੇ ਸੱਭਿਆਚਾਰਕ ਮਹੱਤਵ ਕਾਰਨ ਚਰਚਾ ਵਿੱਚ ਹੈ। ਦੁਬਈ ਇੱਕ ਗਲੋਬਲ ਬਿਜ਼ਨਸ ਹੱਬ ਵਜੋਂ ਉੱਭਰਿਆ ਹੈ, ਜਦੋਂ ਕਿ ਜਰਮਨੀ ਦਾ ਬਰਲਿਨ ਆਪਣੇ ਸਟਾਰਟਅੱਪ ਕਲਚਰ ਅਤੇ ਰਚਨਾਤਮਕਤਾ ਲਈ ਜਾਣਿਆ ਜਾਂਦਾ ਹੈ।

ਭਾਰਤ ਦੇ ਤਿੰਨ ਪ੍ਰਮੁੱਖ ਸ਼ਹਿਰਾਂ ਨੇ ਇਸ ਗਲੋਬਲ ਲਿਸਟ ਵਿੱਚ ਆਪਣੀ ਮੌਜੂਦਗੀ ਦਰਜ ਕਰਵਾਈ ਹੈ:

ਭਾਰਤ ਦੇ ਬੈਂਗਲੁਰੂ 'ਟੈਕ ਹੱਬ' ਨੇ ਆਪਣੇ ਮਜ਼ਬੂਤ ਸਟਾਰਟਅੱਪ ਈਕੋਸਿਸਟਮ ਅਤੇ ਹੁਨਰਮੰਦ ਪ੍ਰਤਿਭਾ ਕਾਰਨ 29ਵਾਂ ਰੈਂਕ ਹਾਸਲ ਕੀਤਾ ਹੈ।

ਭਾਰਤ ਦੀ ਆਰਥਿਕ ਰਾਜਧਾਨੀ ਵਜੋਂ ਮੁੰਬਈ ਆਪਣੀ ਵਿੱਤੀ ਮਜ਼ਬੂਤੀ, ਮਨੋਰੰਜਨ ਉਦਯੋਗ ਤੇ ਵਧਦੇ ਬੁਨਿਆਦੀ ਢਾਂਚੇ ਕਾਰਨ 40ਵੇਂ ਨੰਬਰ 'ਤੇ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਨੂੰ ਇਸ ਸੂਚੀ ਵਿੱਚ 54ਵਾਂ ਸਥਾਨ ਮਿਲਿਆ ਹੈ। ਹਾਲਾਂਕਿ ਇਸਦਾ ਇਤਿਹਾਸਕ ਅਤੇ ਰਣਨੀਤਕ ਮਹੱਤਵ ਬਹੁਤ ਜ਼ਿਆਦਾ ਹੈ, ਪਰ ਪ੍ਰਦੂਸ਼ਣ ਅਤੇ ਪ੍ਰਸ਼ਾਸਨਿਕ ਕਮੀਆਂ ਕਾਰਨ ਇਹ ਰੈਂਕਿੰਗ ਵਿੱਚ ਪਿੱਛੇ ਰਹਿ ਗਿਆ ਹੈ। ਇਹ ਰੈਂਕਿੰਗ ਦਰਸਾਉਂਦੀ ਹੈ ਕਿ ਭਾਰਤੀ ਸ਼ਹਿਰ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਬਣਾ ਰਹੇ ਹਨ, ਪਰ ਜੀਵਨ ਦੀ ਗੁਣਵੱਤਾ ਅਤੇ ਵਾਤਾਵਰਣ ਵਰਗੇ ਮੁੱਦਿਆਂ 'ਤੇ ਅਜੇ ਵੀ ਬਹੁਤ ਕੰਮ ਕਰਨ ਦੀ ਲੋੜ ਹੈ।

# ਕੀ ਜੰਗ ਦੇ ਦਲਦਲ ’ਚ ਫਸ ਗਿਆ ਅਮਰੀਕਾ ?

## ✪ ਇਸਲਾਮਾਬਾਦ ਵਾਰਤਾ ਦੀ ਨਾਕਾਮੀ ਦੇ ਵੱਡੇ ਸੰਕੇਤ ✪ ਝੁਕਣ ਨੂੰ ਤਿਆਰ ਨਹੀਂ ਤੇਹਰਾਨ: ਟਰੰਪ ਦੀਆਂ ਸਖ਼ਤ ਸ਼ਰਤਾਂ ਨੇ ਕੂਟਨੀਤੀ ਦੇ ਰਾਹ ਕੀਤੇ ਬੰਦ



**ਖਾਸ ਖਬਰ**

28 ਫਰਵਰੀ 2026 ਤੋਂ ਸ਼ੁਰੂ ਹੋਇਆ ਮੱਧ ਪੂਰਬ ਦਾ ਸੰਘਰਸ਼ ਹੁਣ ਅਜਿਹੇ ਮੋੜ ’ਤੇ ਪਹੁੰਚ ਗਿਆ ਹੈ, ਜਿੱਥੇ ਫੌਜੀ ਤਾਕਤ ਦੇ ਨਾਲ-ਨਾਲ ਆਰਥਿਕ ਅਤੇ ਕੂਟਨੀਤਕ ਨੁਕਸਾਨ ਦੀਆਂ ਪਰਤਾਂ ਖੁੱਲ੍ਹਣ ਲੱਗੀਆਂ ਹਨ। ਤਾਜ਼ਾ ਰਿਪੋਰਟਾਂ ਅਨੁਸਾਰ, ਈਰਾਨ ਦੇ ਹਮਲਿਆਂ ਨੇ ਖਾੜੀ ਦੇਸ਼ਾਂ ਵਿੱਚ ਸਥਿਤ ਅਮਰੀਕੀ ਫੌਜੀ ਅੱਡਿਆਂ ਨੂੰ ਅਜਿਹੀ ਤਬਾਹੀ ਦਾ ਸਾਹਮਣਾ ਕਰਨ ਲਈ ਮਜਬੂਰ ਕਰ ਦਿੱਤਾ ਹੈ, ਜਿਸ ਦੀ ਅਮਰੀਕਾ ਨੇ ਸ਼ਾਇਦ ਕਲਪਨਾ ਵੀ ਨਹੀਂ ਕੀਤੀ ਸੀ। ਇਹ ਜੰਗ ਹੁਣ ਸਿਰਫ਼ ਇਲਾਕਾਈ ਸਰਦਾਰੀ ਦੀ ਲੜਾਈ ਨਹੀਂ ਰਹੀ, ਸਗੋਂ ਵਿਸ਼ਵ ਦੀਆਂ ਦੋ ਵੱਡੀਆਂ ਤਾਕਤਾਂ ਵਿਚਕਾਰ ‘ਮੁੱਛ ਦੀ ਲੜਾਈ’ ਬਣ ਚੁੱਕੀ ਹੈ। ਐਨਬੀਸੀ ਅਮਰੀਕਾ ਦੀ ਰਿਪੋਰਟ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਈਰਾਨ ਦੀ ਮਿਜ਼ਾਈਲ ਤਕਨੀਕ ਅਤੇ ਹਵਾਈ ਹਮਲਿਆਂ ਨੇ ਅਮਰੀਕਾ ਦੇ ਅਤਿ-ਆਧੁਨਿਕ ‘ਏਅਰ ਡਿਫੈਂਸ ਸਿਸਟਮ’ ਵਿੱਚ ਸੰਨ੍ਹ ਲਗਾ ਦਿੱਤੀ ਹੈ। ਅਰਬਾਂ ਡਾਲਰਾਂ ਦੇ ਫੌਜੀ ਸਾਜ਼ੋ-ਸਾਮਾਨ ਦਾ ਨੁਕਸਾਨ ਅਮਰੀਕੀ ਆਰਥਿਕਤਾ ’ਤੇ ਇੱਕ ਵੱਡਾ ਬੋਝ ਹੈ। ਇਹ ਸਥਿਤੀ ਦਰਸਾਉਂਦੀ ਹੈ ਕਿ ਈਰਾਨ ਨੇ ਆਪਣੀ ਸੈਨਿਕ ਰਣਨੀਤੀ ਨੂੰ ਇਸ ਹੱਦ ਤੱਕ ਨਿਖਾਰ ਲਿਆ ਹੈ ਕਿ ਉਹ ਹੁਣ ਸਿੱਧੇ ਤੌਰ ’ਤੇ ਸੁਪਰ ਪਾਵਰ ਨੂੰ ਚੁਣੌਤੀ ਦੇਣ ਦੇ ਸਮਰੱਥ ਹੈ।

ਇਸਲਾਮਾਬਾਦ ਵਿੱਚ ਜੰਗ ਰੋਕਣ ਲਈ ਕੀਤੀ ਗਈ ਦੂਜੇ ਦੌਰ ਦੀ ਕੋਸ਼ਿਸ਼ ਦਾ ਅਸਫਲ ਹੋਣਾ ਬੇਹੱਦ ਚਿੰਤਾਜਨਕ ਹੈ। ਈਰਾਨ ਦਾ ਅਮਰੀਕਾ ਨਾਲ ਸਿੱਧੀ ਗੱਲਬਾਤ ਤੋਂ ਇਨਕਾਰ ਕਰਨਾ ਅਤੇ ਪਾਕਿਸਤਾਨ ਤੋਂ ਵਾਪਸ ਮੁੜ ਜਾਣਾ ਇਹ ਦਰਸਾਉਂਦਾ ਹੈ ਕਿ ਤਹਿਰਾਨ ਹੁਣ ਅਮਰੀਕੀ ਸ਼ਰਤਾਂ ਅੱਗੇ ਝੁਕਣ ਲਈ ਤਿਆਰ ਨਹੀਂ ਹੈ। ਦੂਜੇ ਪਾਸੇ, ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਪਰਮਾਣੂ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਬੰਦ ਕਰਨ ਦੀ ਰੱਖੀ ਗਈ ਸ਼ਰਤ ਨੇ ਗੱਲਬਾਤ ਦੇ ਰਾਹ ਪਹਿਲਾਂ ਹੀ ਤੰਗ ਕਰ ਦਿੱਤੇ ਸਨ। ਕੂਟਨੀਤੀ ਵਿੱਚ ਜਦੋਂ ਦੋਵੇਂ ਧਿਰਾਂ ਆਪਣੀ ਜ਼ਿੱਦ ’ਤੇ ਅੜ ਜਾਣ, ਤਾਂ ਨੁਕਸਾਨ ਸਿਰਫ਼ ਜਨਤਾ ਅਤੇ ਵਿਸ਼ਵ ਸ਼ਾਂਤੀ ਦਾ ਹੁੰਦਾ ਹੈ।

ਤਣਾਅ ਦੇ ਇਸ ਮਾਹੌਲ ਵਿੱਚ ਤੇਹਰਾਨ ਤੋਂ ਵਪਾਰਕ ਉਡਾਣਾਂ ਦਾ ਮੁੜ ਸ਼ੁਰੂ ਹੋਣਾ ਇੱਕ ਰਾਹਤ ਭਰੀ ਖ਼ਬਰ ਜ਼ਰੂਰ ਹੈ, ਪਰ ਇਸ ਨੂੰ ਜੰਗ ਦੇ ਅੰਤ ਵਜੋਂ ਨਹੀਂ ਦੇਖਿਆ ਜਾ ਸਕਦਾ। ਇਹ ਸ਼ਾਇਦ ਈਰਾਨ ਵੱਲੋਂ ਆਪਣੇ ਅੰਦਰੂਨੀ ਹਾਲਾਤ ਨੂੰ ਸੰਭਾਲਣ ਜਾਂ ਦੁਨੀਆ ਨੂੰ ਇਹ ਦਿਖਾਉਣ ਦੀ ਕੋਸ਼ਿਸ਼ ਹੋ ਸਕਦੀ ਹੈ ਕਿ ਉਹ ਦਬਾਅ ਦੇ ਬਾਵਜੂਦ ਆਮ ਜੀਵਨ ਜਿਊਣ ਦੇ ਸਮਰੱਥ ਹੈ।

ਮੌਜੂਦਾ ਹਾਲਾਤ ਦੱਸਦੇ ਹਨ ਕਿ ਅਮਰੀਕਾ ਲਈ ਮੱਧ ਪੂਰਬ ਦੀ ਇਹ ਜੰਗ ਇੱਕ ’ਦਲਦਲ’ ਸਾਬਤ ਹੋ ਰਹੀ ਹੈ। ਜਿੰਨਾ ਜ਼ਿਆਦਾ ਉਹ ਦਬਾਅ ਪਾ ਰਿਹਾ ਹੈ, ਈਰਾਨ ਓਨੀ ਹੀ ਹਮਲਾਵਰਤਾ ਨਾਲ ਪਲਟਵਾਰ ਕਰ ਰਿਹਾ ਹੈ। ਜੇਕਰ ਜਲਦੀ ਹੀ ਕੋਈ ਵਿਚਕਾਰਲਾ ਰਾਹ ਨਾ ਲੱਭਿਆ ਗਿਆ, ਤਾਂ ਇਸ ਦੇ ਨਤੀਜੇ ਪੂਰੀ ਦੁਨੀਆ ਦੀ ਆਰਥਿਕਤਾ ਅਤੇ ਸੁਰੱਖਿਆ ਲਈ ਘਾਤਕ ਸਾਬਤ ਹੋਣਗੇ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਟਰੰਪ ਪ੍ਰਸ਼ਾਸਨ ਨੂੰ ਹੁਣ ਆਪਣੀ ’ਸਖ਼ਤ ਸ਼ਰਤਾਂ’ ਵਾਲੀ ਨੀਤੀ ’ਤੇ ਮੁੜ ਵਿਚਾਰ ਕਰਨ ਦੀ ਲੋੜ ਹੈ।

### ਅਮਰੀਕਾ ਦੀ ਸਖ਼ਤ ਨੀਤੀ ਕੀ ਈਰਾਨ ਗੋਡੇ ਟੇਕੇਗਾ ?

ਟਰੰਪ ਪ੍ਰਸ਼ਾਸਨ ਨੇ ਹੁਣ ਨਰਮੀ ਦੀ ਥਾਂ ਸਖ਼ਤੀ ਦੀ ਨੀਤੀ ਅਪਣਾਈ ਹੈ। 13 ਅਪ੍ਰੈਲ 2026 ਤੋਂ ਅਮਰੀਕਾ ਨੇ ਈਰਾਨ ਦੀ ਸਮੁੰਦਰੀ ਨਾਕਾਬੰਦੀ ਸ਼ੁਰੂ ਕਰ ਦਿੱਤੀ ਹੈ। ਅਮਰੀਕੀ ਜਲ ਸੈਨਾ ਨੂੰ ਹੁਕਮ ਦਿੱਤੇ ਗਏ ਹਨ ਕਿ ਉਹ ਈਰਾਨੀ ਬੰਦਰਗਾਹਾਂ ਵੱਲ ਜਾਣ ਵਾਲੇ ਹਰ ਜਹਾਜ਼ ਨੂੰ ਰੋਕਣ ਅਤੇ ਜੇਕਰ ਈਰਾਨੀ ਕਿਸ਼ਤੀਆਂ ਸਮੁੰਦਰ ਵਿੱਚ ਮਾਈਨਾਂ ਵਿਛਾਉਣ ਦੀ ਕੋਸ਼ਿਸ਼ ਕਰਨ, ਤਾਂ ਉਹਨਾਂ ਨੂੰ ਤੁਰੰਤ ਨਸ਼ਟ ਕਰ ਦਿੱਤਾ ਜਾਵੇ।



ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੈਥ ਨੇ ਸੰਕੇਤ ਦਿੱਤਾ ਹੈ ਕਿ ਅਮਰੀਕਾ ਈਰਾਨੀ ਅਸਮਾਨ ’ਤੇ ’ਪੂਰਾ ਕਬਜ਼ਾ’ ਕਰਨ ਲਈ ਵੱਡੇ ਪੱਧਰ ’ਤੇ ਹਵਾਈ ਹਮਲੇ (ਬੰਬਾਰੀ) ਕਰਨ ਦੀ ਯੋਜਨਾ ਬਣਾ ਰਿਹਾ ਹੈ ਤਾਂ ਜੋ ਈਰਾਨ ਦੀ ਰਹਿ ਗਈ ਫੌਜੀ ਤਾਕਤ ਨੂੰ ਖ਼ਤਮ ਕੀਤਾ ਜਾ ਸਕੇ ।ਅਮਰੀਕਾ ਨੇ ਮੱਧ ਪੂਰਬ ਵਿੱਚ ਯੂਐਸਐਸ ਅਬ੍ਰਾਹਿਮ ਲਿੰਕਨ ਸਮੇਤ ਕਈ ਏਅਰਕ੍ਰਾਫਟ ਕੈਰੀਅਰ ਅਤੇ ਹਜ਼ਾਰਾਂ ਵਾਧੂ ਸੈਨਿਕ ਤੈਨਾਤ ਕੀਤੇ ਹਨ।

ਟਰੰਪ ਨੇ ਸਾਫ਼ ਕੀਤਾ ਹੈ ਕਿ ਉਹ ਕਿਸੇ ਕਾਹਲੀ ਵਿੱਚ ਨਹੀਂ ਹਨ। ਉਹਨਾਂ ਦੀ ਨੀਤੀ ਇਹ ਹੈ ਕਿ ਈਰਾਨ ’ਤੇ ਇੰਨਾ ਆਰਥਿਕ ਅਤੇ ਫੌਜੀ ਦਬਾਅ ਪਾਇਆ ਜਾਵੇ ਕਿ ਉਹ ਖ਼ੁਦ ਗੋਡੇ ਟੇਕ ਕੇ ਅਮਰੀਕੀ ਸ਼ਰਤਾਂ (ਪਰਮਾਣੂ ਪ੍ਰੋਗਰਾਮ ਦਾ ਪੂਰਨ ਖ਼ਾਤਮਾ) ’ਤੇ ਸਮਝੌਤਾ ਕਰਨ ਲਈ ਮਜਬੂਰ ਹੋ ਜਾਵੇ। ਟਰੰਪ ਨੇ ਕਿਹਾ ਹੈ ਕਿ ਜਦੋਂ ਤੱਕ ਈਰਾਨ ‘ਸਟ੍ਰੇਟ ਆਫ ਹਾਰਮੁਜ਼’ ਨੂੰ ਪੂਰੀ ਤਰ੍ਹਾਂ ਨਹੀਂ ਖੋਲ੍ਹਦਾ ਅਤੇ ਅਮਰੀਕੀ ਮੰਗਾਂ ਨਹੀਂ ਮੰਨਦਾ, ਨਾਕਾਬੰਦੀ ਜਾਰੀ ਰਹੇਗੀ। ਅਮਰੀਕਾ ਇਕੱਲਾ ਨਹੀਂ, ਸਗੋਂ ਇਜ਼ਰਾਈਲ ਦੇ ਨਾਲ ਮਿਲ ਕੇ ਈਰਾਨ ਦੇ ਪਰਮਾਣੂ ਕੇਂਦਰਾਂ ਅਤੇ ਮਿਜ਼ਾਈਲ ਸਾਈਟਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਉਹਨਾਂ ਦਾ ਮੁੱਖ ਉਦੇਸ਼ ਈਰਾਨੀ ਸ਼ਾਸਨ ਦੀ ਰੀੜ੍ਹ ਦੀ ਹੱਡੀ ਤੋੜਨਾ ਹੈ।

ਅਮਰੀਕਾ ਦੀ ਇਸ ਨੀਤੀ ਵਿੱਚ ਕੁਝ ਵੱਡੇ ਜੋਖ਼ਮ ਵੀ ਹਨ। ਜੰਗ ਦੇ ਖਰਚੇ ਵਧ ਕੇ ਅਰਬਾਂ ਡਾਲਰ ਹੋ ਗਏ ਹਨ, ਜਿਸ ਕਾਰਨ ਅਮਰੀਕੀ ਸੰਸਦ ਵਿੱਚ ਵਿਰੋਧ ਹੋ ਰਿਹਾ ਹੈ। ਜੇਕਰ ‘ਸਟ੍ਰੇਟ ਆਫ ਹਾਰਮੁਜ਼’ ਲੰਮੇ ਸਮੇਂ ਤੱਕ ਬੰਦ ਰਹਿੰਦੀ ਹੈ, ਤਾਂ ਦੁਨੀਆ ਭਰ ਵਿੱਚ ਤੇਲ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਸਕਦੀਆਂ ਹਨ, ਜੋ ਅਮਰੀਕੀ ਅਰਥਵਿਵਸਥਾ ਲਈ ਵੀ ਘਾਤਕ ਹੋਵੇਗਾ। ਈਰਾਨ ਦੇ ਐਫ-5 ਜਹਾਜ਼ਾਂ ਅਤੇ ਡਰੋਨਾਂ ਨੇ ਜਿਸ ਤਰ੍ਹਾਂ ਅਮਰੀਕੀ ਰੱਖਿਆ ਪ੍ਰਣਾਲੀ ਨੂੰ ਚਕਮਾ ਦਿੱਤਾ ਹੈ, ਉਸ ਨੇ ਅਮਰੀਕੀ ਫੌਜ ਨੂੰ ਆਪਣੀ ਸੁਰੱਖਿਆ ਨੀਤੀ ’ਤੇ ਮੁੜ ਵਿਚਾਰ ਕਰਨ ਲਈ ਮਜਬੂਰ ਕਰ ਦਿੱਤਾ ਹੈ।

ਈਰਾਨ ਨੇ ਹੁਣ ਤੱਕ ਅਮਰੀਕਾ ਦੀਆਂ ਮੁੱਖ ਸ਼ਰਤਾਂ ਨੂੰ ਮੰਨਣ ਤੋਂ ਸਾਫ਼ ਇਨਕਾਰ ਕੀਤਾ ਹੈ: ਅਮਰੀਕਾ ਚਾਹੁੰਦਾ ਹੈ ਕਿ ਈਰਾਨ ਯੂਰੇਨੀਅਮ ਬਣਾਉਣਾ ਪੂਰੀ ਤਰ੍ਹਾਂ ਬੰਦ ਕਰੇ ਅਤੇ ਆਪਣਾ ਸਟਾਕ ਅਮਰੀਕਾ ਨੂੰ ਸੌਂਪ ਦੇਵੇ। ਈਰਾਨ ਦੇ ਪਰਮਾਣੂ ਊਰਜਾ ਸੰਗਠਨ ਨੇ ਸਾਫ਼ ਕਹਿ ਦਿੱਤਾ ਹੈ ਕਿ ਉਹ ਆਪਣੀ “ਪਰਮਾਣੂ ਪ੍ਰਭੂਸੱਤਾ” ਨਾਲ ਸਮਝੌਤਾ ਨਹੀਂ ਕਰਨਗੇ। ਇਸਲਾਮਾਬਾਦ ਵਾਰਤਾ ਵਿੱਚ ਈਰਾਨੀ ਡੈਲੀਗੇਸ਼ਨ ਨੇ ਅਮਰੀਕਾ ਨਾਲ ਸਿੱਧੀ ਮੇਜ਼ ’ਤੇ ਬੈਠਣ ਤੋਂ ਮਨਾਂ ਕਰ ਦਿੱਤਾ, ਜੋ ਇਹ ਦਰਸਾਉਂਦਾ ਹੈ ਕਿ ਉਹ ਦਬਾਅ ਵਿੱਚ ਆ ਕੇ ਕੋਈ ‘ਸਰੈਂਡਰ’ ਨਹੀਂ ਕਰਨਾ ਚਾਹੁੰਦੇ। ਹਾਲਾਂਕਿ ਈਰਾਨ ਪੂਰੀ ਤਰ੍ਹਾਂ ਅੜਿਆ ਵੀ ਨਹੀਂ ਹੋਇਆ।

ਉਸ ਨੇ ਇੱਕ ਵਿਚਕਾਰਲਾ ਰਾਹ ਪੇਸ਼ ਕੀਤਾ ਹੈ: ਈਰਾਨ ਨੇ ਪੇਸ਼ਕਸ਼ ਕੀਤੀ ਹੈ ਕਿ ਜੇਕਰ ਅਮਰੀਕਾ ਨਾਕਾਬੰਦੀ ਹਟਾਉਂਦਾ ਹੈ, ਤਾਂ ਉਹ ’ਸਟ੍ਰੇਟ ਆਫ ਹਾਰਮੁਜ਼’ ਖੋਲ੍ਹ ਦੇਵੇਗਾ। ਪਰ ਸ਼ਰਤ ਇਹ ਹੈ ਕਿ ਪਰਮਾਣੂ ਮੁੱਦੇ ’ਤੇ ਗੱਲਬਾਤ ਫਿਲਹਾਲ ਟਾਲ ਦਿੱਤੀ ਜਾਵੇ। ਈਰਾਨ ਨੇ ਅਮਰੀਕੀ ਕੰਪਨੀਆਂ ਨੂੰ ਈਰਾਨੀ ਤੇਲ ਅਤੇ ਗੈਸ ਖੇਤਰਾਂ ਵਿੱਚ ਨਿਵੇਸ਼ ਕਰਨ ਦਾ ਸੱਦਾ ਵੀ ਦਿੱਤਾ ਹੈ ਤਾਂ ਜੋ ਟਰੰਪ ਨੂੰ ਆਰਥਿਕ ਫਾਇਦੇ ਦਾ ਲਾਲਚ ਦੇ ਕੇ ਨਰਮ ਕੀਤਾ ਜਾ ਸਕੇ।


ਈਰਾਨ ਦੇ ਅੰਦਰ ਵੀ ਦੋ ਵਿਚਾਰਧਾਰਾਵਾਂ ਚੱਲ ਰਹੀਆਂ ਹਨ। ਕੱਟੜਪੰਥੀ ਚਾਹੁੰਦੇ ਹਨ ਕਿ ਜੰਗ ਜਾਰੀ ਰਹੇ ਅਤੇ ਅਮਰੀਕੀ ਬੇਸਾਂ ਨੂੰ ਹੋਰ ਨੁਕਸਾਨ ਪਹੁੰਚਾਇਆ ਜਾਵੇ। ਉਦਾਰਵਾਦੀ (ਰਾਸ਼ਟਰਪਤੀ ਪੇਜ਼ੇਸ਼ਕੀਅਨ) ਚਾਹੁੰਦੇ ਹਨ ਕਿ ਕਿਸੇ ਤਰ੍ਹਾਂ ਪਾਬੰਦੀਆਂ ਹਟ ਜਾਣ ਤਾਂ ਜੋ ਦੇਸ਼ ਦੀ ਆਰਥਿਕਤਾ ਸੰਭਲ ਸਕੇ। ਪਰ ਉਹਨਾਂ ਨੇ ਵੀ ਸਾਫ਼ ਕਿਹਾ ਹੈ ਕਿ “ਧਮਕੀਆਂ ਦੇ ਪਰਛਾਵੇਂ ਹੇਠ ਗੱਲਬਾਤ ਨਹੀਂ ਹੋਵੇਗੀ।”

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਈਰਾਨ ਪੂਰੀ ਤਰ੍ਹਾਂ ਨਹੀਂ ਝੁਕੇਗਾ, ਪਰ ਉਹ ਇੱਕ ‘ਲਿਮਟਿਡ ਡੀਲ’ ਕਰ ਸਕਦਾ ਹੈ। ਉਹ ਯੂਰੇਨੀਅਮ ਸੰਵਰਧਨ ਨੂੰ ਕੁਝ ਸਾਲਾਂ (3 ਤੋਂ 5 ਸਾਲ) ਲਈ ਰੋਕਣ ਲਈ ਤਿਆਰ ਹੋ ਸਕਦਾ ਹੈ, ਪਰ ਆਪਣੇ ਪਰਮਾਣੂ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਅਮਰੀਕੀ ਸ਼ਰਤ ਨੂੰ ਸ਼ਾਇਦ ਕਦੇ ਨਹੀਂ ਮੰਨੇਗਾ। ਈਰਾਨ ਦੀ ਕੋਸ਼ਿਸ਼ ਇਹ ਹੈ ਕਿ ਜੰਗ ਰੁਕ ਜਾਵੇ ਅਤੇ ‘ਸਟ੍ਰੇਟ ਆਫ ਹਾਰਮੁਜ਼’ ’ਤੇ ਉਸ ਦਾ ਕੰਟਰੋਲ ਬਣਿਆ ਰਹੇ।

ਈਰਾਨ “ਸਨਮਾਨਜਨਕ ਸਮਝੌਤੇ” ਦੀ ਤਲਾਸ਼ ਵਿੱਚ ਹੈ, ਨਾ ਕਿ “ਸਰੈਂਡਰ” ਦੀ। ਜੇਕਰ ਟਰੰਪ ਆਪਣੀ ‘ਜ਼ੀਰੋ ਐਨਰਿਚਮੈਂਟ’ ਦੀ ਜ਼ਿੱਦ ’ਤੇ ਅੜੇ ਰਹੇ, ਤਾਂ ਈਰਾਨ ਦਬਾਅ ਮੰਨਣ ਦੀ ਬਜਾਏ ਟਕਰਾਅ ਨੂੰ ਹੋਰ ਵਧਾ ਸਕਦਾ ਹੈ।

# ਆਮ ਆਦਮੀ ਪਾਰਟੀ ਨੂੰ ਝਟਕਾ - ਚੋਰਾਂ ਨੂੰ ਮੋਰ ਪੈ ਗਏ

ਉਜਾਗਰ ਸਿੰਘ



ਰਾਘਵ ਚੱਢੇ ਦੇ ਸਿਆਸੀ ਧਮਾਕੇ ਤੋਂ ਬਾਅਦ ਆਮ ਆਦਮੀ ਪਾਰਟੀ 'ਤੇ ਗਹਿਰੇ ਸੰਕਟ ਦੇ ਬੱਦਲ ਮੰਡਰਾਉਣ ਲੱਗ ਗਏ ਹਨ। ਪੰਜਾਬ ਸਰਕਾਰ ਲਈ ਵੀ ਖ਼ਤਰੇ ਦੀ ਘੰਟੀ ਵੱਜ ਗਈ ਹੈ। ਇਸ ਧਮਾਕੇ ਨੇ ਸਿਆਸੀ ਸਮੀਕਰਨ ਹੀ ਬਦਲ ਦਿੱਤੇ ਹਨ। ਜਿਸ ਤਰ੍ਹਾਂ ਹਵਾ ਦੇ ਬੁਲੇ ਦੀ ਵਾਂਗ ਇਹ ਪਾਰਟੀ ਹੋਂਦ ਵਿੱਚ ਆਈ ਸੀ, ਉਸੇ ਤਰ੍ਹਾਂ ਵਰਤਮਾਨ ਸਿਆਸੀ ਘਟਨਾਵਾਂ ਤੋਂ ਬਾਅਦ ਇਉਂ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਹ ਪਾਰਟੀ ਬਿਖਰਕੇ ਤੀਲਾ - ਤੀਲਾ ਹੋ ਜਾਵੇਗੀ, ਕਿਉਂਕਿ ਇਹ ਪਾਰਟੀ ਸਿਧਾਂਤਹੀਨ ਹੈ, ਵੱਖ - ਵੱਖ ਵਿਚਾਰਧਾਰਾਵਾਂ ਵਾਲੇ ਸਿਆਸਤਦਾਨ ਲਾਲਚ ਹਿੱਤ ਸਿਆਸੀ ਤਾਕਤ 'ਤੇ ਕਬਜ਼ਾ ਕਰਨ ਲਈ ਇਕੱਠੇ ਹੋਏ ਸਨ। ਇਸ ਪਾਰਟੀ ਦਾ ਨਾ ਕੋਈ ਸੰਵਿਧਾਨ, ਨਾ ਕੋਈ ਆਧਾਰ, ਨਾ ਕੋਈ ਪਾਰਟੀ ਕੇਡਰ ਅਤੇ ਨਾ ਹੀ ਕੋਈ ਅਸੂਲ ਹਨ। ਐਧਰੋਂ ਓਧਰੋਂ ਇਕੱਠੀ ਕੀਤੀ ਸਿਧਾਂਤਹੀਣ ਸਿਆਸਤਦਾਨਾ ਦੀ ਭੀੜ ਹੈ, ਜਿਨ੍ਹਾਂ ਦੀ ਉਨ੍ਹਾਂ ਦੀਆਂ ਪਾਰਟੀਆਂ ਵਿੱਚ ਪੁੱਛ ਪੜਤਾਲ ਹੀ ਨਹੀਂ ਸੀ, ਭਾਵ ਉਨ੍ਹਾਂ ਨੂੰ ਕੋਈ ਬੇਰਾਂ ਵੱਟੇ ਵੀ ਪੁੱਛਦਾ ਨਹੀਂ ਸੀ। ਦੂਜੀਆਂ ਪਾਰਟੀਆਂ ਵਿੱਚੋਂ ਲਾਲਚੀ ਲੋਕਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਨਾ ਉਸਦੀ ਮਜ਼ਬੂਰੀ ਸੀ। ਇਨ੍ਹਾਂ ਨੂੰ ਆਪੋ ਧਾਪੀ ਪਈ ਹੋਈ ਹੈ। ਰਾਘਵ ਚੱਢੇ ਦੇ ਐਲਾਨਨਾਮੇ ਤੋਂ ਬਾਅਦ ਅਰਵਿੰਦ ਕੇਜਰੀਵਾਲ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ, ਕਿਉਂਕਿ ਉਹ ਸਿਆਸੀ ਤਾਕਤ ਦੇ ਚੁਬਾਰੇ ਵਿੱਚ ਚੜ੍ਹਕੇ ਲੋਕਾਂ ਦੇ ਦਿੱਤੇ ਅਥਾਹ ਫਤਵੇ ਦਾ ਵਿਸ਼ਵਾਸ਼ਘਾਤ ਕਰ ਰਿਹਾ ਸੀ। ਸਿਆਸੀ ਤਾਕਤ ਦਾ ਘੁਮੰਡ ਹੀ ਉਸਦੇ ਸਿਰ ਨੂੰ ਚੜ੍ਹਕੇ ਬੋਲਦਾ ਸੀ। ਪੰਜਾਬ ਨੂੰ ਉਹ ਆਪਣੀ ਜੱਦੀ ਜਾਇਦਾਦ ਸਮਝਣ ਲੱਗ ਪਿਆ ਸੀ। ਪੰਜਾਬ ਤੋਂ ਬਾਹਰੋਂ ਲਿਆਕੇ ਪੰਜਾਬੀਆਂ ਦੀ ਹਿੱਕ 'ਤੇ ਬਿਠਾ ਦਿੱਤੇ, ਉਸਨੇ ਪੰਜਾਬੀਆਂ ਦੀ ਅਣਖ ਨੂੰ ਵੰਗਾਰਿਆ ਸੀ ਤੇ ਫਿਰ ਉਸਦੇ ਚਹੇਤਿਆਂ ਨੇ ਹੀ ਅਰਵਿੰਦ ਕੇਜਰੀਵਾਲ ਨੂੰ ਸਬਕ ਸਿਖਾ ਦਿੱਤਾ। ਸਿਆਸਤ ਦੇ ਨਸ਼ੇ ਵਿੱਚ ਘੂਕ ਸੁੱਤੇ ਅਰਵਿੰਦ ਕੇਜਰੀਵਾਲ 'ਤੇ ਅਚਾਨਕ ਚੋਰਾਂ 'ਤੇ ਮੋਰ ਪੈ ਗਏ। ਕੱਚ ਦੇ ਘਰਾਂ ਵਿੱਚ ਰਹਿੰਦਿਆਂ ਅਰਵਿੰਦ ਕੇਜਰੀਵਾਲ ਦੂਜਿਆਂ ਦੇ ਪੱਥਰ ਮਾਰਦਾ ਰਿਹਾ। ਉਹੀ ਪੱਥਰਾਂ ਨੇ ਹੀ ਉਸਦੇ ਸਿਆਸੀ ਸ਼ੀਸ਼ ਮਹਿਲ ਨੂੰ ਮਲੀਆ ਮੇਟ ਕਰ ਦਿੱਤਾ। ਹੁਣ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਨੂੰ ਦਿੱਲੀ ਵਾਲੇ ਘਰ ਖਾਲ੍ਹੀ ਕਰਨੇ ਪੈਣਗੇ। ਉਹ ਦੂਜੇ ਸੂਬਿਆਂ ਦੇ ਵਿਅਕਤੀਆਂ ਨੂੰ ਪੰਜਾਬ ਵਿੱਚ ਅਹੁਦਿਆਂ ਨਾਲ ਨਿਵਾਜ਼ਕੇ ਪੰਜਾਬੀਆਂ ਦੇ ਜ਼ਖਮਾਂ ਤੇ ਲੂਣ ਛਿੜਕਦਾ ਰਿਹਾ। ਹੁਣ ਜਦੋਂ ਉਸਦੇ ਜ਼ਖਮ 'ਤੇ ਲੂਣ ਪਿਆ ਤਾਂ ਰਿਸਦੇ ਜ਼ਖ਼ਮਾਂ ਨਾਲ ਤੜਪ ਰਿਹਾ ਹੈ। ਉਸਦਾ ਦਿੱਤਾ ਨੁਸਖਾ ਪੁੱਠਾ ਪੈ ਗਿਆ। ਹੁਣ ਉਹ ਕਹਿ ਰਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਦਾ 'ਅਪ੍ਰੇਸ਼ਨ ਲੋਟਸ' ਹੈ, ਪ੍ਰੰਤੂ ਜਦੋਂ ਉਹ ਦੂਜੀਆਂ ਪਾਰਟੀਆਂ ਵਿੱਚ ਸੰਨ੍ਹ ਲਾ ਰਿਹਾ ਸੀ ਤਾਂ ਉਸਨੂੰ ਸੋਚਣਾ ਚਾਹੀਦਾ ਸੀ ਕਿ ਉਸਦੇ ਨੰਗੇ ਸਿਰ 'ਤੇ ਵੀ ਗੜੇ ਪੈ ਸਕਦੇ ਹਨ।



ਜਦੋਂ ਅਰਵਿੰਦ ਕੇਜਰੀਵਾਲ ਦਿੱਲੀ ਵਿੱਚੋਂ ਚੋਣ ਹਾਰ ਗਿਆ ਤਾਂ ਆਪਣੇ ਸਾਰੇ ਸਾਥੀਆਂ ਨੂੰ ਲੈ ਕੇ ਪੰਜਾਬ ਵਿੱਚ ਅਸਿੱਧੇ ਢੰਗ ਨਾਲ ਰਾਜ ਕਰਨ ਲੱਗ ਪਿਆ। ਭਗਵੰਤ ਸਿੰਘ ਮਾਨ ਨੂੰ ਆਜ਼ਾਦਾਨਾ ਤੌਰ 'ਤੇ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ ਸੀ। ਉਹ ਸਿਰਫ ਨਾਮ ਦਾ ਹੀ ਮੁੱਖ ਮੰਤਰੀ ਰਹਿ ਗਿਆ ਸੀ। ਜਿਸ ਕਰਕੇ ਪੰਜਾਬੀਆਂ ਵਿੱਚ ਰੋਸ ਦੀ ਲਹਿਰ ਪੈਦਾ ਹੋ ਗਈ। ਚੁਣੇ ਹੋਏ ਨੁਮਾਇੰਦਿਆਂ ਦੀ ਅਣਵੇਖੀ ਦਾ ਨਤੀਜਾ ਅਰਵਿੰਦ ਕੇਜਰੀਵਾਲ ਨੂੰ ਭੁਗਤਣਾ ਪੈ ਰਿਹਾ ਹੈ। ਫਿਰ ਦੂਜੀਆਂ ਪਾਰਟੀਆਂ ਵਿੱਚੋਂ ਲਿਆਂਦੀ ਸਿਆਸੀ ਰਹਿੰਦ ਖੂੰਹਦ ਆਪਣੇ ਅਸਲੀ ਰੂਪ ਵਿੱਚ ਆ ਗਈ ਹੈ, ਕਿਉਂਕਿ ਜਿਹੜਾ ਸਿਆਸਤਦਾਨ ਤਾਕਤ ਦੀ ਭੁੱਖ ਕਰਕੇ ਆਪਣੀ ਮਾਂ ਪਾਰਟੀ ਦਾ ਨਹੀਂ ਹੋ ਸਕਿਆ, ਉਹ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦਾ ਕਿਵੇਂ ਬਣ ਸਕਦਾ ਸੀ।

ਆਮ ਆਦਮੀ ਪਾਰਟੀ ਅੰਨਾ ਹਜ਼ਾਰੇ ਦੇ ਭਰਿਸ਼ਟਾਚਾਰ ਵਿਰੁੱਧ ਚਲਾਏ ਗਏ ਅੰਦੋਲਨ ਵਿੱਚੋਂ ਨਿਕਲੀ ਸੀ। ਅਸਲ ਵਿੱਚ ਆਮ ਆਦਮੀ ਪਾਰਟੀ ਅਰਵਿੰਦ ਕੇਜਰੀਵਾਲ ਦੇ ਸ਼ਾਤਰ ਦਿਮਾਗ ਦੀ ਉਪਜ ਸੀ। ਅੰਨਾ ਹਜ਼ਾਰੇ ਦੇ ਵਿਰੋਧ ਦੇ ਬਾਵਜੂਦ ਅਰਵਿੰਦ ਕੇਜਰੀਵਾਲ ਨੇ ਬਗ਼ਾਬਤ ਕਰਕੇ ਆਮ ਆਦਮੀ ਪਾਰਟੀ ਬਣਾਈ ਸੀ। ਭਰਿਸ਼ਟਾਚਾਰ ਖ਼ਤਮ ਕਰਨ ਦੇ ਨਾਮ ਤੇ ਲੋਕਾਂ ਨੂੰ ਵਰਗਲਾਕੇ ਸਾਫ ਸੁਥਰਾ ਪ੍ਰਸ਼ਾਸ਼ਨ ਦੇਣ ਦਾ ਲਾਲੀਪੋਪ ਦੇਣ ਦਾ ਸਪਨਾ ਵਿਖਾਕੇ ਬਦਲਾਅ ਲਿਆਉਣ ਵਾਲੀ ਸਰਕਾਰ ਬਣਾਈ ਸੀ। ਨਵੀਂ ਪਾਰਟੀ ਹੋਣ ਕਰਕੇ ਆਮ ਆਦਮੀ ਪਾਰਟੀ ਦਾ ਆਪਣਾ ਕੋਈ ਕੇਡਰ ਨਹੀਂ ਸੀ। ਇਸ ਲਈ ਅਰਵਿੰਦ ਕੇਜਰੀਵਾਲ ਨੇ ਦੂਜੀਆਂ ਪਾਰਟੀਆਂ ਦੇ ਬੁਖਲਾਹਟ ਵਿੱਚ ਆਏ ਹੋਏ ਲਾਲਚੀ ਸਿਆਸੀ ਤਾਕਤ ਦੇ ਭੁੱਖੇ ਤੇ ਕੱਢੇ - ਵੱਢੇ ਸਿਆਸਤਦਾਨਾ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰ ਲਿਆ ਸੀ। ਇਨ੍ਹਾਂ ਵਿੱਚ ਕੁਝ ਵਿਦਵਾਨ ਪੜ੍ਹੇ ਲਿਖੇ ਡਾਕਟਰ, ਵਕੀਲ, ਕਾਨੂੰਨਦਾਨ, ਪੱਤਰਕਾਰ, ਸਮਾਜ ਸੇਵਕ ਅਤੇ ਉਚ ਅਹੁਦਿਆਂ 'ਤੇ ਕੰਮ ਕਰਨ ਵਾਲੇ ਅਗਾਂਹਵਧੂ ਨਿਆਇਕ ਅਧਿਕਾਰੀ ਵੀ ਸ਼ਾਮਲ ਸਨ, ਪ੍ਰੰਤੂ ਅਰਵਿੰਦ ਕੇਜਰੀਵਾਲ ਨੇ ਅਜਿਹੇ ਲੋਕਾਂ ਜਿਨ੍ਹਾਂ ਵਿੱਚ ਪ੍ਰਸ਼ਾਂਤ ਭੂਸ਼ਣ, ਯੋਗਿੰਦਰ ਯਾਦਵ, ਐਡਮਿਰਲ ਰਾਮ ਦਾਸ, ਕਿਰਨ ਬੇਦੀ, ਐਚ ਐਸ ਫੂਲਕਾ, ਸੁੱਚਾ ਸਿੰਘ ਛੋਟੇਪੁਰ, ਡਾ ਧਰਮਵੀਰ ਗਾਂਧੀ, ਸੁਖਪਾਲ ਸਿੰਘ ਖਹਿਰਾ ਅਤੇ ਗੁਰਪ੍ਰੀਤ ਸਿੰਘ ਘੁੱਗੀ ਅਦਿ ਸ਼ਾਮਲ ਸਨ, ਨੂੰ ਪੜਾਅਵਾਰ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਵਿਖਾਕੇ ਆਪਣੀ ਤਾਨਾਸ਼ਾਹੀ ਦਾ ਸਬੂਤ ਦੇ ਦਿੱਤਾ ਸੀ। ਕੁਝ ਲੋਕ ਆਪਣੇ ਆਪ ਹੀ ਪਾਰਟੀ ਨਾਲੋਂ ਨਾਤਾ ਤੋੜ ਗਏ ਸਨ। ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਨੇ ਸਰਕਾਰ ਬਣਾ ਲਈ ਸੀ, ਪ੍ਰੰਤੂ ਫੋਕੇ ਵਾਅਦੇ ਬਹੁਤਾ ਸਮਾਂ ਲੋਕਾਂ ਨੂੰ ਭਰਮਾ ਨਾ ਸਕੇ , ਅਖੀਰ ਦਿੱਲੀ ਜਦੋਂ ਹੱਥੋਂ ਗੁਆ ਲਈ ਤਾਂ ਆਮ ਆਦਮੀ ਪਾਰਟੀ ਦੇ ਬਰਸਾਤੀ ਡੱਡੂ ਦੂਜੀਆਂ ਪਾਰਟੀਆਂ ਵਿੱਚ ਛਾਲਾਂ ਮਾਰ ਗਏ। ਪੰਜਾਬ ਵਿੱਚ ਵੀ 2022 ਵਿੱਚ ਆਮ ਆਦਮੀ ਪਾਰਟੀ ਨੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਵਿੱਚ ਸਰਕਾਰ ਬਣਾ ਲਈ। ਜਦੋਂ ਅਰਵਿੰਦ ਕੇਜਰੀਵਾਲ ਦਿੱਲੀ ਵਿੱਚੋਂ ਚੋਣ ਹਾਰ ਗਿਆ ਤਾਂ ਆਪਣੇ ਸਾਰੇ ਸਾਥੀਆਂ ਨੂੰ ਲੈ ਕੇ ਪੰਜਾਬ ਵਿੱਚ ਅਸਿੱਧੇ ਢੰਗ ਨਾਲ ਰਾਜ ਕਰਨ ਲੱਗ ਪਿਆ। ਭਗਵੰਤ ਸਿੰਘ ਮਾਨ ਨੂੰ ਆਜ਼ਾਦਾਨਾ ਤੌਰ 'ਤੇ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ ਸੀ। ਉਹ ਸਿਰਫ ਨਾਮ ਦਾ ਹੀ ਮੁੱਖ ਮੰਤਰੀ ਰਹਿ ਗਿਆ ਸੀ। ਜਿਸ ਕਰਕੇ ਪੰਜਾਬੀਆਂ ਵਿੱਚ ਰੋਸ ਦੀ ਲਹਿਰ ਪੈਦਾ ਹੋ ਗਈ। ਚੁਣੇ ਹੋਏ ਨੁਮਾਇੰਦਿਆਂ ਦੀ ਅਣਵੇਖੀ ਦਾ ਨਤੀਜਾ ਅਰਵਿੰਦ ਕੇਜਰੀਵਾਲ ਨੂੰ ਭੁਗਤਣਾ ਪੈ ਰਿਹਾ ਹੈ। ਫਿਰ ਦੂਜੀਆਂ ਪਾਰਟੀਆਂ ਵਿੱਚੋਂ ਲਿਆਂਦੀ ਸਿਆਸੀ ਰਹਿੰਦ ਖੂੰਹਦ ਆਪਣੇ ਅਸਲੀ ਰੂਪ ਵਿੱਚ ਆ ਗਈ ਹੈ, ਕਿਉਂਕਿ ਜਿਹੜਾ ਸਿਆਸਤਦਾਨ ਤਾਕਤ ਦੀ ਭੁੱਖ ਕਰਕੇ ਆਪਣੀ ਮਾਂ ਪਾਰਟੀ ਦਾ ਨਹੀਂ ਹੋ ਸਕਿਆ, ਉਹ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦਾ ਕਿਵੇਂ ਬਣ ਸਕਦਾ ਸੀ। ਇਮਾਨਦਾਰੀ ਦੀ ਡਾਉਂਡੀ ਪਿੱਟਣ ਵਾਲੀ ਸਰਕਾਰ ਦੇ ਪੰਜਾਬ ਵਿੱਚ ਪਿਛਲੇ ਚਾਰ ਸਾਲਾਂ ਵਿੱਚ ਇੱਕ ਦਰਜਨ ਤੋਂ ਵਧੇਰੇ ਮੰਤਰੀ/ਵਿਧਾਨਕਾਰ ਭਰਿਸ਼ਟਾਚਾਰ ਦੀ ਲਪੇਟ ਵਿੱਚ ਆ ਚੁੱਕੇ ਹਨ। ਕਈਆਂ ਨੂੰ ਜੇਲ੍ਹ ਵਿੱਚ ਜਾਣਾ ਪਿਆ ਤੇ ਇਸ ਸਮੇਂ ਇੱਕ ਮੰਤਰੀ ਅਤੇ ਦੋ ਵਿਧਾਨਕਾਰ ਅਜੇ ਵੀ ਜੇਲ੍ਹ ਵਿੱਚ ਬੰਦ ਹਨ। ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਦਿੱਲੀ ਦੇ ਹੋਰ ਕਈ ਮੰਤਰੀ ਜੇਲ੍ਹ ਵਿੱਚ ਬੰਦ ਰਹੇ ਹਨ। ਇਮਾਨਦਾਰ ਪਾਰਟੀ ਦਾ ਭਾਂਡਾ ਸ਼ਰੇ ਬਾਜ਼ਾਰ ਵਿੱਚ ਫੁੱਟ ਚੁੱਕਾ ਹੈ। ਤਾਜ਼ਾ ਘਟਨਾਕਰਮ ਜਿਸ ਵਿੱਚ ਆਮ ਆਦਮੀ ਪਾਰਟੀ ਦੇ 10 ਵਿੱਚੋਂ 7 ਰਾਜ ਸਭਾ ਦੇ ਮੈਂਬਰਾਂ ਰਾਘਵ ਚੱਢਾ, ਅਸ਼ੋਕ ਮਿੱਤਲ, ਸੰਦੀਪ ਪਾਠਕ, ਹਰਭਜਨ ਸਿੰਘ, ਵਿਕਰਮ ਸਿੰਘ ਸਾਹਨੀ, ਰਾਜਿੰਦਰ ਗੁਪਤਾ ਅਤੇ ਸਵਾਤੀ ਮਾਲੀਵਾਲ ਨੇ ਆਮ ਆਦਮੀ ਪਾਰਟੀ ਨਾਲੋਂ ਨਾਤਾ ਤੋੜ ਲਿਆ ਹੈ। ਇਨ੍ਹਾਂ ਅਮੀਰਜ਼ਾਦਿਆਂ ਨੂੰ ਟਿਕਟਾਂ ਪੰਜਾਬੀਆਂ ਦੇ ਹੱਕਾਂ ਨੂੰ ਛਿੱਕੇ ਤੇ ਟੰਗਕੇ ਦਿੱਤੀਆਂ ਸਨ। ਉਦੋਂ ਅਰਵਿੰਦ ਕੇਜਰੀਵਾਲ ਤੇ ਭਗਵੰਤ ਸਿੰਘ ਮਾਨ ਨੇ ਧੋਖਾ ਦਿੱਤਾ ਤੇ ਗਦਾਰੀ ਕੀਤੀ ਸੀ। ਇਨ੍ਹਾਂ ਵਿੱਚੋਂ ਤਿੰਨ ਰਾਘਵ ਚੱਢਾ, ਅਸ਼ੋਕ ਮਿਤਲ ਅਤੇ ਸੰਦੀਪ ਪਾਠਕ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਪੰਜਾਬ ਵਿੱਚੋਂ ਚੁਣੇ ਗਏ 7 ਮੈਂਬਰਾਂ ਵਿੱਚੋਂ 6 ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਗਏ ਹਨ। ਪੰਜਾਬ ਵਿੱਚੋਂ ਸਿਰਫ ਇੱਕ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਆਮ ਆਦਮੀ ਪਾਰਟੀ ਵਿੱਚ ਰਹਿ ਗਿਆ ਹੈ। ਦਿੱਲੀ ਵਿੱਚੋਂ ਚੁਣੇ ਗਏ ਤਿੰਨ ਮੈਂਬਰਾਂ ਵਿੱਚੋਂ ਇੱਕ ਸਵਾਤੀ ਮਾਲੀਵਾਲ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਸੰਜੇ ਸਿੰਘ ਅਤੇ ਨਰਾਇਣ ਦੱਤ ਗੁਪਤਾ ਦੋ ਮੈਂਬਰ ਰਹਿ ਗਏ ਹਨ। ਥੋੜ੍ਹੇ ਦਿਨ ਪਹਿਲਾਂ ਰਾਜ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਡਿਪਟੀ ਨੇਤਾ ਰਾਘਵ ਚੱਢਾ ਦੀ ਥਾਂ ਅਸ਼ੋਕ ਮਿੱਤਲ ਨੂੰ ਡਿਪਟੀ ਨੇਤਾ ਬਣਾਇਆ ਸੀ। ਅਸ਼ੋਕ ਮਿਤਲ ਵੀ ਆਮ ਆਦਮੀ ਪਾਰਟੀ ਤੋਂ ਕਿਨਾਰਾ ਕਰ ਗਏ ਹਨ। ਇਹ ਬਗ਼ਾਬਤ ਰਾਘਵ ਚੱਢਾ ਨੂੰ ਡਿਪਟੀ ਨੇਤਾ ਤੋਂ ਹਟਾਉਣ ਤੋਂ ਬਾਅਦ ਹੋਈ ਸਮਝੀ ਜਾਂਦੀ ਹੈ। ਵੈਸੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰਾਂ ਦੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਦੀ ਕਨਸੋਅ ਪਿਛਲੇ ਇੱਕ ਸਾਲ ਤੋਂ ਆ ਰਹੀ ਸੀ। ਰਾਘਵ ਚੱਢਾ ਨੂੰ ਰਾਜ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਡਿਪਟੀ ਨੇਤਾ ਤੋਂ ਹਟਾਉਣ ਤੋਂ ਬਾਅਦ ਇਹ ਕਨਸੋਅ ਭਾਂਬੜ ਬਣਕੇ ਸਾਹਮਣੇ ਆਈ ਹੈ। ਐਂਟੀ ਡਿਫੈਕਸ਼ਨ ਕਾਨੂੰਨ ਅਨੁਸਾਰ ਜੇਕਰ ਕਿਸੇ ਪਾਰਟੀ ਦੇ ਕੁਲ ਮੈਂਬਰਾਂ ਦਾ ਦੋ ਤਿਹਾਈ ਹਿੱਸਾ ਮੈਂਬਰ ਪਾਰਟੀ ਤੋਂ ਅਸਤੀਫਾ ਦਿੰਦੇ ਹਨ ਤਾਂ ਇਹ ਕਾਨੂੰਨ ਉਨ੍ਹਾਂ ਤੇ ਲਾਗੂ ਨਹੀਂ ਹੁੰਦਾ। ਇਸ ਕਰਕੇ ਇਹ ਕਾਨੂੰਨ ਇਨ੍ਹਾਂ ਸਤ ਮੈਂਬਰਾਂ 'ਤੇ ਲਾਗੂ ਨਹੀਂ ਹੁੰਦਾ ਤੇ ਉਹ ਰਾਜ ਸਭਾ ਦੇ ਮੈਂਬਰ ਬਣੇ ਰਹਿਣਗੇ। ਅਰਵਿੰਦ ਕੇਜਰੀਵਾਲ ਤੇ ਭਗਵੰਤ ਸਿੰਘ ਮਾਨਤੇ ਇਹ ਕਹਾਵਤ ਪੂਰੀ ਢੁਕਦੀ ਹੈ ਕਿ 'ਅਬ ਪਛਤਾਇਆਂ ਕੀ ਬਣੇ ਜਬ ਚਿੜੀਆ ਚਚੁ ਗਈ ਖੇਤ'।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਸਿੱਖ ਜਗਤ ਦੀ ਮਾਣ-ਮੱਤੀ ਸਖਸ਼ੀਅਤ- ਸ. ਇਕਬਾਲ ਸਿੰਘ ਲਾਲਪੁਰਾ

**ਸੰਦੀਪ ਕੁਮਾਰ**
7009807121



ਸਰਦਾਰ ਇਕਬਾਲ ਸਿੰਘ ਲਾਲਪੁਰਾ ਜੀ ਭਾਰਤ ਦੀਆਂ ਪ੍ਰਮੁੱਖ ਸਿੱਖ ਸ਼ਖਸੀਅਤਾਂ ਵਿੱਚੋਂ ਇੱਕ ਹਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਪੁਲਿਸ ਸੇਵਾ, ਸਮਾਜ ਸੇਵਾ ਅਤੇ ਸਿਆਸੀ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਪਾਇਆ ਹੈ। ਮਿਤੀ 7 ਫਰਵਰੀ 1953 ਨੂੰ ਪੰਜਾਬ ਦੇ ਜਿਲ੍ਹਾ ਰੂਪਨਗਰ ਵਿੱਚ ਜਨਮੇ ਲਾਲਪੁਰਾ ਜੀ ਸਿੱਖ ਭਾਈਚਾਰੇ ਦੇ ਇੱਕ ਮਾਣਮੱਤੇ ਅਤੇ ਸਤਿਕਾਰਤ ਮੈਂਬਰ ਹਨ। ਉਨ੍ਹਾਂ ਦੀਆਂ ਸੇਵਾਵਾਂ ਨੇ ਨਾ ਸਿਰਫ ਪੰਜਾਬ ਸਗੋਂ ਪੂਰੇ ਭਾਰਤ ਵਿੱਚ ਸਿੱਖ ਸਭਿਆਚਾਰ, ਧਰਮ ਅਤੇ ਘੱਟ ਗਿਣਤੀ ਭਾਈਚਾਰਿਆਂ ਦੇ ਅਧਿਕਾਰਾਂ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਅਦਾ ਕੀਤੀ ਹੈ। ਭਾਰਤ ਸਰਕਾਰ ਦੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਬਾਖੂਬੀ ਨਿਭਾਈਆਂ, ਜੋ ਉਨ੍ਹਾਂ ਦੀ ਸਮਰਪਿਤ ਸੇਵਾ ਅਤੇ ਸਮਾਜ ਪ੍ਰਤੀ ਵਚਨਬੱਧਤਾ ਦਾ ਸਬੂਤ ਹੈ। ਇਸ ਲੇਖ ਵਿੱਚ ਉਨ੍ਹਾਂ ਦੇ ਜੀਵਨ, ਕਰੀਅਰ ਅਤੇ ਵੱਖ-ਵੱਖ ਖੇਤਰਾਂ ਵਿੱਚ ਦਿੱਤੇ ਯੋਗਦਾਨ ਬਾਰੇ ਚਰਚਾ ਕੀਤੀ ਜਾਵੇਗੀ।

ਸਰਦਾਰ ਇਕਬਾਲ ਸਿੰਘ ਲਾਲਪੁਰਾ ਜੀ ਦੀ ਸ਼ੁਰੂਆਤੀ ਜ਼ਿੰਦਗੀ ਅਤੇ ਸਿੱਖਿਆ ਪੰਜਾਬ ਦੇ ਸਾਦੇ ਪਰ ਧਾਰਮਿਕ ਅਤੇ ਸਭਿਆਚਾਰਕ ਮਾਹੌਲ ਵਿੱਚ ਬਿਤੀ। ਪੰਜਾਬੀ ਮਿੱਟੀ ਅਤੇ ਸਿੱਖ ਰਵਾਇਤਾਂ ਨਾਲ ਡੂੰਘੀ ਨੇੜਤਾ ਕਾਰਨ ਉਨ੍ਹਾਂ ਵਿੱਚ ਸਿੱਖ ਸਿਧਾਂਤਾਂ, ਸੇਵਾ ਅਤੇ ਨਿਰਪੱਖਤਾ ਦੀਆਂ ਕਦਰਾਂ ਬਚਪਨ ਤੋਂ ਹੀ ਰਚ ਗਈਆਂ। ਇਹ ਮੁੱਲ ਉਨ੍ਹਾਂ ਦੇ ਸਾਰੇ ਕਰੀਅਰ ਵਿੱਚ ਸਾਫ਼ ਝਲਕਦੇ ਰਹੇ ਹਨ।

ਸਾਲ 1972 ਵਿੱਚ ਉਨ੍ਹਾਂ ਨੇ ਪੁਲਿਸ ਸੇਵਾ ਵਿੱਚ ਕਦਮ ਰੱਖਿਆ ਅਤੇ 1978 ਵਿੱਚ ਭਾਰਤੀ ਪੁਲਿਸ ਸੇਵਾ (ਆਈਪੀਐਸ) ਅਧਿਕਾਰੀ ਬਣੇ। ਇਸ ਨਿਯੁਕਤੀ ਨੇ ਉਨ੍ਹਾਂ ਨੂੰ ਰਾਸ਼ਟਰੀ ਪੱਧਰ 'ਤੇ ਸੇਵਾ ਕਰਨ ਦਾ ਵੱਡਾ ਮੌਕਾ ਦਿੱਤਾ। ਉਨ੍ਹਾਂ ਦੀ ਪੁਲਿਸ ਕਰੀਅਰ ਚੁਣੌਤੀਆਂ ਨਾਲ ਭਰਪੂਰ ਸੀ, ਖਾਸ ਕਰਕੇ 1980 ਦੇ ਦਹਾਕੇ ਵਿੱਚ ਜਦੋਂ ਪੰਜਾਬ ਅੱਤਵਾਦ ਅਤੇ ਅਸਥਿਰਤਾ ਦੇ ਮੁਸ਼ਕਲ ਸਮੇਂ ਤੋਂ ਗੁਜ਼ਰ ਰਿਹਾ ਸੀ।

ਪੰਜਾਬ ਪੁਲਿਸ ਵਿੱਚ ਉਨ੍ਹਾਂ ਨੇ ਅੰਮ੍ਰਿਤਸਰ, ਤਰਨਤਾਰਨ ਅਤੇ ਕਪੂਰਥਲਾ ਵਰਗੇ ਸੰਵੇਦਨਸ਼ੀਲ ਜ਼ਿਲ੍ਹਿਆਂ ਵਿੱਚ ਸੀਨੀਅਰ ਸੁਪਰਡੈਂਟ ਆਫ ਪੁਲਿਸ ਵਜੋਂ ਸੇਵਾ ਨਿਭਾਈ। ਇਸ ਤੋਂ ਇਲਾਵਾ ਉਨ੍ਹਾਂ ਨੇ ਸੀਆਈਡੀ ਅੰਮ੍ਰਿਤਸਰ ਵਿੱਚ ਵਧੀਕ ਇੰਸਪੈਕਟਰ ਜਨਰਲ ਵਜੋਂ ਵੀ ਮਹੱਤਵਪੂਰਨ ਜ਼ਿੰਮੇਵਾਰੀਆਂ ਸੰਭਾਲੀਆਂ। ਉਨ੍ਹਾਂ ਦਾ ਫੋਕਸ ਹਮੇਸ਼ਾ ਸੁਰੱਖਿਆ ਬਣਾਈ ਰੱਖਣ ਅਤੇ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨ 'ਤੇ ਰਿਹਾ। ਉਨ੍ਹਾਂ ਨੇ ਸਖ਼ਤੀ ਦੇ ਨਾਲ-ਨਾਲ ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਸਦਭਾਵਨਾ ਦਾ ਵੀ ਪੂਰਾ ਖਿਆਲ ਰੱਖਿਆ। ਉਨ੍ਹਾਂ ਦੀ ਇਮਾਨਦਾਰੀ ਅਤੇ ਪੇਸ਼ੇਵਰਤਾ ਲਈ ਉਨ੍ਹਾਂ ਨੂੰ ਪ੍ਰੈਜ਼ੀਡੈਂਟ



ਸਰਦਾਰ ਇਕਬਾਲ ਸਿੰਘ ਲਾਲਪੁਰਾ ਜੀ ਨੇ ਸਿੱਖ ਸਭਿਆਚਾਰ ਦੀ ਸੰਭਾਲ ਅਤੇ ਪ੍ਰਚਾਰ ਲਈ ਲਗਾਤਾਰ ਯਤਨ ਕੀਤੇ ਹਨ। ਉਨ੍ਹਾਂ ਨੇ ਸਿੱਖ ਨੌਜਵਾਨਾਂ ਲਈ ਸਕਾਲਰਸ਼ਿਪ ਅਤੇ ਸਿੱਖਿਆ ਸਬੰਧੀ ਪ੍ਰੋਗਰਾਮਾਂ ਦਾ ਸਮਰਥਨ ਕੀਤਾ ਤਾਂ ਜੋ ਉਹ ਆਪਣੀ ਵਿਰਾਸਤ ਨਾਲ ਜੁੜੇ ਰਹਿਣ ਅਤੇ ਉੱਨਤੀ ਕਰ ਸਕਣ। ਉਨ੍ਹਾਂ ਦੀ ਅਗਵਾਈ ਵਿੱਚ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਨੇ ਘੱਟ ਗਿਣਤੀ ਭਾਈਚਾਰਿਆਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਅਤੇ ਉਨ੍ਹਾਂ ਦੇ ਵਿਕਾਸ ਲਈ ਕਈ ਮਹੱਤਵਪੂਰਨ ਕਦਮ ਚੁੱਕੇ ਹਨ। ਲਾਲਪੁਰਾ ਜੀ ਹਮੇਸ਼ਾ ਇਸ ਗੱਲ 'ਤੇ ਜ਼ੋਰ ਦਿੰਦੇ ਰਹੇ ਹਨ ਕਿ ਉਨ੍ਹਾਂ ਦਾ ਉਦੇਸ਼ ਸਿੱਖ ਭਾਈਚਾਰੇ ਅਤੇ ਸਮੁੱਚੇ ਭਾਰਤ ਦੇ ਹਿੱਤ ਵਿੱਚ ਕੰਮ ਕਰਨਾ ਹੈ। ਉਨ੍ਹਾਂ ਨੇ ਸੰਵਾਦ ਅਤੇ ਸਹਿਯੋਗ ਦੇ ਰਾਹ ਰਾਹੀਂ ਸਬੰਧਾਂ ਨੂੰ ਹੋਰ ਬਿਹਤਰ ਬਣਾਉਣ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਹਨ। ਸਰਦਾਰ ਲਾਲਪੁਰਾ ਜੀ ਦਾ ਜੀਵਨ ਇੱਕ ਸਮਰਪਿਤ ਅਧਿਕਾਰੀ, ਸਮਾਜ ਸੇਵਕ ਅਤੇ ਸਿੱਖ ਵਿਦਵਾਨ ਦੀ ਮਿਸਾਲ ਹੈ। ਉਨ੍ਹਾਂ ਨੇ ਪੁਲਿਸ ਸੇਵਾ ਤੋਂ ਲੈ ਕੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਤੱਕ ਹਰ ਖੇਤਰ ਵਿੱਚ ਆਪਣੀ ਛਾਪ ਛੱਡੀ ਹੈ। ਉਨ੍ਹਾਂ ਦੀਆਂ ਸੇਵਾਵਾਂ ਨੇ ਸਿੱਖ ਭਾਈਚਾਰੇ ਨੂੰ ਰਾਸ਼ਟਰੀ ਮੁੱਖ ਧਾਰਾ ਵਿੱਚ ਮਜ਼ਬੂਤੀ ਨਾਲ ਜੋੜਿਆ ਹੈ ਅਤੇ ਮੋਦੀ ਸਰਕਾਰ ਦੀਆਂ ਸਮਾਵੇਸ਼ੀ ਨੀਤੀਆਂ ਨੂੰ ਹੋਰ ਉਪਰ ਉਠਾਇਆ ਹੈ। ਭਵਿੱਖ ਵਿੱਚ ਵੀ ਉਨ੍ਹਾਂ ਦੀ ਅਗਵਾਈ ਭਾਰਤ ਅਤੇ ਸਿੱਖ ਭਾਈਚਾਰੇ ਲਈ ਲਾਭਦਾਇਕ ਸਾਬਤ ਹੋਵੇਗੀ।

ਪੁਲਿਸ ਮੈਡਲ ਅਤੇ ਮੈਰੀਟੋਰੀਅਸ ਸਰਵਿਸਿਜ਼ ਲਈ ਪੁਲਿਸ ਮੈਡਲ ਵਰਗੇ ਉੱਚ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਪੁਲਿਸ ਸੇਵਾ ਦੇ ਦੌਰਾਨ ਵੀ ਲਾਲਪੁਰਾ ਜੀ ਆਪਣੀਆਂ ਧਾਰਮਿਕ ਅਤੇ ਸਭਿਆਚਾਰਕ ਜੜ੍ਹਾਂ ਨਾਲ ਡੂੰਘੀ ਨੇੜਤਾ ਬਣਾਈ ਰੱਖਦੇ ਰਹੇ। ਇੱਕ ਅੰਮ੍ਰਿਤਧਾਰੀ ਸਿੱਖ ਹੋਣ ਦੇ ਨਾਤੇ ਉਨ੍ਹਾਂ ਨੇ ਆਪਣੀਆਂ ਡਿਊਟੀਆਂ ਨਿਭਾਉਂਦੇ ਹੋਏ ਸਿੱਖ ਰਵਾਇਤਾਂ ਅਤੇ ਸਿਧਾਂਤਾਂ ਦੀ ਪਾਲਣਾ ਕੀਤੀ। ਉਨ੍ਹਾਂ ਦੀ ਨਿਰਪੱਖਤਾ ਅਤੇ ਸਮਾਜ ਦੇ ਹਰ ਵਰਗ ਨਾਲ ਸੰਵਾਦ ਬਣਾਈ ਰੱਖਣ ਦੀ ਯੋਗਤਾ ਨੇ ਉਨ੍ਹਾਂ ਨੂੰ ਪੰਜਾਬ ਦੇ ਸਿੱਖ ਭਾਈਚਾਰੇ ਵਿੱਚ ਵਿਸ਼ੇਸ਼ ਸਤਿਕਾਰ ਦਿਵਾਇਆ। ਸਾਲ 2006 ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ 400ਵੇਂ ਸ਼ਹੀਦੀ ਦਿਹਾੜੇ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਨਿਵਾਜਿਆ ਗਿਆ। ਇਹ ਸਨਮਾਨ ਉਨ੍ਹਾਂ ਵੱਲੋਂ ਸਿੱਖ ਸਾਹਿਤ ਅਤੇ ਸਭਿਆਚਾਰ ਨੂੰ ਪ੍ਰੋਤਸਾਹਨ ਦੇਣ ਲਈ ਕੀਤੀਆਂ ਕੋਸ਼ਿਸ਼ਾਂ ਦੀ ਮਾਨਤਾ ਸੀ। ਉਨ੍ਹਾਂ ਨੇ ਆਪਣੀਆਂ ਲਿਖਤਾਂ ਰਾਹੀਂ ਸਿੱਖ ਇਤਿਹਾਸ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਯੋਗਦਾਨ ਪਾਇਆ। ਇਸ ਨੇ ਉਨ੍ਹਾਂ ਨੂੰ ਇੱਕ ਵਿਦਵਾਨ ਅਤੇ ਸਮਾਜ ਸੇਵਕ ਵਜੋਂ ਵਧੇਰੇ ਮਜ਼ਬੂਤੀ ਨਾਲ ਸਥਾਪਿਤ ਕੀਤਾ।

ਪੁਲਿਸ ਸੇਵਾ ਤੋਂ ਬਾਅਦ ਲਾਲਪੁਰਾ ਜੀ ਨੇ ਸਿਆਸੀ ਅਤੇ ਸਮਾਜਿਕ ਖੇਤਰ ਵਿੱਚ ਸਰਗਰਮੀ ਨਾਲ ਕਦਮ ਰੱਖਿਆ। ਉਹ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਅਤੇ ਪਾਰਟੀ ਦੇ ਬੁਲਾਰੇ ਵਜੋਂ ਵੀ ਸੇਵਾਵਾਂ ਨਿਭਾਈਆਂ। ਉਨ੍ਹਾਂ ਦੇ ਕੀਤੇ ਮਹੱਤਵਪੂਰਨ ਯਤਨਾਂ ਨੇ ਸਿੱਖ ਭਾਈਚਾਰੇ ਦੇ ਮੁੱਦਿਆਂ ਨੂੰ ਰਾਸ਼ਟਰੀ ਪੱਧਰ 'ਤੇ ਉਠਾਉਣ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਵਿੱਚ ਮਦਦ ਕੀਤੀ। ਉਨ੍ਹਾਂ ਨੇ ਸਿੱਖ ਅਤੇ ਗੈਰ-ਸਿੱਖ ਭਾਈਚਾਰਿਆਂ ਵਿਚਕਾਰ ਏਕਤਾ ਅਤੇ ਸਮਝ ਦਾ ਪੁਲ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ। ਸਤੰਬਰ 2021 ਵਿੱਚ ਭਾਰਤ ਸਰਕਾਰ ਵੱਲੋਂ ਸਰਦਾਰ ਇਕਬਾਲ ਸਿੰਘ ਲਾਲਪੁਰਾ ਜੀ ਨੂੰ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਇਹ ਨਿਯੁਕਤੀ ਮੋਦੀ ਸਰਕਾਰ ਦੀਆਂ ਸਮਾਵੇਸ਼ੀ ਨੀਤੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਨੂੰ ਮਜ਼ਬੂਤੀ ਦੇਣ ਦੀ ਵਚਨਬੱਧਤਾ ਦਾ ਪ੍ਰਤੀਕ ਬਣੀ। ਇਸ ਅਹੁਦੇ 'ਤੇ ਉਨ੍ਹਾਂ ਨੇ ਸਿੱਖ, ਮੁਸਲਮਾਨ, ਈਸਾਈ ਆਦਿ ਘੱਟ ਗਿਣਤੀਆਂ ਦੇ ਅਧਿਕਾਰਾਂ, ਸਿੱਖਿਆ ਅਤੇ ਰੁਜ਼ਗਾਰ ਨਾਲ ਜੁੜੇ ਮੁੱਦਿਆਂ 'ਤੇ ਲਗਾਤਾਰ ਕੰਮ ਕੀਤਾ। ਖਾਸ ਤੌਰ 'ਤੇ ਸਿੱਖ ਭਾਈਚਾਰੇ ਦੀ ਵਿਰਾਸਤ ਦੀ ਸੰਭਾਲ, ਧਾਰਮਿਕ ਸਥਾਨਾਂ ਦੇ ਵਿਕਾਸ ਅਤੇ ਨੌਜਵਾਨਾਂ ਦੀ ਉੱਨਤੀ ਲਈ ਉਨ੍ਹਾਂ ਨੇ ਵਿਸ਼ੇਸ਼ ਧਿਆਨ ਦਿੱਤਾ। ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਲਾਲਪੁਰਾ ਜੀ ਨੇ ਸਿੱਖ ਭਾਈਚਾਰੇ ਦੇ ਧਾਰਮਿਕ ਸਮਾਗਮਾਂ ਵਿੱਚ ਸਰਗਰਮ ਹਿੱਸਾ ਲਿਆ। ਸਾਲ 2023 ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਦਿੱਲੀ ਵਿੱਚ ਆਯੋਜਿਤ ਸਮਾਗਮ ਵਿੱਚ ਉਨ੍ਹਾਂ ਨੇ ਸ਼ਮੂਲੀਅਤ ਕੀਤੀ ਅਤੇ ਸਿੱਖ ਸਿਧਾਂਤਾਂ ਦੀ ਪ੍ਰਸੰਗਿਕਤਾ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਨਵੀਂ ਪੀੜ੍ਹੀ ਨੂੰ ਸਿੱਖਿਆ, ਸੇਵਾ ਅਤੇ ਵਿਰਾਸਤ ਨਾਲ ਜੋੜਨ ਲਈ ਲਗਾਤਾਰ ਪ੍ਰੇਰਿਤ ਕੀਤਾ। ਉਨ੍ਹਾਂ ਨੇ ਸੁਲਤਾਨਪੁਰ ਲੋਧੀ ਅਤੇ ਅੰਮ੍ਰਿਤਸਰ ਵਰਗੀਆਂ ਥਾਵਾਂ 'ਤੇ ਸਿੱਖ ਧਾਰਮਿਕ ਸਥਾਨਾਂ ਦੇ ਵਿਕਾਸ ਲਈ ਸਰਕਾਰੀ ਯਤਨਾਂ ਨੂੰ ਵੀ ਸਮਰਥਨ ਦਿੱਤਾ।

ਮੋਦੀ ਸਰਕਾਰ ਦੇ ਸੰਦਰਭ ਵਿੱਚ ਲਾਲਪੁਰਾ ਜੀ ਦੀ ਨਿਯੁਕਤੀ ਸਿੱਖ ਭਾਈਚਾਰੇ ਨੂੰ ਰਾਸ਼ਟਰੀ ਪੱਧਰ 'ਤੇ ਮਜ਼ਬੂਤ ਨੁਮਾਇੰਦਗੀ ਦੇਣ ਦੀ ਇੱਕ ਵੱਡੀ ਪਹਿਲ ਹੈ। ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਕਾਰੀਡੋਰ ਦੀ ਸਥਾਪਨਾ, ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਉਜਾਗਰਤਾ ਅਤੇ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਵਰਗੀਆਂ ਪਹਿਲਕਦਮੀਆਂ ਵਿੱਚ ਲਾਲਪੁਰਾ ਜੀ ਨੇ ਸਰਗਰਮ ਭੂਮਿਕਾ ਨਿਭਾਈ। ਉਨ੍ਹਾਂ ਨੇ ਸਰਕਾਰ ਅਤੇ ਸਿੱਖ ਭਾਈਚਾਰੇ ਵਿਚਕਾਰ ਸੰਵਾਦ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਲਾਲਪੁਰਾ ਜੀ ਨੇ ਸਿੱਖ ਸਭਿਆਚਾਰ ਦੀ ਸੰਭਾਲ ਅਤੇ ਪ੍ਰਚਾਰ ਲਈ ਲਗਾਤਾਰ ਯਤਨ ਕੀਤੇ ਹਨ। ਉਨ੍ਹਾਂ ਨੇ ਸਿੱਖ ਨੌਜਵਾਨਾਂ ਲਈ ਸਕਾਲਰਸ਼ਿਪ ਅਤੇ ਸਿੱਖਿਆ ਸਬੰਧੀ ਪ੍ਰੋਗਰਾਮਾਂ ਦਾ ਸਮਰਥਨ ਕੀਤਾ ਤਾਂ ਜੋ ਉਹ ਆਪਣੀ ਵਿਰਾਸਤ ਨਾਲ ਜੁੜੇ ਰਹਿਣ ਅਤੇ ਉੱਨਤੀ ਕਰ ਸਕਣ। ਉਨ੍ਹਾਂ ਦੀ ਅਗਵਾਈ ਵਿੱਚ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਨੇ ਘੱਟ ਗਿਣਤੀ ਭਾਈਚਾਰਿਆਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਅਤੇ ਉਨ੍ਹਾਂ ਦੇ ਵਿਕਾਸ ਲਈ ਕਈ ਮਹੱਤਵਪੂਰਨ ਕਦਮ ਚੁੱਕੇ ਹਨ। ਲਾਲਪੁਰਾ ਜੀ ਹਮੇਸ਼ਾ ਇਸ ਗੱਲ 'ਤੇ ਜ਼ੋਰ ਦਿੰਦੇ ਰਹੇ ਹਨ ਕਿ ਉਨ੍ਹਾਂ ਦਾ ਉਦੇਸ਼ ਸਿੱਖ ਭਾਈਚਾਰੇ ਅਤੇ ਸਮੁੱਚੇ ਭਾਰਤ ਦੇ ਹਿੱਤ ਵਿੱਚ ਕੰਮ ਕਰਨਾ ਹੈ। ਉਨ੍ਹਾਂ ਨੇ ਸੰਵਾਦ ਅਤੇ ਸਹਿਯੋਗ ਦੇ ਰਾਹ ਰਾਹੀਂ ਸਬੰਧਾਂ ਨੂੰ ਹੋਰ ਬਿਹਤਰ ਬਣਾਉਣ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਹਨ।


ਸਰਦਾਰ ਇਕਬਾਲ ਸਿੰਘ ਲਾਲਪੁਰਾ ਜੀ ਦਾ ਜੀਵਨ ਇੱਕ ਸਮਰਪਿਤ ਅਧਿਕਾਰੀ, ਸਮਾਜ ਸੇਵਕ ਅਤੇ ਸਿੱਖ ਵਿਦਵਾਨ ਦੀ ਮਿਸਾਲ ਹੈ। ਉਨ੍ਹਾਂ ਨੇ ਪੁਲਿਸ ਸੇਵਾ ਤੋਂ ਲੈ ਕੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਤੱਕ ਹਰ ਖੇਤਰ ਵਿੱਚ ਆਪਣੀ ਛਾਪ ਛੱਡੀ ਹੈ। ਉਨ੍ਹਾਂ ਦੀਆਂ ਸੇਵਾਵਾਂ ਨੇ ਸਿੱਖ ਭਾਈਚਾਰੇ ਨੂੰ ਰਾਸ਼ਟਰੀ ਮੁੱਖ ਧਾਰਾ ਵਿੱਚ ਮਜ਼ਬੂਤੀ ਨਾਲ ਜੋੜਿਆ ਹੈ ਅਤੇ ਮੋਦੀ ਸਰਕਾਰ ਦੀਆਂ ਸਮਾਵੇਸ਼ੀ ਨੀਤੀਆਂ ਨੂੰ ਹੋਰ ਉਪਰ ਉਠਾਇਆ ਹੈ। ਭਵਿੱਖ ਵਿੱਚ ਵੀ ਉਨ੍ਹਾਂ ਦੀ ਅਗਵਾਈ ਭਾਰਤ ਅਤੇ ਸਿੱਖ ਭਾਈਚਾਰੇ ਲਈ ਲਾਭਦਾਇਕ ਸਾਬਤ ਹੋਵੇਗੀ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

# ਸ: ਹਰੀ ਸਿੰਘ ਨਲੂਏ ਦੀ 30 ਅਪ੍ਰੈਲ 1837 ਨੂੰ ਹੋਈ ਸ਼ਹਾਦਤ ਨੂੰ ਯਾਦ ਕਰਦਿਆਂ

## 1836 ਵਿੱਚ ਹਰੀ ਸਿੰਘ ਨਲੂਏ ਨੇ ਦੱਰ੍ਹਾ ਖ਼ੈਬਰ ਦਾ ਰਸਤਾ ਰੋਕਣ ਲਈ ਜਮਰੌਦ ਕਿਲ੍ਹੇ ਦੀ ਉਸਾਰੀ ਕੀਤੀ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਸ. ਹਰੀ ਸਿੰਘ ਨਲੂਏ ਦਾ ਜਨਮ ਸ. ਗੁਰਦਿਆਲ ਸਿੰਘ ਗੁਜਰਾਂਵਾਲੇ ਸ਼ੁੱਕਰਚੱਕੀਆ ਮਿਸਲ ਦੇ ਕੁਮੇਦਾਨ ਦੇ ਘਰ 1791 ਈਸਵੀ ਨੂੰ ਹੋਇਆ। ਸ. ਗੁਰਦਿਆਲ ਸਿੰਘ ਨੇ ਯੋਗ ਸਮੇਂ ਆਪਣੇ ਪੁੱਤਰ ਦੀ ਵਿੱਦਿਆ ਲਈ ਇਕ ਵਿਦ-ਵਾਨ ਸਿੰਘ ਅਤੇ ਇਕ ਚੰਗਾ ਫ਼ਾਜ਼ਲ ਮੌਲਵੀ ਘਰ ਵਿੱਚ ਹੀ ਪੜ੍ਹਾਉਣ ਲਈ ਰੱਖ ਦਿੱਤਾ। ਸਿੰਘ ਜੀ ਬਾਲਕ ਹਰੀ ਸਿੰਘ ਨੂੰ ਗੁਰਮੁਖੀ ਵਿੱਚ ਧਾਰਮਿਕ ਵਿੱਦਿਆ ਦਿੰਦੇ ਅਤੇ ਮੌਲਾਨਾ ਜੀ ਫ਼ਾਰਸੀ ਪੜ੍ਹਾਉਂਦੇ ਸਨ। ਹਰੀ ਸਿੰਘ ਅਜੇ ਸੱਤ ਸਾਲ ਦੇ ਹੀ ਹੋਏ ਸਨ ਕਿ ਪਿਤਾ ਸ. ਗੁਰਦਿਆਲ ਸਿੰਘ ਜੀ ਦਾ ਸਾਯਾ ਸਿਰ ਤੋਂ ਉਠ ਗਿਆ। ਸ. ਹਰੀ ਸਿੰਘ ਨੇ ਆਪਣੇ ਮਾਮਿਆਂ ਦੇ ਘਰ ਪਰਵਰਿਸ਼ ਪਾਈ।

ਸ. ਹਰੀ ਸਿੰਘ ਨੂੰ ਨਿੱਕੇ ਹੁੰਦਿਆਂ ਤੋਂ ਹੀ ਕੁਦਰਤ ਨੇ ਬੜੀ ਵਚਿੱਤਰ ਬੁੱਧੀ ਅਤੇ ਰੋਸ਼ਨ ਦਿਮਾਗ ਦਿੱਤਾ ਸੀ। 14-15 ਸਾਲ ਦੀ ਉਮਰ ਵਿੱਚ ਹੀ ਉਸ ਨੇ ਲਗਭਗ ਸਾਰੇ ਜੰਗੀ ਕਰਤਬਾਂ ਵਿੱਚ ਪੂਰੀ-ਪੂਰੀ ਨਿਪੁੰਨਤਾ ਪ੍ਰਾਪਤ ਕਰ ਲਈ ਸੀ। ਜੰਗੀ ਹੁਨਰਾਂ ਦੇ ਨਾਲ-ਨਾਲ ਕਰਤਾਰ ਨੇ ਆਪ ਨੂੰ ਐਸਾ ਮਨਮੋਹਣਾ ਸਰੂਪ ਅਤੇ ਸੁਡੌਲ, ਬਲਵਾਨ ਤੇ ਫੁਰਤੀਲਾ ਸਰੀਰ ਬਖ਼ਸ਼ਿਆ ਸੀ ਕਿ ਵੇਖਣ ਵਾਲਾ ਇਕ ਨਿਗਾਹ ਵਿੱਚ ਹੀ ਆਪ 'ਤੇ ਮੋਹਿਤ ਹੋ ਜਾਂਦਾ ਸੀ।

ਜੰਗੀ ਕਰਤਬਾਂ ਦੇ ਨਾਲ-ਨਾਲ ਆਪ ਗੁਰਮੁਖੀ ਦੁਆਰਾ ਧਾਰਮਿਕ ਵਿੱਦਿਆ ਅਤੇ ਫ਼ਾਰਸੀ ਦੀ ਜ਼ੁਬਾਨਦਾਨੀ ਅਤੇ ਖ਼ੁਸ਼ਖ਼ਤ ਲਿਖਤ ਲਈ ਵੀ ਆਪ ਆਪਣੇ ਸਮੇਂ ਦੇ ਵੱਡੇ ਸੁੰਦਰ ਲਿਖਾਰੀ ਤੇ ਫ਼ਾਜ਼ਲ ਵਿਦਵਾਨ ਸਨ। ਪਸ਼ਤੋ (ਅਫ਼ਗਾਨ) ਵਿੱਚ ਆਪ ਐਸੀ ਰਵਾਨਗੀ ਨਾਲ ਬੋਲਿਆ ਕਰਦੇ ਸਨ ਕਿ ਸੁਣਨ ਵਾਲੇ ਅਚੰਭਤ ਹੋ ਜਾਂਦੇ ਸਨ।

ਸੰਨ 1805 ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਬਸੰਤੀ ਦਰਬਾਰ ਦੇ ਇਕੱਠ ਵਿੱਚ ਹਰੀ ਸਿੰਘ ਨੇ ਆਪਣੇ ਜੰਗੀ-ਕਰਤਬਾਂ ਦਾ ਕਮਾਲ ਵਿਖਾਲਿਆ ਤਾਂ ਮਹਾਰਾਜਾ ਜੀ ਨੇ ਆਪ ਨੂੰ ਫ਼ੌਜੇ-ਖ਼ਾਸ ਵਿੱਚ ਲੈ ਲਿਆ ਤੇ ਕੁਝ ਦਿਨਾਂ ਉਪਰੰਤ ਆਪ ਦੀ ਸ਼ੇਰ ਨਾਲ ਲੜਾਈ ਤੇ ਦਲੇਰੀ ਵੇਖ ਕੇ ਆਪ ਨੂੰ ਸ਼ੇਰ ਦਿਲ ਨਾਮੀ ਰਜਮੈਂਟ ਵਿੱਚ ਸਰਦਾਰੀ ਦੇ ਦਿੱਤੀ।

1813 ਵਾਲੀ ਹਜ਼ਾਰੇ ਦੀ ਲੜਾਈ ਦੇ ਸਮੇਂ ਜਦਕਿ ਅਫ਼ਗਾਨਾਂ ਪਰ ਪੂਰੀ ਫ਼ਤਹਿ ਪਾ ਕੇ ਇਨ੍ਹਾਂ ਨੂੰ ਸਦਾ ਲਈ ਪੰਜਾਬ ਤੋਂ ਕੱਢਿਆ ਗਿਆ ਅਤੇ ਫਿਰ ਕਸ਼ਮੀਰ ਨੂੰ ਜਿੱਤ ਕੇ ਖ਼ਾਲਸਾ ਰਾਜ ਨਾਲ ਮਿਲਾਉਣ ਸਮੇਂ ਆਪ ਜੀ ਨੇ ਵੱਡੇ ਕਾਰਨਾਮੇ ਕੀਤੇ। ਕਸ਼ਮੀਰ ਫ਼ਤਹਿ ਕਰਕੇ ਉਸ ਵਿੱਚ ਬਿਗੜੇ ਮੁਲਕੀ ਪ੍ਰਬੰਧ ਨੂੰ ਸੁਧਾਰਨ ਲਈ ਸ. ਹਰੀ ਸਿੰਘ ਨਲੂਏ ਨੂੰ ਇਥੇ ਦਾ ਗਵਰਨਰ ਨਿਯੁਕਤ ਕੀਤਾ ਗਿਆ। ਆਪ ਦੇ ਪ੍ਰਬੰਧ ਤੋਂ ਸ਼ੇਰ-ਏ-ਪੰਜਾਬ ਏਨੇ ਪ੍ਰਸੰਨ ਹੋਏ ਕਿ ਆਪ ਜੀ ਨੂੰ ਆਪਣੇ ਨਾਂ ਦਾ ਸਿੱਕਾ ਚਲਾਉਣ ਦਾ ਅਧਿਕਾਰ ਬਖ਼ਸ਼ਿਆ। ਇਹ ਮਾਣ ਖ਼ਾਲਸਾ ਰਾਜ ਵਿੱਚ ਕੇਵਲ ਸ. ਹਰੀ ਸਿੰਘ ਜੀ ਨੂੰ ਹੀ ਬਖ਼ਸ਼ਿਆ ਗਿਆ ਸੀ। ਖ਼ਾਲਸੇ ਨਾਲੋਂ 20 ਗੁਣਾਂ ਤੋਂ ਵੱਧ ਬਹਾਦਰ ਪਠਾਣੀ ਲਸ਼ਕਰ 'ਤੇ ਸੰਪੂਰਨ ਵਿਜੈ ਪਾਈ। ਖ਼ਾਲਸੇ ਦੀਆਂ ਇਨ੍ਹਾਂ ਫ਼ਤਹਿਬਾਜ਼ੀਆਂ ਨੂੰ ਵੇਖ ਕੇ ਸਰ ਅਲੈਗਜ਼ੈਂਡਰ ਬਰਨਸ ਅਤੇ ਮੌਲਵੀ ਸ਼ਾਹਮਤ ਅਲੀ ਲਿਖਦੇ ਹਨ ਕਿ ਖ਼ਾਲਸੇ ਦੀਆਂ ਸਫ਼ਲਤਾਈਆਂ ਐਸੇ ਅਸਾਧਾਰਨ ਕਾਰਨਾਮੇ ਸਨ, ਜਿਨ੍ਹਾਂ ਨੇ ਵੱਡੀਆਂ ਤਾਕਤਾਂ ਨੂੰ ਚਿੰਤਾ ਵਿੱਚ ਪਾ ਦਿੱਤਾ ਸੀ। ਇਨ੍ਹਾਂ ਸਾਰੀਆਂ ਜਿੱਤਾਂ ਵਿੱਚ ਸਰਦਾਰ ਹਰੀ ਸਿੰਘ ਨਲੂਏ ਦਾ ਜੰਗੀ ਹੁਨਰ ਅਤੇ ਨਿਡਰਤਾ ਮਿਲਵੀ ਵਰਤੀ ਗਈ। ਸ਼ੇਰੇ ਪੰਜਾਬ ਅਤੇ ਪਿਸ਼ਾਵਰ ਨੂੰ ਪੰਜਾਬ ਤੋਂ ਵੱਖ ਕਰ ਕੇ ਦੂਜਿਆਂ ਦੇ ਹੱਥਾਂ ਵਿੱਚ ਚਲੇ ਜਾਣ ਨਾਲ ਕਿਹੜਾ ਜ਼ੁਲਮ ਸੀ ਜੋ ਪੰਜਾਬੀਆਂ 'ਤੇ ਨਾ ਕੀਤਾ ਗਿਆ ਹੋਵੇ। ਇਹ ਅਨਿਆਏ ਅਤੇ ਵਧੀਕੀਆਂ ਲਗਾਤਾਰ 700 ਸਾਲਾਂ ਤੱਕ ਹਿੰਦੀਆਂ ਨੂੰ ਸਹਾਰਨੀਆਂ ਪਈਆਂ। ਇਨ੍ਹਾਂ ਜ਼ੁਲਮੀ ਤੂਫ਼ਾਨਾਂ ਤੋਂ ਸਦਾ ਲਈ ਪੰਜਾਬੀਆਂ ਨੂੰ ਸੁਰੱਖਿਅਤ ਕਰਨ ਲਈ ਸੰਨ 1834 ਵਿੱਚ ਸ਼ੇਰ-ਏ-ਪੰਜਾਬ ਤੇ ਸਰਦਾਰ ਹਰੀ ਸਿੰਘ ਨਲੂਏ ਨੇ ਇਹ ਫ਼ੈਸਲਾ ਕੀਤਾ ਕਿ ਜਦ ਤੱਕ ਪਿਸ਼ਾਵਰ ਤੇ ਸਰਹੱਦੀ ਸੂਬੇ ਨੂੰ ਪੂਰੀ ਤਰ੍ਹਾਂ ਖ਼ਾਲਸਾ ਰਾਜ ਨਾਲ ਨਾ ਮਿਲਾ ਲਿਆ ਜਾਵੇ, ਤਦ ਤੱਕ ਪੰਜਾਬ ਅਤੇ ਹਿੰਦੁਸਤਾਨ ਨੂੰ ਵਿਦੇਸ਼ੀਆਂ ਦੇ ਧਾੜਵੀਆਂ ਤੋਂ ਪੂਰੀ ਤਰ੍ਹਾਂ ਛੁਟਕਾਰਾ ਨਹੀਂ ਦਿੱਤਾ ਜਾ ਸਕਦਾ ਅਰਥਾਤ ਸੂਬਾ ਪਿਸ਼ਾਵਰ ਨੂੰ ਅਫ਼ਗ਼ਾਨਿਸਤਾਨ ਤੋਂ ਕੱਟ ਕੇ ਪੰਜਾਬ ਨਾਲ ਮਿਲਾ ਲਿਆ ਜਾਏ।

27 ਅਪ੍ਰੈਲ 1834 ਨੂੰ ਸ. ਹਰੀ ਸਿੰਘ ਨਲੂਆ ਅਤੇ ਕੰਵਰ ਨੌਨਿਹਾਲ ਸਿੰਘ ਨੇ ਪਿਸ਼ਾਵਰ ਦੇ ਬਾਰਕਜ਼ਈ ਹਾਕਮਾਂ 'ਤੇ ਚੜ੍ਹਾਈ ਕਰ ਕੇ ਫ਼ਤਹਿ ਹਾਸਲ ਕੀਤੀ। ਅਫ਼ਗਾਨ ਦਲੇਰ ਪੂਰੀ ਬਹਾਦਰੀ ਨਾਲ ਲੜੇ ਪਰ ਖ਼ਾਲਸੇ ਦੇ ਅਗਾਧ ਜੋਸ਼ ਅੱਗੇ ਵਧੇਰੇ ਚਿਰ ਨਾ ਠਹਿਰ ਸਕੇ। 3 ਮਈ 1834 ਨੂੰ ਪਿਸ਼ਾਵਰ 'ਤੇ ਫ਼ਤਹਿ ਹੋਣ ਨਾਲ ਸਾਰਾ ਸਰਹੱਦੀ ਇਲਾਕਾ ਖ਼ਾਲਸੇ ਦੇ ਅਧੀਨ ਹੋ ਗਿਆ। ਇਸ ਤਰ੍ਹਾਂ ਇਹ ਸੱਤ ਸਦੀਆਂ ਤੋਂ ਪੰਜਾਬ ਦਾ ਕੱਟ ਚੁੱਕਾ ਅੰਗ ਮੁੜ ਪੰਜਾਬ ਨਾਲ ਜੋੜ ਦਿੱਤਾ ਗਿਆ। ਹਰੀ ਸਿੰਘ ਨਲੂਏ ਦੇ ਇਸ ਮਹਾਨ ਕਰਤਬ ਨੂੰ ਕਈ ਇਤਿਹਾਸਕਾਰਾਂ ਨੇ ਕਰਾਮਾਤ ਦਾ ਨਾਂ ਦਿੱਤਾ ਹੈ। ਪਿਸ਼ਾਵਰ ਦੇ ਹਿੰਦੂਆਂ ਅਤੇ ਮੁਸਲਮਾਨਾਂ ਨੇ ਬਾਰਕਜ਼ਾਇਆਂ ਦੇ ਹੱਥੋਂ ਛੁਟਕਾਰਾ ਪਾਉਣ ਅਤੇ ਖ਼ਾਲਸੇ ਦੀ ਫ਼ਤਹਿ ਦੀ ਖ਼ੁਸ਼ੀ ਵਿੱਚ ਉਸ ਰਾਤ ਨੂੰ ਸਾਰੇ ਸ਼ਹਿਰ ਵਿੱਚ ਦੀਪਮਾਲਾ ਕੀਤੀ। ਇਸ ਸੂਬੇ ਦੇ ਹਿੰਦੂਆਂ ਉੱਤੇ ਸੰਨ 1658 ਈਸਵੀ ਵਿੱਚ



ਔਰੰਗਜ਼ੇਬ ਨੇ ਜੋ ਜਜ਼ੀਆ ਇਕ ਦੀਨਾਰ ਫ਼ੀ ਸਿਰ ਲਾਇਆ ਹੋਇਆ ਸੀ, ਸਰਦਾਰ ਹਰੀ ਸਿੰਘ ਨੇ ਸ਼ਹਿਰ ਪਰ ਕਬਜ਼ਾ ਕਰਨ ਦੇ ਥੋੜ੍ਹੇ ਦਿਨਾਂ ਬਾਅਦ ਹੀ ਉਹ ਹਿੰਦੂਆਂ ਦੇ ਸਿਰਾਂ ਤੋਂ ਹਟਾ ਦਿੱਤਾ।

1836 ਵਿੱਚ ਸਰਦਾਰ ਹਰੀ ਸਿੰਘ ਨਲੂਏ ਨੇ ਜਮਰੌਦ ਵਿਖੇ ਇਕ ਬਹੁਤ ਆਧੁਨਿਕ ਤਕਨੀਕ ਦਾ ਕਿਲ੍ਹਾ ਉਸਾਰਿਆ।

ਸਰਦਾਰ ਹਰੀ ਸਿੰਘ ਨਲੂਆ ਸਿੱਖ ਰਾਜ ਸਮੇਂ ਲਾਹੌਰ ਦਰਬਾਰ ਦਾ ਸਭ ਤੋਂ ਵੱਧ ਜੋਗ ਪ੍ਰਸ਼ਾਸਕ ਸੀ। ਮੁਗ਼ਲ ਸਾਸ਼ਨ ਨੂੰ ਕਸੂਰ, ਮੁਲਤਾਨ, ਕਸ਼ਮੀਰ, ਪੇਸ਼ਾਵਰ ਵਿੱਚੋਂ ਖ਼ਤਮ ਕਰਨ ਦਾ ਸਿਹਰਾ ਵੀ ਸਰਦਾਰ ਹਰੀ ਸਿੰਘ ਨਲੂਏ ਵੱਲੋਂ ਛੇੜੀਆਂ ਗਈਆਂ ਮੁਹਿੰਮਾਂ ਨੂੰ ਜਾਂਦਾ ਹੈ। ਸਰਦਾਰ ਹਰੀ ਸਿੰਘ ਨਲੂਏ ਦਾ ਅਫ਼ਗਾਨਾਂ ਨੂੰ ਇਨ੍ਹਾਂ ਭੈਅ ਸੀ ਕਿ ਉਹ ਆਪਣੇ ਬੱਚਿਆਂ ਨੂੰ ਡਾਂਟਣ ਲੱਗਿਆਂ ਇਥੋਂ ਤੱਕ ਕਹਿੰਦੇ ਸਨ ਕਿ ਚੁੱਪ ਸ਼ਾ-ਹਰੀਆ ਰਾਂਗਲੇ, ਭਾਵ ਹੈ ਕਿ ਚੁੱਪ ਹੋ ਜਾ, ਨਹੀਂ ਤਾਂ ਹਰੀਆ (ਹਰੀ ਸਿੰਘ) ਆ ਜਾਵੇਗਾ। ਬੱਚੇ ਚੁੱਪ ਕਰਵਾਉਣ ਲਈ ਅਫ਼ਗਾਨਿਸਤਾਨ ਵਿੱਚ ਇਹ ਇਕ ਕਹਾਵਤ ਬਣ ਗਈ ਸੀ।

ਸਰਦਾਰ ਹਰੀ ਸਿੰਘ ਨਲੂਏ ਦੀਆਂ ਪ੍ਰਾਪਤੀਆਂ ਨੇ ਇਸ ਨੂੰ ਦੁਨੀਆਂ ਦੀ ਪਹਿਲੀ ਕਤਾਰ ਦੇ ਜਨਰਲਾਂ ਵਿੱਚ ਸ਼ੁਮਾਰ ਕੀਤਾ ਹੈ। ਇੰਗਲੈਂਡ ਦੀ 19ਵੀਂ ਸਦੀ ਦੀ ਇਕ ਅਖ਼ਬਾਰ ਟਿਟ-ਬਿਟਸ ਨੇ ਦੁਨੀਆਂ ਦੇ ਪਹਿਲੀ ਕਤਾਰ ਦੇ ਜਨਰਲਾਂ ਦਾ ਮੁਲਾਂਕਣ ਇਸ ਤਰ੍ਹਾਂ ਕੀਤਾ ਹੈ ਕਿ ਕਈ ਲੋਕ ਨੈਪੋਲੀਅਨ, ਕੁਝ ਲੋਕ ਮਾਰਸ਼ਲ ਹੈਨ ਜੈਨਬਰਗ ਅਤੇ ਕੁਝ ਅਨੁਸਾਰ ਲਾਰਡ ਕਿਚਨਰ ਜਾਂ ਜਨਰਲ ਕੈਰੋਬਜੀ ਜਾਂ ਹਲਾਕੂ ਖ਼ਾਂ, ਚੰਗੇਜ਼ ਖ਼ਾਂ, ਰਿਚਰਡ ਜਾਂ ਅਲਾਉਦੀਨ ਨੂੰ ਹੁਣ ਤੱਕ ਦੇ ਸ਼ਕਤੀਸ਼ਾਲੀ ਜਨਰਲ ਮੰਨਦੇ ਹਨ। ਪਰ ਭਾਰਤ ਦੇ ਉੱਤਰੀ ਹਿੱਸੇ ਵਿੱਚ ਸਰਦਾਰ ਹਰੀ ਸਿੰਘ ਨਲੂਏ ਦੇ ਨਾਂ ਦਾ ਇਕ ਅਜਿਹਾ ਜਨਰਲ ਹੋਇਆ ਹੈ, ਜੇ ਉਹ ਕੁਝ ਸਾਲ ਹੋਰ ਜਿੰਦਾ ਰਹਿ ਜਾਂਦਾ ਤੇ ਉਸ ਕੋਲ ਬ੍ਰਿਟਿਸ਼ ਹਕੂਮਤ ਦਾ ਤੋਪਖ਼ਾਨਾ ਹੁੰਦਾ ਤਾਂ ਉਸ ਨੇ ਏਸ਼ੀਆ ਅਤੇ ਯੂਰਪ ਦੇ ਬਹੁਤੇ ਹਿੱਸੇ ਉੱਤੇ ਕਬਜ਼ਾ ਕਰ ਲੈਣਾ ਸੀ। ਸਿੱਖਾਂ ਵੱਲੋਂ 1819 ਵਿੱਚ ਕਸ਼ਮੀਰ ਅਤੇ 1834 ਵਿੱਚ ਪੇਸ਼ਾਵਰ ਫ਼ਤਹਿ ਕਰਨਾ, ਇਹ ਸਿੱਖਾਂ ਦੇ ਇਤਿਹਾਸ ਦੀਆਂ ਦੋ ਮਹਾਨ ਪ੍ਰਾਪਤੀਆਂ ਹਨ।

ਆਸਟ੍ਰੇਲੀਆ ਦੇ ਇਕ ਮੈਗਜ਼ੀਨ ਵਿੱਚ ਸਰਦਾਰ ਹਰੀ ਸਿੰਘ ਨਲੂਏ ਨੂੰ ਦੁਨੀਆਂ ਦੇ ਦੱਸ ਉਘੇ ਜਰਨੈਲਾਂ ਦੀ ਕਤਾਰ ਵਿੱਚ ਖੜ੍ਹਾ ਕੀਤਾ ਹੈ।

ਸ. ਹਰੀ ਸਿੰਘ ਨਲੂਏ ਨੇ 30 ਅਪ੍ਰੈਲ 1837 ਨੂੰ ਜਮਰੌਦ 'ਤੇ ਕਬਜ਼ਾ ਕਰਨ ਆਏ ਪਠਾਣਾਂ ਨੂੰ ਇਸ ਤਰ੍ਹਾਂ ਅੱਗੇ ਧਰ ਲਿਆ, ਜਿਵੇਂ ਹੜ੍ਹ ਅੱਗੇ ਕੱਖ ਕਾਨੇ ਰੁੜ੍ਹੇ ਜਾਂਦੇ ਹਨ। ਅਫ਼ਗਾਨ ਹਾਰ ਖਾ ਕੇ ਭੱਜ ਤੁਰੇ। ਇਸ ਸਮੇਂ ਸ. ਨਿਧਾਨ ਸਿੰਘ ਪੰਜ ਹੱਥਾਂ ਫ਼ਤਹਿਯਾਬੀ ਦੇ ਜੋਸ਼ ਵਿੱਚ ਵੈਰੀਆਂ ਨੂੰ ਦਬਾਉਂਦਾ ਹੋਇਆ ਦੂਰ ਤੱਕ ਦੱਰ੍ਹੇ ਦੇ ਅੰਦਰ ਚਲਾ ਗਿਆ। ਸ. ਹਰੀ ਸਿੰਘ ਨਲੂਆ ਆਪਣੇ ਦਸਤੇ ਨੂੰ ਨਾਲ ਲੈ ਕੇ ਸ. ਨਿਧਾਨ ਸਿੰਘ ਨੂੰ ਵਾਪਸ ਲਿਆਉਣ ਲਈ ਆਪ ਵੀ ਦੱਰ੍ਹੇ ਦੇ ਅੰਦਰ ਚਲੇ ਗਏ। ਸ. ਹਰੀ ਸਿੰਘ ਇਸ ਸਮੇਂ ਦੱਰ੍ਹੇ ਦੇ ਉਸ ਹਿੱਸੇ ਵਿੱਚ ਸੀ ਜਿਸ ਨੂੰ ਸੁਰਕਮਰ ਕਹਿੰਦੇ ਹਨ। ਇਸ ਚੱਟਾਨ ਵਿੱਚ ਇਕ ਗੁਫ਼ਾ ਸੀ, ਜਿਸ ਵਿੱਚ ਮੈਦਾਨ ਤੋਂ ਨੱਸੇ ਹੋਏ ਗਾਜ਼ੀ ਲੁਕੇ ਬੈਠੇ ਸਨ। ਲੁਕੇ ਹੋਏ ਪਠਾਣਾਂ ਨੇ ਹਰੀ ਸਿੰਘ ਨਲੂਏ 'ਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ, ਜਿਨ੍ਹਾਂ ਵਿੱਚੋਂ ਦੋ ਗੋਲੀਆਂ ਨਲੂਏ ਸਰਦਾਰ ਨੂੰ ਲੱਗੀਆਂ। ਸ. ਹਰੀ ਸਿੰਘ ਦੇ ਨਾਲ ਦੇ ਸਰਦਾਰਾਂ ਨੇ ਗੁਫ਼ਾ ਨੂੰ ਘੇਰ ਲਿਆ ਅਤੇ ਲੁਕੇ ਹੋਏ ਪਠਾਣਾਂ ਨੂੰ ਬਾਹਰ ਕੱਢਿਆ ਅਤੇ ਉਨ੍ਹਾਂ ਦੇ ਡੱਕਰੇ ਕਰ ਕੇ ਉਡਾ ਦਿੱਤੇ। ਪਰ ਜਿਹੜਾ ਭਾਣਾ ਵਰਤਣਾ ਸੀ, ਉਹ ਵਰਤ ਚੁੱਕਾ ਸੀ।

ਉਸ ਸਮੇਂ ਦੇ ਸੀਨ ਨੂੰ ਕਾਦਰਯਾਰ ਨੇ ਇਉਂ ਕਲਮਬੰਦ ਕੀਤਾ ਹੈ:

ਨੂਨ ਨਿਕਲ ਚਲ ਘੋੜਿਆ ਕਿਲ੍ਹੇ ਦੇ ਵਲ,
ਅਸਾਂ ਪਾਵਣਾ ਨਹੀਂ ਦੂਜੀ ਵਾਰ ਫੇਰਾ।
ਗੋਲੀ ਲੱਗੀ ਏ ਕਹਿਰ ਕਲੋਰ ਵਾਲੀ,
ਘਾਇਲ ਹੋਇਆ ਏ ਅਜ ਅਸਵਾਰ ਤੇਰਾ।
ਵਾ ਵਗਿਆ ਹਵਾ ਦੇ ਵਾਂਗ ਘੋੜਾ,
ਜਿਵੇਂ ਨਿਕਲਦਾ ਤੀਰ ਕਮਾਨ ਵਿੱਚੋਂ।
ਕਾਦਰਯਾਰ ਹੱਠ ਨਾਲ ਸਰਦਾਰ ਬੈਠਾ,
ਐਪਰ ਨਿਕਲਦੀ ਪਈ ਸੀ ਜਾਨ ਵਿੱਚੋਂ।

ਸ. ਹਰੀ ਸਿੰਘ ਨੇ ਜ਼ਖ਼ਮੀ ਹੁੰਦਿਆਂ ਵੀ ਬੜੇ ਹੌਸਲੇ ਨਾਲ ਆਪਣੇ ਘੋੜੇ ਦੀਆਂ ਵਾਗਾਂ ਕਿਲ੍ਹਾ ਜਮਰੌਦ ਵੱਲ ਪਰਤ ਲਈਆਂ ਅਤੇ ਕਿਲ੍ਹੇ ਦੇ ਅੰਦਰ ਪਹੁੰਚ ਕੇ ਸ. ਮਹਾ ਸਿੰਘ ਤੇ ਸਾਥੀਆਂ ਨੂੰ ਇਹ ਹਦਾਇਤ ਕਰ ਕੇ ਕਿ ਸ਼ੇਰੇ ਪੰਜਾਬ ਦੇ ਆਉਣ ਤੱਕ ਕਿਲ੍ਹੇ ਨੂੰ ਛੱਡਣਾ ਨਹੀਂ ਅਤੇ ਮੇਰੀ ਮੌਤ ਦੀ ਖ਼ਬਰ ਦੁਸ਼ਮਣ ਨੂੰ ਨਹੀਂ ਹੋਣ ਦੇਣੀ। ਆਖ ਕੇ ਸਾਰੇ ਫ਼ੌਜੀ ਸਰਦਾਰਾਂ ਨੂੰ 30 ਅਪ੍ਰੈਲ 1837 ਦੀ ਰਾਤ ਨੂੰ ਆਖ਼ਰੀ ਫ਼ਤਹਿ ਬੁਲਾ ਦਿੱਤੀ।

(ਹਵਾਲਾ ਪੁਸਤਕ: ਜੀਵਨ ਇਤਿਹਾਸ ਹਰੀ ਸਿੰਘ ਨਲੂਆ, ਲੇਖਕ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ)

**ਬਾਕੀ ਹਿਸਾ 28 ਸਫ਼ੇ ਤੇ ਪੜ੍ਹੋ**

# ਕੋਈ ਹਰਿਆ ਬੂਟ ਰਹਿਓ ਰੀ

**ਨਿਰਮਲ ਸਿੰਘ ਕੰਧਾਲਵੀ**





ਦੋ ਕੁ ਹਫ਼ਤੇ ਹੋਏ ਚੰਡੀਗੜ੍ਹ ਤੋਂ ਇਕ ਖ਼ਬਰ ਸੋਸ਼ਲ ਮੀਡੀਆ 'ਤੇ ਬਹੁਤ ਨਸ਼ਰ ਹੋਈ। ਖ਼ਬਰ ਸੀ ਕਿ ਇਕ ਨੌਜਵਾਨ ਲੜਕੀ ਨੇ, ਜਿਸ ਨੇ ਡਾਕਟਰੀ ਪਾਸ ਕਰ ਕੇ, ਪਹਿਲੀ ਨੌਕਰੀ 'ਤੇ ਪਹਿਲੇ ਦਿਨ ਹੀ ਅਸਤੀਫ਼ਾ ਦੇ ਦਿੱਤਾ ਸੀ। ਕਾਰਨ ਇਹ ਸੀ ਕਿ ਹਸਪਤਾਲ ਦੇ ਪ੍ਰਬੰਧਕਾਂ ਵਲੋਂ ਉਸ ਨੂੰ ਆਦੇਸ਼ ਦਿੱਤਾ ਗਿਆ ਸੀ ਕਿ ਉਸ ਨੇ ਵੱਧ ਤੋਂ ਵੱਧ ਮਰੀਜ਼ਾਂ ਨੂੰ ਆਈ. ਸੀ. ਯੂ. ਵਿਚ ਭਰਤੀ ਕਰਨਾ ਹੈ। ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿਤਾ ਤੇ ਮਰੀਜ਼ਾਂ ਦੀ ਲੋੜ ਅਨੁਸਾਰ ਉਨ੍ਹਾਂ ਦਾ ਇਲਾਜ ਕਰਨ ਦੀ ਵਕਾਲਤ ਕੀਤੀ ਪਰ ਮਾਲਕਾਂ ਨੂੰ ਇਹ ਮੰਨਜ਼ੂਰ ਨਹੀਂ ਸੀ। ਇਸ ਡਾਕਟਰ ਬੱਚੀ ਨੇ ਉਸੇ ਵੇਲੇ ਅਸਤੀਫ਼ਾ ਦੇ ਦਿਤਾ, ਭਾਵੇਂ ਕਿ ਉਸ ਨੂੰ ਪਤਾ ਸੀ ਕਿ ਇਸ ਕਦਮ ਨਾਲ ਉਸ ਨੂੰ ਭਵਿੱਖ ਵਿਚ ਬਹੁਤ ਮੁਸ਼ਕਿਲਾਂ ਆ ਸਕਦੀਆਂ ਹਨ। ਇਸ ਬਾਰੇ ਬਹੁਤ ਚਰਚਾ ਹੋਈ ਤੇ ਬਹੁਤੇ ਲੋਕਾਂ ਨੇ ਬੱਚੀ ਦੇ ਇਸ ਕਦਮ ਦੀ ਸ਼ਲਾਘਾ ਕੀਤੀ।

ਅਸੀਂ ਸਾਰੇ ਜਾਣਦੇ ਹਾਂ ਕਿ ਭਾਰਤ ਵਿਚ ਸਿਹਤ ਅਤੇ ਵਿਦਿਆ ਇਹ ਦੋ ਅਦਾਰੇ ਵੱਡੇ ਵੱਡੇ ਮਗਰਮੱਛਾਂ ਦੇ ਜਬਾੜਿਆਂ ਥੱਲੇ ਆ ਚੁੱਕੇ ਹਨ। ਪਿਛਲੇ ਸਾਲ ਵੀ ਇਕ ਵੀਡੀਓ ਬਹੁਤ ਨਸ਼ਰ ਹੋਈ ਸੀ ਜਿਸ ਵਿਚ ਦਰਸਾਇਆ ਗਿਆ ਸੀ ਕਿ ਇਨ੍ਹਾਂ ਵੱਡੇ ਵੱਡੇ ਹਸਪਤਾਲਾਂ 'ਚ ਕਿਵੇਂ ਮਰੀਜ਼ ਦੇ ਪਰਵਾਰ ਵਾਲਿਆਂ ਦੀ ਪੁੱਠੀ ਰੰਬੀ ਨਾਲ ਖੱਲ ਉਤਾਰੀ ਜਾਂਦੀ ਹੈ। ਮਰੇ ਪਏ ਮਰੀਜ਼ ਨੂੰ ਆਕਸੀਜਨ ਲਗਾ ਕੇ ਮੋਟਾ ਬਿੱਲ ਬਣਾਇਆ ਜਾਂਦਾ ਹੈ। ਡਾਕਟਰਾਂ ਦੇ ਟਾਰਗੈਟ ਸੈਟ ਕੀਤੇ ਜਾਂਦੇ ਹਨ ਕਿ ਉਨ੍ਹਾਂ ਨੇ ਮਹੀਨੇ ਦੀ ਕਿੰਨੀ ਕਮਾਈ ਕਰ ਕੇ ਹਸਪਤਾਲ ਨੂੰ ਦੇਣੀ ਹੈ। ਜਿਹੜਾ ਡਾਕਟਰ ਟਾਰਗੈਟ ਪੂਰਾ ਨਹੀਂ ਕਰਦਾ ਉਸ 'ਤੇ ਕਾਰਵਾਈ ਹੁੰਦੀ ਹੈ ਤੇ ਜੇ ਉਹ ਅਜੇ ਵੀ ਉਨ੍ਹਾਂ ਦੇ ਨਿਸ਼ਾਨੇ ਪੂਰੇ ਨਹੀਂ ਕਰਦਾ ਤਾਂ ਨੌਕਰੀ ਤੋਂ ਫ਼ਾਰਿਗ ਕਰ ਦਿਤਾ ਜਾਂਦਾ ਹੈ। ਦੇਖਣ ਵਾਲੀ ਇਹ ਗੱਲ ਵੀ ਹੈ ਕਿ ਕਿੰਨੇ ਡਾਕਟਰ ਆਪਣੀ ਆਤਮਾ ਨਾਲ ਸਮਝੌਤਾ ਕਰ ਕੇ 'ਮਾਲਕਾਂ' ਦੇ ਨਿਸ਼ਾਨੇ ਪੂਰੇ ਕਰਦੇ ਹੋਣਗੇ। ਪਹਿਲਾਂ ਤਾਂ ਡਾਕਟਰੀ ਦੀ ਪੜ੍ਹਾਈ ਉੱਪਰ ਹੀ ਕਰੋੜਾਂ ਦਾ ਖ਼ਰਚ ਹੁੰਦਾ ਹੈ, ਨੌਕਰੀ ਕਰ ਕੇ ਪਰਵਾਰ ਵਸਾਉਣਾ ਹੈ, ਮਾਪਿਆਂ ਦੀਆਂ ਉਮੀਦਾਂ ਅਲੱਗ, 'ਹਾਇ ਰੇ ਇਨਸਾਨ ਕੀ ਮਜਬੂਰੀਆਂ'।

ਕੌਣ ਨਹੀ ਜਾਣਦਾ ਕਿ ਆਪਣਾ ਮੋਟਾ ਬਿੱਲ ਬਣਾਉਣ ਲਈ ਚੰਗੀਆਂ ਭਲੀਆਂ ਗਰਭਵਤੀ ਬੀਬੀਆਂ ਦੇ ਪੇਟ ਚੀਰ ਚੀਰ ਕੇ ਇਹ ਹਸਪਤਾਲ ਉਨ੍ਹਾਂ ਨੂੰ ਸਾਰੀ ਉਮਰ ਵਾਸਤੇ ਹੋਰ ਸਰੀਰਕ ਮੁਸ਼ਕਿਲਾਂ 'ਚ ਧੱਕ ਦਿੰਦੇ ਹਨ। ਪੰਜਾਬ ਵਿਚੋਂ ਹੀ ਅਜਿਹੀਆਂ ਹਜ਼ਾਰਾਂ ਕਹਾਣੀਆਂ ਮਿਲ ਜਾਣਗੀਆਂ ਜਿੱਥੇ ਇਨ੍ਹਾਂ ਵੱਡੇ ਹਸਪਤਾਲਾਂ ਨੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਵਾਰਾਂ ਨਾਲ ਕਿਵੇਂ ਖਿਲਵਾੜ ਕੀਤਾ ਹੈ। ਇਕ ਕੇਸ ਵਿਚ ਤਾਂ ਮਰੇ ਹੋਏ ਬੰਦੇ ਨੂੰ ਬੈੱਡ ਉੱਪਰ ਰੱਸੇ ਨਾਲ ਬੰਨ੍ਹਿਆਂ ਹੋਇਆ ਸੀ ਤਾਂ ਕਿ ਘਰ ਵਾਲੇ ਬਿੱਲ ਦਿਤੇ ਬਿਗੈਰ ਨਾ ਲੈ ਜਾਣ ਕਿਉਂਕਿ ਮੋਟੇ ਬਿੱਲ ਦਾ ਝਗੜਾ ਸੀ। ਕਿਸੇ ਐਮਰਜੰਸੀ ਵੇਲੇ ਨੇੜੇ ਦੇ ਹਸਪਤਾਲ ਵਾਲੇ ਬੇਲੋੜੇ ਟੈਸਟ ਕਰ ਕਰ ਕੇ ਕੀਮਤੀ ਸਮਾਂ ਬਰਬਾਦ ਕਰ ਦਿੰਦੇ ਹਨ ਤੇ ਆਪਣਾ ਬਿੱਲ ਬਣਾ ਕੇ ਕਹਿ ਦਿੰਦੇ ਹਨ ਕਿ ਹੁਣ ਮਰੀਜ਼ ਨੂੰ ਕਿਸੇ ਹੋਰ ਹਸਪਤਾਲ ਲੈ ਜਾਓ, ਜਦ ਨੂੰ ਮਰੀਜ਼ ਦੇ ਬਚਣ ਦੇ ਚਾਂਸ ਬਹੁਤ ਘਟ ਜਾਂਦੇ ਹਨ।

ਇਕ ਵਾਕਿਆ ਇੱਥੇ ਦੱਸਣਾ ਕੁਥਾਂ ਨਹੀਂ ਹੋਵੇਗਾ। ਇੰਗਲੈਂਡ ਤੋਂ ਇਕ ਬਜ਼ੁਰਗ ਜੋੜਾ ਪੰਜਾਬ ਗਿਆ। ਮਾਈ ਬਿਮਾਰ ਹੋ ਗਈ। ਕਿਸੇ ਸੱਜਣ ਦੀ ਸਿਫ਼ਾਰਸ਼ 'ਤੇ ਇਕ ਕਲਿਨਕ 'ਚ ਭਰਤੀ ਕਰਾ ਦਿਤੀ ਗਈ। ਬਸ ਫੇਰ ਕੀ ਸੀ, ਡਾਕਟਰ ਪਰਚੀ ਤੇ ਪਰਚੀ ਲਿਖੀ ਜਾਣ ਦਵਾਈਆਂ ਵਾਸਤੇ। ਬਜ਼ੁਰਗ ਸੋਚੇ ਪਈ ਏਨੇ ਟੀਕੇ, ਏਨੀਆਂ ਦਵਾਈਆਂ ਕੀ ਸਭ ਕੁਝ ਉਹਦੀ ਘਰ ਵਾਲੀ ਲਈ ਹੀ ਹਨ। ਉਹਨੇ ਸੋਚਿਆ ਝਗੜਾ ਕਰਨ ਨਾਲੋਂ ਇਨ੍ਹਾਂ ਤੋਂ ਛੁੱਟੀ ਲਈਏ। ਪਰ ਡਾਕਟਰ ਉਨ੍ਹਾਂ ਨੂੰ ਹੋਰ ਡਰਾਉਣ ਕਿ ਫਲਾਣੇ ਕਾਨੂੰਨ ਮੁਤਾਬਕ ਉਹ ਜਾ ਨਹੀਂ ਸਕਦੇ।

ਬਜ਼ੁਰਗ ਦਾ ਇਕ ਰਿਸ਼ਤੇਦਾਰ ਉੱਚ ਪੁਲਿਸ ਅਫ਼ਸਰ ਸੀ। ਕਿਸੇ ਤਰ੍ਹਾਂ ਉਹਦਾ ਨੰਬਰ ਲੱਭ ਕੇ ਉਸ ਨੂੰ ਫ਼ੂਨ ਕੀਤਾ ਤੇ ਸਾਰੀ ਗੱਲ ਦੱਸੀ। ਉਸ ਨੇ ਕੁਦਰਤੀਂ ਅਗਲੇ ਦਿਨ ਕਿਸੇ ਮੀਟਿੰਗ ਲਈ ਉਸੇ ਸ਼ਹਿਰ ਆਉਣਾ ਸੀ। ਉਹ ਜਦੋਂ ਆਇਆ ਤਾਂ ਇਕ ਵਾਰੀ ਤਾਂ ਭਾਜੜ ਪੈ ਗਈ ਹਸਪਤਾਲ 'ਚ। ਬਜ਼ੁਰਗ ਨੇ ਇਕ ਕੰਮ ਕੀਤਾ ਹੋਇਆ ਸੀ ਕਿ ਦਵਾਈਆਂ ਦੀਆਂ ਸਾਰੀਆਂ ਰਸੀਦਾਂ ਸੰਭਾਲ ਕੇ ਰੱਖੀਆਂ ਹੋਈਆਂ ਸਨ। ਪੁਲਿਸ ਅਫ਼ਸਰ ਵੀ ਦੰਗ ਰਹਿ ਗਿਆ ਦੇਖ ਕੇ ਕਿ ਤਿੰਨ ਚਾਰ ਦਿਨਾਂ 'ਚ ਹੀ 'ਟੋਕਰਾ' ਦਵਾਈਆਂ ਦਾ ਡਾਕਟਰਾਂ ਨੇ ਮੰਗਵਾ ਲਿਆ ਸੀ। ਹਸਪਤਾਲ ਦੇ ਮਾਲਕਾਂ ਨੇ ਬੜੀਆਂ ਸਫ਼ਾਈਆਂ ਦਿਤੀਆਂ ਪਰ ਕੋਈ ਪੇਸ਼ ਨਾ ਗਈ। ਪੁਲਿਸ ਅਫ਼ਸਰ ਨੇ ਉਨ੍ਹਾਂ ਅੱਗੇ ਸ਼ਰਤ ਰੱਖੀ ਕਿ ਜੇ ਦੋ ਡਾਕਟਰਾਂ ਦਾ ਆਜ਼ਾਦ ਪੈਨਲ ਕਹਿ ਦੇਵੇ ਕਿ ਇਹ ਸਾਰੀਆਂ ਦਵਾਈਆਂ ਮਾਈ ਦੀ ਬਿਮਾਰੀ ਲਈ ਹਨ ਤਾਂ ਉਹ ਮੰਨ ਲੈਣਗੇ।

ਅਖੀਰ ਹਸਪਤਾਲ ਵਾਲਿਆਂ ਨੇ ਹਾਰ ਮੰਨੀ।

ਦੁਨੀਆਂ ਦੀ ਚੌਥੀ ਵੱਡੀ ਅਰਥ-ਵਿਵਸਥਾ ਵਲ ਵਧ ਰਹੇ ਦੇਸ਼ ਨੂੰ ਕੀ ਲੋਕਾਂ ਦੀਆਂ ਇਹ ਮੁਸ਼ਕਿਲਾਂ ਨਹੀਂ ਦਿਸਦੀਆਂ? ਪਰ ਉਨ੍ਹਾਂ ਨੂੰ ਇਹ ਮੁਸ਼ਕਿਲਾਂ ਕਿਉਂ ਦਿਸਣਗੀਆਂ ਕਿਉਂਕਿ ਇਸ ਤੰਤਰ ਨੂੰ ਚਲਾਉਣੇ ਵਾਲੇ ਸਭ ਚੱਟੇ-ਵੱਟੇ ਇਕੋ ਹੀ ਹਨ।

ਨਿਰਮਲ ਸਿੰਘ ਕੰਧਾਲਵੀ

**ਪੰਜਾਬ ਵਿਚੋਂ ਹੀ ਅਜਿਹੀਆਂ ਹਜ਼ਾਰਾਂ ਕਹਾਣੀਆਂ ਮਿਲ ਜਾਣਗੀਆਂ ਜਿੱਥੇ ਇਨ੍ਹਾਂ ਵੱਡੇ ਹਸਪਤਾਲਾਂ ਨੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਵਾਰਾਂ ਨਾਲ ਕਿਵੇਂ ਖਿਲਵਾੜ ਕੀਤਾ ਹੈ। ਇਕ ਕੇਸ ਵਿਚ ਤਾਂ ਮਰੇ ਹੋਏ ਬੰਦੇ ਨੂੰ ਬੈੱਡ ਉੱਪਰ ਰੱਸੇ ਨਾਲ ਬੰਨ੍ਹਿਆਂ ਹੋਇਆ ਸੀ ਤਾਂ ਕਿ ਘਰ ਵਾਲੇ ਬਿੱਲ ਦਿਤੇ ਬਿਗ਼ੈਰ ਨਾ ਲੈ ਜਾਣ ਕਿਉਂਕਿ ਮੋਟੇ ਬਿੱਲ ਦਾ ਝਗੜਾ ਸੀ। ਕਿਸੇ ਐਮਰਜੰਸੀ ਵੇਲੇ ਨੇੜੇ ਦੇ ਹਸਪਤਾਲ ਵਾਲੇ ਬੇਲੋੜੇ ਟੈਸਟ ਕਰ ਕਰ ਕੇ ਕੀਮਤੀ ਸਮਾਂ ਬਰਬਾਦ ਕਰ ਦਿੰਦੇ ਹਨ ਤੇ ਆਪਣਾ ਬਿੱਲ ਬਣਾ ਕੇ ਕਹਿ ਦਿੰਦੇ ਹਨ ਕਿ ਹੁਣ ਮਰੀਜ਼ ਨੂੰ ਕਿਸੇ ਹੋਰ ਹਸਪਤਾਲ ਲੈ ਜਾਉ, ਜਦ ਨੂੰ ਮਰੀਜ਼ ਦੇ ਬਚਣ ਦੇ ਚਾਂਸ ਬਹੁਤ ਘਟ ਜਾਂਦੇ ਹਨ।**

**27 ਸਫ਼ੇ ਦੀ ਬਾਕੀ**

ਕਵੀ ਆਲਮ ਨੇ ਸ. ਹਰੀ ਸਿੰਘ ਨਲੂਏ ਦੇ ਅੰਤਿਮ ਬਚਨਾਂ ਨੂੰ ਹੇਠ ਲਿਖੇ ਅਨੁਸਾਰ ਕਲਮਬੰਦ ਕੀਤਾ ਹੈ:

ਹਰੀ ਸਿੰਘ ਸੂਰੇ ਨੇ ਸਦ ਲਿਆ ਸਰਦਾਰਾਂ ਨੂੰ,
ਪੇਟੀ ਖੋਲੀ ਅੰਤਿਮ ਖ਼ਿਆਲਾਂ ਦੇ ਨਜ਼ਰੀ ਦੀ।
ਪਹਿਲਾਂ ਜੰਗ ਤਾਂ ਜਿੱਤਣ ਦੀ ਓਨ ਦੇ ਲਈ ਵਧਾਈ ਸਭਨਾਂ ਨੂੰ,
ਫਿਰ ਤਰੀਫ਼ ਕੀਤੀ ਸਿੱਖਾਂ ਦੀ ਸ਼ਮਸ਼ੀਰ ਦੀ।
ਤੁਸੀਂ ਬਹਾਦਰ ਹੋ ਸਿੱਖ ਕੌਮ, ਵਫ਼ਾਦਾਰ ਸਿੱਖ ਰਾਜ ਦੇ,
ਤੁਹਾਡੇ ਨਾਲ ਵਡਿਆਈ ਹੋ ਗਈ ਮੈਂ ਤਕਸੀਰ ਦੀ।
ਸ਼ੇਰੇ ਪੰਜਾਬ ਦੇ ਆਉਂਦੇ ਤੱਕ ਕਿਲ੍ਹੇ ਨੂੰ ਛੱਡਿਓ ਨਾ,
ਰੱਖਣੀ ਕਾਇਮ ਰਾਸ ਇਹ ਸਿੱਖ ਰਾਜ ਬਲਬੀਰ ਦੀ।
ਮੇਰੀ ਮੌਤ ਦੀ ਨਾ ਖ਼ਬਰ ਹੋਣ ਦਿਓ ਦੁਸ਼ਮਣ ਨੂੰ,
ਚਿੰਤਾ ਕਰਿਓ ਨਾ ਵਰਤੀ ਇਸ ਤਕਦੀਰ ਦੀ।
ਮੁਆਫ਼ ਕਰ ਦਿਓ ਮੇਰੀਆਂ ਭੁੱਲਾਂ ਤੇ ਤਕਸੀਰਾਂ ਨੂੰ,
ਏਨੀ ਆਖ ਸਭ ਨੂੰ ਫ਼ਤਹਿ ਬੁਲਾਈ ਅਖ਼ੀਰ ਦੀ।
ਕਹਿ ਕਵੀ ਆਲਮ ਛੱਡ ਕੇ ਤੁਰ ਗਿਆ ਭੌਰ ਵਜੂਦ ਨੂੰ,
ਜੱਗ ਵਿਚ ਰਹਿ ਗਈ ਕਿਰਤੀ ਜੋਧੇ ਦੇ ਸਰੀਰ ਦੀ।

ਗੁਰੂ ਪੰਥ ਦਾ ਦਾਸ-ਜਥੇਦਾਰ ਮਹਿੰਦਰ ਸਿੰਘ ਯੂ.ਕੇ.

# ਬਰੈਮਟਨ ਵਿੱਚ ਭੇਦ ਭਰੇ ਹਾਲਾਤਾਂ ਚ ਇੱਕ ਹੋਰ ਪੰਜਾਬੀ ਲੜਕੀ ਦੀ ਮੌਤ



ਵੈਨਕੂਵਰ-(ਮਲਕੀਤ ਸਿੰਘ) - ਪਿਛਲੇ ਦਿਨੀ ਪੰਜਾਬ ਦੇ ਲੁਧਿਆਣੇ ਜ਼ਿਲ੍ਹੇ ਨਾਲ ਸੰਬੰਧਿਤ ਇੱਕ ਪੰਜਾਬੀ ਲੜਕੀ ਦੀ ਕਨੇਡਾ ਦੇ ਇੱਕ ਪਾਰਕ ਵਿੱਚ ਬੈਂਚ ਤੇ ਬੈਠੇ ਬੈਠੇ ਭੇਦ ਭਰੇ ਹਾਲਾਤਾਂ ਚ ਹੋਈ ਦੁਖਦਾਈ ਮੌਤ ਤੋਂ ਹਫਤਾ ਬਾਅਦ ਹੀ ਲੁਧਿਆਣਾ ਜ਼ਿਲ੍ਹੇ ਨਾਲ ਹੀ ਸੰਬੰਧਿਤ ਇੱਕ ਹੋਰ ਪੰਜਾਬੀ ਲੜਕੀ ਦੀ ਮੌਤ ਹੋ ਜਾਣ ਦੀ ਦੁਖਦਾਈ ਸੂਚਨਾ ਮਿਲੀ ਹੈ।

ਪ੍ਰਾਪਤ ਵੇਰਵਿਆ ਮੁਤਾਬਿਕ ਕਨੇਡਾ ਦੇ ਬਰੈਮਟਨ ਸ਼ਹਿਰ ਚ ਕਿਰਾਏ ਦੇ ਮਕਾਨ ਚ ਰਹਿ ਰਹੀ ਨੌਜਵਾਨ ਪੰਜਾਬਣ ਲੜਕੀ ਦੀ ਲਾਸ਼ ਘਰ ਦੀਆਂ ਪੌੜੀਆਂ ਤੋਂ ਮਿਲੀ ਹੈ 21 ਸਾਲਾ ਪ੍ਰਤਿਭਾ ਨਾਮ ਦੀ ਇਹ ਲੜਕੀ ਲੁਧਿਆਣਾ ਦੇ ਅਹਿਮਦਗੜ੍ਹ ਨਾਲ ਸੰਬੰਧਤ ਸੀ ਅਤੇ ਤਕਰੀਬਨ ਸਾਢੇ ਤਿੰਨ ਸਾਲ ਪਹਿਲਾਂ ਉਚੇਰੀ ਪੜ੍ਹਾਈ ਕਰਨ ਲਈ ਕੈਨੇਡਾ ਆਈ ਸੀ ਅਤੇ ਹੁਣ ਵਰਕ ਪਰਮਿਟ ਤੇ ਇੱਥੇ ਰਹਿ ਕਿ ਇੱਕ ਟਰਾਂਸਪੋਰਟ ਕੰਪਨੀ ਵਿੱਚ ਨੌਕਰੀ ਕਰਦੀ ਸੀ ਪ੍ਰਾਪਤ ਵੇਰਵਿਆਂ ਮੁਤਾਬਕ ਪੰਜਾਬ ਉਹ ਰਹਿੰਦੇ ਉਸਦੇ ਪਰਿਵਾਰ ਵੱਲੋਂ ਰੋਜ਼ਮਰਾ ਵਾਂਗ ਜਦੋਂ ਉਸ ਨਾਲ ਫੋਨ ਤੇ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਸ ਨਾਲ ਗੱਲਬਾਤ ਨਹੀਂ ਹੋ ਸਕੀ ਇਸ ਤੋਂ ਮਗਰੋਂ ਉਸਦੇ ਪਰਿਵਾਰ ਵੱਲੋਂ ਕਿਸੇ ਅਣਹੋਣੀ ਵਾਪਰ ਜਾਣ ਦੇ ਖਦਸ਼ੇ ਕਾਰਨ ਫੋਨ ਤੇ ਉਸਦੀ ਕੰਪਨੀ ਨਾਲ ਰਾਬਤਾ ਕਾਇਮ ਕੀਤਾ ਗਿਆ। ਜਿਸ ਮਗਰੋਂ ਕੰਪਨੀ ਅਧਿਕਾਰੀਆਂ ਵੱਲੋਂ ਕੈਨੇਡੀਆਈ ਪੁਲਿਸ ਅਧਿਕਾਰੀਆਂ ਦੇ ਧਿਆਨ ਚ ਇਹ ਮਾਮਲਾ ਲਿਆਉਣ ਮਗਰੋਂ ਮੌਕੇ ਤੇ ਪੁੱਜੀ ਪੁਲਿਸ ਨੂੰ ਘਰ ਦੀਆਂ ਪੌੜੀਆਂ ਤੋਂ ਪ੍ਰਤਿਭਾ ਦੀ ਲਾਸ਼ ਮਿਲੀ ਪੁਲਿਸ ਵੱਲੋਂ ਇਸ ਸਬੰਧ ਵਿੱਚ ਲਾਗਲੇ ਸੀਸੀਟੀਵੀ ਕੈਮਰਿਆਂ ਦੀ ਨੂੰ ਖੰਗਾਲ ਕੇ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**693. ਬੁਢੇਪਾ, ਮੌਤ, ਤਾਪ, ਸ੍ਰਾਪ ਤੇ ਸਿਰ ਪੀੜ ਕਿਹਦੇ ਵੱਸ ਹੈ? ਕੌਣ ਇਹਨਾਂ ਨੂੰ ਲਾਉਂਦਾ ਹੈ?**

ਬੁਢੇਪਾ, ਮੌਤ, ਸਿਰ-ਪੀੜ, ਤਾਪ ਆਦਿਕ ਹਰੇਕ (ਦੁਖ) ਪਰਮਾਤਮਾ ਦੇ ਵੱਸ ਵਿਚ ਹੈ। ਪਰਮਾਤਮਾ ਦੇ ਲਾਉਣ ਤੋਂ ਬਿਨਾ ਇਹ ਚੀਜ਼ਾਂ ਕਿਸੇ ਜੀਵ ਨੂੰ ਲੱਗ ਨਹੀਂ ਸਕਦੀਆਂ। ਹੇ ਦਾਸ ਨਾਨਕ ! ਜੇਹੜਾ ਹਰਿ-ਨਾਮ ਅੰਤ ਸਮੇਂ (ਜਮਾਂ ਤੋਂ) ਛੁਡਾ ਲੈਂਦਾ ਹੈ, ਉਸ ਨੂੰ ਆਪਣੇ ਮਨ ਵਿਚ, ਚਿੱਤ ਵਿਚ, ਸਦਾ ਧਿਆਉਂਦੇ ਰਹੋ (ਉਹ ਤੈਨੂੰ ਰੋਗਾਂ ਤੋਂ ਵੀ ਛੁਡਾ ਲਏਗਾ!)। "ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ ॥ ਐਸਾ ਹਰਿਨਾਮੁ ਮਨਿ ਚਿਤਿ ਨਿਤਿ ਧਿਆਵਹੁ ਜਨ ਨਾਨਕ ਜੋ ਅੰਤੀ ਅਉਸਰਿ ਲਏ ਛਡਾਇਆ ॥4॥7॥13॥51॥ ਅੰਗ 168" ।

**694. ਪਾਪ ਤੇ ਦੋਖ ਕਿਹਨਾਂ ਦੇ ਨਾਸ ਹੁੰਦੇ ਹਨ? ਦੁਰਮਤ ਮੈਲ ਕਿਹਨਾਂ ਦੀ ਨਾਸ ਹੁੰਦੀ ਹੈ?**

ਜਿਹੜੇ ਮਨੁੱਖ ਗੁਰੂ ਦੀ ਮਤਿ ਲੈ ਕੇ ਪਰਮਾਤਮਾ ਦਾ ਨਾਮ-ਰਸ ਚਖਦੇ ਹਨ, ਉਹਨਾਂ ਦੇ ਸਾਰੇ ਪਾਪ ਸਾਰੇ ਐਬ ਨਾਸ ਹੋ ਜਾਂਦੇ ਹਨ । "ਤਿਨ ਕੇ ਪਾਪ ਦੋਖ ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ ॥2॥ ਅੰਗ 169" । ਜਿਹੜੇ ਮਨੁੱਖ ਪ੍ਰਭੂ ਨਾਮ ਦੇ ਪਿਆਰ ਵਿਚ ਰੰਗੇ ਜਾਂਦੇ ਹਨ, ਉਹਨਾਂ ਦੀ ਭੈੜੀ ਮਤਿ ਵਾਲੀ ਸਾਰੀ ਮੈਲ਼ ਨਾਸ ਹੋ ਜਾਂਦੀ ਹੈ । "ਦੁਰਮਤਿ ਮੈਲੁ ਗਈ ਸਭ ਤਿਨ ਕੀ ਜੋ ਰਾਮ ਨਾਮ ਰੰਗਿ ਰਾਤੇ ॥3॥ ਅੰਗ 169" ।

**695. ਕਾਲ ਦੇ ਮੂੰਹ 'ਚੋਂ ਕਿੱਦਾਂ ਬਚਿਆ ਜਾ ਸਕਦਾ ਹੈ?**

ਜਿਸ ਕਾਲ (ਚੱਕ੍ਰ) ਦੇ ਮੂੰਹ ਵਿਚ ਸਾਰਾ ਸੰਸਾਰ ਨਿਗਲਿਆ ਹੋਇਆ ਹੈ, ਉਸ ਕਾਲ ਤੋਂ ਮੈਂ ਸਤਿਗੁਰੂ ਦੇ ਬਚਨ (ਗੁਰ ਮੰਤ੍ਰ) ਰਾਹੀਂ ਬਚ ਗਿਆ ਹਾਂ । "ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਬਾਚੇ ॥1॥ ਰਹਾਉ ॥ ਅੰਗ 169" ।

**696. ਕੱਚੇ ਆਦਮੀ ਕਿਹੜੇ ਹੁੰਦੇ ਹਨ?**

ਜਿਨ੍ਹਾਂ ਮਨੁੱਖਾਂ ਨੂੰ ਪ੍ਰਭੂ ਨਾਲ਼ ਪ੍ਰੀਤਿ ਨਹੀਂ, ਉਹ ਮਾਇਆ ਧਾਰੀ ਮੂਰਖ ਮਨੁੱਖ ਕੱਚੇ ਹੁੰਦੇ ਹਨ । ਕਿਉਂਕਿ ਉਹਨਾਂ ਨੂੰ ਜਨਮ ਮਰਨ ਦਾ ਭਾਰੀ ਗੇੜ ਬਣਿਆ ਰਹਿੰਦਾ ਹੈ, ਉਹ ਵਿਸ਼ਟਾ (ਗਰਭ ਜੋਨਿ) ਵਿਚ ਵਾਰ ਵਾਰ ਮਰ ਕੇ ਪਚਦੇ ਰਹਿੰਦੇ ਹਨ । ਕੱਚ ਜਲਦੀ ਟੁੱਟ ਜਾਂਦਾ ਹੈ, ਉਸਨੂੰ ਦੁਬਾਰਾ ਪਿਘਲਾ ਕੇ ਫੇਰ ਕੋਈ ਸ਼ਕਲ (ਬਣਤ) ਬਣਾਈ ਜਾਂਦੀ ਹੈ । ਇਸੇ ਤਰ੍ਹਾਂ ਕੱਚਾ ਆਦਮੀ ਕੱਚ ਵਾਂਗ ਟੁੱਟਦਾ ਬਣਦਾ ਰਹਿੰਦਾ ਹੈ, ਭਾਵ ਜੰਮਦਾ ਮਰਦਾ ਰਹਿੰਦਾ ਹੈ । "ਜਿਨ ਕਉ ਪ੍ਰੀਤਿ ਨਾਹੀ ਹਰਿ ਸੇਤੀ ਤੇ ਸਾਕਤ ਮੂੜ ਨਰ ਕਾਚੇ ॥ ਤਿਨ ਕਉ ਜਨਮੁ ਮਰਣੁ ਅਤਿ ਭਾਰੀ ਵਿਚਿ ਵਿਸਟਾ ਮਰਿ ਮਰਿ ਪਾਚੇ ॥2॥ ਅੰਗ 169" । ਸਤਿਗੁਰੂ ਅਰਜਨ ਦੇਵ ਜੀ ਦਾ ਵੀ ਸੁਖਮਨੀ ਸਾਹਿਬ ਵਿਚ ਸੁੰਦਰ ਬਚਨ ਹੈ, ਕਿ ਪ੍ਰਭੂ ਦਾ ਜਨ ਅਸਲੀ ਵਿਚਾਰ ਆਖਦਾ ਹੈ, ਕਿ ਜੋ ਜੰਮਦਾ ਮਰਦਾ (ਰਹਿੰਦਾ) ਹੈ ਉਹ ਨਿਰਾ ਕੱਚਾ ਹੈ । "ਤਤੁ ਬੀਚਾਰ ਕਹੈ ਜਨ ਸਾਚਾ ॥ ਜਨਮਿ ਮਰੈ ਸੋ ਕਾਚੋ ਕਾਚਾ॥ ਅੰਗ 288" । ਅਗਿਆਨੀ ਬੰਦਾ ਨਿਰਾ ਕੱਚਾ ਹੁੰਦਾ ਹੈ । "ਅੰਧਾ ਕਚਾ ਕਚੁ ਨਿਕਚੁ ॥1॥ ਰਹਾਉ ॥ ਅੰਗ 25" । ਜਿਹੜਾ ਇਕ ਸਦਾ ਥਿਰ ਪ੍ਰਭੂ ਤੋਂ ਬਿਨਾ ਕਿਸੇ ਹੋਰ ਦਾ ਆਸਰਾ ਲੈਂਦਾ ਹੈ ਉਸਨੂੰ ਕੱਚਾ ਜਾਣੋ । "ਬਿਨੁ ਸਾਚੇ ਅਨ ਟੇਕ ਹੈ ਸੋ ਜਾਣਹੁ ਕਾਚਾ ॥1॥ ਰਹਾਉ ॥ ਅੰਗ 396" । ਦੂਜੇ ਭਾਉ (ਮਾਇਆ ਮੋਹ) 'ਚ ਲੱਗਾ ਹੋਇਆ ਸਾਰਾ ਜਗਤ ਹੀ ਕੱਚਾ ਹੈ । "ਦੂਜੈ ਲਾਗਾ ਸਭੁ ਜਗੁ ਕਾਚਾ ॥ ਅੰਗ 1049" । ਜੋ ਮਾਲਕ ਪ੍ਰਭੂ ਦਾ ਹੁਕਮ ਨਹੀਂ ਬੁੱਝਦਾ ਉਹ ਮਨੁੱਖ ਕੱਚਾ ਹੁੰਦਾ ਹੈ । "ਜੋ ਹੁਕਮੁ ਨ ਬੂਝੈ ਖਸਮ ਕਾ ਸੋਈ ਨਰੁ ਕਚਾ॥ ਅੰਗ 1094" । ਕੱਚਾ ਆਦਮੀ ਮੁਕਤੀ ਦੇ ਭੇਦ ਨੂੰ ਨਹੀਂ ਜਾਣਦਾ । "ਮੁਕਤਿ ਭੇਦੁ ਕਿਆ ਜਾਣੈ ਕਾਚਾ ॥1॥ ਅੰਗ 223" ।

**697. ਫਿੱਕੇ ਰਸ ਕਿਹੜੇ ਹੁੰਦੇ ਹਨ? ਮਿੱਠਾ ਰਸ ਕਿਹੜਾ ਹੈ?**

(ਦੈਵੀ) ਗੁਣਾਂ ਤੋਂ ਬਿਨਾ ਮਾਇਆ ਕਿਸੇ ਕੰਮ ਨਹੀਂ ਆਉਂਦੀ, ਮਾਇਆ ਦਾ ਸੁਆਦ ਫਿੱਕਾ ਹੁੰਦਾ ਹੈ । "ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥6॥ ਅੰਗ 61" । ਜਗਤ ਦੇ ਜਿਤਨੇ ਭੀ ਰਸ (ਨਾਮ ਰਸ ਤੋਂ ਬਿਨਾ) ਦੂਸਰੇ ਕਿਸਮ ਦੇ ਰਸ ਹਨ, ਮੈਂ ਵੇਖ ਲਏ ਹਨ, ਉਹ ਸਾਰੇ ਹੀ ਅਤਿ ਫਿੱਕੇ ਹਨ । ਗੁਰੂ ਨੂੰ ਮਿਲ ਕੇ ਮੈਂ ਅਮਰ ਕਰਨ ਵਾਲ਼ਾ ਪ੍ਰਭੂ ਦਾ ਨਾਮ ਰਸ ਚਖਿਆ ਹੈ, ਉਹ ਰਸ ਮਿੱਠਾ ਹੈ ਜਿਵੇਂ ਗੰਨੇ ਦਾ ਰਸ ਮਿੱਠਾ ਹੁੰਦਾ ਹੈ । "ਜਿਤਨੇ ਰਸ ਅਨ ਰਸ ਹਮ ਦੇਖੇ ਸਭ ਤਿਤਨੇ ਫੀਕ ਫੀਕਾਨੇ ॥ ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ ਰਸ ਗਾਨੇ॥2॥ ਅੰਗ 169-170" । ਜਿਹੜੇ ਨਾਮ ਅੰਮ੍ਰਿਤ ਨੂੰ ਪੀਂਦੇ ਹਨ ਉਹ ਸਦਾ ਥਿਰ (ਅਵਿਨਾਸ਼ੀ) ਪ੍ਰਭੂ ਦਾ ਰੂਪ ਹੋ ਜਾਂਦੇ ਹਨ ਤੇ ਉਹ ਵਿਕਾਰਾਂ ਰੂਪੀ ਜੰਗਲ (ਦੇ ਰਸ) ਨੂੰ ਫਿੱਕਾ ਕਰਕੇ ਜਾਣਦੇ ਹਨ । "ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤ ਬਿਖੈ ਬਨੁ ਫੀਕਾ ਜਾਨਿਆ ॥ ਅੰਗ 81" । ਗੁਰ ਉਪਦੇਸ਼ ਬਿਖੈ ਬਨ ਤਿਆਗਣ ਦਾ ਹੈ ਤੇ ਨਾਮ ਦੇ ਮਹਾਂ ਰਸ ਨੂੰ ਪੀਣ ਦਾ ਹੈ । "ਬਿਖੈ ਬਨੁ ਫੀਕਾ ਤਿਆਗ ਰੀ ਸਖੀਏ ਨਾਮੁ ਮਹਾ ਰਸੁ ਪੀਓ ॥ ਅੰਗ 802" । ਗੁਰੂ ਅਨੁਸਾਰੀ ਪ੍ਰਭੂ ਨੂੰ ਸਲਾਹੁੰਦੇ ਹਨ ਤੇ ਸ੍ਰੇਸ਼ਟ ਮਿੱਠੇ ਨਾਮ ਦਾ ਸੁਆਦ ਲੈਂਦੇ ਹਨ । ਗੁਰ ਸ਼ਬਦ ਦੀ ਵਿਚਾਰ ਦਾ ਰਸ ਸਦਾ ਮਿੱਠਾ ਹੁੰਦਾ ਹੈ, ਕਦੇ ਵੀ ਫਿੱਕਾ ਨਹੀਂ ਹੁੰਦਾ। "ਗੁਰਮੁਖਿ ਸਾਲਾਹਨਿ ਸੇ ਸਾਦੁ ਪਾਇਨਿ ਮੀਠਾ ਅੰਮ੍ਰਿਤੁ ਸਾਰੁ ॥ ਸਦਾ ਮੀਠਾ ਕਦੇ ਨ ਫੀਕਾ ਗੁਰ ਸਬਦੀ ਵੀਚਾਰੁ ॥2॥ ਅੰਗ 1333" । ਰਾਗ ਸੋਰਠਿ ਰਾਹੀਂ ਉਹ (ਨਾਮ) ਰਸ ਪੀਓ ਜੋ ਕਦੇ ਵੀ ਫਿੱਕਾ ਨਹੀਂ ਹੁੰਦਾ । "ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥ ਅੰਗ 1425" ।

ਚਲਦਾ...


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

| | | |
|---|---|---|
| 6 MONTHS ---- | £105 | ☐ |
| 1 YEAR ---- | £205 | ☐ |

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME........................................................................

ADDRESS..................................................................

.....................................................POST CODE..............................

TEL.........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*



## ਸ੍ਰੀ ਗੁਰੂ ਰਵਿਦਾਸ ਟੈਂਪਲ ਸਾਊਥਾਲ ਵਿਖੇ ਚਾਰ ਧਾਰਮਿਕ ਸੇਵਾਦਾਰਾਂ ਦੀ ਲੋੜ ਹੈ

ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵਿਖੇ 2 ਕੀਰਤਨ ਕਰਨ ਵਾਲੇ ਅਤੇ 2 ਤਬਲਾ ਵਾਦਕਾਂ ਦੀ ਤੁਰੰਤ ਲੋੜ ਹੈ। ਉਹਨਾਂ ਦੀ ਡਿਊਟੀ ਵਿੱਚ ਸਵੇਰੇ ਸ਼ਾਮ ਨਿੱਤਨੇਮ, ਕੀਰਤਨ, ਸ੍ਰੀ ਅਖੰਡ ਪਾਠ, ਵਿਆਹ ਅਤੇ ਹੋਰ ਉਲੀਕੇ ਹੋਏ ਸਮਾਗਮਾਂ ਵਿਚ ਗ੍ਰੰਥੀ ਦਾ ਸਾਥ ਦੇਣਾ, ਗੁਰੂ ਮਰਿਆਦਾ ਅਨੁਸਾਰ ਸੰਗਤਾਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਗੁਰਦੁਆਰੇ ਦੀ ਰਾਖੀ ਆਦਿ ਕਰਨੀ ।

**ਤਜ਼ਰਬਾ ਅਤੇ ਸ਼ਰਤਾਂ:** ਗੁਰਮਤਿ ਦਾ ਗਿਆਨ ਹੋਣਾ, ਪੰਜਾਬੀ ਲਿਖਣੀ, ਪੜ੍ਹਨੀ ਆਉਂਦੀ ਹੋਵੇ । ਗੁਰੂ ਘਰ ਵਿਖੇ ਘੱਟੋ-ਘੱਟ 3 ਸਾਲ ਸੇਵਾ ਕਰਨ ਦਾ ਤਜ਼ਰਬਾ ਹੋਵੇ ।

**ਤਨਖਾਹ:** ਯੂ ਕੇ ਦੇ ਕਾਨੂੰਨ ਮੁਤਾਬਕ ਚੰਗੀ ਤਨਖਾਹ, ਕੰਮ ਹਫ਼ਤੇ ਵਿਚ 25 ਘੰਟੇ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਹੋਵੇਗਾ ।

ਉਮੀਦਵਾਰ ਆਪਣੀਆਂ ਅਰਜ਼ੀਆਂ ਪੂਰੇ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ ਉੱਤੇ ਭੇਜਣ ਦੀ ਕ੍ਰਿਪਾਲਤਾ ਕਰਨ । ਅਰਜ਼ੀਆਂ ਭੇਜਣ ਦੀ ਆਖ਼ਰੀ ਤਰੀਕ 8 ਮਈ 2026 ਹੈ ।

## 4 VACANCIES for Tier-5 Religious Workers

***4 Religious Workers Required:*** Role includes reciting from Guru Granth Sahib Ji. Perform Keertan (Singing Hymns) Tabla (drums), Serving Langer within Gurmeryadha, Leading prayers at weddings and other special occasions.

***Qualifications and experience required:*** Must have knowledge of Gurmat and Fluent in reading and writing Panjabi. Some English is desirable. Must have right to work in U.K. and 3 years experience.

***Pay and Conditions:*** Required to be residing within the Gurdwara. Work 25 hours per week, statuary minimum wage and statuary holiday pay. ***Closing Date: 8th may 2026***

***For an application or more information contact:***

**President or General Secretary**

**SHRI GURU RAVIDASS TEMPLE**
**282 WESTERN ROAD, SOUTHALL, MIDDX. UB2 5JT**
**Tel: 020 8574 0245 / Fax: 020 8574 8967**

**ਲੜੀਵਾਰ ਨਾਵਲ**

ਲੇਖਕ
ਗੁਰਨਾਮ ਬਾਵਾ



ਮ +91 83073 6430

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ-5**

# ਬੰਦੂਕ ਤੋਂ ਕਲਮ ਤੱਕ

**ਨਿਰਮਲ ਨੇ ਡੂੰਘਾ ਸਾਹ ਲਿਆ ਤੇ ਦੱਸਣਾ ਸ਼ੁਰੂ ਕੀਤਾ, ਸਾਡਾ ਪਿੰਡ ਅੰਮ੍ਰਿਤ-ਸਰ ਤੋਂ ਰਾਮਦਾਸ ਰੋਡ 'ਤੇ ਥੋਬਾ ਹੈ। ਇਹ ਪਿੰਡ ਭਾਰਤ-ਪਾਕ ਬਾਰਡਰ ਨਾਲ ਲੱਗਦਾ ਹੈ । ਰਾਵੀ ਦਰਿਆ ਸਾਡੇ ਪਿੰਡ ਤੋਂ ਤਿੰਨ-ਚਾਰ ਕਿਲੋਮੀਟਰ ਹੀ ਹੈ । ਸਾਡਾ ਘਰ ਪਿੰਡ ਦੇ ਮੂਹਰੇ ਹੀ ਪਹਿਲੀ ਗਲੀ ਵਿੱਚ ਹੈ । ਬਾਡਰ ਪਾਰ ਆਉਣ ਜਾਣ ਵਾਲੇ ਖਾੜਕੂ ਮੁੰਡੇ ਕਈ ਵਾਰ ਸਾਡੇ ਘਰ ਰੋਟੀ ਖਾਣ ਤੇ ਆਰਾਮ ਲਈ ਆ ਜਾਂਦੇ ਸਨ । ਬਾਪੂ ਫੌਜ ਤੋਂ ਰਿਟਾਇਰਡ ਸਨ ਅਤੇ ਮਕੈਨਿਕੀ ਕਰਦੇ ਸਨ। ਰਾਮਦਾਸ ਵਿੱਚ ਉਹ ਇਕ ਵਰਕਸ਼ਾਪ 'ਤੇ ਕੰਮ ਕਰਦੇ ਸਨ। ਰੋਜ਼ ਆਪਣੇ ਸਕੂਟਰ 'ਤੇ ਜਾਂਦੇ ਤੇ ਹਨੇਰੇ ਤੋਂ ਪਹਿਲਾਂ ਘਰ ਆ ਜਾਂਦੇ । ਇਕ ਸ਼ਾਮ ਇਕ ਮੁੰਡਾ ਜੀਪ ਠੀਕ ਕਰਵਾਉਣ ਆਇਆ । ਵਰਕਸ਼ਾਪ ਬੰਦ ਹੋਣ ਵਾਲੀ ਸੀ।**

## ਭਾਗ 6

ਨਿਰਮਲ ਦੇ ਫੋਨ ਆਉਂਦੇ ਹੀ ਕੁਲਵਿੰਦਰ ਆਪਣੀ ਕਾਰ ਵਿੱਚ ਕੰਵਲ ਨੂੰ ਬਿਠਾ ਕੇ ਉਸ ਦੇ ਦੱਸੇ ਟਿਕਾਣੇ ਵੱਲ ਰਵਾਨਾ ਹੋਇਆ। ਸ਼ਹਿਰ ਤੋਂ ਬਾਹਰ ਪਹੁੰਚ ਕੇ ਉਸ ਨੇ ਨਿਰਮਲ ਨੂੰ ਕੰਵਲ ਨਾਲ ਮਿਲਵਾਇਆ, ਨਿਰਮਲ, ਇਹ ਮੇਰਾ ਅਜੀਜ਼, ਮੇਰਾ ਯਾਰ, ਮੇਰਾ ਭਰਾ ਹੈ... ਸੋਨੂੰ! ਹੁਣ ਇਹ ਤੇਰੇ ਹਵਾਲੇ ਹੈ। ਇਸ ਨੂੰ ਸੰਭਾਲ ਕੇ ਲੈ ਜਾਈਂ।

ਕੰਵਲ ਦਾ ਉਸ ਸਮੇਂ ਨਵਾਂ ਨਾਮਕਰਨ ਹੋ ਗਿਆ – ਸੋਨੂੰ।

ਨਿਰਮਲ ਨੇ ਮੁਸਕਰਾ ਕੇ ਕਿਹਾ – ਚੱਲ ਸੋਨੂੰ ਵੀਰ ਗੱਡੀ ਵਿੱਚ ਚੜ੍ਹ। ਤੈਨੂੰ ਡਰਾਈਵਰਾਂ ਅਤੇ ਸੜਕਾਂ ਦੀ ਦੁਨੀਆ ਦਿਖਾਈਏ।

ਸੋਨੂੰ ਨੇ ਅਖੀਰਲੀ ਵਾਰ ਕੁਲਵਿੰਦਰ ਨੂੰ ਜੱਫੀ ਪਾਈ। ਕੁਲਵਿੰਦਰ ਨੇ ਚੁੱਪਚਾਪ ਸੌ-ਸੌ ਦੇ ਨੋਟ ਉਸ ਦੇ ਕੁੜਤੇ ਦੀ ਜੇਬ ਵਿੱਚ ਪਾ ਕੇ ਹੌਲੀ ਜਿਹਾ ਕਿਹਾ, ਰਾਹ ਵਿੱਚ ਜਾਂ ਉਥੇ ਪੁੱਜ ਕੇ ਜੇ ਕਿਸੇ ਹੋਰ ਚੀਜ਼ ਦੀ ਲੋੜ ਪੈ ਜਾਵੇ ਤਾਂ ਬੇਝਿਜਕ ਸੁਨੇਹਾ ਦੇ ਦਈਂ ਜਾਂ ਫੋਨ ਕਰ ਲਵੀਂ। ਬਾਕੀ ਜੀਜਾ ਜੀ ਤੈਨੂੰ ਕਿਸੇ ਚੀਜ਼ ਦੀ ਕਮੀ ਨਹੀਂ ਆਉਣ ਦੇਣਗੇ। ਮੇਰੀ ਸਾਰੀ ਗੱਲ ਹੋ ਗਈ ਹੈ। ਚੱਲ, ਵਾਹਿਗੁਰੂ ਭਲਾ ਕਰੇ... ਉਥੇ ਪਹੁੰਚ ਕੇ ਮੈਨੂੰ ਫੋਨ ਕਰੀਂ।

ਨਿਰਮਲ ਅਤੇ ਸੋਨੂੰ ਰਾਹ ਵਿੱਚ ਗੱਲਾਂ ਕਰਦੇ ਹੋਏ ਰਾਤ ਦੇ ਲਗਪਗ ਦੋ ਵਜੇ ਸ਼ੰਭੂ ਬਾਰਡਰ ਪਹੁੰਚੇ। ਉਥੇ ਨਿਰਮਲ ਨੇ ਗੱਡੀ ਲਾਈਨ ਵਿੱਚ ਖੜ੍ਹੀ ਕਰ ਦਿੱਤੀ। ਟਰੱਕਾਂ ਦੀ ਲੰਬੀ ਕਤਾਰ ਪਹਿਲਾਂ ਹੀ ਲੱਗੀ ਹੋਈ ਸੀ।

ਸੋਨੂੰ ਨੇ ਵੇਖਿਆ ਕਿ ਪੁਲਸ ਇਥੇ ਵੀ ਖਾੜਕੂਆਂ ਨੂੰ ਕੁੱਤਿਆਂ ਵਾਂਗ ਸੁੰਘਦੀ ਫਿਰਦੀ ਸੀ। ਪਰ ਉਹ ਹੌਸਲੇ ਨਾਲ ਚੁੱਪ ਚਾਪ ਕੈਬਿਨ ਵਿੱਚ ਹੀ ਬੈਠਾ ਰਿਹਾ।

ਸ਼ੰਭੂ ਤੋਂ ਨਿਕਲ ਕੇ ਟਰੱਕ ਨੇ ਹਰਿਆਣਾ ਦੀ ਹੱਦ ਵਿੱਚ ਦਾਖਲ ਹੋਣਾ ਸੀ। ਹਰਿਆਣਾ ਦਾ ਪਹਿਲਾ ਸ਼ਹਿਰ ਅੰਬਾਲਾ ਸੀ।

ਇਕ ਘੰਟੇ ਬਾਅਦ ਨਿਰਮਲ ਵਾਪਸ ਆਇਆ। ਖਿੜਕੀ ਖੋਲ੍ਹ ਕੇ ਸੀਟ 'ਤੇ ਬੈਠਿਆ ਤੇ ਹੌਲੀ ਜਿਹਾ ਹੱਸ ਕੇ ਕਿਹਾ – ਕਿਵੇਂ ਜਵਾਨਾਂ? ਨੀਂਦ ਆ ਗਈ?

ਸੋਨੂੰ ਨੇ ਕਿਹਾ – ਨਾ ਬਾਈ, ਨੀਂਦ ਤਾਂ ਨਹੀਂ ਆਈ।

ਨਿਰਮਲ ਨੇ ਗੱਡੀ ਸੜਕ 'ਤੇ ਚੜ੍ਹਾਈ, ਆਹ ਪੰਜ ਕਿਲੋਮੀਟਰ ਵਿੱਚ ਅੰਬਾਲਾ ਆ ਜਾਣਾ ਹੈ। ਆਪਾਂ ਉਥੇ ਮੰਜੀ ਸਾਹਿਬ ਗੁਰਦੁਆਰੇ ਰੁਕਾਂਗੇ। ਬਾਕੀ ਉਥੇ ਨੀਂਦ ਵੀ ਪੂਰੀ ਕਰ ਲਵਾਂਗੇ।

ਸਵੇਰੇ ਦਿਨ ਚੜ੍ਹੇ ਦੋਵੇਂ ਗੁਰਦੁਆਰਾ ਸਾਹਿਬ ਵਿੱਚ ਦਰਸ਼ਨ ਕਰਕੇ ਤਿਆਰ ਹੋਏ। ਨਿਰਮਲ ਨੇ ਸੋਨੂੰ ਨੂੰ ਕਿਹਾ, ਆ ਜਾ, ਹੁਣ ਗੱਡੀ ਮੋਟਰ ਮਾਰਕੀਟ ਵਿੱਚ ਖੜ੍ਹੀ ਕਰੀਏ।

ਗੱਡੀ ਖੜ੍ਹੀ ਕਰਕੇ ਨਿਰਮਲ ਨੇ ਘੜੀ ਵੱਲ ਵੇਖਿਆ, ਸੋਨੂੰ, ਅਜੇ ਗਿਆਰਾਂ ਵਜੇ ਹਨ। ਆਪਾਂ ਸਟੱਪਣੀ ਨੂੰ ਪੈਂਚਰ ਲਵਾ ਲਈਏ, ਰਾਹ ਵਿੱਚ ਤੰਗ ਨਾ ਹੋਵਾਂਗੇ। ਦੋ-ਤਿੰਨ ਵਜੇ ਤੱਕ ਚੱਲਾਂਗੇ। ਉਸ ਵੇਲੇ ਤੱਕ ਦਿੱਲੀ ਦੀ ਨੋ-ਐਂਟਰੀ ਵੀ ਖੁੱਲ੍ਹ ਜਾਵੇਗੀ।

ਸੋਨੂੰ ਨੇ ਸਿਰ ਹਿਲਾ ਦਿੱਤਾ।

## ਭਾਗ 7

ਦੁਪਹਿਰ ਦੀ ਰੋਟੀ ਖਾ ਕੇ ਨਿਰਮਲ ਨੇ ਗੱਡੀ ਰੋਡ 'ਤੇ ਪਾ ਲਈ। ਸਮਾਂ ਵੀ ਪਾਸ ਕਰਨਾ ਸੀ। ਦੋਵੇਂ ਇਕ ਦੂਜੇ ਦੀ ਨਿੱਜੀ ਜ਼ਿੰਦਗੀ ਤੋਂ ਅਣਜਾਣ ਸਨ। ਨਿਰਮਲ ਨੇ ਗੱਲਬਾਤ ਸ਼ੁਰੂ ਕਰਦਿਆ ਸੋਨੂੰ ਵੱਲ ਦੇਖ ਕੇ ਪੁੱਛਿਆ–

ਯਾਰ, ਤੂੰ ਕਿਹੜੇ ਚੱਕਰਾਂ ਵਿੱਚ ਫਸਿਆਂ ਐਧਰ ਨੂੰ ਚੱਲ ਪਿਐ? ਬਾਕੀ ਮੈਨੂੰ ਸਰਦਾਰ ਜੀ ਨੇ ਤੇਰੇ ਬਾਰੇ ਕਾਫ਼ੀ ਕੁਝ ਦੱਸ ਦਿੱਤਾ ਹੈ। ਸਾਡਾ ਸਰਦਾਰ ਵੀ ਯਾਰਾਂ ਦਾ ਯਾਰ ਹੈ। ਮੈਨੂੰ ਵੀ ਪੰਜ ਸਾਲ ਹੋ ਗਏ ਨੇ ਉਸ ਦੀ ਗੱਡੀ ਚਲਾਉਂਦੇ।

ਸੋਨੂੰ ਨੇ ਡੂੰਘਾ ਸਾਹ ਲਿਆ। ਉਹ ਘੱਟ ਬੋਲਣ ਦਾ ਆਦੀ ਸੀ। ਇਹ ਆਦਤ ਉਸ ਦੇ ਭਗੌੜੇ ਜੀਵਨ ਵਿੱਚ ਉਸ ਲਈ ਬਚਾਅ ਦੀ ਢਾਲ ਬਣੀ ਹੋਈ ਸੀ। ਉਸ ਨੇ ਨਿਰਮਲ ਨੂੰ ਧੀਰਜ ਨਾਲ ਕਿਹਾ, ਹਾਂ ਬਾਈ ਜੀ, ਜੇ ਸਰਦਾਰ ਜੀ ਨੇ ਤੁਹਾਡੇ 'ਤੇ ਭਰੋਸਾ ਕੀਤਾ, ਤਾਂ ਤੁਹਾਡੇ ਵਿੱਚ ਵੀ ਜ਼ਰੂਰ ਕੋਈ ਖਾਸ ਗੱਲ ਹੋਵੇਗੀ।

ਨਿਰਮਲ ਨੇ ਹਲਕੀ ਮੁਸਕਰਾਹਟ ਨਾਲ ਅੱਗੇ ਵਧਦਿਆਂ ਸੜਕ ਵੱਲ ਧਿਆਨ ਮਾਰਿਆ। ਕੁਝ ਪਲ ਚੁੱਪ ਰਹਿਣ ਤੋਂ ਬਾਅਦ ਉਹ ਬੋਲਿਆ–

ਜਦ ਮੈਂ ਬਾਰ੍ਹਵੀਂ ਵਿੱਚ ਪੜ੍ਹਦਾ ਸੀ, ਪੁਲਸ ਮੇਰੇ ਬਾਪੂ ਨੂੰ ਚੁੱਕ ਕੇ ਲੈ ਗਈ ਸੀ। ਅੱਜ ਤੱਕ ਕੋਈ ਉੱਘ-ਸੁੱਘ ਨਹੀਂ ਮਿਲੀ। ਪੰਚਾਇਤ ਵਾਲੇ ਕਈ ਵਾਰ ਥਾਣੇ ਗਏ, ਵੱਡੇ ਅਫ਼ਸਰਾਂ ਕੋਲ ਗਏ, ਪਰ ਆਖ਼ਰ ਸਭ ਚੁੱਪ ਹੋ ਗਏ। ਮਾਂ ਨੇ ਵੀ ਰੱਬ ਦੀ ਮਰਜ਼ੀ ਮੰਨ ਲਈ। ਮੇਰੀ ਵੱਡੀ ਭੈਣ ਦਾ ਵਿਆਹ ਤਾਂ ਬਾਪੂ ਨੇ ਆਪਣੇ ਹੱਥੀਂ ਕਰਾਇਆ ਸੀ। ਪਰ ਮਾਂ ਹਮੇਸ਼ਾ ਡਰਦੀ ਰਹਿੰਦੀ ਸੀ ਕਿਧਰੇ ਮੈਨੂੰ ਵੀ ਬਾਪੂ ਵਾਂਗ ਪੁਲਸ ਨਾ ਚੁੱਕ ਲੈ ਜਾਵੇ। ਇਸ ਲਈ ਉਹ ਮੈਨੂੰ ਲੁਧਿਆਣੇ ਮਾਮੇ ਕੋਲ ਲੈ ਆਈ। ਸਾਡਾ ਹੱਸਦਾ ਵੱਸਦਾ ਪਰਿਵਾਰ ਉਜੜ ਗਿਆ। ਮਾਮੇ ਨੇ ਮੈਨੂੰ ਟਰੱਕ ਚਲਾਉਣਾ ਸਿਖਾ ਦਿੱਤਾ, ਤਾਂ ਕਿ ਮੈਂ ਰੋਜ਼ੀ ਰੋਟੀ ਕਮਾ ਸਕਾਂ। ਮਾਂ ਵੀ ਦੋ ਮਹੀਨੇ ਪਹਿਲਾਂ ਬਾਪੂ ਦੀ ਉਡੀਕ ਕਰਦੀ ਰੱਬ ਨੂੰ ਪਿਆਰੀ ਹੋ ਗਈ। ਫੇਰ ਜਦ ਮਾਮੀ ਨੇ ਘਰ ਛੱਡਣ ਲਈ ਕਿਹਾ, ਤਾਂ ਸਰਦਾਰ ਜੀ ਨੇ ਮੇਰੇ ਲਈ ਕਮਰਾ ਤੇ ਰਸੋਈ ਕਿਰਾਏ 'ਤੇ ਲੈ ਦਿੱਤਾ। ਹੁਣ ਮਹੀਨੇ ਦੇ ਕੁਝ ਦਿਨ ਉਥੇ ਕੱਟਦਾ ਹਾਂ, ਬਾਕੀ ਸੜਕਾਂ 'ਤੇ ਹੀ ਜੀਵਨ ਬੀਤਦਾ ਹੈ।


ਉਪਰ ਵਾਲੇ ਦਾ ਸ਼ੁਕਰ ਹੈ ਕਿਸੇ ਅੱਗੇ ਹੱਥ ਨਹੀਂ ਫੈਲਾਉਣਾ ਪੈਂਦਾ। ਆਪਣਾ ਕਮਾਈ ਦਾ, ਆਪਣਾ ਖਾਈਦਾ ਹੈ। ਹੁਣ ਸੋਚ ਰਿਹਾਂ ਕਿ ਕਲਕੱਤੇ ਵੱਲੋਂ ਕੋਈ ਜ਼ਰੂਰਤਮੰਦ ਕੁੜੀ ਵਿਆਹ ਕੇ ਲੈ ਆਵਾਂ। ਹੋਰ ਆਪਣਾ ਰਿਸ਼ਤਾ ਕੌਣ ਕਰਵਾਏਗਾ?

ਇਹ ਕਹਿ ਕੇ ਨਿਰਮਲ ਚੁੱਪ ਹੋ ਗਿਆ।

ਹੁਣ ਤੱਕ ਉਹ ਪਾਣੀਪਤ ਪਾਰ ਕਰ ਚੁੱਕੇ ਸਨ। ਸਮੇਂ ਦਾ ਪਤਾ ਹੀ ਨਹੀਂ ਲੱਗਾ। ਨਿਰਮਲ ਨੇ ਅੱਗੇ ਜਾ ਕੇ ਇਕ ਢਾਬੇ 'ਤੇ ਗੱਡੀ ਰੋਕੀ। ਸੋਨੂੰ ਆਪਣੇ ਮਨ ਵਿੱਚ ਸੋਚ ਰਿਹਾ ਸੀ। ਚਲੋ, ਅਸੀਂ ਤਾਂ ਸਰਕਾਰ ਨਾਲ ਲੜ ਰਹੇ ਹਾਂ। ਸਾਨੂੰ ਪੁਲਸ ਮਾਰੇ ਤਾਂ ਉਨ੍ਹਾਂ ਦੀ ਡਿਊਟੀ ਹੈ ਪਰ ਨਿਰਮਲ ਦੇ ਬਾਪੂ ਵਰਗਿਆਂ ਦਾ ਕੀ ਕਸੂਰ?

ਉਸ ਦੀ ਸੋਚ ਨਿਰਮਲ ਦੀ ਆਵਾਜ਼ ਨਾਲ ਟੁੱਟੀ, ਆ ਜਾ, ਚਾਹ ਦਾ ਕੱਪ ਪੀ ਕੇ ਚੱਲਦੇ ਹਾਂ। ਫੇਰ ਆਗਰਾ ਪਹੁੰਚ ਕੇ ਰਾਤ ਵੇਖਾਂਗੇ।

ਚਾਹ ਪੀ ਕੇ ਜਦ ਉਹ ਫੇਰ ਰਸਤੇ 'ਤੇ ਚੱਲੇ, ਤਾਂ ਸੋਨੂੰ ਨੇ ਸਵਾਲ ਕੀਤਾ, ਬਾਈ, ਤੁਹਾਡਾ ਪਿੰਡ ਕਿਹੜਾ ਹੈ? ਤੁਹਾਡੇ ਬਾਪੂ ਨੂੰ ਪੁਲਸ ਨੇ ਕਿਉਂ ਚੁੱਕਿਆ ਸੀ?




ਨਿਰਮਲ ਨੇ ਡੂੰਘਾ ਸਾਹ ਲਿਆ ਤੇ ਦੱਸਣਾ ਸ਼ੁਰੂ ਕੀਤਾ, ਸਾਡਾ ਪਿੰਡ ਅੰਮ੍ਰਿਤ-ਸਰ ਤੋਂ ਰਾਮਦਾਸ ਰੋਡ 'ਤੇ ਥੋਬਾ ਹੈ। ਇਹ ਪਿੰਡ ਭਾਰਤ-ਪਾਕ ਬਾਰਡਰ ਨਾਲ ਲੱਗਦਾ ਹੈ। ਰਾਵੀ ਦਰਿਆ ਸਾਡੇ ਪਿੰਡ ਤੋਂ ਤਿੰਨ-ਚਾਰ ਕਿਲੋਮੀਟਰ ਹੀ ਹੈ। ਸਾਡਾ ਘਰ ਪਿੰਡ ਦੇ ਮੂਹਰੇ ਹੀ ਪਹਿਲੀ ਗਲੀ ਵਿੱਚ ਹੈ। ਬਾਡਰ ਪਾਰ ਆਉਣ ਜਾਣ ਵਾਲੇ ਖਾੜਕੂ ਮੁੰਡੇ ਕਈ ਵਾਰ ਸਾਡੇ ਘਰ ਰੋਟੀ ਖਾਣ ਤੇ ਆਰਾਮ ਲਈ ਆ ਜਾਂਦੇ ਸਨ। ਬਾਪੂ ਫੌਜ ਤੋਂ ਰਿਟਾਇਰਡ ਸਨ ਅਤੇ ਮਕੈਨਿਕੀ ਕਰਦੇ ਸਨ। ਰਾਮਦਾਸ ਵਿੱਚ ਉਹ ਇਕ ਵਰਕਸ਼ਾਪ 'ਤੇ ਕੰਮ ਕਰਦੇ ਸਨ। ਰੋਜ਼ ਆਪਣੇ ਸਕੂਟਰ 'ਤੇ ਜਾਂਦੇ ਤੇ ਹਨੇਰੇ ਤੋਂ ਪਹਿਲਾਂ ਘਰ ਆ ਜਾਂਦੇ। ਇਕ ਸ਼ਾਮ ਇਕ ਮੁੰਡਾ ਜੀਪ ਠੀਕ ਕਰਵਾਉਣ ਆਇਆ। ਵਰਕਸ਼ਾਪ ਬੰਦ ਹੋਣ ਵਾਲੀ ਸੀ। ਮਾਲਕ ਨੇ ਕਿਹਾ ਕਿ ਕੱਲ੍ਹ ਆਈਂ। ਉਸ ਨੌਜਵਾਨ ਨੇ ਕਿਹਾ ਚਲੋ ਕੋਈ ਗੱਲ ਨਹੀਂ ਮੈਂ ਜੀਪ ਇਥੇ ਖੜ੍ਹੀ ਕਰ ਦੇਂਦਾ ਹਾਂ ਪਰ ਮੈਂ ਥੋਬੇ ਨੇੜੇ ਜਾਣਾ ਹੈ ਤਾਂ ਉਸ ਦੀ ਗੱਲ ਸੁਣਕੇ ਬਾਪੂ ਨੇ ਕਿਹਾ ਕਿ ਉਹ ਉਸ ਨੂੰ ਥੋਬੇ ਤੱਕ ਛੱਡ ਦੇਵੇਗਾ। ਮੁੰਡਾ ਪਿੱਛੇ ਬੈਠ ਗਿਆ। ਜਦ ਪਿੰਡ ਤੋਂ ਇਕ ਕਿਲੋਮੀਟਰ ਪਹਿਲਾਂ ਪਹੁੰਚੇ, ਤਾਂ ਚਿੱਟੀ ਵੈਨ ਕਾਲੇ ਸ਼ੀਸ਼ਿਆਂ ਵਾਲੀ ਉਨ੍ਹਾਂ ਦੇ ਕੋਲੋਂ ਲੰਘੀ। ਉਸ ਨੂੰ ਦੇਖਕੇ ਉਹ ਮੁੰਡਾ ਉਥੇ ਹੀ ਬਾਪੂ ਤੋਂ ਸਕੂਟਰ ਰੁਕਵਾ ਕੇ ਉਤਰ ਗਿਆ। ਬਾਪੂ ਘਰ ਆਏ ਤਾਂ ਉਹੀ ਵੈਨ ਉਨ੍ਹਾਂ ਦੇ ਪਿੱਛੇ ਵਾਪਸ ਆ ਗਈ। ਜਿਵੇਂ ਹੀ ਬਾਪੂ ਨੇ ਸਕੂਟਰ ਸਟੈਂਡ 'ਤੇ ਲਾਇਆ, ਦੋ ਬੰਦੇ ਵੈਨ ਵਿੱਚੋਂ ਨਿਕਲੇ ਅਤੇ ਪਿੱਛੋਂ ਜੱਫਾ ਪਾ ਕੇ ਚੁੱਕਣ ਲੱਗੇ। ਬਾਪੂ ਰੌਲਾ ਪਾਉਣ ਲੱਗੇ।

ਤੁਸੀਂ ਕੌਣ ਹੋ? ਮੈਨੂੰ ਕਿਉਂ ਚੁੱਕ ਕੇ ਲੈ ਜਾ ਰਹੇ ਹੋ?

ਰੌਲਾ ਸੁਣ ਕੇ ਮਾਂ ਵੀ ਬਾਹਰ ਆ ਗਈ। ਪਿੰਡ ਵਾਲੇ ਵੀ ਇਕੱਠੇ ਹੋਣ ਲੱਗੇ। ਉਦੋਂ ਵੈਨ ਦੀ ਅਗਲੀ ਸੀਟ ਤੋਂ ਇਕ ਵਰਦੀਧਾਰੀ ਥਾਣੇਦਾਰ ਨਿਕਲਿਆ। ਉਸ ਨੇ ਬਿਨਾਂ ਕੁਝ ਕਹੇ ਰਿਵਾਲਵਰ ਕੱਢਿਆ ਤੇ ਬਾਪੂ ਦੀ ਲੱਤ ਵਿੱਚ ਗੋਲੀ ਮਾਰੀ। ਬਾਪੂ ਦੀ ਪਕੜ ਢਿੱਲੀ ਪੈ ਗਈ ਅਤੇ ਉਸ ਨੂੰ ਵੈਨ ਵਿੱਚ ਸੁੱਟ ਕੇ ਗੱਡੀ ਭਜਾ ਲਈ। ਮਾਂ ਰੌਲਾ ਪਾਉਂਦੀ ਰਹਿ ਗਈ। ਉਸ ਤੋਂ ਬਾਅਦ ਬਾਪੂ ਦਾ ਕੋਈ ਪਤਾ ਨਹੀਂ ਲੱਗਿਆ।

**ਚਲਦਾ......**

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743

# ਗੁਰੁ ਬੈਠਾ ਅਮਰੁ ਸਰੂਪ ਹੋਇ

**ਕਿਸ਼ਤ-35**

ਇਸ ਪ੍ਰਕਾਰ ਦੁਰਗਾ ਪੰਡਿਤ ਨੂੰ ਇਹ ਬਖ਼ਸ਼ਿਸ਼ਾਂ ਕਰਦਿਆਂ ਪਹਿਲਾਂ ਸਿੱਖ ਬਣਾਇਆ ਫਿਰ ਉਸ ਦੀ ਸਮਰਪਣ ਭਾਵਨਾ ਅਰ ਯੋਗਤਾ ਦੇਖ ਭਾਈ ਦੁਰਗਾ ਨੂੰ ਇਸ ਇਲਾਕੇ ਵਿਚ ਸਿੱਖੀ ਦਾ ਪ੍ਰਚਾਰਕ ਥਾਪਿਆ। ਅੱਜ ਵੀ ਲਾਡਵਾ ਤਹਿਸੀਲ ਦੇ ਇਸ ਨਗਰ ਵਿਚ ਅਰ ਆਸ-ਪਾਸ ਸਿੱਖਾਂ ਦੀ ਭਾਰੀ ਵੱਸੋਂ ਹੋਣ ਦੇ ਵਿਚ ਇਨ੍ਹਾਂ ਦਾ ਯੋਗਦਾਨ ਵੀ ਸਮਝਿਆ ਜਾ ਸਕਦਾ ਹੈ।

**ਗੋਇੰਦਵਾਲ ਪਹੁੰਚਣਾ**

ਮਿਹੜੇ ਤੋਂ ਚੱਲ ਕੇ 175 ਮੀਲ/285 ਕਿਲੋਮੀਟਰ ਦਾ ਪੰਧ ਤਹਿ ਕਰ ਕੇ ਸਹਜੇ ਸਹਜੇ ਸੰਗਤਾਂ ਪਾਤਸ਼ਾਹ ਜੀ ਗੋਇੰਦਵਾਲ ਸਾਹਿਬ ਆਣ ਪਹੁੰਚੇ।

ਇਸ ਯਾਤਰਾ 'ਤੇ ਕੁੱਲ ਕਿੰਨਾ ਸਮਾਂ ਲੱਗਾ, ਇਸ ਬਾਬਤ ਵੀ ਸਾਡੇ ਇਤਿਹ-ਾਸਕਾਰ ਇਕ ਮੱਤ ਨਹੀਂ ਹਨ, ਅਸੀਂ ਵਧੇਰੇ ਵੇਰਵਾ ਅੰਤਕਾ ਵਿਚ ਦਿਆਂਗੇ। ਸਾਡੀ ਜਾਚੇ, ਗੁਰੂ ਪਾਤਸ਼ਾਹ ਜੀ ਨੇ ਇਹ ਯਾਤਰਾ ਕੱਤਕ ਅਥਵਾ ਅਕਤੂਬਰ ਦੇ ਆਰੰਭ ਵਿਚ ਕੀਤੀ। 22 ਅਕਤੂਬਰ 1557 ਨੂੰ ਆਪ ਜੀ ਕੁਰਖੇਤਰ ਸਨ, ਉਪਰੰਤ ਕਰਨਾਲੋਂ ਲੰਘ ਕੇ ਯਮੁਨਾ ਤੱਟ ਪਾਰ ਕਰ ਕੇ, ਗੰਗਾ ਕਿਨਾਰੇ ਕੰਨਖਲ ਅਜੋਕੇ ਹਰਿਦੁਆਰ ਠਹਿਰ ਕੇ ਵਾਪਸ ਪਰਤੇ। ਅੰਦਾਜ਼ਨ ਇਹ ਯਾਤਰਾ ਗੋਇੰਦਵਾਲ ਸਾਹਿਬ ਤੱਕ 55 ਕੁ ਦਿਨਾਂ ਵਿਚ ਭਾਵ ਮੱਘਰ ਦੇ ਅੰਤ ਵਿਚ ਮੁਕੰਮਲ ਹੋਈ ਮੰਨੀ ਜਾ ਸਕਦੀ ਹੈ। ਕੁਲ ਸਫ਼ਰ ਆਉਣ ਜਾਣ ਦਾ ਅੰਦਾਜ਼ਨ 540 ਮੀਲ /900 ਕਿਲੋਮੀਟਰ ਬਣਦਾ ਹੈ ਜੋ ਗੁਰੂ ਸਾਹਿਬ ਜੀ ਨੇ ਸੰਗਤ ਨਾਲ ਪੈਦਲ ਜਾਂ ਘੋੜੇ 'ਤੇ ਤਹਿ ਕੀਤਾ।

**ਬਾਉਲੀ ਸਾਹਿਬ**

**ਕੇਵਲ ਪਰਉਪਕਾਰ ਹਿਤ**

ਜਦੋਂ ਸਤਿਗੁਰੂ ਜੀ ਕੰਨਖਲ ਤੋਂ ਵਾਪਸ ਮੁੜਦੇ ਹਨ ਤਾਂ ਉਸ ਸਮੇਂ ਬਾਬਤ ਬਾਬਾ ਸਰੂਪ ਦਾਸ ਜੀ ਭੱਲਾ ਦੀਆਂ ਹੇਠ ਲਿਖੀਆਂ ਕੁਝ ਸਤਰਾਂ ਸਾਡਾ ਧਿਆਨ ਮੰਗਦੀਆਂ ਹਨ:

ਸਭ ਤੀਰਥ ਪਾਵਨ ਗੁਰ ਕੀਨੇ।
ਪ੍ਰਭ ਦਇਆਲ ਦਰਸਨ ਸਭ ਦੀਨੇ।
ਭਗਤਿ ਬੀਜ ਸਭ ਕੇ ਮਨਿ ਬੋਇਆ।
ਕਰਾ ਪਰਕਾਸ ਤਿਮਰ ਜਗ ਖੋਇਆ।57॥
ਸੋਰਠਾ॥ ਆਏ ਗੋਇੰਦਵਾਲ
ਤੀਰਥ ਜਾਤ੍ਰਾ ਕਰ ਪ੍ਰਭੂ॥
ਸਭ ਜਗ ਭਇਆ ਨਿਹਾਲ
ਜਿਨ ਦਰਸਨ ਸਤਿਗੁਰ ਕਰਾ।58॥

ਇਸ ਦਾ ਭਾਵ ਹੈ ਕਿ ਸਭ ਤੀਰਥਾਂ ਨੂੰ ਪਵਿੱਤਰ ਕਰ, ਦਿਆਲੂ ਪਾਤਸ਼ਾਹ ਜੀ ਸਭ ਨੂੰ ਦਰਸ਼ਨ ਦੇ, ਸਭਨਾਂ ਦੇ ਮਨ ਵਿਚ ਭਗਤੀ ਦਾ ਬੀਜ ਬੋ ਕੇ ਗੁਰਮਤ ਗਿਆਨ ਨਾਲ ਸੰਸਾਰ ਦਾ ਹਨ੍ਹੇਰਾ ਦੂਰ ਕਰ ਦਿੱਤਾ। ਜਿਸ ਨੇ ਵੀ ਗੁਰੂ ਦਰਸ਼ਨ ਕੀਤਾ ਨਿਹਾਲ ਹੋ ਗਿਆ।

ਇਨ੍ਹਾਂ ਸਤਰਾਂ ਤੋਂ ਪਹਿਲਾਂ ਬਾਵਾ ਜੀ ਕੁਝ ਹੋਰ ਵੀ ਲਿਖ ਗਏ ਹਨ:



ਗੁ. ਤਪ ਅਸਥਾਨ ਸਤੀ ਘਾਟ ਜਿਥੇ ਗੁਰੂ ਅਮਰਦਾਸ ਜੀ ਕੁਝ ਦਿਨ ਠਹਿਰੇ ਅਰ ਭਰਮੀ ਲੋਕਾਂ ਨੂੰ ਨਾਮ-ਬਾਣੀ ਨਾਲ ਜੋੜਿਆ। ਗੁ. ਤਪ ਅਸਥਾਨ ਦੀ ਤਸਵੀਰ

ਤਬ ਬਲੂ ਸੌ ਪ੍ਰਭ ਕਹਿਆ ਉਚਾਰ।
ਮੈ ਤੀਰਥ ਕਰਨਾ ਪ੍ਰਗਟ ਸੰਸਾਰ।
ਬਾਵਲੀ ਤੀਰਥ ਪ੍ਰਗਟ ਜਬ ਕਰੌਂ।
**ਇਹ ਪ੍ਰਵਾਹ ਗੰਗਾ ਕਾ ਤਾ ਮਹਿ ਧਰੌਂ।55॥**
ਪੁਨ ਦੀਨ ਦਿਆਲ ਗੰਗਾ ਸੋ ਚਲੇ।
ਸਭ ਜਗ ਕੇ ਜੋਗੀ ਸਿਧ ਮਿਲੇ।
..56॥ ਮ.ਪ੍ਰ.

ਤਦੋਂ ਭਾਈ ਬੱਲੂ ਨੂੰ ਗੁਰੂ ਸਾਹਿਬ ਨੇ ਕਿਹਾ, 'ਅਸੀਂ ਸੰਸਾਰ ਵਿਚ ਹੁਣ ਇਕ ਤੀਰਥ ਪਰਗਟ ਕਰਾਂਗੇ। ਉਹ ਬਾਵਲੀ ਰੂਪ ਵਿਚ ਹੋਵੇਗਾ ਜਿਸ ਵਿਚ ਗੰਗਾ ਦਾ ਪ੍ਰਵਾਹ ਪਵੇਗਾ'।

ਵਿਚਾਰਨ ਹਿਤ ਹੈ ਕਿ ਸਤਿਗੁਰੂ ਸਭ ਕੁਝ ਕਰਨ ਦੇ ਸਮਰਥ ਹਨ, ਗੰਗਾ ਵਰਗੇ ਸਾਰੇ ਤੀਰਥ ਤਾਂ ਗੁਰੂ ਬਚਨਾਂ -ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥- ਅਨੁਸਾਰ ਸਾਧੂ-ਸਤਿਗੁਰੂ ਜੀ ਦੀ ਚਰਨ-ਧੂੜ ਲੋਚਦੇ ਹਨ ਤਾਂ ਕਿ ਉਹ ਪਵਿੱਤਰ ਹੋਣ, ਦੇ ਹੁੰਦਿਆਂ ਫਿਰ ਹਜ਼ੂਰ ਨੂੰ ਤੀਰਥ ਰਚਨ ਅਰ ਉਸ ਵਿਚ ਗੰਗਾ ਪ੍ਰਵਾਹ ਲਿਆਉਣ ਦੀ ਕੀਹ ਜ਼ਰੂਰਤ ਹੈ? ਸਾਡੀ ਜਾਚੇ, ਬਾਵਲੀ ਰਚਨ ਦੀ ਭਾਵਨਾ ਪਿਛੇ ਸਤਿਗੁਰਾਂ ਦਾ ਭਾਰਤੀ ਸਮਾਜ ਦੀ ਬਣੀ ਮਨੌਤ ਨੂੰ ਧਿਆਨ ਵਿਚ ਰੱਖ ਕੇ ਸਮਾਜ ਨੂੰ ਗੁਰੂ-ਘਰ ਦਾ ਸ਼ਰਧਾਲੂ ਬਣਾ ਕੇ ਸਦਾ ਲਈ ਸ਼ਬਦ ਦੇ ਲੜ ਲਾਉਣਾ ਅਰ ਬ੍ਰਾਹਮਣੀ ਭਰਮ ਜਾਲ 'ਚੋਂ ਕੱਢਣ ਦਾ ਇਕ ਹੋਰ ਸਾਰਥਕ ਯਤਨ ਸੀ।

ਗੰਗਾ ਸ਼ਨਾਨ ਦੀ ਸਨਾਤਨੀ ਸਮਾਜ ਵਿਚ ਮਾਨਤਾ ਗੁਰੂ-ਸਾਹਿਬ ਤੋਂ ਵੱਧ ਕੌਣ ਜਾਣਦਾ ਸੀ? ਉਸ ਮਾਨਤਾ ਦੀ ਸਮਾਜ ਨੂੰ ਪਰਾਪਤੀ ਕੀ ਹੈ? ਇਸ ਦਾ ਗਿਆਨ ਵੀ ਗੁਰੂ ਪਾਤਸ਼ਾਹ ਜੀ ਨਾਲੋਂ ਵੱਧ ਕੌਣ ਸਮਝਿਆ ਸੀ? ਪਰ, ਜੇ ਮਨੁੱਖੀ ਭਾਈਚਾਰੇ ਨੂੰ ਉਸ ਗੰਘਲ ਵਿਚੋਂ ਕੱਢਣਾ ਹੋਵੇ ਜਿਸ ਗੰਘਲ ਦਾ ਭਾਈਚਾਰੇ ਨੂੰ ਵਧੇਰੇ ਗਿਆਨ ਵੀ ਨਹੀਂ ਸੀ, ਤਾਂ ਕੀਹ ਕਰਨਾ ਪਵੇਗਾ? ਅਸੀਂ ਸਮਝਦੇ ਹਾਂ -ਉਹੀ ਕੁਝ ਜੋ ਗੁਰੂ ਪਾਤਸ਼ਾਹ ਜੀ ਨੇ ਕੀਤਾ। ਉਨ੍ਹਾਂ ਜਾਣਿਆ ਕਿ ਸਮਾਜ ਦੀ ਸਾਧਾਰਨ ਮਾਨਸਿਕਤਾ ਨੂੰ ਧਿਆਨ ਵਿਚ ਰੱਖ ਕੇ ਹੀ ਉਸ ਨੂੰ ਬ੍ਰਾਹਮਣੀ-ਗੰਘਲ ਵਿਚੋਂ ਸਦਾ ਲਈ ਕੱਢਿਆ ਜਾ ਸਕਦਾ ਹੈ। ਜਿਥੇ ਗੁਰੂ ਅੰਗਦ ਸਾਹਿਬ ਜੀ ਮਹਾਰਾਜ, ਪਹਿਲੇ ਦਿਨ ਹੀ ਖਡੂਰ ਵਿਚ, ਬਾਬਾ ਅਮਰਦਾਸ ਜੀ ਨੂੰ ਗੁਰੂ-ਬਾਬਾ ਜੀ ਦਾ ਬਚਨ -ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਅਰ ਗੁਰ ਸਾਗਰੁ ਰਤਨੀ ਭਰਪੂਰੇ॥ ਸੁਣਾ-ਸਮਝਾਅ ਇਨ੍ਹਾਂ ਸਾਰੇ ਯਤਨਾਂ ਨੂੰ ਨਿਰਾਰਥਕ ਸਿੱਧ ਕਰ ਕੇ ਗੁਰਮਤਿ ਗਾਡੀ-ਰਾਹ 'ਤੇ ਤੋਰ ਦੇਂਦੇ ਹਨ ਤਾਂ ਸਪਸ਼ਟ ਹੈ ਕਿ ਅੱਜ ਇਨ੍ਹਾਂ ਅਤੇ ਇਨ੍ਹਾਂ ਦੇ ਸਿੱਖਾਂ ਨੂੰ ਗੁਰਸ਼ਬਦ ਤੋਂ ਬਿਨਾਂ ਨਾਹ ਕਿਸੇ 'ਤੀਰਥ' ਅਰ ਨਾ ਹੀ 'ਗੰਗਾ ਪ੍ਰਵਾਹ' ਕੋਈ ਲੋੜ ਸੀ।

ਫਿਰ ਰੋਜ਼ਾਨਾ ਸ਼ਨਾਨ ਅਰ ਘਰੇਲੂ ਲੋੜਾਂ ਪੂਰੀਆਂ ਕਰਨ ਵਾਸਤੇ ਗੁਰੂ ਕੇ ਮਹਿਲਾਂ ਵਿਚ ਖੂਹੀ ਮੌਜੂਦ ਸੀ ਜੋ ਅੱਜ ਵੀ ਵੇਖੀ ਜਾ ਸਕਦੀ ਹੈ। ਸਾਡੀ ਜਾਚੇ, ਨਿਜੀ ਲੋੜਾਂ ਦੀ ਪੂਰਤੀ ਲਈ ਵੀ ਗੁਰੂ ਸਾਹਿਬ ਨੂੰ ਇਸ ਦੀ ਲੋੜ ਨਹੀਂ ਸੀ।

ਇਕ ਹੋਰ ਚਰਚਾ ਸਾਡੀਆਂ ਕੁਝ ਲਿਖਤਾਂ ਵਿਚ ਮਿਲਦੀ ਹੈ ਕਿ ਚੌਧਰੀ ਗੋਇੰਦੇ, ਮਰਵਾਹਿਆਂ ਦਾ ਤਪੇ ਅਰ ਵਿਸ਼ੇਸ਼ ਤੌਰ 'ਤੇ ਸ਼ੇਖ਼ਾਂ ਦੇ ਭੂਤਰੇ ਕੁਝ ਬੱਚਿਆਂ ਵੱਲੋਂ ਪੈਦਾ ਕੀਤੀ ਜਾਂਦੀ ਪ੍ਰੇਸ਼ਾਨੀ ਤੋਂ ਸਿੱਖ ਸੰਗਤਾਂ ਨੂੰ ਬਚਾਉਣ ਲਈ ਇਹ ਯਤਨ ਸੀ ਕਿ ਲੋੜ ਅਨੁਸਾਰ ਪਾਣੀ ਲੈਣ ਲਈ ਨਾ ਸੰਗਤਾਂ ਨੂੰ ਬਿਆਸ ਦਰਿਆ ਜਾਣ ਦੀ ਜ਼ਰੂਰਤ ਪਵੇ ਅਰ ਨਾ ਹੀ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ। ਇਹ ਕਾਰਨ ਵਿਚਾਰਨ ਯੋਗ ਹੈ ਪਰ, ਜਿਵੇਂ ਸਾਡੇ ਪਾਠਕ ਜਾਣਦੇ ਹਨ ਕਿ ਚੌਧਰੀ ਗੋਇੰਦੇ ਅਰ ਸ਼ੇਖ਼ਾਂ ਦੀ 'ਸੰਭਾਲ' ਤਾਂ ਬੀਤੇ ਵਿਚ ਏਨੀ ਹੋ ਚੁੱਕੀ ਸੀ ਕਿ ਉਨ੍ਹਾਂ ਤਾਂ ਕੀਹ? ਹੁਣ ਉਨ੍ਹਾਂ ਦੇ 'ਆੜੀ' ਤਪੇ ਵਿਚ ਵੀ ਦਮ ਨਹੀਂ ਸੀ ਰਿਹਾ ਕਿ ਉਹ ਵਿਰੋਧ ਦੇ ਰਾਹ ਪੈ ਸੱਕੇ। ਦਰ ਅਸਲ ਇਹ ਕੇਵਲ ਗੁਰੂ ਪਾਤਸ਼ਾਹ ਜੀ ਦਾ ਪਰਉਪਕਾਰੀ ਯਤਨ ਹੀ ਸੀ ਤਾਂ ਜੁ ਭੁੱਲਿਆਂ ਭਟਕਿਆਂ ਨੂੰ ਬਾਹੋਂ ਫੜ ਕੇ ਗੁਰੂ-ਘਰ ਲਿਆਂਦਾ ਜਾਵੇ ਜਿਥੇ ਹਰ ਪ੍ਰਾਣੀ ਮਾਤਰ ਅੰਦਰ ਬਰਾਬਰਤਾ ਦਾ ਅਹਿਸਾਸ ਨਾਲ ਆਪਣਾ ਜੀਵਨ ਸਫ਼ਲ ਕਰ ਸਕੇ। ਅਸੀਂ ਅੱਜ ਅੰਦਾਜ਼ਾ ਕਰ ਸਕਦੇ ਹਾਂ ਕਿ ਇਹ ਕੇਵਲ ਪਉੜੀਆਂ ਰਾਹੀਂ ਜਲ ਤੱਕ ਪਹੁੰਚਣ ਵਾਲੀ ਬਾਉਲੀ ਹੀ ਨਹੀਂ ਹੈ ਇਹ ਉਹ ਵੱਡਾ ਖੂਹ ਵੀ ਹੈ ਜਿਸ ਉੱਪਰ ਇਕ ਤੋਂ ਵਧੀਕ ਹਲਟ ਇਕੋ ਸਮੇਂ ਚਲਾ ਕੇ ਮਨੁੱਖਾਂ, ਪਸ਼ੂਆਂ ਅਤੇ ਖੇਤੀ ਦੀਆਂ ਲੋੜਾਂ ਨੂੰ ਸਹਜੇ ਹੀ ਪੂਰਾ ਕੀਤਾ ਜਾ ਸਕਦਾ ਹੈ ਅਰ ਬਉਲੀ ਵੀ ਉਹ ਜਿਸ ਵਿਚ ਸ਼ਨਾਨ ਉਪਰੰਤ ਇਸ ਦੀਆਂ ਚੌੜੀਆਂ ਪੌੜੀਆਂ 'ਤੇ ਪ੍ਰੇਮੀ ਜਨ ਬੈਠ ਕੇ ਬਾਣੀ ਦਾ ਜਾਪ ਵੀ ਕਰ ਸੱਕਣ ਅਰ ਗਰਮੀ ਰੁੱਤੇ ਜਲ ਦੀ ਤਰਾਵਟ ਵੀ ਬਣੀ ਰਹੇ। ਉਸ ਸਮੇਂ ਇਸ ਪ੍ਰਕਾਰ ਦਾ, ਇਹ ਇਕ ਪਹਿਲਾ ਵੱਡਾ ਕਾਰਜ ਸੀ ਜਿਸ ਨੂੰ ਗੁਰੂ ਪਾਤਸ਼ਾਹ ਜੀ ਕਰਨ ਜਾ ਰਹੇ ਸਨ।

**ਬਾਉਲੀ ਰਚਨਾ ਕਾਲ**

ਕਰਤਾ ਬੰਸਾਵਲੀਨਾਮਾ ਨੇ ਬਾਉਲੀ ਰਚਨਾ ਆਰੰਭ ਕਰਨ ਦਾ ਸਮਾਂ ਯਾਤਰਾ ਤੋਂ ਬਾਦ ਸੰਨ 1557-58 ਦਾ ਦਿੱਤਾ ਹੈ ਜਦ ਕਿ ਦੋਵੇਂ ਮਹਿਮਾ ਪ੍ਰਕਾਸ਼ਾਂ ਅਤੇ ਗੁਰਪ੍ਰਤਾਪ ਸੂਰਜ ਵਿਚ ਸਾਲ ਨਹੀਂ ਪਰ ਤਿੰਨਾਂ ਵਿਚ ਬਾਉਲੀ ਪ੍ਰਸੰਗ, ਸਤਿਗੁਰਾਂ ਦੇ ਤੀਰਥ ਯਾਤਰਾ ਤੋਂ ਵਾਪਸੀ ਤੋਂ ਅਗਲਾ, ਲਿਖਿਆ ਗਿਆ ਹੈ। ਪਰਬਤ ਮੇਰਾਣੂ ਦੇ ਕਰਤਾ ਪ੍ਰਿੰ. ਸਤਿਬੀਰ ਸਿੰਘ 5 ਸਤੰਬਰ ਸੰਨ 1553 ਦੇਂਦੇ ਹਨ ਪਰ, ਤਵਾਰੀਖ਼ ਖ਼ਾਲਸਾ ਨੇ ਜੋ ਸੰਨ 1559 ਦਿੱਤਾ ਹੈ, ਬਾਕੀ ਸਿਖ ਇਤਿਹਾਸਕਾਰ ਏਸੇ ਸਾਲ ਨੂੰ ਲੈ ਕੇ ਚੱਲ ਰਹੇ ਹਨ।

**ਹਵਾਲੇ:**

ਕਰਿ ਜਾਤ੍ਰਾ ਆਏ ਗੋਇੰਦਵਾਲਿ।
ਸਿਖ ਸੰਗਤਿ ਸਭ ਕਬੀਲਾ ਨਾਲਿ।53॥
**ਆਇ ਕੈ ਅਮਰਸਰ ਦਾ ਉਦਮ ਕਰਵਾਇਆ।**
ਬਾਵਲੀ ਕਰਨੇ ਨੂੰ ਕੂਆ ਖੁਦਵਾਇਆ।
ਚਾਹਿਆ ਜੋ ਇਥੇ ਬਾਵਲੀ ਲਵਾਈਐ।
**ਬਡੀ ਹੈ ਉਜਾੜ ਪਾਣੀ ਖੁਲਾ ਹੀ ਪੀਵਾਈਐ।।**
54॥ ਬੰ.ਨਾ.

ਏਕ ਸਮੇ ਮੋ ਹੁਕਮ ਹੋਇਆ ਜੋ ਈਹਾ ਏਕ ਪੁਰਾਤਨ ਤੀਰਥ ਹੈ ਉਸ ਕੇ ਬਨਾਵਣੇ ਕਾ ਉਦਮ ਕਰੋ। ਤਬ ਸਤਿਗੁਰ ਆਪ ਖੜੇ ਹੋ ਕਰ ਬਤਾਇ ਦੀਆ। ਹੁਕਮੁ ਹੋਆ- ਇਥੇ ਬਾਵਲੀ ਤੀਰਥ ਬਨਾਵਉ। ਸਰਬਤ੍ਰ ਸਿਖ ਸੰਗਤ ਪ੍ਰੇਮ ਸੋ ਖੋਦਨੇ ਲਗੀ।ਸਾਖੀ 37 ਮ.ਪ੍ਰ.ਵਾਰਤਕ

ਦੀਨ ਦਿਆਲ ਗੁਰ ਪਰਉਪਕਾਰੀ।
ਸਭ ਦਿਵਸ ਏਕ ਯਹ ਕੀਆ ਬਿਚਾਰੀ।
ਮੈ ਤੀਰਥ ਕਰੋ ਪ੍ਰਗਟ ਇਹ ਲੋਕ।
ਬਢੇ ਸੁਖ ਪੁਨ ਮਿਟੇ ਅਘ ਸੋਕ।2॥
ਤਬ ਕ੍ਰਿਪਾਸਿੰਧ ਸਭ ਸਿਖ ਬੁਲਾਏ।
ਤੀਰਥ ਠੌਰ ਪੁਨ ਦੀਆ ਬਤਾਏ।
ਖੋਦਨ ਲਗੇ ਬਾਵਲੀ ਕੂਪ।
ਧਰਮ ਛੇਤ੍ਰ ਤੀਰਥ ਅਨੂਪ।3॥
ਸਾਖੀ 8 ਮ.ਪ੍ਰ.

ਇਕ ਦਿਨ ਸਭਾ ਮਝਾਰ ਉਚਾਰਾ।
(ਇਕ ਸਭਾ ਵਿਚ ਸਤਿਗੁਰਾਂ ਕਿਹਾ)
'ਇਹਾਂ ਬਾਵਲੀ ਲਗਹਿ ਉਦਾਰਾ।
('ਇਥੇ ਬਹੁਤ ਵੱਡੀ ਬਾਉਲੀ ਬਣੇਗੀ)
ਸਿਖ ਸੰਗਤਿ ਦਰਸ਼ਨ ਕੋ ਆਵਹਿਂ।
(ਤਾਂ ਜੁ ਜਦੋਂ ਸੰਗਤਾਂ ਦਰਸ਼ਨ ਨੂੰ ਆਉਣ)
ਸਭਿ ਮਿਲਿ ਗੁਰ ਤੀਰਥ ਜਲ ਨਾਵਹਿਂ'।
2॥51॥ ਰਾਸ 1
(ਸਭ ਇਕ ਥਾਂ ਸ਼ਨਾਨ ਕਰ ਸੱਕਣਗੀਆਂ')

ਗੁਰੂ ਅਮਰਦਾਸ ਜੀ ਨੇ ਬਹੁਤ ਚੰਗੀ ਬਾਉਲੀ ਬਣਵਾਈ ਤੇ 84 ਪੌੜੀਆਂ ਏਸ ਕਰ ਕੇ ਬਣਵਾਈਆਂ ਕਿ ਜੋ ਗੁਰੂ ਕਾ ਸਿਖ ਹਰੇਕ ਪੌੜੀ ਉੱਪਰ ਬੈਠ ਕੇ ਜਪੁਜੀ ਸਾਹਿਬ ਦਾ ਪਾਠ 84 ਵਾਰ ਇਸ਼ਨਾਨ ਕਰ ਕੇ ਕਰੇਗਾ ਓਸ ਦੀ 84 ਲੱਖ ਜੂਨੀ ਕੱਟੀ ਜਾਵੇਗੀ।

ਚਲਦਾ.....

# ਭਾਰਤੀ ਸਮਾਜ 'ਚ ਔਰਤ ਦਾ ਤ੍ਰਿਸਕਾਰ ਤੇ ਸਿੱਖ ਧਰਮ 'ਚ ਸਤਿਕਾਰ

ਰਣਜੀਤ ਸਿੰਘ ਦਮਦਮੀ ਟਕਸਾਲ
ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ
ਮੋਬਾਈਲ: 0091 88722-93883



ਭਾਰਤੀ ਸਮਾਜ ਤੇ ਬ੍ਰਾਹਮਣੀ ਵਿਚਾਰਧਾਰਾ ਨੇ ਔਰਤ ਨੂੰ ਹਮੇਸ਼ਾਂ ਲਤਾੜਿਆ ਤੇ ਤ੍ਰਿਸਕਾਰਿਆ ਸੀ ਤੇ ਉਸ ਨੂੰ ਮਰਦ ਦੇ ਪੈਰ ਦੀ ਜੁੱਤੀ ਦੇ ਸਮਾਨ ਸਮਝਿਆ। ਹਿੰਦੂ ਔਰਤਾਂ ਨੂੰ ਵੇਦ ਪੜ੍ਹਨ ਦਾ ਵੀ ਅਧਿਕਾਰ ਨਹੀਂ ਸੀ ਉਹਨਾਂ ਦਾ ਮਾਨਸਿਕ ਤੇ ਜਿਨਸੀ ਸੋਸ਼ਣ ਕੀਤਾ ਜਾਂਦਾ ਰਿਹਾ। ਔਰਤ ਦੇ ਕੋਲ ਕੋਈ ਤਾਕਤ ਰਹਿਣ ਹੀ ਨਾ ਦਿੱਤੀ ਤੇ ਉਸ ਨੂੰ ਹਰ ਪੱਖੋਂ ਨਿਰਬਲ ਬਣਾ ਦਿੱਤਾ ਗਿਆ ਜਿਸ ਕਰਕੇ ਔਰਤ ਦੀ ਦੁਰਦਸ਼ਾ ਹੱਦੋਂ ਵੱਧ ਮਾੜੀ ਸੀ।

ਜਦੋਂ ਭਾਰਤ 'ਤੇ ਵਿਦੇਸ਼ੀ ਧਾੜਵੀਆਂ ਦੇ ਹਮਲੇ ਹੁੰਦੇ ਸਨ ਤਾਂ ਸਭ ਤੋਂ ਵੱਧ ਜ਼ੁਲਮ ਦਾ ਸੰਤਾਪ ਔਰਤਾਂ ਨੂੰ ਹੀ ਹੰਢਾਉਣਾ ਪੈਂਦਾ ਸੀ। ਜਦੋਂ ਮੁਗ਼ਲ-ਪਠਾਣ ਤੇ ਅਫ਼ਗਾਨ ਧਾੜਵੀ ਹਿੰਦੁਸਤਾਨ 'ਚੋਂ ਹਿੰਦੂਆਂ ਦੀਆਂ ਬਹੂ-ਬੇਟੀਆਂ ਨੂੰ ਜ਼ਬਰਦਸਤੀ ਚੁੱਕ ਕੇ ਲੈ ਜਾਂਦੇ, ਉਹਨਾਂ ਦੀ ਪੱਤ ਰੋਲਦੇ ਅਤੇ ਗ਼ਜ਼ਨੀ ਦੇ ਬਜ਼ਾਰ 'ਚ ਟਕੇ-ਟਕੇ ਉੱਤੇ ਵੇਚਦੇ ਸਨ ਤਾਂ ਹਿੰਦੂਤਵੀਆਂ ਨੇ ਇਹਨਾਂ ਦੀ ਰਾਖੀ ਤਾਂ ਕੀ ਕਰਨੀ ਸੀ ਸਗੋਂ ਉਹ ਮੁਗ਼ਲਾਂ ਤੋਂ ਡਰਦੇ ਖ਼ੁਦ ਹੀ ਆਪਣੀਆਂ ਭੈਣਾਂ, ਬੇਟੀਆਂ ਤੇ ਜਨਾਨੀਆਂ ਨੂੰ ਮੁਗਲ ਹਾਕਮਾਂ ਦੇ ਦਰਬਾਰ 'ਚ ਪੇਸ਼ ਕਰ ਆਉਂਦੇ ਸਨ।

ਸ਼ੰਕਰਾਚਾਰੀਆ ਨੇ 'ਔਰਤ ਨੂੰ ਇੱਕ ਬੰਧਨ ਲਿਖ ਦਿੱਤਾ' ਤੇ ਤੁਲਸੀ ਦਾਸ ਨੇ ਵੀ ਕਿਹਾ ਕਿ 'ਢੋਲ ਸ਼ੂਦਰ ਗਵਾਰ ਪਸ਼ੂ ਨਾਰੀ, ਸਕਲ ਤਾੜਨ ਕੇ ਅਧਿਕਾਰੀ।' ਕਿਸੇ ਨੇ ਘੁੰਡ ਵਿੱਚ ਤੇ ਕਿਸੇ ਨੇ ਪਰਦੇ ਵਿੱਚ ਔਰਤ ਨੂੰ ਲਪੇਟ ਦਿੱਤਾ। ਰਾਸ ਲੀਲਾ ਦਾ ਅਡੰਬਰ ਰਚਾ ਕੇ ਔਰਤ ਨੂੰ ਲੁੱਟਿਆ ਗਿਆ। ਕਿਸੇ ਨੇ ਔਰਤ ਦੀ ਅਗਨੀ ਪ੍ਰੀਖਿਆ ਲਈ, ਕਿਸੇ ਨੇ ਜੂਏ 'ਚ ਹਰਾ ਦਿੱਤੀ, ਕਿਸੇ ਨੇ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਤੇ ਕਿਸੇ ਨੇ ਵੇਚ ਦਿੱਤਾ। ਕਿਸੇ ਨੇ ਕੰਜਕਾਂ, ਦੇਵੀ, ਲਛਮੀ, ਦਾਸੀ ਜਾਂ ਬੇਗਮ ਕਹਿ ਕੇ ਔਰਤ ਨੂੰ ਭਰਮਾਈ ਰੱਖਿਆ। ਕਿਸੇ ਨੇ ਸਤੀ ਪ੍ਰਥਾ ਵਰਗੀਆਂ ਕੂੜ-ਰਸਮਾਂ ਵਿੱਚ ਔਰਤ ਨੂੰ ਸਾੜ ਦਿੱਤਾ। ਮੰਦਰਾਂ ਵਿੱਚ ਵੀ ਔਰਤਾਂ ਦੀਆਂ ਅਸ਼ਲੀਲ ਮੂਰਤੀਆਂ ਸਥਾਪਿਤ ਕਰ ਦਿੱਤੀਆਂ ਗਈਆਂ ਅਤੇ ਲੋਕਾਂ ਤੋਂ ਕੰਨਿਆਂ ਦਾਨ ਰਾਹੀਂ ਲਈ ਲੜਕੀਆਂ ਨਾਲ ਅਖੌਤੀ ਪੁਜਾਰੀ ਕੁਕਰਮ ਕਰਦੇ ਜਿਵੇਂ ਅੱਜ ਡੇਰਾ ਸਿਰਸਾ ਮੁਖੀ, ਆਸਾ ਰਾਮ, ਨਿਤਿਆਨੰਦ ਸਵਾਮੀ ਤੇ ਜੋਤਸ਼ੀ ਖੈਰਾਤ ਵਰਗੇ ਅਤੇ ਹੋਰ ਡੇਰੇਦਾਰ ਅਜਿਹੇ ਕਾਰੇ ਕਰਦੇ-ਕਰਵਾਉਂਦੇ ਹਨ।

ਪਰ ਅਕਾਲ ਪੁਰਖ ਦੇ ਸਰਗੁਣ ਸਰੂਪ ਅਤੇ ਮਹਾਨ ਇਨਕਲਾਬੀ ਰਹਿਬਰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸੰਸਾਰ ਉੱਤੇ ਆਮਦ ਨਾਲ ਇੱਕ ਵੱਡੀ ਕ੍ਰਾਂਤੀ ਆਈ ਤੇ ਔਰਤ ਨੇ ਵੀ ਸੁੱਖ ਦਾ




**ਸਿੱਖ ਇਤਿਹਾਸ 'ਚ ਅਨੇਕਾਂ ਮਹਾਨ ਬੀਬੀਆਂ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਨੇ ਸਿੱਖੀ ਕਮਾਈ, ਘਾਲਣਾ ਘਾਲੀ, ਸਿਦਕ ਅਤੇ ਸਿਰੜ ਦੀ ਅਦੁੱਤੀ ਮਿਸਾਲ ਪੈਦਾ ਕੀਤੀ। ਮਾਤਾ ਤ੍ਰਿਪਤਾ ਜੀ ਅਤੇ ਬੇਬੇ ਨਾਨਕੀ ਜੀ ਤੋਂ ਸ਼ੁਰੂ ਹੋ ਕੇ ਇਹ ਲੜੀ ਬਹੁਤ ਲੰਬੀ ਹੈ ਜਿਵੇਂ ਮਾਤਾ ਸੁਲੱਖਣੀ ਜੀ, ਮਾਤਾ ਖੀਵੀ ਜੀ, ਬੀਬੀ ਅਮਰੋ ਜੀ, ਬੀਬੀ ਭਾਨੀ ਜੀ ਅਤੇ ਮਾਤਾ ਗੰਗਾ ਜੀ ਆਦਿਕ। ਮਾਤਾ ਗੁਜਰ ਕੌਰ ਜੀ ਨੇ ਜਿਵੇਂ ਸਾਹਿਬਜ਼ਾਦਿਆਂ ਨੂੰ ਸਿੱਖੀ 'ਚ ਪ੍ਰਪੱਕ ਕੀਤਾ ਤੇ ਸ਼ਹਾਦਤ ਪਾਈ ਉਹ ਸ਼ਾਨਾਮੱਤਾ ਇਤਿਹਾਸ ਹੈ।**

ਸਾਹ ਲਿਆ। ਗੁਰੂ ਸਾਹਿਬ ਨੇ ਬਚਨ ਕੀਤੇ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥" :- ਭਾਵ ਉਸ ਔਰਤ ਨੂੰ ਮੰਦਾ ਕਿਉਂ ਆਖਦੇ ਹੋ ਜਿਸ ਨੇ ਰਾਜਿਆਂ, ਮਹਾਰਾਜਿਆਂ, ਭਗਤਾਂ ਅਤੇ ਸੰਸਾਰ ਦੇ ਸਾਰੇ ਮਨੁੱਖਾਂ ਨੂੰ ਜਨਮ ਦਿੱਤਾ ਹੈ। ਗੁਰੂ ਜੀ ਨੇ ਇਸਤਰੀ ਨੂੰ 32 ਸੁਲੱਖਣੀ ਭਾਵ 32 ਮਹਾਨ ਗੁਣਾਂ ਵਾਲ਼ੀ ਕਹਿ ਕੇ ਸਨਮਾਨਿਆ। "ਬਤੀਹ ਸੁਲਖਣੀ ਸਚੁ ਸੰਤਤਿ ਪੂਤ॥ ਆਗਿਆਕਾਰੀ ਸੁਘੜ ਸਰੂਪ॥" ਗੁਰੂ ਸਾਹਿਬ ਨੇ ਮਰਦਾਂ ਦੇ ਬਰਾਬਰ ਔਰਤਾਂ ਨੂੰ ਸਾਰੇ ਹੱਕ ਦਿੱਤੇ ਤੇ ਦੂਜੀਆਂ ਕੌਮਾਂ ਦੇ ਮੁਕਾਬਲੇ ਔਰਤ ਨੂੰ ਬੇਹੱਦ ਸਤਿਕਾਰ, ਮਾਣ, ਵਡਿਆਈ ਤੇ ਇੱਜ਼ਤ ਬਖ਼ਸ਼ੀ।

ਦਸੇ ਹੀ ਗੁਰੂ ਸਾਹਿਬਾਨਾਂ ਨੇ ਮਰਦਾਂ ਦੇ ਨਾਲ ਇਸਤਰੀ ਨੂੰ ਵੀ ਅਗਵਾਈ ਦਿੱਤੀ, ਸਿੱਖੀ ਪ੍ਰਚਾਰ ਲਈ ਬਹੱਤਰ ਪੀੜ੍ਹੇ ਬਖ਼ਸ਼ੇ, ਲੰਗਰਾਂ ਦਾ ਇੰਚਾਰਜ ਲਾਇਆ, ਸਿੱਖੀ ਕੇਂਦਰਾਂ ਦਾ ਪ੍ਰਬੰਧਕ ਥਾਪਿਆ ਅਤੇ ਇਸਤਰੀ ਨੂੰ ਸ਼ੇਰਨੀ, ਸਿੰਘਣੀ, ਕੌਰ ਭਾਵ ਬਹਾਦਰ, ਸ਼ਹਿਜ਼ਾਦੀ ਤੇ ਮਹਾਰਾਣੀ ਬਣਾਇਆ। ਔਰਤ ਨੂੰ ਬੇਇਨਸਾਫ਼ੀ ਵਿਰੁੱਧ ਲੜਨ-ਖੜ੍ਹਨ ਦੀ ਜੁੱਰਤ ਦਿੱਤੀ। ਛੇਵੇਂ ਪਾਤਸ਼ਾਹ ਨੇ ਔਰਤ ਨੂੰ 'ਇਮਾਨ' ਕਹਿ ਕੇ ਸਤਿਕਾਰਿਆ।

ਦਸਮੇਸ਼ ਪਾਤਸ਼ਾਹ ਨੇ ਜਿੱਥੇ ਸਿੰਘਾਂ ਨੂੰ ਖੰਡੇ-ਬਾਟੇ ਦੇ ਅੰਮ੍ਰਿਤ ਦੀ ਦਾਤ ਬਖ਼ਸ਼ਿਸ਼ ਕੀਤੀ, ਓਥੇ ਸਿੰਘਣੀਆਂ ਨੂੰ ਵੀ ਪਿੱਛੇ ਨਹੀਂ ਰੱਖਿਆ ਤੇ ਉਹਨਾਂ ਨੂੰ ਵੀ ਅੰਮ੍ਰਿਤਧਾਰੀ ਤੇ ਸ਼ਸਤਰਧਾਰੀ ਬਣਾਇਆ ਤੇ ਜਾਬਰ ਵਿਰੁੱਧ ਜੂਝਣਾ ਸਿਖਾਇਆ। ਜਿਸ ਤੋਂ ਬਾਅਦ ਤਵਾਰੀਖ਼ ਦੇ ਪੰਨਿਆਂ ਨੂੰ ਆਪਣੇ ਲਹੂ, ਦਲੇਰੀ, ਸੰਘਰਸ਼ ਅਤੇ ਜਜ਼ਬੇ ਨਾਲ ਸਿੰਘਣੀਆਂ ਨੇ ਵੀ ਸ਼ਿੰਗਾਰ ਦਿੱਤਾ। ਸਿੰਘਣੀਆਂ ਵਿੱਚ ਵੀ ਗੁਰਬਾਣੀ ਪੜ੍ਹ ਕੇ ਅਜਿਹਾ ਆਤਮਿਕ ਬਲ ਆਇਆ ਕੇ ਉਹ ਜਰਵਾਣਿਆਂ ਦਾ ਮੁਕਾਬਲਾ ਕਰਨ ਦੇ ਸਮਰੱਥ ਹੋ ਗਈਆਂ। ਸਿੰਘਾਂ ਦੇ ਨਾਲ ਸਿੰਘਣੀਆਂ ਨੇ ਵੀ ਹੱਥਾਂ ਦੇ ਵਿੱਚ ਸ਼ਮਸ਼ੀਰ ਫੜ ਕੇ ਬੇਗਾਨੀਆਂ ਔਰਤਾਂ ਦੀ ਆਬਰੂ ਨੂੰ ਬਚਾਇਆ।

ਮੁਗਲ ਕਾਲ ਵੇਲੇ ਸਿੱਖ ਬੀਬੀਆਂ ਨੇ ਆਪਣੇ ਬੱਚਿਆਂ ਦੇ ਟੋਟੇ ਕਰਵਾ ਕੇ ਗਲਾਂ ਵਿੱਚ ਹਾਰ ਤਾਂ ਪਵਾ ਲਏ, ਜੇਲ੍ਹਾਂ ਵੀ ਕੱਟੀਆਂ ਪਰ ਉਨ੍ਹਾਂ ਨੇ ਸਿਦਕ ਨਹੀਂ ਹਾਰਿਆ ਤੇ ਨਾ ਹੀ ਮੁਗਲ ਹਾਕਮਾਂ ਦੀ ਸੇਜ ਨੂੰ ਸਵੀਕਾਰ ਕੀਤਾ। ਉਸ ਸਮੇਂ ਹਿੰਦੂ ਅਹਿਲਕਾਰ ਜਸਪਤ ਰਾਏ ਤੇ ਲਖਪਤ ਰਾਏ ਖ਼ਾਸ ਕਰਕੇ ਸਿੱਖ ਇਸਤਰੀਆਂ ਨੂੰ ਨਿਸ਼ਾਨਾ ਬਣਾਉਂਦੇ ਰਹੇ। ਫਿਰ ਜਦੋਂ ਸਿੱਖ ਰਾਜ ਦਾ ਪਰਚਮ ਝੂਲਿਆ ਤਾਂ ਉਹ ਔਰਤਾਂ ਦੇ ਲਈ ਸੁਨਹਿਰੀ ਦੌਰ ਬਣਿਆ।

ਗੁਰੂ ਨਾਨਕ ਪਾਤਸ਼ਾਹ ਜੀ ਨੂੰ ਬਚਪਨ ਵਿੱਚ ਵਾਹਿਗੁਰੂ ਦੇ ਪ੍ਰਤੱਖ ਸਰੂਪ ਵਜੋਂ ਸਭ ਤੋਂ ਪਹਿਲਾਂ ਇੱਕ ਔਰਤ ਉਹਨਾਂ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਨੇ ਹੀ ਪਹਿਚਾਣਿਆ ਸੀ ਤੇ ਜਦੋਂ ਗੁਰੂ ਸਾਹਿਬ ਵੇਈਂ ਨਦੀ ਵਿੱਚ ਤਿੰਨ ਦਿਨਾਂ ਲਈ ਅਲੋਪ ਹੋਏ ਸਨ ਤਾਂ ਭੈਣ ਨਾਨਕੀ ਨੇ ਕਿਹਾ ਸੀ ਕਿ "ਮੇਰਾ ਵੀਰ ਡੁੱਬ ਨਹੀਂ ਸਕਦਾ ਉਹ ਤਾਂ ਡੁੱਬਦਿਆਂ ਨੂੰ ਤਾਰਨ ਆਇਆ ਹੈ।" ਗੁਰੂ ਸਾਹਿਬ ਦੇ ਪ੍ਰਕਾਸ਼ ਸਮੇਂ ਦਾਈ ਦੌਲਤਾਂ ਨੂੰ ਵੀ ਚਾਨਣ ਹੋ ਗਿਆ ਸੀ ਕਿ ਇਹ ਕੋਈ ਆਮ ਬੱਚਾ ਨਹੀਂ ਬਲਕਿ ਕੋਈ ਅਗੰਮੀ ਸ਼ਕਤੀ ਹੈ।

ਸਿੱਖ ਇਤਿਹਾਸ 'ਚ ਅਨੇਕਾਂ ਮਹਾਨ ਬੀਬੀਆਂ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਨੇ ਸਿੱਖੀ ਕਮਾਈ, ਘਾਲਣਾ ਘਾਲੀ, ਸਿਦਕ ਅਤੇ ਸਿਰੜ ਦੀ ਅਦੁੱਤੀ ਮਿਸਾਲ ਪੈਦਾ ਕੀਤੀ। ਮਾਤਾ ਤ੍ਰਿਪਤਾ ਜੀ ਅਤੇ ਬੇਬੇ ਨਾਨਕੀ ਜੀ ਤੋਂ ਸ਼ੁਰੂ ਹੋ ਕੇ ਇਹ ਲੜੀ ਬਹੁਤ ਲੰਬੀ ਹੈ ਜਿਵੇਂ ਮਾਤਾ ਸੁਲੱਖਣੀ ਜੀ, ਮਾਤਾ ਖੀਵੀ ਜੀ, ਬੀਬੀ ਅਮਰੋ ਜੀ, ਬੀਬੀ ਭਾਨੀ ਜੀ ਅਤੇ ਮਾਤਾ ਗੰਗਾ ਜੀ ਆਦਿਕ। ਮਾਤਾ ਗੁਜਰ ਕੌਰ ਜੀ ਨੇ ਜਿਵੇਂ ਸਾਹਿਬਜ਼ਾਦਿਆਂ ਨੂੰ ਸਿੱਖੀ 'ਚ ਪ੍ਰਪੱਕ ਕੀਤਾ ਤੇ ਸ਼ਹਾਦਤ ਪਾਈ ਉਹ ਸ਼ਾਨਾਮੱਤਾ ਇਤਿਹਾਸ ਹੈ।

ਮਾਤਾ ਅਜੀਤ ਕੌਰ, ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਨੇ ਵੀ ਬੇਅੰਤ ਸੇਵਾਵਾਂ ਨਿਭਾਈਆਂ ਤੇ ਸਿੱਖੀ ਦੇ ਆਲੀਸ਼ਾਨ ਮਹਿਲ ਨੂੰ ਹੋਰ ਪੱਕਿਆਂ ਕੀਤਾ। ਬੀਬੀ ਹਰਸ਼ਰਨ ਕੌਰ ਅਤੇ ਬੀਬੀ ਭਾਗ ਕੌਰ (ਮਾਈ ਭਾਗੋ) ਨੇ ਸੂਰਬੀਰਤਾ ਵਿਖਾਉਂਦਿਆਂ ਜੋ ਖ਼ਾਲਸੇ ਦੇ ਇਤਿਹਾਸ ਨੂੰ ਮੋੜਾ ਦਿੱਤਾ ਉਹ ਤਾਂ ਹਰੇਕ ਸਿੱਖ ਵਿੱਚ ਧਰਮ ਲਈ ਜੂਝਣ ਦਾ ਚਾਉ ਪੈਦਾ ਕਰਦਾ ਹੈ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਬੀਬੀ ਸਦਾ ਕੌਰ ਅਤੇ ਸੁਪਤਨੀ ਬੀਬੀ ਜ਼ਿੰਦ ਕੌਰ (ਮਹਾਰਾਣੀ ਜ਼ਿੰਦਾਂ) ਨੇ ਖ਼ਾਲਸਾ ਰਾਜ ਦੀ ਉਸਾਰੀ ਲਈ ਅਹਿਮ ਰੋਲ ਅਦਾ ਕੀਤਾ। ਘੱਲੂਘਾਰਿਆਂ, ਸਾਕਿਆਂ, ਜੰਗਾਂ ਅਤੇ ਮੋਰਚਿਆਂ ਦੌਰਾਨ ਬੀਬੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਇਸੇ ਲਈ ਤਾਂ ਅਰਦਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਜਿਨ੍ਹਾਂ ਸਿੰਘਾਂ-ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ ਤਿਨ੍ਹਾਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।

ਅਕਾਲੀ ਮੋਰਚਿਆਂ ਅਤੇ ਧਰਮ ਯੁੱਧ ਮੋਰਚੇ ਦੌਰਾਨ ਵੀ ਸਿੰਘਣੀਆਂ ਨੇ ਵੱਡਾ ਯੋਗਦਾਨ ਪਾਇਆ, ਜੂਨ 1984 ਦੇ ਘੱਲੂਘਾਰੇ ਵਿੱਚ ਬਹਾਦਰੀ ਵਿਖਾਈ ਤੇ ਸ਼ਹਾਦਤਾਂ ਦਿੱਤੀਆਂ ਤੇ ਫਿਰ ਸਿੱਖ ਕੌਮ ਦੀ ਅਜ਼ਾਦੀ ਲਈ ਚੱਲੇ ਹਥਿਆਰਬੰਦ ਸੰਘਰਸ਼ ਵਿੱਚ ਵੀ ਸਿੰਘਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸਿੰਘਣੀਆਂ ਨੇ ਜੰਗ ਲੜੀ, ਤਸੀਹੇ ਝੱਲੇ, ਜੇਲ੍ਹਾਂ ਕੱਟੀਆਂ ਅਤੇ ਸ਼ਹਾਦਤਾਂ ਦਿੱਤੀਆਂ ਹਨ।

ਅੱਜ ਪੰਜਾਬ, ਭਾਰਤ ਅਤੇ ਵਿਦੇਸ਼ਾਂ ਵਿੱਚ ਕਾਫ਼ੀ ਔਰਤਾਂ ਵੱਖ-ਵੱਖ ਖੇਤਰਾਂ ਵਿੱਚ ਪ੍ਰਾਪਤੀਆਂ ਕਰਕੇ ਨਾਮਣਾ ਖੱਟ ਰਹੀਆਂ ਹਨ ਇਹ ਸਾਡੇ ਗੁਰੂ ਸਾਹਿਬਾਨਾਂ ਦੀ ਹੀ ਮਹਾਨ ਦੇਣ ਹੈ। ਗੁਰੂ ਕਾਲ ਤੋਂ ਲੈ ਕੇ ਹੁਣ ਤਕ ਦੇ ਇਤਿਹਾਸ ਵਿੱਚ ਅਨੇਕਾਂ ਸਿੱਖ ਬੀਬੀਆਂ ਨੇ ਨਿਵੇਕਲੇ ਕਾਰਜ ਕੀਤੇ ਤੇ ਉਹ ਸਾਡੇ ਲਈ ਰੋਲ ਮਾਡਲ ਬਣੀਆਂ ਹਨ, ਉਹਨਾਂ ਦਾ ਜੀਵਨ-ਕਿਰਦਾਰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਹਮੇਸ਼ਾਂ ਸੇਧ ਬਖ਼ਸ਼ਦਾ ਰਹੇਗਾ।

# ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ: ਸਿੱਖ ਲੀਡਰਸ਼ਿਪ ਦੀ ਤ੍ਰਾਸਦੀ ਅਤੇ ਭਵਿੱਖ

ਇਕਬਾਲ ਸਿੰਘ ਲਾਲਪੁਰਾ
+91 98773 53321



ਆਗੂ ਕੌਮ ਦੀ ਪਛਾਣ ਹੁੰਦੇ ਹਨ। ਗੁਰਬਾਣੀ ਵੀ ਸਿਖਾਉਂਦੀ ਹੈ- "ਤਖ਼ਤਿ ਬਹੈ ਤਖ਼ਤੈ ਕੀ ਲਾਇਕ" ਅਰਥਾਤ ਜਿਹੜਾ ਤਖ਼ਤ 'ਤੇ ਬੈਠੇ, ਉਹ ਯੋਗਤਾ ਵਾਲਾ ਹੋਵੇ। ਅੰਨ੍ਹਾ ਆਗੂ ਨਾ ਕੇਵਲ ਆਪ ਭਟਕਦਾ ਹੈ, ਸਗੋਂ ਪੂਰੀ ਕੌਮ ਨੂੰ ਵੀ ਰਾਹ ਤੋਂ ਭਟਕਾ ਦਿੰਦਾ ਹੈ। ਇਤਿਹਾਸ ਸਾਫ਼ ਦੱਸਦਾ ਹੈ ਕਿ ਜਦੋਂ ਵੀ ਕੌਮ ਨੂੰ ਦੂਰਦਰਸ਼ੀ ਤੇ ਨੀਤੀਵਾਨ ਆਗੂ ਮਿਲੇ, ਉਹ ਉਚਾਈਆਂ 'ਤੇ ਪਹੁੰਚੀ; ਪਰ ਜਦੋਂ ਸਵਾਰਥੀ ਲੀਡਰਸ਼ਿਪ ਹਾਵੀ ਹੋਈ, ਤਾਂ ਪਤਨ ਵੀ ਨਿਸ਼ਚਿਤ ਹੋਇਆ।

ਦਸਮ ਪਾਤਸ਼ਾਹ ਜੀ ਨੇ "ਪੂਜਾ ਅਕਾਲ ਕੀ, ਦੀਦਾਰ ਖ਼ਾਲਸਾ ਕੇ, ਪਰਚਾ ਸ਼ਬਦ ਕਾ" ਦੇ ਸਿਧਾਂਤ ਰਾਹੀਂ ਜੀਵਨ ਦਾ ਮੂਲ ਮੰਤਰ ਦਿੱਤਾ। ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਅੱਗੇ ਕਰਕੇ ਜ਼ੁਲਮ ਦਾ ਨਾਸ਼ ਕਰਨ ਲਈ ਪੰਜਾਬ ਹੀ ਨਹੀਂ ਭੇਜਿਆ, ਸਗੋਂ ਖ਼ਾਲਸਾ ਰਾਜ ਦੀ ਬੁਨਿਆਦ ਰੱਖੀ। 1708 ਤੋਂ 1716 ਦਾ ਸਮਾਂ ਭਾਵੇਂ ਛੋਟਾ ਸੀ, ਪਰ ਇਸ ਵਿੱਚ ਹੀ 'ਹਲੇਮੀ ਰਾਜ', ਨਿਆਂ-ਪ੍ਰਧਾਨ ਪ੍ਰਬੰਧ, ਕਿਸਾਨਾਂ ਦੀ ਮੁਕਤੀ ਅਤੇ ਗੁਰੂ ਦੇ ਨਾਮ ਉਪਰ ਕਰੰਸੀ ਤੱਕ ਦੀ ਸਥਾਪਨਾ ਕਰ ਦਿੱਤੀ ਗਈ। ਇਹ ਇਸ ਸਪੱਸ਼ਟ ਸੰਦੇਸ਼ ਦੀ ਪਾਲਣਾ ਸੀ ਕਿ "ਰਾਜ ਬਿਨਾਂ ਨਹਿ ਧਰਮ ਚਲੈ ਹੈ"। ਸਿੱਖ ਲਈ ਧਰਮ ਅਤੇ ਰਾਜ ਦੋਵੇਂ ਅਟੁੱਟ ਹਨ।

ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਵੀ ਮਿਸਲਾਂ ਦੇ ਸਰਦਾਰਾਂ ਨੇ ਨਵਾਬ ਕਪੂਰ ਸਿੰਘ, ਸੁਲਤਾਨ-ਉਲ-ਕੌਮ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਆਦਿ ਦੀ ਅਗਵਾਈ ਹੇਠ ਖ਼ਾਲਸਾ ਸ਼ਕਤੀ ਨੂੰ ਇੱਕਜੁੱਟ ਤੇ ਮਜ਼ਬੂਤ ਰੱਖਿਆ। 1783 ਵਿੱਚ ਦਿੱਲੀ 'ਤੇ ਕਬਜ਼ਾ ਅਤੇ ਲਾਹੌਰ 'ਤੇ ਰਾਜ ਇਸੇ ਸ਼ਕਤੀ ਦੀ ਮਿਸਾਲ ਸੀ। ਮਹਾਰਾਜਾ ਰਣਜੀਤ ਸਿੰਘ ਨੇ 1799 ਤੋਂ 1839 ਤੱਕ ਇੱਕ ਮਜ਼ਬੂਤ ਤੇ ਧਰਮ-ਨਿਰਪੱਖ ਰਾਜ ਕਾਇਮ ਕੀਤਾ, ਜਿੱਥੇ ਹਰ ਵਰਗ ਨੂੰ ਇਨਸਾਫ਼ ਮਿਲਦਾ ਸੀ।

ਪਰ ਇਸੇ ਦੌਰ ਵਿੱਚ ਅੰਗਰੇਜ਼ ਹਕੂਮਤ ਵੀ ਭਾਰਤ ਵਿੱਚ ਮਜ਼ਬੂਤ ਹੋ ਰਹੀ ਸੀ। ਉਹ ਸਿਰਫ਼ ਜੇਤੂ ਹੀ ਨਹੀਂ, ਸਗੋਂ ਚਾਣਕਿਆ ਨੀਤੀ ਦੇ ਮਾਹਿਰ ਵੀ ਸਨ। ਉਨ੍ਹਾਂ ਨੇ ਸਿੱਖਾਂ ਦੀਆਂ ਕਮਜ਼ੋਰੀਆਂ ਨੂੰ ਸਮਝ ਕੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਪਣਾਈ। ਮਿਸਲ ਕਾਲ ਵਿੱਚ ਜਿੱਥੇ ਗਿਆਰਾਂ ਮਿਸਲਾਂ ਦੇ ਸਰਦਾਰ ਇੱਕਜੁੱਟ ਸਨ, ਉੱਥੇ ਹੀ ਪਟਿਆਲਾ ਰਿਆਸਤ ਫੂਲਕੀਆਂ ਘਰਾਣਾ ਅਬਦਾਲੀ ਦਾ ਗੁਲਾਮ ਵੀ ਸੀ। ਉਸ ਪਰਿਵਾਰ ਤੇ ਕੁਝ ਹੋਰ ਸਿੱਖਾਂ ਨੂੰ ਅੰਗਰੇਜ਼ਾਂ ਨੇ ਆਪਣੇ ਨਾਲ ਜੋੜ ਕੇ ਸਿੱਖਾਂ ਦੀ ਏਕਤਾ ਨੂੰ ਖ਼ਤਮ ਕਰ ਦਿੱਤਾ। ਨਤੀਜੇ ਵਜੋਂ, ਸਿੱਖ ਰਾਜ ਦੀ ਹੱਦ ਸਤਲੁਜ ਤੱਕ ਸੀਮਿਤ ਰਹਿ ਗਈ। ਪਰ ਮਹਾਬਲੀ ਰਣਜੀਤ ਸਿੰਘ ਨੇ ਖ਼ਾਲਸਾ ਸ਼ਕਤੀ ਦਾ ਝੰਡਾ ਬੁਲੰਦ ਰੱਖਿਆ। ਜੇਕਰ ਆਪਣੇ ਅੰਗਰੇਜ਼ਾਂ ਦੇ ਪਿੱਠੂ ਨਾ ਬਣਦੇ, ਤਾਂ ਮਹਾਰਾਜਾ ਦਿੱਲੀ ਫ਼ਤਿਹ ਕਰਨ ਦੇ ਸਮਰੱਥ ਵੀ ਸੀ ਅਤੇ ਉਸ ਦੇ ਬੇਹੱਦ ਨੇੜੇ ਵੀ ਪਹੁੰਚ ਗਿਆ ਸੀ।

ਸ਼ੇਰੇ-ਪੰਜਾਬ ਦੇ ਅਕਾਲ ਚਲਾਣੇ ਨਾਲ ਸਿੱਖ ਸਮਰਾਜ ਦਾ ਸੂਰਜ ਹੀ ਅਸਤ ਨਹੀਂ ਹੋਇਆ, ਸਗੋਂ ਸਾਜ਼ਿਸ਼ਾਂ ਰਾਹੀਂ ਉਨ੍ਹਾਂ ਦਾ ਪਰਿਵਾਰ ਵੀ ਖ਼ਤਮ ਕਰ ਦਿੱਤਾ ਗਿਆ। ਸ਼ਾਹ ਮੁਹੰਮਦ ਇਸ ਸਥਿਤੀ ਨੂੰ ਸਪੱਸ਼ਟ ਕਰਦਾ ਹੈ:

ਪਿੱਛੇ ਇੱਕ ਸਰਕਾਰ ਦੇ ਖੇਡ ਚੱਲੀ,
ਪਈ ਨਿੱਤ ਹੁੰਦੀ ਮਾਰੋ ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸਭੋ ਕਤਲ ਹੋਏ ਵਾਰੋ ਵਾਰ ਮੀਆਂ।
ਸਿਰ ਤੇ ਫ਼ੌਜ ਦੇ ਰਿਹਾ ਨਾ ਕੋਈ ਕੁੰਡਾ,
ਹੋਇਆ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,
ਭੂਤ ਮੰਡਲੀ ਹੋਈ ਤਿਆਰ ਮੀਆਂ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਨੂੰ ਖ਼ਤਮ ਕਰਨਾ ਜਾਂ ਵਿਦੇਸ਼ ਭੇਜਣਾ ਇੱਕ ਵੱਡੀ ਸਾਜ਼ਿਸ਼ ਸੀ। ਕੀ ਕੌਮ ਦੇ ਇਤਿਹਾਸਕਾਰਾਂ ਨੇ ਇਸ ਬਾਰੇ ਗੰਭੀਰ ਖੋਜ ਕੀਤੀ ਹੈ ? ਇਸ ਦੇ ਨਾਲ ਹੀ ਅੰਗਰੇਜ਼ ਹਕੂਮਤ ਨੇ ਸਿੱਖ ਧਾਰਮਿਕ ਆਗੂਆਂ ਦਾ ਇੱਕ ਅਜਿਹਾ ਵਰਗ ਪੈਦਾ ਕੀਤਾ, ਜਿਸ ਨੇ ਗੁਰਮਤਿ ਦੇ ਮੂਲ ਸਿਧਾਂਤਾਂ ਨੂੰ ਛੱਡ ਕੇ ਅਕਾਲ ਦੇ ਪੁਜਾਰੀਆਂ ਨੂੰ ਕਰਮਕਾਂਡਾਂ ਵੱਲ ਲਾ ਦਿੱਤਾ। 'ਸ਼ਬਦ ਗੁਰੂ' ਦੀ ਥਾਂ ਦੇਹਧਾਰੀ ਬਾਬਿਆਂ ਨੇ ਲੈ ਲਈ, ਜਿਸ ਨਾਲ ਸਿੱਖੀ ਦੀ ਅਸਲ ਰੂਹ ਕਮਜ਼ੋਰ ਹੋਈ।

ਸਿੰਘ ਸਭਾ ਲਹਿਰ ਨੇ ਇਸ ਗਿਰਾਵਟ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਅੰਗਰੇਜ਼ਾਂ ਨੇ ਉਸ ਵਿੱਚ ਵੀ ਫੁੱਟ ਪਾ ਦਿੱਤੀ। ਚੀਫ਼ ਖ਼ਾਲਸਾ ਦੀਵਾਨ ਵਰਗੀਆਂ ਸੰਸਥਾਵਾਂ ਬਣੀਆਂ, ਪਰ ਉਹ ਵੀ ਕੌਮ ਨੂੰ ਇੱਕ ਮਜ਼ਬੂਤ ਦਿਸ਼ਾ ਦੇਣ ਵਿੱਚ ਅਸਫ਼ਲ ਰਹੀਆਂ। ਗੁਰਦੁਆਰਾ ਸੁਧਾਰ ਲਹਿਰ ਨੇ ਵੱਡੀਆਂ ਕੁਰਬਾਨੀਆਂ ਦਿੱਤੀਆਂ, ਪਰ ਆਖ਼ਰਕਾਰ ਗੁਰਦੁਆਰਾ ਪ੍ਰਬੰਧ ਵੀ ਸਿਆਸੀ ਪ੍ਰਭਾਵ ਹੇਠ ਆ ਗਿਆ।

ਆਜ਼ਾਦੀ ਤੋਂ ਬਾਅਦ ਵੀ ਹਾਲਾਤ ਬਹੁਤ ਵੱਖਰੇ ਨਹੀਂ ਰਹੇ। ਅਕਾਲੀ ਆਗੂ ਕਾਂਗਰਸ ਦੇ ਪ੍ਰਭਾਵ ਹੇਠ ਆ ਗਏ ਅਤੇ ਕੌਮੀ ਮਸਲਿਆਂ ਨੂੰ ਨਿੱਜੀ ਸਿਆਸਤ ਲਈ ਵਰਤਿਆ ਗਿਆ। ਜਾਤ-ਪਾਤ ਦੇ ਖ਼ਿਲਾਫ਼ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦਾ ਹੋਕਾ ਦੇਣ ਵਾਲਾ ਪੰਥ ਅੱਜ ਖ਼ੁਦ ਜਾਤਾਂ ਵਿੱਚ ਵੰਡਿਆ ਗਿਆ ਹੈ।

ਸਿੱਖ ਦਾਨੀ ਵੀ ਹੈ ਤੇ ਬਹਾਦਰ ਵੀ। ਉਹ "ਸਵਾ ਲਾਖ ਸੇ ਏਕ ਲੜਾਊਂ" ਦੇ ਬਚਨ ਪੂਰੇ ਕਰਦਾ ਆਇਆ ਹੈ। ਉਹ ਸਾਰਾਗੜ੍ਹੀ ਵਿੱਚ ਕੇਵਲ 21 ਹੋ ਕੇ 10,000 ਅਫ਼ਗਾਨੀਆਂ ਨੂੰ ਮਾਤ ਦੇ ਸਕਦਾ ਹੈ, ਪਰ ਜਦੋਂ ਆਪਸ ਵਿੱਚ ਮਿਲ ਕੇ ਕੌਮ ਲਈ ਨੀਤੀ ਘੜਨ ਦੀ ਵਾਰੀ ਆਉਂਦੀ ਹੈ, ਤਾਂ ਮੈਦਾਨ ਅਕਸਰ ਸਵਾਰਥੀ ਲੋਕਾਂ ਲਈ ਖਾਲੀ ਛੱਡ ਦਿੱਤਾ ਜਾਂਦਾ ਹੈ। ਸ਼ਮਸ਼ੀਰ ਦੀ ਲੜਾਈ ਜਿੱਤ ਕੇ ਵੀ ਅਸੀਂ ਵਿਚਾਰ ਅਤੇ ਤਰਕ ਦੀ ਲੜਾਈ ਕਿਉਂ ਹਾਰ ਜਾਂਦੇ ਹਾਂ? ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਬਹੁਤੇ ਆਗੂ ਕੁਰਸੀ ਦੀ ਖ਼ਾਤਰ ਪੰਥ ਦੀ ਪਿੱਠ ਵਿੱਚ ਛੁਰਾ ਮਾਰ ਕੇ ਦੂਜੇ ਪਾਸੇ ਜਾ ਖੜ੍ਹੇ ਹੋਏ। ਅਜੋਕੇ ਸੰਦਰਭ ਵਿੱਚ ਸ਼ਾਹ ਮੁਹੰਮਦ ਦੀਆਂ ਇਹ ਸਤਰਾਂ ਢੁਕਦੀਆਂ ਹਨ:



ਲਹਿਣਾ ਸਿੰਘ ਸਿਰਦਾਰ ਮਜੀਠੀਆ ਸੀ,
ਵੱਡਾ ਅਕਲ ਦਾ ਕੋਟ ਕਮਾਲ ਮੀਆਂ।
ਮਹਾਂਬਲੀ ਸਿਰਦਾਰ ਸੀ ਪੰਥ ਵਿਚੋਂ,
ਡਿੱਠੀ ਬਣੀ ਕੁਚਲਣੀ ਚਾਲ ਮੀਆਂ।
ਦਿਲ ਆਪਣੇ ਬੈਠ ਵਿਚਾਰ ਕਰਦਾ,
ਏਥੇ ਕਈਆਂ ਦੇ ਹੋਣਗੇ ਕਾਲ ਮੀਆਂ।
ਸ਼ਾਹ ਮੁਹੰਮਦਾ ਤੁਰ ਗਿਆ ਤੀਰਥਾਂ ਨੂੰ,
ਸਾਰਾ ਛੱਡ ਕੇ ਦੰਗ ਦਵਾਲ ਮੀਆਂ।

ਅੱਜ ਦੁਨੀਆ ਭਰ ਵਿੱਚ ਸਿੱਖ ਹਰ ਖੇਤਰ ਵਿੱਚ ਮੋਹਰੀ ਹਨ, ਪਰ ਕੌਮੀ ਪੱਧਰ 'ਤੇ ਇੱਕ ਸਾਂਝੀ ਨੀਤੀ ਦੀ ਘਾਟ ਹੈ। ਪੰਜਾਬ ਵਿੱਚ ਅਸੀਂ ਲੋਕਤੰਤਰ ਦੇ ਤਿੰਨਾਂ ਥੰਮ੍ਹਾਂ- ਵਿਧਾਨਪਾਲਿਕਾ, ਨੌਕਰਸ਼ਾਹੀ ਅਤੇ ਨਿਆਂਪਾਲਿਕਾ-ਵਿੱਚ ਪਛੜਦੇ ਜਾ ਰਹੇ ਹਾਂ। ਅੱਜ ਲੜਾਈ ਤੇਗ਼ ਚਲਾਉਣ ਦੀ ਨਹੀਂ, ਸਗੋਂ 'ਵਿਚਾਰ' ਅਤੇ ਸਮਰਪਿਤ ਅਗਵਾਈ ਦੀ ਹੈ।

ਸ਼ਾਹ ਮੁਹੰਮਦ ਦੇ ਸ਼ਬਦਾਂ ਵਿੱਚ:

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ..
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਇਹ ਕਵਿਤਾ ਸਿਰਫ਼ ਇਤਿਹਾਸ ਨਹੀਂ, ਸਗੋਂ ਇੱਕ ਸਬਕ ਹੈ ਕਿ ਇੱਕਜੁੱਟਤਾ ਅਤੇ ਯੋਗ ਆਗੂ ਤੋਂ ਬਿਨਾਂ ਸਭ ਤੋਂ ਬਹਾਦਰ ਕੌਮ ਵੀ ਹਾਰ ਸਕਦੀ ਹੈ। ਅੱਜ ਲੋੜ ਹੈ ਅਜਿਹੇ ਆਗੂਆਂ ਦੀ ਜੋ ਨੀਅਤ, ਨੀਤੀ ਅਤੇ ਨਿਸ਼ਕਾਮਤਾ ਨਾਲ ਕੌਮ ਨੂੰ ਚੜ੍ਹਦੀ ਕਲਾ ਵੱਲ ਲੈ ਕੇ ਜਾਣ। ਆਓ, ਵਿੱਦਿਆ ਅਤੇ ਗਿਆਨ ਦੇ ਚਾਨਣ ਰਾਹੀਂ ਨੌਜਵਾਨੀ ਨੂੰ ਅੱਗੇ ਤੋਰੀਏ ਅਤੇ ਕੌਮੀ ਫ਼ੈਸਲਿਆਂ ਲਈ ਇੱਕ ਸਦੀਵੀ ਵਿਦਵਾਨ ਸੰਸਥਾ ਬਣਾਈਏ। ਅੱਜ ਦੀ ਅਸਲ ਲੜਾਈ 'ਵਿਚਾਰ' ਦੀ ਲੜਾਈ ਹੈ।

*******

## ਮੰਗੇਤਰ ਦੀ ਬੇਰੁਖ਼ੀ ਨੇ ਲਈ ਐਮਐਸਸੀ ਪਾਸ ਮੁਟਿਆਰ ਦੀ ਜਾਨ

### ✪ 12 ਪੰਨਿਆਂ ਦੇ ਸੁਸਾਈਡ ਨੋਟ ਵਿੱਚ ਖੋਲ੍ਹੇ ਦਰਦਨਾਕ ਰਾਜ਼

ਕਡੱਪਾ (ਆਂਧਰਾ ਪ੍ਰਦੇਸ਼)-ਆਂਧਰਾ ਪ੍ਰਦੇਸ਼ ਦੇ ਕਡੱਪਾ ਜ਼ਿਲ੍ਹੇ ਵਿੱਚ ਇੱਕ 26 ਸਾਲਾ ਮੁਟਿਆਰ ਰੇਹਾਨਾ ਵੱਲੋਂ ਖ਼ੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕਾ ਨੇ ਮਰਨ ਤੋਂ ਪਹਿਲਾਂ 12 ਪੰਨਿਆਂ ਦਾ ਇੱਕ ਵਿਸਤ੍ਰਿਤ ਸੁਸਾਈਡ ਨੋਟ ਲਿਖਿਆ ਹੈ, ਜਿਸ ਵਿੱਚ ਉਸ ਨੇ ਆਪਣੇ ਮੰਗੇਤਰ 'ਤੇ ਮਾਨਸਿਕ ਤੌਰ 'ਤੇ ਤੜਫਾਉਣ ਅਤੇ ਖ਼ੁਦਕੁਸ਼ੀ ਲਈ ਉਕਸਾਉਣ ਦੇ ਗੰਭੀਰ ਇਲਜ਼ਾਮ ਲਗਾਏ ਹਨ। ਜਾਣਕਾਰੀ ਅਨੁਸਾਰ, ਰੇਹਾਨਾ ਨੇ ਹਾਲ ਹੀ ਵਿੱਚ ਆਪਣੀ ਐਮਐਸਸੀ ਦੀ ਪੜ੍ਹਾਈ ਮੁਕੰਮਲ ਕੀਤੀ ਸੀ। ਉਸ ਦੀ ਮੰਗਣੀ 15 ਫਰਵਰੀ ਨੂੰ ਬੈਂਗਲੁਰੂ ਵਿੱਚ ਕੰਮ ਕਰਦੇ ਇੱਕ ਟੈਕ ਪ੍ਰੋਫੈਸ਼ਨਲ ਸ਼ਾਹਜਹਾਂ ਨਾਲ ਹੋਈ ਸੀ। ਦੋਵਾਂ ਦਾ ਵਿਆਹ ਅਗਸਤ 2026 ਵਿੱਚ ਹੋਣਾ ਤੈਅ ਹੋਇਆ ਸੀ। ਸ਼ੁਰੂਆਤੀ ਦਿਨਾਂ ਵਿੱਚ ਸਭ ਕੁਝ ਠੀਕ ਸੀ, ਪਰ ਵਿਆਹ ਤੋਂ ਕੁਝ ਮਹੀਨੇ ਪਹਿਲਾਂ ਹੀ ਰਿਸ਼ਤੇ ਵਿੱਚ ਕੁੜੱਤਣ ਆ ਗਈ। ਸੁਸਾਈਡ ਨੋਟ ਵਿੱਚ ਕੀਤੇ ਵੱਡੇ ਖੁਲਾਸੇ-ਰੇਹਾਨਾ ਨੇ ਆਪਣੇ ਆਖਰੀ ਖ਼ਤ ਵਿੱਚ ਲਿਖਿਆ ਕਿ ਉਸ ਦਾ ਮੰਗੇਤਰ ਉਸ 'ਤੇ ਵਿਆਹ ਤੋੜਨ ਲਈ ਲਗਾਤਾਰ ਦਬਾਅ ਪਾ ਰਿਹਾ ਸੀ। ਸੁਸਾਈਡ ਨੋਟ ਦੇ ਮੁੱਖ ਬਿੰਦੂ:

ਕੋਈ ਲਗਾਅ ਨਹੀਂ: ਸ਼ਾਹਜਹਾਂ ਨੇ ਰੇਹਾਨਾ ਨੂੰ ਸਾਫ਼ ਕਹਿ ਦਿੱਤਾ ਸੀ ਕਿ ਉਸ ਦਾ ਉਸ ਨਾਲ ਕੋਈ ਲਗਾਅ ਨਹੀਂ ਹੈ ਅਤੇ ਉਹ ਉਸ ਨੂੰ ਪਸੰਦ ਨਹੀਂ ਕਰਦਾ।



ਪੁਰਾਣੇ ਰਿਸ਼ਤੇ: ਮੰਗੇਤਰ ਨੇ ਦਾਅਵਾ ਕੀਤਾ ਕਿ ਉਸ ਦੀਆਂ ਪਹਿਲਾਂ ਹੀ 4 ਗਰਲਫ੍ਰੈਂਡਜ਼ ਹਨ ਅਤੇ ਉਹ ਸ਼ਰਾਬ ਦਾ ਆਦੀ ਹੈ।

ਪਰਿਵਾਰਕ ਦਬਾਅ: ਉਸ ਨੇ ਰੇਹਾਨਾ ਨੂੰ ਦੱਸਿਆ ਕਿ ਉਸ ਦੇ ਪਿਤਾ ਨੇ ਉਸ ਨੂੰ ਇਸ ਵਿਆਹ ਲਈ ਮਜਬੂਰ ਕੀਤਾ ਸੀ।

ਪਰਿਵਾਰ ਦੇ ਇਲਜ਼ਾਮ ਅਤੇ ਪੁਲਿਸ ਕਾਰਵਾਈ-ਰੇਹਾਨਾ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸ਼ਾਹਜਹਾਂ ਦੇ ਅਚਾਨਕ ਬਦਲੇ ਵਿਵਹਾਰ ਕਾਰਨ ਰੇਹਾਨਾ ਡੂੰਘੇ ਡਿਪਰੈਸ਼ਨ ਵਿੱਚ ਚਲੀ ਗਈ ਸੀ। ਬੁੱਧਵਾਰ ਨੂੰ ਉਸ ਦੀ ਲਾਸ਼ ਘਰ ਵਿੱਚੋਂ ਬਰਾਮਦ ਹੋਈ। ਮ੍ਰਿਤਕਾ ਦੇ ਪਿਤਾ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਿਸ ਨੇ ਮੁੱਖ ਮੁਲਜ਼ਮ ਸ਼ਾਹਜਹਾਂ ਅਤੇ ਉਸ ਦੇ ਮਾਤਾ-ਪਿਤਾ (ਐਮ. ਵੀਰਈਆ ਤੇ ਐਮ. ਵਹੀਦਾ) ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਸਾਰੇ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਨਿਆਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ।

# ਦਿਵਯ ਜੋਤੀ ਜਾਗ੍ਰਤੀ ਸੰਸਥਾਨ (ਦਿੱਲੀ) ਨਾਲ ਸੰਘ ਪਰਿਵਾਰ ਨਾਲ ਕੀ ਸਬੰਧ ਹੈ ?

ਦਿਵਯ ਜੋਤੀ ਜਾਗ੍ਰਤੀ ਸੰਸਥਾਨ, ਜਿਸਦਾ ਮੁੱਖ ਦਫ਼ਤਰ ਦਿੱਲੀ ਵਿੱਚ ਹੈ ਅਤੇ ਪੰਜਾਬ ਦੇ ਨੂਰਮਹਿਲ ਵਿੱਚ ਵੱਡਾ ਡੇਰਾ ਹੈ, ਦਾ ਸਿਆਸੀ ਅਤੇ ਧਾਰਮਿਕ ਇਤਿਹਾਸ ਕਾਫੀ ਵਿਵਾਦਪੂਰਨ ਰਿਹਾ ਹੈ। ਇਸ ਸੰਸਥਾ ਦੇ ਸੰਘ ਪਰਿਵਾਰ ਨਾਲ ਸਬੰਧ ਅਤੇ ਸਿੱਖਾਂ ਨਾਲ ਤਕਰਾਰ ਦੇ ਪਿੱਛੇ ਡੂੰਘੇ ਕਾਰਨ ਹਨ।

ਦਿਵਯ ਜੋਤੀ ਜਾਗ੍ਰਤੀ ਸੰਸਥਾਨ ਅਤੇ ਸੰਘ ਪਰਿਵਾਰ ਵਿਚਕਾਰ ਸਬੰਧ 'ਵਿਚਾਰਧਾਰਕ ਸਾਂਝ' ਅਤੇ 'ਵੋਟ ਰਾਜਨੀਤੀ' 'ਤੇ ਟਿਕੇ ਹੋਏ ਹਨ। ਦਿਵਯ ਜੋਤੀ ਜਾਗ੍ਰਤੀ ਸੰਸਥਾਨ ਖੁਦ ਨੂੰ 'ਸਨਾਤਨ ਧਰਮ' ਦਾ ਪ੍ਰਚਾਰਕ ਦੱਸਦਾ ਹੈ। ਸੰਘ ਪਰਿਵਾਰ ਦੀ 'ਹਿੰਦੂਤਵ' ਅਤੇ 'ਅਖੰਡ ਭਾਰਤ' ਦੀ ਸੋਚ ਨਾਲ ਇਸ ਡੇਰੇ ਦੀਆਂ ਕਈ ਗਤੀਵਿਧੀਆਂ ਮੇਲ ਖਾਂਦੀਆਂ ਹਨ।

ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਦੇ ਕਈ ਵੱਡੇ ਨੇਤਾ ਅਕਸਰ ਨੂਰਮਹਿਲ ਡੇਰੇ ਵਿੱਚ ਨਤਮਸਤਕ ਹੁੰਦੇ ਰਹੇ ਹਨ। ਡੇਰੇ ਦਾ ਇੱਕ ਵੱਡਾ ਵੋਟ ਬੈਂਕ ਹੈ, ਜਿਸ ਕਾਰਨ ਭਾਜਪਾ ਅਤੇ ਸੰਘ ਇਸ ਨੂੰ ਆਪਣੇ ਪ੍ਰਭਾਵ ਹੇਠ ਰੱਖਣਾ ਚਾਹੁੰਦੇ ਹਨ।

ਸੁਰੱਖਿਆ ਅਤੇ ਸਹੂਲਤਾਂ: ਆਸ਼ੂਤੋਸ਼ ਮਹਾਰਾਜ ਦੇ 'ਕਲੀਨੀਕਲ ਡੈਥ' (2014) ਤੋਂ ਬਾਅਦ, ਉਨ੍ਹਾਂ ਦੀ ਦੇਹ ਨੂੰ ਫ੍ਰੀਜ਼ਰ ਵਿੱਚ ਰੱਖਣ ਅਤੇ ਡੇਰੇ ਦੀ ਸੁਰੱਖਿਆ ਨੂੰ ਲੈ ਕੇ ਸਰਕਾਰਾਂ (ਖਾਸ ਕਰਕੇ ਜਿੱਥੇ ਭਾਜਪਾ ਦਾ ਪ੍ਰਭਾਵ ਰਿਹਾ)




ਦਾ ਰਵੱਈਆ ਨਰਮ ਰਿਹਾ ਹੈ।

ਸਿੱਖ ਜਥੇਬੰਦੀਆਂ ਅਤੇ ਦਿਵਯ ਜੋਤੀ ਜਾਗ੍ਰਤੀ ਸੰਸਥਾਨ ਵਿਚਕਾਰ ਟਕਰਾਅ ਬਹੁਤ ਪੁਰਾਣਾ ਹੈ, ਜਿਸ ਨੇ ਕਈ ਵਾਰ ਹਿੰਸਕ ਰੂਪ ਵੀ ਲਿਆ। ਸਿੱਖ ਧਰਮ ਵਿੱਚ 'ਗੁਰੂ ਮਾਨਿਓ ਗ੍ਰੰਥ' ਦੇ ਸਿਧਾਂਤ ਅਨੁਸਾਰ ਸਿਰਫ਼ ਸ਼ਬਦ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਨੂੰ ਹੀ ਮਾਨਤਾ ਹੈ। ਆਸ਼ੂਤੋਸ਼ ਮਹਾਰਾਜ ਵੱਲੋਂ ਖੁਦ ਨੂੰ 'ਗੁਰੂ' ਵਜੋਂ ਪੇਸ਼ ਕਰਨਾ ਅਤੇ ਸਿੱਖਾਂ ਨੂੰ ਆਪਣਾ ਚੇਲਾ ਬਣਾਉਣਾ ਸਿੱਖ ਰਹਿਤ ਮਰਯਾਦਾ ਦੇ ਉਲਟ ਮੰਨਿਆ ਜਾਂਦਾ ਹੈ। ਸਿੱਖ ਜਥੇਬੰਦੀਆਂ ਦਾ ਇਲਜ਼ਾਮ ਰਿਹਾ ਹੈ ਕਿ ਆਸ਼ੂਤੋਸ਼ ਮਹਾਰਾਜ ਅਤੇ ਉਨ੍ਹਾਂ ਦੇ ਪ੍ਰਚਾਰਕ ਗੁਰਬਾਣੀ ਦੀਆਂ ਤੁਕਾਂ ਦੀ ਗਲਤ ਵਿਆਖਿਆ ਕਰਦੇ ਸਨ। ਉਹ ਗੁਰਬਾਣੀ ਦੇ ਸ਼ਬਦਾਂ ਨੂੰ ਹਿੰਦੂ ਮਿਥਿਹਾਸ ਅਤੇ ਆਸ਼ੂਤੋਸ਼ ਮਹਾਰਾਜ ਦੀ ਮਹਿਮਾ ਨਾਲ ਜੋੜ ਕੇ ਪੇਸ਼ ਕਰਦੇ ਸਨ, ਜਿਸ ਨੂੰ ਸਿੱਖਾਂ ਨੇ 'ਬੇਅਦਬੀ' ਅਤੇ ਸਿੱਖ ਧਰਮ ਦੇ 'ਹਿੰਦੂਕਰਨ' ਦੀ ਕੋਸ਼ਿਸ਼ ਵਜੋਂ ਦੇਖਿਆ।

ਇਸ ਤਕਰਾਰ ਦਾ ਸਭ ਤੋਂ ਖ਼ੌਫ਼ਨਾਕ ਮੋੜ 2009 ਵਿੱਚ ਆਇਆ ਜਦੋਂ ਲੁਧਿਆਣਾ ਵਿੱਚ ਡੇਰੇ ਦੇ ਇੱਕ ਪ੍ਰੋਗਰਾਮ ਦਾ ਵਿਰੋਧ ਕਰ ਰਹੇ ਸਿੱਖ ਪ੍ਰਦਰਸ਼ਨਕਾਰੀਆਂ 'ਤੇ ਗੋਲੀ ਚੱਲੀ। ਇਸ ਵਿੱਚ ਇੱਕ ਸਿੱਖ (ਭਾਈ ਦਰਸ਼ਨ ਸਿੰਘ ਲੋਹਾਰਾ) ਸ਼ਹੀਦ ਹੋ ਗਏ ਸਨ। ਇਸ ਘਟਨਾ ਤੋਂ ਬਾਅਦ ਪੰਜਾਬ ਵਿੱਚ ਡੇਰੇ ਵਿਰੁੱਧ ਗੁੱਸਾ ਸਿਖਰਾਂ 'ਤੇ ਪਹੁੰਚ ਗਿਆ।

ਸਿੱਖ ਪ੍ਰਚਾਰਕਾਂ ਦਾ ਮੰਨਣਾ ਹੈ ਕਿ ਦਿਵਯ ਜੋਤੀ ਜਾਗ੍ਰਤੀ ਸੰਸਥਾਨ ਆਪਣੇ ਸਮਾਗਮਾਂ ਵਿੱਚ ਸਿੱਖ ਧਰਮ ਦੇ ਪ੍ਰਸੰਗਾਂ ਨੂੰ ਇਸ ਤਰ੍ਹਾਂ ਪੇਸ਼ ਕਰਦਾ ਸੀ ਜਿਵੇਂ ਉਹ ਸਨਾਤਨ ਧਰਮ ਦਾ ਹੀ ਹਿੱਸਾ ਹੋਣ, ਜਿਸ ਨੂੰ ਸਿੱਖ ਆਪਣੀ ਵੱਖਰੀ ਹੋਂਦ 'ਤੇ ਹਮਲਾ ਮੰਨਦੇ ਹਨ।

ਆਸ਼ੂਤੋਸ਼ ਮਹਾਰਾਜ ਜਨਵਰੀ 2014 ਤੋਂ 'ਗਹਿਰੀ ਸਮਾਧੀ' (ਮੈਡੀਕਲ ਭਾਸ਼ਾ ਵਿੱਚ ਮੌਤ) ਵਿੱਚ ਹਨ। ਉਨ੍ਹਾਂ ਦੀ ਦੇਹ ਨੂੰ ਡੇਰੇ ਅੰਦਰ ਫ੍ਰੀਜ਼ਰ ਵਿੱਚ ਰੱਖਿਆ ਗਿਆ ਹੈ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਹ ਕੁਦਰਤ ਦੇ ਨਿਯਮਾਂ ਦਾ ਅਪਮਾਨ ਹੈ, ਜਦਕਿ ਡੇਰਾ ਇਸ ਨੂੰ ਸ਼ਰਧਾ ਦਾ ਮਾਮਲਾ ਦੱਸਦਾ ਹੈ।

ਸਰਕਾਰੀ ਸੁਰੱਖਿਆ: ਸਰਕਾਰਾਂ ਨੇ ਅਮਨ-ਕਾਨੂੰਨ ਦੀ ਸਥਿਤੀ ਨੂੰ ਦੇਖਦਿਆਂ ਡੇਰੇ ਦੀ ਸੁਰੱਖਿਆ ਵਧਾਈ ਹੋਈ ਹੈ। ਸਿੱਖਾਂ ਦਾ ਰੋਸ ਹੈ ਕਿ ਸਰਕਾਰ ਇੱਕ ਅਜਿਹੀ ਸੰਸਥਾ ਦੀ ਪੁਸ਼ਤਪਨਾਹੀ ਕਰ ਰਹੀ ਹੈ ਜੋ ਸਿੱਖ ਸਿਧਾਂਤਾਂ ਨੂੰ ਚੁਣੌਤੀ ਦਿੰਦੀ ਹੈ।

ਦਿਵਯ ਜੋਤੀ ਜਾਗ੍ਰਤੀ ਸੰਸਥਾਨ ਨੂੰ ਮਿਲਿਆ ਐਫਸੀਆਰਏ ਲਾਇਸੈਂਸ ਇਹ ਦਰਸਾਉਂਦਾ ਹੈ ਕਿ ਕੇਂਦਰ ਸਰਕਾਰ ਦੀਆਂ ਨਜ਼ਰਾਂ ਵਿੱਚ ਇਹ ਸੰਸਥਾ 'ਭਰੋਸੇਯੋਗ' ਹੈ। ਪਰ ਪੰਜਾਬ ਦੇ ਸੰਦਰਭ ਵਿੱਚ, ਇਹ ਸੰਸਥਾ ਹਮੇਸ਼ਾ ਪੰਥਕ ਜਥੇਬੰਦੀਆਂ ਦੇ ਨਿਸ਼ਾਨੇ 'ਤੇ ਰਹੀ ਹੈ ਕਿਉਂਕਿ ਇਸ ਨੂੰ ਸਿੱਖੀ ਦੀ ਮੌਲਿਕਤਾ ਨੂੰ ਖੋਰਾ ਲਾਉਣ ਵਾਲੇ ਇੱਕ 'ਸਰਕਾਰੀ ਸਾਧ' ਦੇ ਅਦਾਰੇ ਵਜੋਂ ਦੇਖਿਆ ਜਾਂਦਾ ਹੈ।

# ★ ਮਿੰਨੀ ਕਹਾਣੀਆਂ ★

## ਜ਼ਿੰਦਗੀ ਦੇ ਅਰਥ

ਜੂਨ ਦੇ ਮਹੀਨੇ ਦੀ ਤਿੱਖੜ ਦੁਪਹਿਰ ਸੀ। ਹਵਾ ਬੰਦ ਸੀ। ਅਸਮਾਨ 'ਚ ਬੱਦਲਾਂ ਦੇ ਲੰਗਾਰ ਸੂਰਜ ਤੋਂ ਪਾਸੇ ਖੜੇ ਸਨ। ਦੋ ਘੰਟਿਆਂ, ਤੋਂ ਦੋਵੇ ਮਾਂ-ਪੁੱਤ ਮੱਝ ਲਈ ਨਰਮੇ ਦੇ ਖੇਤ 'ਚੋਂ ਇੱਸਿਟ-ਘਾਹ ਖੋਤ ਰਹੇ ਸਨ। ਇਕ ਅੱਖੜ ਮੱਝ ਦੋਵਾਂ ਜਾਂ ਪੁੱਤਾਂ ਦੀ ਰੋਟੀ ਦਾ ਸਾਧਨ ਸੀ। ਜਿਸਦਾ ਦੋ ਕਿਲੋ ਦੁੱਧ ਵੇਚਕੇ ਉਹ ਹਰ ਰੋਜ਼ ਦੀ ਰੋਟੀ ਦਾ ਆਹਰ ਕਰਦੇ ਸਨ। ਬੁੱਢੀ ਮਾਂ ਥੱਕਕੇ ਵੱਟ ਦੇ ਕਿਨਾਰੇ ਇਕ ਛੋਟੀ ਜਿਹੀ ਬੇਰੀ ਥੱਲੇ ਬੈਠ ਗਈ ਪਰ ਅਠਾਰਾਂ ਵਰਿਆਂ ਦਾ ਪੁੱਤਰ ਘਾਹ ਖੋਤ ਰਿਹਾ ਸੀ। ਪਸੀਨਾ ਚੋਅ-ਚੋਅ ਕੇ ਉਸਦੇ ਕਣਕ ਵੰਨੇ ਰੰਗ 'ਚ ਘੁੱਲਦਾ ਜਾ ਰਿਹਾ ਸੀ। ਗਲ ਪਾਟਿਆ ਜਾਮਾ ਭਿੱਜ ਕੇ ਜਿਸਮ ਨਾਲ ਚਿਪਕ ਗਿਆ ਸੀ ਤੇ ਇਕ ਖੱਟੀ-ਖੱਟੀ ਹਵਾੜ ਆ ਰਹੀ ਸੀ।

ਪਰੇ ਸੜਕ ਤੋਂ ਦੂਰ ਹਵੇਲੀ ਵਾਲੇ ਸਰਦਾਰ ਦੇ ਦੋਵੇਂ ਮੁੰਡੇ ਸਕੂਟਰ ਤੇ ਸ਼ਹਿਰੋਂ ਪੜਕੇ ਮੁੜ ਰਹੇ ਸਨ। ਕਾਲੀਆਂ ਐਨਕਾ ਫਿੱਟ ਕੱਪੜਿਆਂ 'ਚ ਉਨਾਂ ਦਾ ਗੋਰਾ-ਗੋਰਾ ਸਰੀਰ ਝਲਕ ਰਿਹਾ ਸੀ। ਦੋਵੇਂ ਭਰਾ ਆਪਸ 'ਚ ਗੱਲਾਂ ਕਰਦੇ ਖਿੜ-ਖਿੜ ਹੱਸਦੇ ਕੋਲੋਂ ਦੀ ਗੁਜ਼ਰ ਗਏ। ਘਾਹ ਖੋਤ ਰਿਹਾ ਮੁੰਡਾ ਨੀਝ ਲਾਕੇ ਕਿੰਨਾ ਚਿਰ ਉਨਾਂ ਜਾਂਦਿਆਂ ਨੂੰ ਦੇਖਦਾ ਰਿਹਾ। ਪਸੀਨਾ ਉਸਦੇ ਸਿਰ ਤੋਂ ਲੈ ਕੇ ਪੈਰਾ ਤਾਂਈ ਚੋਅ ਰਿਹਾ ਸੀ। ਭੁਹੀ ਵਿਚ ਥਕਾਵਟ ਦੀਆਂ ਪੀੜਾਂ ਪੈ ਰਹੀਆਂ ਸਨ ਅਤੇ ਢਿੱਡ 'ਚ ਭੁੱਖ ਤਰੀੜਾਂ ਪਾ ਰਹੀ ਸੀ। ਹੁਣ ਤੱਕ ਸਵੇਰ ਦੀ ਚਾਹ ਨਾਲ ਇਕ ਰੋਟੀ ਰਾਤ ਦੀ ਬਚੀ ਹੋਈ ਬੇਹੀ ਰੁੱਖੀ ਨਸੀਬ ਹੋਈ ਸੀ। ਇਕ ਚੱਕਰ ਜਿਹਾ ਆਇਆ ਅਤੇ ਉਸਨੂੰ ਲੱਗਾ ਕਿ ਉਹ ਹੁਣ ਡਿੱਗ ਪਵੇਗਾ। ਉਹ ਉੱਠਿਆ ਤੇ ਕਾਹਲੀ-ਕਾਹਲੀ ਨਾਲ ਮਾਂ ਕੋਲ ਜਾ ਕੇ ਬੈਠ ਗਿਆ। ਫਿਰ ਟਾਕੀਆਂ ਲੱਗੇ ਝੱਗੇ ਨਾਲ ਮੂੰਹ ਨੂੰ ਹਵਾ ਦੇਣ ਲੱਗ ਪਿਆ। ਉਸਦਾ ਜੀ ਕੀਤਾ ਕਿ ਛਾਵੇਂ ਲੰਮਾ ਪੈ ਜਾਵੇ। ਮਾਂ "ਜਵਾਨੀ ਕੀ ਹੁੰਦੀ ਐ ਤੇ ਜ਼ਿੰਦਗੀ ਦੇ ਕੀ ਅਰਥ ਹੁੰਦੇ ਹਨ ?"

ਮਾਂ ਨੇ ਝੁਰੜੀਆਂ ਭਰੇ ਚਿਹਰੇ ਨਾਲ ਪੁੱਤਰ ਵੱਲ ਵੇਖਿਆ ਤੇ ਫਿਰ ਬੋਲੀ, "ਪੁੱਤ ! ਜਦੋਂ ਮੱਲੋ-ਮੱਲੀ ਹਾਸਾ ਆਵੇ ਤਾਂ ਉਹ ਜਵਾਨੀ ਹੁੰਦੀ ਹੈ ਤੇ ਜਦੋਂ ਸਰੀਰ ਦੇ ਸਾਰੇ ਅੰਗ ਠੀਕ ਠਾਕ ਕੰਮ ਕਰਨ ਤਾਂ ਉਹ ਵਧੀਆ ਜ਼ਿੰਦਗੀ ਹੁੰਦੀ ਐ।"

ਪੁੱਤਰ ਦੇ ਮੂੰਹ ਤੇ ਜਿਵੇਂ ਸਾਰੀ ਦੁਨੀਆਂ ਦਾ ਦਰਦ ਇਕੱਠਾ ਹੋ ਗਿਆ ਹੋਵੇ। ਉਸਨੇ ਅੱਖਾਂ ਭਰਕੇ ਕਿਹਾ, "ਮਾਂ ! ਹਾਸਾ ਤਾਂ ਮੈਨੂੰ ਵੀ ਪਿਛਲੇ ਸਾਲ ਨਹੀਂ ਸੀ ਆਇਆ।" ਉਸਨੇ ਕੂਹਣੀ ਤੱਕ ਕੱਟੀ ਬਾਹ ਨੂੰ ਦੂਜੇ ਹੱਥ ਨਾਲ ਪਲੋਸਦੇ ਹੋਏ ਕਿਹਾ। ਉਸਨੂੰ ਇੰਝ ਲੱਗਾ ਜਿਵੇਂ ਉਸਤੋਂ ਜ਼ਿੰਦਗੀ ਦੀ ਝਲਕ ਗੁਆਚ ਗਈ ਹੋਵੇ। ਆਪਣੇ ਗਮਾਂ ਦੇ ਅਰਥਾਂ ਦੀ ਕੁਝ-ਕੁਝ ਸਮਝ ਆਉਣ ਲੱਗ ਪਈ ਹੋਵੇ। ਉਹ ਉੱਠਿਆ ਤੇ ਘਾਹ ਖੋਤਣ ਲਈ ਰੰਬਾ ਚੁੱਕਿਆ ਪਰ ਅਚਾਨਕ ਹੀ ਰੰਗਾ ਉਸਦੇ ਹੱਥ 'ਚੋਂ ਛੁੱਟ ਗਿਆ ਤੇ ਪੈਰ ਦੇ ਅੰਗੂਠੇ ਤੇ ਵੱਜਿਆ ਤੇ ਲਹੂ ਦੀ ਤਿੱਖੀ ਤਤੀਰ ਫੁਹਾਰੇ ਵਾਂਗ ਵਹਿ ਤੁਰੀ। ਮੁੰਡੇ ਨੇ ਦੰਦਾ ਵਿਚ ਜੀਭ ਘੁੱਟ ਲਈ ਤੇ ਕੋਈ ਪੀੜ ਉਸਦੇ ਧੁਰ ਦਿਲ ਤੱਕ ਚੀਕਦੀ ਜਾ ਰਹੀ। ਧੁੱਪ ਅਜੇ ਵੀ ਧਰਤੀ ਦਾ ਪਿੰਡਾ ਲੂਹ ਰਹੀ ਸੀ ਤੇ ਸਰਦਾਰਾਂ ਦੀ ਹਵੇਲੀ ਤੇ ਲੱਗਾ ਐਟੀਨਾ ਤਾਰੇ ਵਾਂਗ ਧੁੱਪ ਵਿਚ ਲਿਸ਼ਕ ਰਿਹਾ ਸੀ।

-ਗੁਰਮੇਲ ਬੇਡੇ

## ਡਾਂਸਰ

ਸਰਬ ਆਪਣੀ ਰਿਸ਼ਤੇਦਾਰੀ ਵਿੱਚ ਵਿਆਹ ਵੇਖਣ ਗਿਆ ਸੀ। ਪੈਲਸ ਵਿੱਚ ਬਰਾਤ ਗਈ। ਸਾਰੇ ਰਿਸ਼ਤੇਦਾਰ ਤੇ ਹੋਰ ਯਾਰ ਦੋਸਤ ਇਕੱਠੇ ਹੋਏ ਸਨ। ਕਾਫੀ ਰੌਣਕ ਸੀ। ਸ਼ਰਾਬ ਵੀ ਚੱਲ ਰਹੀ ਸੀ। ਸਰਬ ਆਪਣੇ ਦੋਸਤਾ ਨਾਲ ਬੈਠ ਕੇ ਸ਼ਰਾਬ ਪੀ ਰਿਹਾ ਸੀ। ਸਟੇਜ ਤੇ ਸਾਹਮਣੇ ਡਾਸਰਾਂ ਨੱਚ ਰਹੀਆਂ ਸਨ। ਤਿੰਨ ਚਾਰ ਪੈੱਗ ਲਾਉਣ ਤੋਂ ਬਾਅਦ ਸਰਬ ਦੋਸਤਾਂ ਨਾਲ ਜਾ ਕੇ ਡਾਸਰਾਂ ਨਾਲ ਨੱਚਣ ਲੱਗ ਪਿਆ। ਸ਼ਰਾਬ ਦੇ ਨਸ਼ੇ ਵਿੱਚ ਕਦੇ ਡਾਸਰ ਦੀ ਬਾਹ ਫੜ ਕੇ ਨੱਚਦਾ ਨੱਚਦਾ ਸੈਲਫੀਆਂ ਲੈ ਰਿਹਾ ਸੀ ਤੇ ਕਦੇ ਗਲਤ ਹਰਕਤਾਂ ਕਰ ਰਿਹਾ ਸੀ।

ਸ਼ਾਮ ਨੂੰ ਬਰਾਤ ਘਰ ਆ ਗਈ। ਸ਼ਰਾਬ ਦਾ ਨਸ਼ਾ ਪਹਿਲਾਂ ਹੀ ਬਹੁਤ ਸੀ। ਘਰ ਆ ਕੇ ਹੋਰ ਪੀ ਲਈ। ਰੋਟੀ ਖਾ ਕੇ ਸਾਰੇ ਜਾਣੇ ਲੱਗ ਪਏ ਇੱਕ ਦੂਜੇ ਨਾਲ ਗੱਲਾਂ ਬਾਤਾਂ ਕਰਨ।. ਨਿੱਕੇ ਨਿੱਕੇ ਬੱਚੇ ਵੀ ਬੈਠੇ ਸਨ। ਸਰਬ ਨੇ ਬੱਚਿਆਂ ਨੂੰ ਪੁੱਛਿਆ ਕਿ ਸਾਰੇ ਦੱਸੋ ਵੱਡੇ ਹੋ ਕੇ ਬਣੋਗੇ। ਕਿਸੇ ਨੇ ਕਿਹਾ ਪੁਲਿਸ ਕਿਸੇ ਨੇ ਕਿਹਾ ਟੀਚਰ, ਡਾਕਟਰ, ਛੋਟਾ ਭੀਮ, ਸਾਰੇ ਬੱਚਿਆਂ ਨੇ ਜਵਾਬ ਦਿੱਤਾ।

ਹੁਣ ਸਰਬ ਨੇ ਆਪਣੀ 4 ਕੁ ਸਾਲ ਦੀ ਬੇਟੀ ਪਰੀਤ ਨੂੰ ਪੁੱਛਿਆ ਮੇਰੀ ਪਿਆਰੀ ਬੇਟੀ ਪਰੀਤ ਵੱਡੀ ਹੋ ਕੇ ਕੀ ਬਣੇਗੀ। ਪਰੀਤ ਨੇ ਕਿਹਾ ਪਾਪਾ ਮੈਂ ਵੱਡੀ ਹੋ ਕੇ ਡਾਂਸਰ ਬਣਾਗੀ। ਏਨਾ ਸੁਣਦੇ ਹੀ ਸਰਬ ਦੀ ਸਾਰੀ ਪੀਤੀ ਲੱਥ ਗਈ। ਸਾਰੇ ਪਰੀਤ ਨੂੰ ਝਿੜਕਨ ਲੱਗ ਪਏ। ਸਰਬ ਨੀਵੀਂ ਪਾ ਕੇ ਉੱਠ ਕੇ ਹੌਲੀ ਹੌਲੀ ਕੋਠੇ ਤੇ ਚੜ ਗਿਆ ਤੇ ਜੇਬ ਚੋਂ ਮੋਬਾਇਲ ਕੱਢ ਕੇ ਡਾਂਸਰ ਨਾਲ ਖਿੱਚੀਆਂ ਸੈਲਫੀਆਂ ਡਿਲੀਟ ਕਰਨ ਲੱਗ ਪਿਆ।

-ਪ੍ਰਤਾਪ ਸਿੰਘ ਕੁੜੀਵਲਾਹ

## ਸਵਾਲ

ਅਮਿਤ ਦਾ ਨੰਬਰ ਆਉਂਦਿਆਂ ਹੀ ਉਹ ਇੰਟਰਵਿਊ ਵਾਲੇ ਕਮਰੇ ਵਿੱਚ ਚਲਾ ਗਿਆ। ਚੋਣ ਕਮੇਟੀ ਦੇ ਚੇਅਰਮੈਨ ਨੇ ਵਾਰੀ-ਵਾਰੀ ਕਈ ਸਵਾਲ ਅਮਿਤ ਤੋ ਪੁੱਛੇ। "ਬਈ ਤੂੰ ਤਾਂ ਸਾਰੇ ਸਵਾਲਾਂ ਦੇ ਜਵਾਬ ਸਹੀ ਦਿੱਤੇ ਹਨ। ਬੱਸ ਇੱਕ ਹੀ ਸਵਾਲ ਹੈ ਜੇ ਤੂੰ ਉਸ ਦਾ ਵੀ ਠੀਕ ਜਵਾਬ ਦੇ ਦਿੱਤਾ ਤਾਂ ਤੇਰੀ ਨੌਂਕਰੀ ਪੱਕੀ।" ਚੇਅਰਮੈਨ ਨੇ ਖੁਸ਼ੀ ਨਾਲ ਕਿਹਾ।

ਅਮਿਤ ਨੇ ਮੁਸਕਰਾਉਂਦਿਆਂ ਪੁੱਛਿਆ, "ਜੀ ਉਹ ਕਿਹੜਾ ਸਵਾਲ ਹੈ ?" ਚੋਣ ਕਮੇਟੀ ਦੇ ਚੇਅਰਮੈਨ ਨੇ ਅੰਗੂਠੇ ਨੂੰ ਚਾਰ ਉਂਗਲਾਂ ਤੇ ਘੁਮਾਣਾ ਸ਼ੁਰੂ ਕਰ ਦਿੱਤਾ। ਅਮਿਤ ਨੇ ਹੈਰਾਨੀ ਨਾਲ ਕਿਹਾ, "ਜੀ ਮੈਂ ਸਮਝਿਆ ਨਹੀਂ।" ਉਹਨਾਂ ਨੇ ਫਿਰ ਤੋਂ ਆਪਣੇ ਹੱਥ ਦੀਆਂ ਚਾਰ ਉਂਗਲਾਂ 'ਤੇ ਅੰਗੂਠੇ ਨੂੰ ਤੇਜ਼ੀ ਨਾਲ ਘੁਮਾਉਣਾ ਸ਼ੁਰੂ ਕਰ ਦਿੱਤਾ।

"ਪਲੀਜ਼, ਜੀ ਜ਼ਰਾ ਵਿਸਥਾਰ ਨਾਲ ਦੱਸੋ, ਮੈਂ ਅਜੇ ਵੀ ਨਹੀਂ ਸਮਝਿਆ।" ਚੇਅਰਮੈਨ ਨੇ ਛਿੱਥੇ ਪੈਂਦਿਆਂ ਕਿਹਾ, "ਓਏ, ਜੇ ਇੰਨੀ ਗੱਲ ਨਹੀਂ ਸਮਝ ਸਕਦਾ ਤਾਂ ਨੌਂਕਰੀ ਸੁਆਹ ਦੀ ਕਰੇਂਗਾ।" ਤੇ ਉਨ੍ਹਾਂ ਨੇ ਅਗਲਾ ਨੰਬਰ ਬੋਲ ਦਿੱਤਾ।

ਮਨਪ੍ਰੀਤ ਕੌਰ ਭਾਟੀਆ

# ਬੇਅਦਬੀ ਕਾਨੂੰਨ ਨੇ ਡਰ ਪੈਦਾ ਕੀਤਾ ਹੈ, ਨਹੀਂ ਹੈ ਸਿੱਖ ਪੰਥ ਦੇ ਹਿਤ ਵਿਚ



**ਕਿਰਨਜੋਤ ਕੌਰ**
(ਮੈਂਬਰ, ਐਸ.ਜੀ.ਪੀ.ਸੀ.)

ਸ਼੍ਰੋਮਣੀ ਕਮੇਟੀ ਮੈਂਬਰ ਕਿਰਨਜੋਤ ਕੌਰ ਸਿੱਖ ਲੀਡਰ ਹੀ ਨਹੀਂ, ਬੋਧਿਕ ਸਿਖ ਸਿਧਾਂਤਕਾਰ ਹਨ। ਇਸਤਰੀ ਜਗਤ ਵਿਚੋਂ ਇਹ ਅਗਵਾਈ ਸਿੱਖ ਪੰਥ ਲਈ ਮਾਣ ਵਾਲੀ ਗਲ ਹੈ। ਉਹਨਾਂ ਬੇਅਦਬੀ ਕਨੂੰਨ ਵਿਰੁਧ ਅਵਾਜ਼ ਉਠਾਈ ਕਿ ਇਹ ਨਾ ਸਿੱਖ ਪੰਥ ਦੇ ਹਿਤ ਵਿਚ ਹੈ, ਨਾ ਜਾਗਤਿ ਜੋਤਿ ਗੁਰੂ ਗ੍ਰੰਥ ਸਾਹਿਬ ਦੀ ਰਬੀ ਅਥਾਰਟੀ ਦੇ ਹਕ ਵਿਚ ਹੈ। ਹੁਣੇ ਜਿਹੇ ਅੰਗਰੇਜ਼ੀ ਟਿਰਬਿਊਨ ਵਿਚ ਛਪੇ ਆਰਟੀਕਲ ਵਿਚ ਉਹਨਾਂ ਬਹੁਤ ਸਪੱਸ਼ਟਤਾ ਨਾਲ ਸਿੱਖ ਜਗਤ ਦਾ ਬੇਅਦਬੀ ਕਨੂੰਨ ਦੀ ਗਲਤੀਆਂ ਵਲ ਧਿਆਨ ਦਿਵਾਇਆ ਹੈ। ਹੈਰਾਨੀ ਇਸ ਗਲ ਦੀ ਹੈ ਕਿ ਸਾਧ, ਸੰਤ, ਸ਼੍ਰੋਮਣੀ ਕਮੇਟੀ ਇਸ ਕਨੂੰਨ ਦੇ ਹਕ ਵਿਚ ਖਲੋਤੀ ਹੈ। ਸਮਾਣਾ ਮੋਰਚਾ ਆਪ ਗੁਰੂ ਗ੍ਰੰਥ ਸਾਹਿਬ ਦੀ ਅਥਾਰਟੀ ਬਾਰੇ ਅਨਜਾਣ ਸੀ ਜਿੰਨਾਂ ਦੇ ਮਨ ਵਿਚ ਗੁਰੂ ਗ੍ਰੰਥ ਸਾਹਿਬ ਗੁਰੂ ਜੋਤਿ ਸ਼ਬਦ ਗੁਰੂ ਦੀ ਥਾਂ ਪ੍ਰਗਟ ਗੁਰੂ ਦੀ ਦੇਹ ਹੈ ਜੋ ਕਿ ਪੰਡਤਾਊ ਬਿਰਤੀ ਹੈ, ਗੁਰੂ ਵਿਰੋਧੀ ਫਲਸਫਾ ਹੈ। ਪੇਸ਼ ਹੈ ਬੀਬੀ ਕਿਰਨਜੋਤ ਕੌਰ ਦਾ ਆਰਟੀਕਲ। -ਸੰਪਾਦਕ

'ਜਾਗਤਿ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026', ਜੋ ਹਾਲ ਹੀ ਵਿੱਚ ਪੰਜਾਬ ਵਿਧਾਨ ਸਭਾ ਦੁਆਰਾ ਪਾਸ ਕੀਤਾ ਗਿਆ ਹੈ, ਨੇ ਸਿੱਖਾਂ ਦੇ ਇੱਕ ਹਿੱਸੇ ਵਿੱਚ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ। ਇਸ ਦੇ ਮੂਲ ਵਿੱਚ ਇੱਕ ਬੁਨਿਆਦੀ ਸਵਾਲ ਹੈ-ਕੀ ਗੁਰੂ ਗ੍ਰੰਥ ਸਾਹਿਬ ਨਾਲ ਕਿਸੇ ਸਿੱਖ ਦੇ ਨਿੱਜੀ ਅਤੇ ਅਧਿਆਤਮਿਕ ਰਿਸ਼ਤੇ ਨੂੰ ਇੱਕ ਕਾਨੂੰਨੀ ਅਤੇ ਪ੍ਰਸ਼ਾਸਨਿਕ ਢਾਂਚੇ ਦੇ ਅਧੀਨ ਲਿਆਂਦਾ ਜਾਣਾ ਚਾਹੀਦਾ ਹੈ? ਨਵੇਂ ਐਕਟ ਦੀਆਂ ਜੜ੍ਹਾਂ 2015 ਦੀ ਬਰਗਾੜੀ ਬੇਅਦਬੀ ਘਟਨਾ ਨਾਲ ਜੁੜੀਆਂ ਹੋਈਆਂ ਹਨ, ਜਿਸ ਨੇ ਪੂਰੇ ਸੂਬੇ ਵਿੱਚ ਵਿਆਪਕ ਰੋਸ ਪ੍ਰਦਰਸ਼ਨਾਂ ਨੂੰ ਜਨਮ ਦਿੱਤਾ ਸੀ। ਉਸ ਸਮੇਂ ਦੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਸਥਿਤੀ ਨੂੰ ਗਲਤ ਤਰੀਕੇ ਨਾਲ ਨਜਿੱਠਿਆ ਸੀ ਅਤੇ ਇਸ ਦੇ ਸਿਆਸੀ ਨਤੀਜੇ ਅੱਜ ਵੀ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰ ਰਹੇ ਹਨ।

ਯਾਦ ਰਹੇ ਕਿ 2022 ਦੌਰਾਨ ਆਮ ਆਦਮੀ ਪਾਰਟੀ ਸੱਤਾ ਵਿੱਚ ਬਰਗਾੜੀ ਬੇਅਦਬੀ ਮਾਮਲੇ ਵਿੱਚ ਇਨਸਾਫ਼ ਦਿਵਾਉਣ ਦੇ ਵਾਅਦੇ ਨਾਲ ਆਈ ਸੀ। ਕੁੰਵਰ ਵਿਜੇ ਪ੍ਰਤਾਪ ਸਿੰਘ, ਜਿਨ੍ਹਾਂ ਨੇ ਕੋਟਕਪੂਰਾ ਅਤੇ ਬਹਿਬਲ ਕਲਾਂ ਵਿੱਚ ਸ਼ਾਂਤਮਈ ਪ੍ਰਦਰਸ਼ਨਕਾਰੀਆਂ 'ਤੇ ਪੁਲਿਸ ਫਾਇਰਿੰਗ ਦੀ ਜਾਂਚ ਕੀਤੀ ਸੀ, ਨੂੰ ਪਾਰਟੀ ਨੇ ਕੰਵਰ ਨੂੰ ਇਮਾਨਦਾਰ ਨੀਅਤ ਦੇ ਸੰਕੇਤ ਵਜੋਂ ਟਿਕਟ ਦਿੱਤੀ ਸੀ। ਹਾਲਾਂਕਿ, ਭਾਰੀ ਬਹੁਮਤ ਨਾਲ ਸੱਤਾ ਸੰਭਾਲਣ ਤੋਂ ਬਾਅਦ, ਇਹ ਵਾਅਦਾ ਕਿਸੇ ਠੋਸ ਨਤੀਜੇ ਵਿੱਚ ਨਹੀਂ ਬਦਲਿਆ। ਜਾਂਚ ਹੌਲੀ ਹੋ ਗਈ, ਕੇਸ ਪੰਜਾਬ ਤੋਂ ਬਾਹਰ ਭੇਜ ਦਿੱਤੇ ਗਏ ਅਤੇ ਬੇਅਦਬੀ ਬਾਰੇ ਕਈ ਦੋਸ਼ ਅਣਸੁਲਝੇ ਰਹਿ ਗਏ। ਡੇਰਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਵਿਰੁੱਧ ਕੋਈ ਐਫਆਈਆਰ ਦਰਜ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ, ਜਦੋਂ ਕਿ ਇੱਕ ਗਵਾਹ ਸੋਸ਼ਲ ਮੀਡੀਆ 'ਤੇ ਜਨਤਕ ਹੋ ਚੁੱਕਾ ਸੀ। ਜਿਵੇਂ-ਜਿਵੇਂ ਪੰਜਾਬ 2027 ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਨੇੜੇ ਜਾ ਰਿਹਾ ਹੈ, ਸਿਆਸੀ ਬਿਰਤਾਂਤ ਬਦਲ ਗਿਆ ਹੈ। ਬੀ. ਐਸ. ਐਨ. ਐਲ ਟਾਵਰ 'ਤੇ ਬੈਠਾ ਗੁਰਜੀਤ ਸਿੰਘ, ਅਣਸੁਲਝੇ ਬੇਅਦਬੀ ਮਾਮਲਿਆਂ ਵਿਰੁੱਧ ਜਨਤਕ ਗੁੱਸੇ ਨੂੰ ਦਰਸਾਉਣ ਲਈ 'ਆਪ' ਲਈ ਇੱਕ ਸੰਪੂਰਨ ਉਦਾਹਰਣ ਸੀ।

ਜਨਤਕ ਭਾਵਨਾਵਾਂ ਦਾ ਜਵਾਬ ਦਿੰਦਿਆਂ, ਪੰਜਾਬ ਸਰਕਾਰ ਨੇ ਪਹਿਲਾਂ 'ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ, 2025' ਦੀ ਤਜਵੀਜ਼ ਰੱਖੀ ਸੀ। ਪਵਿੱਤਰ ਗ੍ਰੰਥਾਂ ਵਿੱਚ ਗੁਰੂ ਗ੍ਰੰਥ ਸਾਹਿਬ, ਗੀਤਾ, ਕੁਰਾਨ ਅਤੇ ਬਾਈਬਲ ਸ਼ਾਮਲ ਸਨ। ਇਸ ਨੂੰ ਸਿੱਖਾਂ ਵੱਲੋਂ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਦੂਜੇ ਗ੍ਰੰਥਾਂ ਦਾ ਆਪਣੇ-ਆਪਣੇ ਧਰਮਾਂ ਵਿੱਚ ਉਹ ਰੁਤਬਾ ਨਹੀਂ ਹੈ ਜੋ ਸਿੱਖ ਧਰਮ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਹੈ। ਇਸ ਤੋਂ ਇਲਾਵਾ, ਹੋਰ ਧਰਮਾਂ ਅਤੇ ਸੰਪਰਦਾਵਾਂ ਦੀਆਂ ਮੰਗਾਂ ਨੇ ਇਸ ਮੁੱਦੇ ਨੂੰ ਹੋਰ ਉਲਝਾ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਅੰਮ੍ਰਿਤਸਰ ਵਿੱਚ ਸੰਤ ਸਮਾਜ ਨਾਲ ਮੀਟਿੰਗ ਕੀਤੀ ਸੀ ਜਿੱਥੇ ਸੰਤ ਸਮਾਜ ਨੇ ਗੁਰੂ ਗ੍ਰੰਥ ਸਾਹਿਬ ਦੇ ਜੀਵਤ ਗੁਰੂ ਵਜੋਂ ਵਿਲੱਖਣ ਰੁਤਬੇ ਵੱਲ ਇਸ਼ਾਰਾ ਕੀਤਾ ਸੀ। ਪ੍ਰਸਤਾਵਿਤ ਬਿੱਲ ਨੂੰ ਚੁੱਪਚਾਪ ਦਬਾ ਦਿੱਤਾ ਗਿਆ।

13 ਅਪ੍ਰੈਲ, 2026 ਨੂੰ ਭਗਵੰਤ ਮਾਨ ਨੇ ਬਦਲਾਅ ਦਾ ਐਲਾਨ ਕੀਤਾ: ਸਰਕਾਰ ਮੌਜੂਦਾ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008' ਵਿੱਚ ਸੋਧ ਕਰੇਗੀ। ਇਹ ਐਕਟ ਸਿਰਫ ਐਸ. ਜੀ. ਪੀ. ਸੀ. ਨੂੰ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਛਪਾਈ, ਸਟੋਰੇਜ ਅਤੇ ਵੰਡ ਦੇ ਸਾਰੇ ਅਧਿਕਾਰ ਦੇਣ ਦੇ ਉਦੇਸ਼ ਨਾਲ ਪਾਸ ਕੀਤਾ ਗਿਆ ਸੀ। ਹੁਣ ਇਸ ਨੂੰ 'ਹਿਰਾਸਤ, ਸੁਰੱਖਿਆ ਅਤੇ ਅਪਰਾਧਾਂ' ਨੂੰ ਸ਼ਾਮਲ ਕਰਨ ਲਈ ਵਧਾ ਦਿੱਤਾ ਗਿਆ ਹੈ।

ਨਵਾਂ ਐਕਟ ਸਿੱਖ ਧਾਰਮਿਕ ਰਹਿਤ ਮਰਯਾਦਾ ਨੂੰ ਰਾਜ-ਕੰਟਰੋਲ ਨਿਯਮਾਂ ਵਿੱਚ ਬਦਲ ਦਿੰਦਾ ਹੈ। ਵਰਤੀ ਗਈ ਭਾਸ਼ਾ ਅਤੇ ਸ਼ਬਦਾਵਲੀ ਸਿੱਖ ਸਿਧਾਂਤਾਂ ਨੂੰ ਚੁਣੌਤੀ ਦਿੰਦੀ ਹੈ। ਮਾਨ ਨੇ ਬੀੜ ਨੂੰ ਸਰੂਪ ਵਿੱਚ ਬਦਲ ਕੇ ਸੋਧ ਬਿੱਲ ਪੇਸ਼ ਕੀਤਾ। 2009 ਦੇ ਐਕਟ ਵਿੱਚ ਬੀੜ ਸ਼ਬਦ ਹੈ'। ਉਨ੍ਹਾਂ ਨੇ ਅਰਦਾਸ ਤੋਂ ਬਾਅਦ ਹਰ ਗੁਰਦੁਆਰੇ ਵਿੱਚ ਗਾਏ ਜਾਣ ਵਾਲੇ ਦੋਹੇ- "ਗੁਰੂ ਗ੍ਰੰਥ ਜੀ ਮਾਨਯੋ ਪ੍ਰਗਟ ਗੁਰਾਂ ਕੀ ਦੇਹ"-ਦਾ ਹਵਾਲਾ ਦੇ ਕੇ ਇਸ ਨੂੰ ਜਾਇਜ਼ ਠਹਿਰਾਇਆ। ਇਹ ਪੰਗਤੀ ਬੀੜ ਨੂੰ ਵਸਤੂ ਬਣਾਉਣ ਲਈ ਨਹੀਂ ਹੈ, ਸਗੋਂ ਇਹ ਮਰਯਾਦਾ ਦੀ ਪਾਲਣਾ ਕਰਨ ਲਈ ਤੈਅ ਕਰਦੀ ਹੈ। ਇਹ ਪੰਗਤੀ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਨਹੀਂ ਹੈ। ਸੀ.ਐਮ. ਨੇ ਸਰੂਪਾਂ ਦਾ ਹਵਾਲਾ ਦੇਣ ਲਈ 'ਪੰਨੇ' ਦੀ ਬਜਾਏ 'ਅੰਗ' ਸ਼ਬਦ ਦੀ ਵਰਤੋਂ ਕੀਤੀ, ਜੋ ਸਿੱਖ ਸ਼ਬਦਾਵਲੀ ਤੋਂ ਇੱਕ ਹੋਰ ਦੂਰੀ ਹੈ।

ਪਰੰਪਰਾਗਤ ਤੌਰ 'ਤੇ, ਅਸੀਂ ਗੁਰੂ ਗ੍ਰੰਥ ਸਾਹਿਬ ਦੀ ਕਾਪੀ ਨੂੰ 'ਬੀੜ' ਕਹਿੰਦੇ ਹਾਂ ਖ਼ਾਸ ਬੀੜਾਂ ਕਰਤਾਰਪੁਰੀ ਬੀੜ, ਦਮਦਮੀ ਬੀੜ ਲਈ ਬੀੜ ਸ਼ਬਦ ਵਰਤੇ ਜਾਂਦੇ ਹਨ। 'ਬੀੜ' ਦਾ ਅਰਥ ਹੈ ਸੰਕਲਿਤ ਅਤੇ ਇਕੱਠੇ ਬੰਨ੍ਹੇ ਹੋਏ। ਗੁਰੂ ਗ੍ਰੰਥ ਸਾਹਿਬ ਵਿੱਚ ਛੇ ਗੁਰੂ ਸਾਹਿਬਾਨ, ਭਗਤਾਂ ਅਤੇ ਗੁਰਸਿੱਖਾਂ ਦੀ ਬਾਣੀ ਹੈ, ਜੋ ਸਭ ਨੂੰ ਇੱਕ ਬੀੜ ਵਿੱਚ ਸ਼ਾਮਲ ਕਰਦੀ ਹੈ। ਇਹ ਗੁਰੂ ਨਾਨਕ ਦੇਵ ਜੀ ਦੇ 'ਸਬਦੁ ਗੁਰੂ, ਸੁਰਤਿ ਧੁਨਿ ਚੇਲਾ' ਦੇ ਸਿਧਾਂਤ ਨੂੰ ਦਰਸਾਉਂਦੀ ਹੈ।

ਸੋਧ ਬਿੱਲ ਨੇ 'ਹਿਰਾਸਤ' ਦਾ ਸੰਕਲਪ ਪੇਸ਼ ਕੀਤਾ ਹੈ। ਇਹ ਬਿਲ ਇੱਕ ਵਿਅਕਤੀ, ਸੰਸਥਾ ਜਾਂ ਗੁਰਦੁਆਰੇ ਦਾ ਹਵਾਲਾ ਦਿੰਦਾ ਹੈ ਜਿਸ ਨੂੰ ਬੀੜ ਰਸਮੀ ਤੌਰ 'ਤੇ ਸਪਲਾਈ ਕੀਤੀ ਗਈ ਹੈ ਤੇ ਉਸ ਵਿਅਕਤੀ ਲਈ ਨਿਰਧਾਰਤ ਕਨੂੰਨ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਮਰਯਾਦਾ ਦੀ 'ਸੁਰੱਖਿਆ ਅਤੇ ਪਾਲਣਾ' ਲਈ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਬਣਾਉਂਦਾ ਹੈ। ਇਸ ਨਾਲ ਚਿੰਤਾ ਪੈਦਾ ਹੁੰਦੀ ਹੈ ਕਿ ਵਿਅਕਤੀ ਕਥਿਤ ਬੇਅਦਬੀ ਦੇ ਮਾਮਲਿਆਂ ਵਿੱਚ ਆਪਣੇ ਆਪ ਸ਼ੱਕੀ ਬਣ ਸਕਦੇ ਹਨ। ਜਿਥੇ ਘਰਾਂ ਵਿਚ ਗੁਰੂ ਗ੍ਰੰਥ ਸਾਹਿਬ ਹਨ, ਨੂੰ ਜਾਂਚ ਅਤੇ ਸਰਕਾਰੀ ਦਖ਼ਲਅੰਦਾਜ਼ੀ ਦੇ ਅਧੀਨ ਲਿਆਂਦਾ ਜਾ ਸਕਦਾ ਹੈ। ਮੌਜੂਦਾ ਸਤਿਕਾਰ ਕਮੇਟੀ ਜਥੇਬੰਦੀਆਂ ਦੀ ਮਨਮਾਨੀ ਨੂੰ ਕਾਨੂੰਨੀ ਸਮਰਥਨ ਮਿਲੇਗਾ ਜੋ ਬੇਅਦਬੀ ਨਾਮ ਉਪਰ ਲੋਕਾਂ ਦੇ ਘਰਾਂ ਵਿਚ ਦਖਲਅੰਦਾਜ਼ੀ ਕਰਦੇ ਹਨ ਕਿ ਇਥੇ ਮਰਿਯਾਦਾ ਨਹੀਂ ਹੈ।

ਮੈਂ ਅਜਿਹੀਆਂ ਘਟਨਾਵਾਂ ਦੇਖੀਆਂ ਹਨ। ਇੱਕ ਸਤਿਕਾਰ ਕਮੇਟੀ ਜਥੇਬੰਦੀ ਨੇ ਇੱਕ ਵਾਰ ਅੰਮ੍ਰਿਤਸਰ ਵਿੱਚ ਤੜਕੇ ਇੱਕ ਸਿੱਖ ਪਰਿਵਾਰ ਦੇ ਘਰ ਛਾਪਾ ਮਾਰਿਆ ਅਤੇ ਬੇਅਦਬੀ ਦਾ ਦੋਸ਼ ਲਾਉਂਦਿਆਂ ਜ਼ਬਰਦਸਤੀ ਬੀੜ ਚੁੱਕ ਕੇ ਲੈ ਗਏ। ਕਾਰਨ ਦਿੱਤਾ ਗਿਆ-ਪਰਿਵਾਰ ਨੇ ਸਵੇਰੇ 4 ਵਜੇ ਪ੍ਰਕਾਸ਼ ਨਹੀਂ ਕੀਤਾ ਸੀ। ਵਿਅਕਤੀਗਤ ਘਰ ਗੁਰਦੁਆਰਿਆਂ ਵਾਂਗ ਪਰਕਾਸ਼ ਅਤੇ ਸੁਖਆਸਨ ਕਰਨ ਲਈ ਪਾਬੰਦ ਨਹੀਂ ਹਨ। ਘਟਨਾ ਦੀ ਰਿਪੋਰਟ ਕਰਨ 'ਤੇ ਤਤਕਾਲੀ ਏ.ਸੀ.ਪੀ. ਅੰਮ੍ਰਿਤਸਰ ਨੇ ਸਤਿਕਾਰ ਕਮੇਟੀ ਦੀ ਕਾਰਵਾਈ ਨੂੰ ਜਾਇਜ਼ ਠਹਿਰਾਇਆ।

ਬੀੜ ਉਦੋਂ ਵਾਪਸ ਕੀਤੀ ਗਈ ਜਦੋਂ ਸ਼੍ਰੋਮਣੀ ਕਮੇਟੀ ਨੇ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਲਿਖ ਕੇ ਐਸ. ਐਚ. ਓ ਨੂੰ ਨਿੱਜੀ ਘਰ ਵਿੱਚ ਨਾਜਾਇਜ਼ ਤੌਰ 'ਤੇ ਦਾਖ਼ਲ ਹੋਣ ਲਈ ਉਤਸ਼ਾਹਿਤ ਕਰਨ ਲਈ ਮੁਅੱਤਲ ਕਰਨ ਦੀ ਮੰਗ ਕੀਤੀ। ਨਵਾਂ ਐਕਟ ਐਸ. ਐਚ. ਓ. ਨੂੰ ਹਰ ਉਸ ਥਾਂ ਦੀ ਜਾਂਚ ਕਰਨ ਲਈ ਕਾਨੂੰਨੀ ਸ਼ਕਤੀ ਦਿੰਦਾ ਹੈ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ।

ਇੱਕ ਹੋਰ ਮਾਮਲੇ ਵਿੱਚ, ਸ਼ਾਰਟ ਸਰਕਟ ਕਾਰਨ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਾਲੇ ਕਮਰੇ ਨੂੰ ਅੱਗ ਲੱਗ ਗਈ। ਇਸ ਤੋਂ ਪਹਿਲਾਂ ਕਿ ਸ਼੍ਰੋਮਣੀ ਕਮੇਟੀ ਪਰਿਵਾਰ ਤੱਕ ਪਹੁੰਚਦੀ, ਸਥਾਨਕ ਪੁਲਿਸ ਨੇ ਮਾਮਲੇ ਦੀ ਜਾਂਚ ਲਈ ਸਤਿਕਾਰ ਕਮੇਟੀ ਦੇ ਮੈਂਬਰ ਨੂੰ ਬੁਲਾ ਲਿਆ। ਉਹ ਹੱਥਾਂ ਵਿੱਚ ਬਰਛੇ ਲੈ ਕੇ ਆਏ ਅਤੇ ਘਰ ਦੇ ਜਵਾਨ ਮਾਲਕ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਅਤੇ ਪਰਿਵਾਰ ਨੂੰ 'ਬੇਅਦਬੀ' ਲਈ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਨੇ ਪਰਿਵਾਰ ਦੀ ਗੱਲ ਸੁਣਨ ਤੋਂ ਇਨਕਾਰ ਕਰ ਦਿੱਤਾ ਅਤੇ ਉਨ੍ਹਾਂ ਦੇ ਆਗੂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਉਨ੍ਹਾਂ ਦਾ ਏਜੰਡਾ ਕੱਲ੍ਹ ਤੱਕ ਸਾਰੀਆਂ ਬੀੜਾਂ ਨੂੰ ਘਰਾਂ ਵਿੱਚੋਂ ਕੱਢਣਾ ਹੈ। ਨਵੇਂ ਐਕਟ ਤਹਿਤ, ਘਰ ਦੇ ਮਾਲਕ ਅਤੇ ਬੀੜ ਦੇ 'ਕਸਟੋਡੀਅਨ' 'ਤੇ ਅਜਿਹੀ 'ਬੇਅਦਬੀ' ਗੁਰੂ ਗ੍ਰੰਥ ਸਾਹਿਬ ਜਾਂ - ਗੁਟਕਾ, ਪੋਥੀ, ਸੈਂਚੀਆਂ ਅਤੇ ਸਿੱਖ ਧਰਮ ਨਾਲ ਸਬੰਧਤ ਕਿਤਾਬਾਂ ਆਦਿ ਲਈ ਕੇਸ ਦਰਜ ਕੀਤਾ ਜਾ ਸਕਦਾ ਹੈ। ਇਹ ਕੁਦਰਤੀ ਟੁੱਟ-ਭੱਜ ਅਤੇ ਦੁਰਘਟਨਾ ਨਾਲ ਹੋਏ ਨੁਕਸਾਨ, ਉਦਾਹਰਨ ਲਈ ਬਿਜਲੀ ਦੇ ਨੁਕਸ, ਅੱਗ ਆਦਿ ਕਾਰਨ ਬੀੜ ਦੇ ਨੁਕਸਾਨ ਨੂੰ ਅਪਰਾਧ ਬਣਾ ਸਕਦਾ ਹੈ।

ਕੋਈ ਵੀ ਵਿਅਕਤੀ ਜੋ ਗੁਰਬਾਣੀ ਨੂੰ ਸ਼ਰਧਾ ਨਾਲ ਪੜ੍ਹਦਾ ਹੈ, ਜਾਣਦਾ ਹੈ ਕਿ ਸਮੇਂ ਦੇ ਨਾਲ ਬਾਈਡਿੰਗ ਢਿੱਲੀ ਹੋ ਜਾਂਦੀ ਹੈ ਅਤੇ ਪੰਨੇ ਖਿੱਲਰ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਣੀਆਂ ਬੀੜਾਂ ਸਮੇਂ ਦੇ ਨਾਲ ਨਾਜ਼ੁਕ ਅਤੇ ਭੁਰਭੁਰੀਆਂ ਹੋ ਜਾਂਦੀਆਂ ਹਨ; ਕਈ ਵਾਰ ਪੰਨੇ ਫਟ ਜਾਂਦੇ ਹਨ। ਇਹ ਸਭ ਹੁਣ ਨਵੇਂ ਐਕਟ ਤਹਿਤ ਜੁਰਮ ਹੋਵੇਗਾ। ਪਹਿਲਾਂ ਹੀ, ਕਈ ਸਿੱਖ ਪਰਿਵਾਰਾਂ ਨੇ ਇਸ ਵਿਜੀਲੈਂਟਿਜ਼ਮ ਦੇ ਡਰੋਂ ਆਪਣੀਆਂ ਬੀੜਾਂ ਵਾਪਸ ਕਰ ਦਿੱਤੀਆਂ ਹਨ। ਜਿਸ ਤੇਜ਼ੀ ਨਾਲ ਪੰਜਾਬ ਦੇ ਰਾਜਪਾਲ ਨੇ ਬਿੱਲ ਨੂੰ ਆਪਣੀ ਸਹਿਮਤੀ ਦਿੱਤੀ ਹੈ, ਉਸ ਕਾਰਣ ਹੈਰਾਨੀ ਪੈਦਾ ਹੋਈ ਹੈ। ਇਹ ਮੁਕਾਬਲੇਬਾਜ਼ੀ ਵਾਲੀ ਸਿਆਸੀ ਸਥਿਤੀ ਹੋ ਸਕਦੀ ਹੈ। ਇਹ ਸਿੱਖਾਂ ਨੂੰ ਆਪਣੇ ਵਿੱਚ ਸ਼ਾਮਲ ਕਰਨ ਅਤੇ ਉਨ੍ਹਾਂ ਦੇ ਇਤਿਹਾਸ ਨੂੰ ਆਪਣੇ ਸਿਆਸੀ ਫਾਇਦੇ ਲਈ ਮੁੜ ਪਰਿਭਾਸ਼ਿਤ ਕਰਨ ਦੀ ਭਾਜਪਾ ਦੀ ਵਿਆਪਕ ਰਣਨੀਤੀ ਦੇ ਅਨੁਕੂਲ ਹੈ।

ਇਸ ਐਕਟ ਤਹਿਤ ਅਪਰਾਧ ਗੈਰ-ਜ਼ਮਾਨਤੀ ਅਤੇ ਗੈਰ-ਸਮਝੌਤਾਯੋਗ ਹਨ; ਪਰ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਦੀ ਕੋਈ ਜਵਾਬਦੇਹੀ ਤੈਅ ਨਹੀਂ ਕੀਤੀ ਗਈ। ਧਾਰਾ 6 ਦੇ ਤਹਿਤ: 'ਰਾਜ ਸਰਕਾਰ ਜਾਂ ਇਸ ਦੇ ਅਧਿਕਾਰੀਆਂ ਜਾਂ ਅਧਿਕਾਰੀਆਂ ਵਿਰੁੱਧ ਕਿਸੇ ਵੀ ਚੀਜ਼ ਦੇ ਸਬੰਧ ਵਿੱਚ ਕੋਈ ਮੁਕੱਦਮਾ, ਇਸਤਗਾਸਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ', ਜਿਸ ਨਾਲ ਉਨ੍ਹਾਂ ਨੂੰ ਖੁੱਲ੍ਹੀ ਛੁੱਟੀ ਮਿਲ ਗਈ ਹੈ। ਰਾਜ ਦੁਆਰਾ ਸਿੱਖ ਰਹਿਤ ਮਰਯਾਦਾ ਦੀ ਵਿਆਖਿਆ ਅਤੇ ਲਾਗੂ ਕਰਨ ਦੀ ਸੰਭਾਵਨਾ ਹੈ-ਜੋ ਕਿ ਰਵਾਇਤੀ ਤੌਰ 'ਤੇ ਧਾਰਮਿਕ ਮਾਰਗਦਰਸ਼ਨ ਦਾ ਮਾਮਲਾ ਹੈ। ਇਹ ਪੰਥਕ ਸੰਸਥਾਵਾਂ ਦਾ ਕਾਰਜ ਹੈ ਨਾਕਿ ਸਰਕਾਰ ਦਾ। ਪਰ ਸਰਕਾਰੀ ਦਖ਼ਲਅੰਦਾਜ਼ੀ ਦੀ ਸੰਭਾਵਨਾ -ਨੇ ਬਹੁਤ ਸਾਰੇ ਲੋਕਾਂ ਨੂੰ ਬੇਚੈਨ ਕਰ ਦਿੱਤਾ ਹੈ।

ਸ਼ਾਸਨ ਅਤੇ ਵਿਸ਼ਵਾਸ ਦੇ ਵਿਚਕਾਰ ਸੀਮਾ ਕੀ ਹੋਵੇਗੀ? ਹਾਲਾਂਕਿ ਬੇਅਦਬੀ ਨੂੰ ਗੰਭੀਰਤਾ ਨਾਲ ਨਜਿੱਠਣ ਦੀ ਲੋੜ 'ਤੇ ਵਿਆਪਕ ਸਹਿਮਤੀ ਹੈ, ਪਰ ਭਾਰਤੀ ਦੰਡਾਵਲੀ ਵਿੱਚ ਸੈਕਸ਼ਨ 295ਅ ਨੂੰ ਮਜ਼ਬੂਤ ਕਰਨਾ ਇੱਕ ਘੱਟ ਦਖ਼ਲਅੰਦਾਜ਼ੀ ਵਾਲਾ ਵਿਕਲਪ ਹੋ ਸਕਦਾ ਸੀ।

ਇਸ ਮੁੱਦੇ 'ਤੇ ਐਸ.ਜੀ.ਪੀ.ਸੀ. ਦੀ ਚੁੱਪ ਚਿੰਤਾਜਨਕ ਹੈ। ਐਕਟ ਰਾਜ ਸਰਕਾਰ ਨੂੰ ਬੀੜ ਦੀ ਛਪਾਈ, ਸਟੋਰੇਜ ਅਤੇ ਵੰਡ ਦੀ ਨਿਗਰਾਨੀ ਕਰਨ ਦੀ ਸ਼ਕਤੀ ਦਿੰਦਾ ਹੈ। ਹਰ ਬੀੜ ਜਿਸ ਨੂੰ ਜਨਤਕ ਖੇਤਰ ਵਿੱਚ ਰੱਖਿਆ ਜਾਣਾ ਹੈ, ਉਸ 'ਤੇ ਨੰਬਰ ਲਗਾਉਣਾ ਹੋਵੇਗਾ, ਜਿਸ ਨਾਲ ਕਸਟੋਡੀਅਨ ਹਰ ਵੇਲੇ ਪਰੇਸ਼ਾਨੀ ਦੇ ਨਿਸ਼ਾਨੇ 'ਤੇ ਰਹਿਣਗੇ। ਸਵਾਲ ਇਹ ਹੈ ਕਿ ਕੀ ਰਾਜ ਧਾਰਮਿਕ ਖੁਦਮੁਖਤਿਆਰੀ 'ਤੇ ਕਬਜ਼ਾ ਕੀਤੇ ਬਿਨਾਂ ਧਾਰਮਿਕ ਪਵਿੱਤਰਤਾ ਦੀ ਰੱਖਿਆ ਕਰ ਸਕਦਾ ਹੈ? ਇਸ ਸਵਾਲ ਦਾ ਜਵਾਬ ਨਾ ਸਿਰਫ਼ ਇਸ ਕਾਨੂੰਨ ਦੇ ਭਵਿੱਖ ਨੂੰ ਤੈਅ ਕਰੇਗਾ, ਸਗੋਂ ਪੰਜਾਬ ਵਿੱਚ ਰਾਜ-ਧਰਮ ਸਬੰਧਾਂ ਦੇ ਸੁਭਾਅ ਨੂੰ ਵੀ ਤੈਅ ਕਰੇਗਾ। ਆਖਰੀ ਸਵਾਲ: ਕੀ ਇਹ ਬਰਗਾੜੀ ਬੇਅਦਬੀ ਮਾਮਲੇ ਦਾ ਅੰਤ ਕਰੇਗਾ? ਯਕੀਨਨ ਨਹੀਂ।

# ਇਤਿਹਾਸ ਸ਼੍ਰੀ ਗੁਰੂ ਗ੍ਰੰਥ ਸਾਹਿਬ

– ਲੇਖਕ –
ਗਿਆਨੀ
ਗੁਰਦਿੱਤ ਸਿੰਘ




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–40**

**ਮੁਸਲਮਾਨੀ ਮਜ਼ਹਬ, ਪੁਨਰ ਜਨਮ, ਅਰਥਾਤ ਆਵਾਗਵਨ ਨੂੰ ਨਹੀਂ ਮੰਨਦਾ । ਕਬੀਰ ਜੀ ਪਹਿਲਾਂ ਸੂਫੀ (ਜਿੰਦ) ਫਕੀਰ ਸਨ । ਫਕੀਰ ਤਕੀ ਦੇ ਚੇਲੇ ਰਹੇ ਸਨ, ਕਬੀਰ ਬਾਰੇ ਡਾ: ਚੰਦ੍ਰਬਲੀ ਪਾਂਡੇ ਨੇ ਜਿੰਦ ਕਬੀਰ ਵਿੱਚ ਸੰਬੰਧਿਤ ਚਰਚਾ ਕਰਦਿਆਂ ਕਿਹਾ ਹੈ :**

**ਕਬੀਰ ਕੀ ਵਿਚਾਰਧਾਰਾ ਕੀ ਤਲੇਟੀ ਮੇਂ ਮੁਸਲਮਾਨੀ ਧਾਰਾ ਸਾਂਸ ਲੇ ਰਹੀ ਹੈ । ਅਬ ਦੇਖਨਾ ਯਹ ਹੈ ਕਬੀਰ ਕਹਾਂ ਤੱਕ ਸਿਧਾਂਤ ਰੂਪ ਮੇਂ ਭੀ ਉਸਕੇ ਪੋਸ਼ਕ ਹੈ । ਕਬੀਰ ਕੇ ਮੀਮਾਂਸਕੋਂ ਕੇ ਸਾਮਨੇ ਯਹਿ ਉਲਝਨ ਬਰਾਬਰ ਬਨੀ ਰਹਿਤੀ ਹੈ ਵਸਤੂਤ ਜਨਮਾਂਤਰ ਔਰ ਅਵਤਾਰ ਕੇ ਵਿਸ਼ਯ ਕੇ ਬਾਰੇ ਉਨ ਕੀ ਧਾਰਨਾ ਕਿਆ ਹੈ ?**




ਮੈਂ ਆਪਣੇ ਘਰ (ਮਨ ਦੀ ਟੇਕ) ਲੱਭ ਲਈ ਹੈ। (ਜੁਲਾਹੇ ਘਰ ਆਪਨਾ ਚੀਨਾ) ਅੰਦਰ ਹੀ ਰਾਮ ਪਛਾਣ ਲਿਆ ਹੈ।

ਮੇਰਾ ਜਗਤ ਪਿਤਾ ਅਜੇਹਾ ਜੁਲਾਹਾ ਹੈ ਜਦੋਂ (ਕਾਰਗਾਰ) ਕੰਘੀ ਤੋੜਦਾ ਹੈ ਜਿਵੇਂ ਸੂਤ, ਸੂਤ ਦੇ ਵਿੱਚ ਰਲ ਜਾਂਦਾ ਹੈ, ਸਾਰੀ ਰਚਨਾ ਉਸ ਵਿੱਚ ਮਿਲ ਜਾਂਦੀ ਹੈ। ਜੁਲਾਹੇ ਦਾ ਧੰਦਾ ਕਬੀਰ ਜੀ ਦੇ ਅਪਨਾਉਣ ਨਾਲ ਸੁਭਾਗਾ ਹੋ ਗਿਆ। ਜਿਸ ਨੇ ਇਕ ਇਕ ਸੰਦ ਅਤੇ ਧਾਗਿਆਂ ਦੀ ਤੰਦ ਨੂੰ ਦੈਵੀ ਰੂਪਕਾਂ ਰਾਹੀਂ, ਰੱਬੀ ਰਚਨਾ, ਬਲਕਿ ਉੱਚੇ ਪ੍ਰਮੇਸ਼ਵਰੀ ਕਰਤੱਵ ਨਾਲ ਮੇਲ ਦਿੱਤਾ ਹੈ। ਜਿਸ ਵਿੱਚ ਧਰਤੀ ਅਕਾਸ਼ ਦੀ ਕੰਘੀ ਤਾਣਾ ਤਣਦੀ ਰਹਿੰਦੀ ਹੈ। ਚੰਦ ਸੂਰਜ ਨਾਲਾਂ ਵਾਂਗ ਚਲਦੇ ਰਹਿੰਦੇ ਹਨ। ਇਹ ਰਹੱਸਮਈ ਸ਼ਬਦ ਇਸ ਪ੍ਰਕਾਰ ਹੈ:

ਕੋਰੀ ਕੋ ਕਾਹੂ ਮਰਮੁ ਨਾ ਜਾਨਾਂ॥
ਸਭੁ ਜਗੁ ਆਨਿ ਤਨਾਇਓ ਤਾਨਾਂ॥ 1॥
ਰਹਾਉ॥
ਜਬ ਤੁਮ ਸੁਨਿ ਲੇ ਬੇਦ ਪੁਰਾਨਾਂ॥
ਤਬ ਹਮ ਇਤਨਕੁ ਪਸਰਿਓ ਤਾਨਾਂ॥1॥
ਧਰਨਿ ਅਕਾਸ਼ ਕੀ ਕਰਗਹ ਬਨਾਈ॥
ਚੰਦੁ ਸੂਰਜੁ ਦੁਇ ਸਾਥ ਚਲਾਈ॥2॥
ਪਾਈ ਜੋਰਿ ਬਾਤ ਇਕ ਕੀਨੀ
ਤਹਿ ਤਾਂਤੀ ਮਨ ਮਨੁਮਾਨਾਂ॥
ਜੋਲਾਹੇ ਘਰੁ ਆਪਨਾ ਚੀਨਾਂ
ਘਟ ਹੀ ਰਾਮੁ ਪਛਾਨਾਂ॥
ਕਹਤੁ ਕਬੀਰੁ ਕਾਰਗਹ ਤੋਰੀ॥
ਸੂਤੇ ਸੂਤ ਮਿਲਾਏ ਕੋਰੀ॥
(ਆਸਾ ਕਬੀਰ ਜੀ 484)

ਉਸ ਮਹਾਨ ਜੁਲਾਹੇ ਦਾ ਕੋਈ ਕੀ ਭੇਦ ਜਾਣ ਸਕਦਾ ਹੈ, ਜਿਸਨੇ ਸਾਰੀ ਸ੍ਰਿਸ਼ਟੀ ਦਾ ਤਾਣਾ ਬਾਣਾ ਤਣਿਆ ਹੋਇਆ ਹੈ?

ਕਬੀਰ ਜੀ ਦੇ ਨਿੱਜੀ ਜੀਵਨ ਨਾਲ ਸੰਬੰਧਿਤ ਤੀਜਾ ਮਹੱਤਵਪੂਰਨ ਅੰਗ ਹੈ: ਸਿਕੰਦਰ ਲੋਧੀ ਵੱਲੋਂ ਕਸ਼ਟ ਦੇਣੇ: ਕਦੇ ਪਾਣੀ ਵਿੱਚ ਡੋਬਣਾ, ਕਦੇ ਅੱਗ ਵਿੱਚ, ਕਦੇ ਹੱਥ ਪੈਰ ਬੰਨ੍ਹ ਕੇ ਪੋਟਲੀ ਬਣਾਕੇ ਹਾਥੀ ਅੱਗੇ ਸੁੱਟਣਾ:।

(1) ਭੁਜਾ ਬਾਂਧਿ ਭਿਲਾ ਕਰਿ ਡਾਰਿਓ॥
ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ॥
ਹਸਤਿ ਭਾਗਿ ਕੈ ਚੀਸਾ ਮਾਰੈ॥
ਇਆ ਮੂਰਿਤ ਕੈ ਹਉ ਬਲਿਹਾਰੇ॥
ਆਹਿ ਮੇਰੇ ਠਾਕੁਰ ਤੁਮਰਾ ਜੋਰੁ॥
ਕਾਜੀ ਬਕਬੋ ਹਸਤੀ ਤੋਰੁ॥ 1॥ ਰਹਾਉ।
ਰੇ ਮਹਾਵਤ ਤੁਝੁ ਡਾਰਿਉ ਕਾਟਿ॥
ਇਸਹਿ ਤੁਰਾਵਹੁ ਘਾਲਹੁ ਸਾਟਿ॥
ਹਸਤਿ ਨ ਤੋਰੈ ਧਰੈ ਧਿਆਨੁ॥
ਵਾ ਕੈ ਰਿਦੈ ਬਸੈ ਭਗਵਾਨੁ॥
ਕਿਆ ਅਪਰਾਧੁ ਸੰਤ ਹੈ ਕੀਨਾ॥
ਬਾਂਧਿ ਪੋਟ ਕੁੰਚਰ ਕਉ ਦੀਨਾ॥
ਕੁੰਚਰੁ ਪੋਟ ਲੈ ਲੈ ਨਮਸਕਾਰੈ॥
ਬੂਝੀ ਨਹੀਂ ਕਾਜੀ ਅੰਧਿਆਰੈ॥
ਤੀਨਿ ਬਾਰ ਪਤੀਆ ਭਰਿ ਲੀਨਾ॥
ਮਨ ਕਠੋਰੁ ਅਜਹੂ ਨ ਪਤੀਨਾ॥
ਕਹਿ ਕਬੀਰ ਹਮਰਾ ਗੋਬਿੰਦੁ॥
ਚਉਥੇ ਪਦ ਮਹਿ ਜਨ ਕੀ ਜਿੰਦੁ॥
(ਗੋਂਡ ਕਬੀਰ 870)

ਇਕ ਹੋਰ ਜੁਲਮ ਕਬੀਰ ਜੀ ਨੂੰ ਸੰਗਲਾਂ (ਜੰਜ਼ੀਰਾਂ) ਵਿੱਚ ਜਕੜ ਕੇ ਗੰਗਾ ਵਿੱਚ ਸੁੱਟਣ ਦਾ ਭੀ ਕੀਤਾ ਗਿਆ:

(2) ਗੰਗ ਗੁਸਾਇਨਿ ਗਹਿਰ ਗੰਭੀਰ॥
ਜੰਜੀਰ ਬਾਧਿ ਕਰਿ ਖਰੇ ਕਬੀਰ॥
ਮਨ ਨ ਡਿਗੈ ਤਨ ਕਾਹੇ ਕਉ ਡਰਾਇ॥
ਚਰਨ ਕਮਲ ਚਿਤੁ ਰਹਿਓ ਸਮਾਇ॥
ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥
ਮ੍ਰਿਗਛਾਲਾ ਪਰ ਬੈਠੇ ਕਬੀਰ॥
ਕਹਿ ਕਬੀਰ ਕੋਊ ਸੰਗ ਨ ਸਾਥ॥
ਜਲ ਥਲ ਰਾਖਨ ਹੈ ਰਘੁਨਾਥ॥
(ਭੈਰਉ ਕਬੀਰ 1162)

ਚਮਤਕਾਰੀ ਸ਼ਕਤੀ ਦੀਆਂ ਇਨ੍ਹਾਂ ਘਟਨਾਵਾਂ ਦੇ ਪ੍ਰਮਾਣਾਂ ਦੇ ਨਾਲ ਨਾਲ ਕਬੀਰ ਜੀ ਨੂੰ ਬੰਦੀਖਾਨੇ ਵਿੱਚ ਪਾਉਣ ਦੀ ਕਥਾ ਭੀ ਆਉਂਦੀ ਹੈ, ਅੱਗ ਵਿੱਚ ਸੁੱਟਣ ਦੀ ਭੀ, ਕਬੀਰ ਜੀ ਨੂੰ ਦੁੱਖ ਦੇਣ ਦੇ ਹਵਾਲੇ ਬਾਣੀ ਵਿੱਚ ਹੋਰ ਥਾਵਾਂ ਉੱਤੇ ਭੀ ਮਿਲਦੇ ਹਨ। ਕਬੀਰ ਜੀ ਨੂੰ ਅੱਗ ਵਿੱਚ ਸੁੱਟੇ ਜਾਣ ਦਾ ਦੁਖਾਂਤ ਭੀ ਉਨ੍ਹਾਂ ਦੀ ਬਾਣੀ ਤੋਂ ਪ੍ਰਗਟ ਹੁੰਦਾ ਹੈ:

ਆਪੇ ਪਾਵਕੁ ਆਪੇ ਪਵਨਾ॥
ਜਾਰੈ ਖਸਮੁ ਤ ਰਾਖੈ ਕਵਨਾ॥
ਰਾਮ ਜਪਤ ਤਨੁ ਜਰਿ ਕੀ ਨ ਜਾਇ॥
ਰਾਮ ਨਾਮ ਚਿਤੁ ਰਹਿਆ ਸਮਾਇ।1।
ਰਹਾਉ॥
ਕਾ ਕੋ ਜਰੈ ਕਾਹੇ ਹੋਇ ਹਾਨਿ॥
ਨਟ ਵਟ ਖੇਲੈ ਸਾਰਿਗਪਾਨਿ॥
ਕਹੁ ਕਬੀਰ ਅਖਰ ਦੁਇ ਭਾਖਿ॥
ਹੋਇਗਾ ਖਸਮੁ ਤ ਲੇਇਗਾ ਰਾਖ॥
(ਗਉੜੀ ਕਬੀਰ 329)

ਭਾਈ ਗੁਰਦਾਸ ਜੀ ਨੇ ਕਬੀਰ ਜੀ ਦੀ ਬੰਦੀਖਾਨੇ ਵਿੱਚੋਂ ਨਿਕਲ ਜਾਣ ਦੀ ਇਕ ਹੋਰ ਚਮਤਕਾਰੀ ਘਟਨਾ ਦਾ ਭੀ ਜ਼ਿਕਰ ਕੀਤਾ ਹੈ:

ਭਗਤ ਕਬੀਰ ਸਦਾਇੰਦਾ ਬੰਦੀ ਖਾਨੇ ਤੋਂ
ਉਠ ਜਾਈ

ਸਮੂਹ ਕਬੀਰ ਪੰਥੀ ਪੁਸਤਕਾਂ ਵਿੱਚ ਅਤੇ ਦਾਦੂ ਪੰਥੀ ਗ੍ਰੰਥਾਂ ਵਿੱਚ ਕਬੀਰ ਜੀ ਨੂੰ ਤਸੀਹੇ ਦੇਣ ਵਾਲਾ ਸੁਲਤਾਨ ਸਿਕੰਦਰ ਲੋਧੀ (1545–1575)(1482–1557) ਈਸਵੀ) ਮੰਨਿਆ ਗਿਆ ਹੈ। ਤਸੀਹਿਆਂ ਦੀਆਂ ਇਹ ਘਟਨਾਵਾਂ, ਕਬੀਰ ਜੀ ਦਾ ਸਮਾਂ ਭੀ ਨਿਸ਼ਚਿਤ ਕਰਦੀਆਂ ਹਨ। ਘਟਨਾਵਾਂ ਵਰਤਣ ਦੇ ਵਰ੍ਹਿਆਂ ਤੱਕ ਦਾ ਪਤਾ ਭੀ ਚਲਦਾ ਹੈ।

ਸ਼ਾਹ ਸਿਕੰਦਰ ਕਾਸ਼ੀ ਆਯਾ।
ਕਾਜੀ ਮੁਲਾ ਕੈ ਮਨ ਭਾਯਾ।
ਕਹੈ ਸਕੰਦਰ ਐਸੀ ਬਾਤਾ।
ਹੂ ਤੋਹਿ ਦੇਖੂੰ ਦੋਜਖ ਜਾਤਾ।
ਗਾਫਲ ਏਕ ਨ ਮਾਨੈ ਮੇਰੀ।
ਅਬ ਦੇਖੂੰ ਸਾਚੀ ਕਹਾ ਮਤਿ ਤੇਰੀ।
(ਪਰਚੀਆਂ ਆਨੰਤ ਦਾਸ ਸੰਮਤ 1645)

## ਪੁਨਰ ਜਨਮ ਬਾਰੇ:

ਭਗਤ ਰਵਿਦਾਸ ਜੀ ਨੇ ਕਿਹਾ ਹੈ ਕਬੀਰ ਜੀ ਜਾਤੀ ਤੋਂ ਮੁਸਲਮਾਨ ਸਨ:– ਉਨ੍ਹਾਂ ਦੀ ਕੁਲ ਦੇ ਲੋਕ, ਗਊਆਂ ਵਧ ਕਰਦੇ ਸਨ, ਸੋਖਾਂ ਸ਼ਹੀਦਾਂ ਪੀਰਾਂ ਨੂੰ ਮੰਨਦੇ ਸੀ:

ਜਾ ਕੈ ਈਦਿ ਬਕਰਦਿ ਕੁਲ ਗਊ ਰੇ
ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ,
ਤ੍ਰਿਹੂ ਰੇ ਲੋਕ ਪਰਸਿਧ ਕਬੀਰਾ॥
(ਮਲਾਰ–1293)

ਕਬੀਰ ਜੀ ਨੇ ਆਪਣੀ ਮਾਂ ਦੇ ਮੂੰਹ ਵਿੱਚੋਂ ਇਹ ਵਾਕ ਨਿਕਲ ਰਹੇ ਦੱਸੇ ਹਨ:

ਹਮਰੇ ਕੁਲ ਕਉਨੇ ਰਾਮ ਕਹਿਓ।

ਮੁਸਲਮਾਨੀ ਮਜ਼ਹਬ, ਪੁਨਰ ਜਨਮ, ਅਰਥਾਤ ਆਵਾਗਵਨ ਨੂੰ ਨਹੀਂ ਮੰਨਦਾ। ਕਬੀਰ ਜੀ ਪਹਿਲਾਂ ਸੂਫੀ (ਜਿੰਦ) ਫਕੀਰ ਸਨ। ਫਕੀਰ ਤਕੀ ਦੇ ਚੇਲੇ ਰਹੇ ਸਨ, ਕਬੀਰ ਬਾਰੇ ਡਾ: ਚੰਦ੍ਰਬਲੀ ਪਾਂਡੇ ਨੇ ਜਿੰਦ ਕਬੀਰ ਵਿੱਚ ਸੰਬੰਧਿਤ ਚਰਚਾ ਕਰਦਿਆਂ ਕਿਹਾ ਹੈ:

ਕਬੀਰ ਕੀ ਵਿਚਾਰਧਾਰਾ ਕੀ ਤਲੇਟੀ ਮੇਂ ਮੁਸਲਮਾਨੀ ਧਾਰਾ ਸਾਂਸ ਲੇ ਰਹੀ ਹੈ। ਅਬ ਦੇਖਨਾ ਯਹ ਹੈ ਕਬੀਰ ਕਹਾਂ ਤੱਕ ਸਿਧਾਂਤ ਰੂਪ ਮੇਂ ਭੀ ਉਸਕੇ ਪੋਸ਼ਕ ਹੈ। ਕਬੀਰ ਕੇ ਮੀਮਾਂਸਕੋਂ ਕੇ ਸਾਮਨੇ ਯਹਿ ਉਲਝਨ ਬਰਾਬਰ ਬਨੀ ਰਹਿਤੀ ਹੈ ਵਸਤੂਤ ਜਨਮਾਂਤਰ ਔਰ ਅਵਤਾਰ ਕੇ ਵਿਸ਼ਯ ਕੇ ਬਾਰੇ ਉਨ ਕੀ ਧਾਰਨਾ ਕਿਆ ਹੈ?

ਅਵਤਾਰ ਕੇ ਬਾਰੇ ਮੇਂ ਕੁਛ ਠਿਠਕ ਕਰ ਹੀ ਕਹਿਤੇ ਹੈ। ਕਬੀਰ ਜੀ ਉਸ ਕੋ ਮਾਨਤੇ ਥੇ। ਪਰ ਸਚ ਪੂਛਿਏ ਤੋ ਉਕਤ ਮੀਮਾਂਸਕੋਂ ਕੀ ਮੀਮਾਂਸਾ ਖਰੀ ਨਹੀਂ ਹੋ ਪਾਤੀ। ਇਸ ਕਾ ਮੁੱਖਯਤ: ਵਸ਼ ਕਾਰਣ ਯਹਿ ਹੋ ਜਾਤਾ ਹੈ ਕਿ ਕਬੀਰ ਉਨ ਕੇ ਸਾਹਮਣੇ ਏਕ ਹਿੰਦੂ ਸੰਤਾਨ ਦੇ ਰੂਪ ਮੇਂ ਆਤੇ ਹੈਂ। ਜੋ ਪ੍ਰਸੀਥਤੀ ਵਸ਼ ਮੁਸਲਮਾਨ ਭੀ ਹੋ ਜਾਤੇ ਹੈਂ?

ਚੰਦ੍ਰਬਲੀ ਜੀ ਨੇ ਪੂਰਬ ਜਨਮ ਹਮ ਬ੍ਰਹਮਨ ਹੋਤੇ, ਜੋ ਵਾਕ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਕਬੀਰ ਬਾਣੀ ਵਿੱਚ ਹੈ, ਕਿਸੇ ਹੋਰ ਦੀ ਪਾਈ ਹੋਈ, ਇਸ ਤੁੱਕ ਨੂੰ ਤਾਂ ਅਪੇਖਕ ਕਿਹਾ ਜਾ ਸਕਦਾ ਹੈ, ਪ੍ਰੰਤੂ ਇਕ ਦਰਜਨ ਤੁਕਾਂ ਉੱਤੇ ਇਹ ਕਸਵਟੀ ਲਾਗੂ ਨਹੀਂ ਹੋ ਸਕਦੀ ਜਿਨ੍ਹਾਂ ਵਿੱਚ ਕਬੀਰ ਜੀ ਨੇ ਪੂਰਬਲੇ ਕਰਮਾਂ ਦਾ ਫਲ, ਇਹ ਜਨਮ ਮਿਲਿਆ, ਅੱਗੇ ਮਿਲੇਗਾ, ਜਾਂ ਮਿਲਦਾ ਹੈ, ਦੇ ਰੂਪ ਵਿੱਚ ਆਪਣੀ ਰਚਨਾ ਵਿੱਚ ਦੋਹਰ ਤਿਹਰ ਪਾਈ ਹੈ।

1. ਕਹੁ ਕਬੀਰ ਜਿਸੁ ਸਤਿਗੁਰ ਭੇਟੈ ਪੁਨਰਪਿ ਜਨਮਿ ਨ ਆਵੈ॥ (ਆਸਾ ਕਬੀਰ–476)
2. ਪੂਰਬ ਜਨਮ ਹਮ ਤੁਮਰੇ ਸੇਵਕ ਅਬ ਤਉ ਮਿਟਿਆ ਨ ਜਾਈ॥ (ਰਾਮਕਲੀ ਕਬੀਰ 969)
4. ਪੂਰਬ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ॥ (ਆਸਾ ਕਬੀਰ–481)
5. ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ॥ (ਗੁਜਰੀ ਕਬੀਰ–524)
(ਅਗਲੇ ਜਨਮ ਜਦੋਂ ਪਸ਼ੂ ਬਣ ਕੇ ਜੰਮੇਗਾ ਤਾਂ ਕੈਸੇ ਗੁਣ ਗਾਏਗਾ)॥
6. ਲਖ ਚਉਰਾਸੀਹ ਜੋਨਿ ਭ੍ਰਮਿ ਆਇਓ॥
ਅਬ ਕੇ ਛੁਟਕੇ ਠਉਰ ਨ ਨਾਇਓ॥
(ਗਉੜੀ ਕਬੀਰ ਜੀ–339)
7. ਪੂਰਬ ਜਨਮ ਹਉ ਤਪ ਕਾ ਹੀਨਾ॥
(ਗਉੜੀ ਕਬੀਰ–326)
8. ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਏਹੁ ਪਰੰਸਗ ਨ ਤੂਟੇ॥ (ਰਾਮਕਲੀ– 971)
9. ਗੁਰ ਪਰਸਾਦਿ ਐਸੀ ਬੁਧਿ ਸਮਾਨੀ। ਚੂਕਿ ਗਈ ਫਿਰਿ ਆਵਨ ਜਾਨੀ॥ (ਗਉੜੀ ਕਬੀਰ 337)
10. ਗੁਰ ਸੇਵਾ ਤੇ ਭਗਤਿ ਕਮਾਈ॥
ਤਬ ਇਹ ਮਾਨਸ ਦੇਹੀ ਪਾਈ॥
(ਭੈਰਉ ਕਬੀਰ ਜੀ 1159)


ਚਲਦਾ......

# ਹਜੂਰ ਸਾਹਿਬ ਨਾਂਦੇੜ ਅਤੇ ਹੋਰ ਗੁਰਦੁਆਰਿਆਂ ਦੀ ਯਾਤਰਾ

ਮੇਜਰ ਸਿੰਘ ਨਾਭਾ {ਪਟਿਆਲਾ}



ਮਨ ਵਿੱਚ ਕਿੰਨੇ ਸਾਲਾਂ ਦੀ ਤਖਤ ਸ੍ਰੀ ਸੱਚਖੰਡ ਹਜੂਰ ਸਾਹਿਬ ਨਾਂਦੇੜ ਦੇ ਦਰਸ਼ਨ ਕਰਨ ਦੀ ਤਾਂਘ ਸੀ ਜੋ ਸੱਚੇ ਪਾਤਿਸ਼ਾਹ ਨੇ ਐਤਕੀਂ ਪੂਰੀ ਕਰ ਦਿੱਤੀ । ਗੱਲ ਇੰਝ ਹੋਈ ਕਿ ਮੇਰਾ ਰਿਸ਼ਤੇਦਾਰ ਮਨਜਿੰਦਰ ਸਿੰਘ ਕਾਫੀ ਦੇਰ ਤੋਂ ਸਾਨੂੰ ਕਨੇਡਾ ਅਉਣ ਲਈ ਅਪਲਾਈ ਕਰਨ ਲਈ ਕਹਿ ਰਿਹਾ ਸੀ । ਮੈਂ ਟਾਲ ਮਟੋਲ ਕਰ ਰਿਹਾ ਸੀ ਐਤਕੀਂ ਉਸ ਨਾਲ ਹਜੂਰ ਸਾਹਿਬ ਦਰਸ਼ਨਾਂ ਲਈ ਪ੍ਰੋਗਰਾਮ ਬਣਾ ਲਿਆ । ਉਸ ਨੇ 9 ਅਪ੍ਰੈਲ 2025 ਨੂੰ ਚੰਡੀਗੜ੍ਹੋਂ ਜਹਾਜ਼ ਰਾਹੀਂ ਹੈਦਰਾਬਾਦ ਤੱਕ 15 ਅਪ੍ਰੈਲ ਦੀ ਵਾਪਸੀ ਦੀਆਂ ਟਿਕਟਾਂ ਬੁੱਕ ਕਰਵਾ ਦਿੱਤੀਆਂ ਕਿਉਂ ਕਿ ਨਾਂਦੇੜ ਸਾਹਿਬ ਤੱਕ ਸਿੱਧੀ ਫਲਾਈਟ ਕਿਸੇ ਤਕਨੀਕੀ ਕਾਰਨ ਬੁੱਕ ਨਾ ਹੋਈ । ਉਹ ਕਨੇਡਾ ਤੋਂ 31 ਮਾਰਚ ਨੂੰ ਲੁਧਿਆਣੇ ਪਹੁੰਚ ਗਿਆ ਸੀ ।ਉਹ ਸਾਡੇ ਕੋਲ ਨਾਭੇ 8 ਅਪ੍ਰੈਲ ਨੂੰ ਸਾਮੀ ਪਹੁੰਚ ਗਿਆ । ਸਵੇਰੇ ਸਵਾ ਛੇ ਦੀ ਫਲਾਈਟ ਸੀ ।ਚਾਰ ਵਜੇ ਏਅਰਪੋਰਟ ਤੇ ਪਹੁੰਚਣ ਲਈ ਅਸੀਂ ਸਵੇਰੇ ਕਰੀਬ 2 ਵਜੇ ਟੈਕਸੀ ਰਾਹੀਂ ਨਾਭੇ ਤੋਂ ਰਵਾਨਾ ਹੋ ਗਏ। ਸਮੇਂ ਸਿਰ ਪਹੁੰਚ ਸਮਾਨ ਜਮ੍ਹਾਂ ਕਰਾ ਵੇਟਿੰਗ ਹਾਲ 'ਚ ਬੈਠ ਗਏ । ਅੱਧਾ ਕੁ ਘੰਟਾ ਪਹਿਲਾਂ ਜਹਾਜ਼ 'ਚ ਜਾਣ ਲਈ ਅਨਾਊਂਸਮੈਂਟ ਹੋਈ । ਅਸੀਂ ਆਪਣੀਆਂ ਟਿਕਟਾਂ/ਪਾਸ ਦਿਖਾ ਕੇ ਜਹਾਜ਼ ਅੰਦਰ ਦਾਖਲ ਹੋ ਗਏ ।ਮੈਨੂੰ ਸੀਟ ਵਿੰਡੋ ਸ਼ੀਸ਼ੇ ਦੇ ਨਾਲ ਮਿਲ ਗਈ । ਮੇਰਾ ਅਤੇ ਰਾਜਵੰਤ ਕੌਰ ਦਾ ਇਹ ਪਲੇਠਾ ਹਵਾਈ ਸਫਰ ਸੀ ਪਰ ਰਾਜਵੰਤ ਦਾ ਭਰਾ ਮਨਜਿੰਦਰ ਤਾਂ ਕਾਫੀ ਸਾਲਾਂ ਤੋਂ ਕਨੇਡਾ ਰਹਿਣ ਕਰਕੇ ਤਕਰੀਬਨ ਆਉਂਦਾ ਜਾਂਦਾ ਹੀ ਰਹਿੰਦਾ ਹੈ।ਜਹਾਜ਼ ਨੇ ਉਡਾਣ ਭਰੀ ਇਕਦਮ ਉਚਾਈਆਂ ਨੂੰ ਛੂਹਣ ਲੱਗਿਆ, ਪਾਇਲਟ ਨੇ ਦੱਸਿਆ ਕਿ ਕਰੀਬ ਪੈਂਤੀ ਹਜ਼ਾਰ ਫੁੱਟ ਦੀ ਉਚਾਈ ਉੱਪਰ ਜਹਾਜ਼ ਉੱਡ ਰਿਹਾ ਹੈ।ਬੱਦਲ ਕਾਫੀ ਹੇਠਾਂ ਰਹਿ ਗਏ ਸੀ, ਮੈਂ ਬੱਦਲਾਂ ਦੇ ਕੁਦਰਤੀ ਦ੍ਰਿਸ਼ਾਂ ਨੂੰ ਵੀਡੀਓ ਵਿੱਚ ਕੈਦ ਕਰ ਲਿਆ । ਸਵੇਰੇ ਸੂਰਜ ਦੀ ਧੁੱਪ ਬਦਲਾਂ ਉੱਪਰੋਂ ਖਿੜਕੀ ਵਿੱਚ ਆ ਰਹੀ ਸੀ ।ਹੇਠਾਂ ਬਦਲ ਬੜੇ ਸੁੰਦਰ ਨਾਰਾ ਪੇਸ਼ ਕਰ ਰਹੇ, ਬਰਫ ਦੇ ਤੋਦੇ ਲੱਗ ਰਹੇ ਸੀ। ਦੋ ਘੰਟੇ ਐਵੇਂ ਹੀ ਲੰਘ ਗਏ, ਜਹਾਜ਼ ਦੇ ਲੈਂਡਿੰਗ ਦੀ ਅਨਾਊਸਮੈਂਟ ਹੋਈ । ਜਹਾਜ਼ ਦੇ ਇੰਜਣ ਦੀ ਆਵਾਜ਼ ਬਿਲਕੁਲ ਬੰਦ ਹੋ ਗਈ ਅਤੇ ਵੀਹ -ਪੱਚੀ ਮਿੰਟਾਂ 'ਚ ਜਹਾਜ਼ ਦੀ ਲੈਂਡਿੰਗ ਆਰਾਮ ਨਾਲ 9 ਵਜੇ ਦੇ ਕਰੀਬ ਹੋ ਗਈ ।ਅਸੀਂ ਸਵੇਰੇ 10 ਵਜੇ ਹੈਦਰਾਬਾਦ ਏਅਰਪੋਰਟ ਤੋਂ ਸਮਾਨ ਲੈ ਕੇ ਟੈਕਸੀ ਰਾਹੀਂ ਗੁਰਦੁਆਰਾ ਨਾਨਕ ਝੀਰਾ ਬਿਦਰ (ਕਰਨਾਟਕਾ) ਲਈ ਰਵਾਨਾ ਹੋ ਗਏ। ਸ਼ਹਿਰ ਤੋਂ ਬਾਹਰ ਨਿਕਲਦੇ ਸਮੇਂ ਸੜਕਾਂ ਦਾ ਸੁੰਦਰੀਕਰਨ ਮਨ ਨੂੰ ਸਕੂਨ ਦੇ



ਲੇਖਕ ਆਪਣੇ ਪਰਿਵਾਰਿਕ ਮੈਂਬਰਾਂ ਨਾਲ






ਰਿਹਾ ਸੀ । ਸ਼ਹਿਰ ਤੋਂ ਬਾਹਰ ਨਿਕਲ ਕੇ ਢਾਬੇ ਤੇ ਬਰੇਕ ਫਾਸਟ ਕੀਤਾ ਅਤੇ ਚਲ ਪਏ।ਦੁਪਿਹਰ ਤੋਂ ਬਾਅਦ ਅਸੀਂ ਬਿਦਰ ਪਹੁੰਚ ਗੁਰਦੁਆਰਾ ਸਾਹਿਬ ਕਮਰਾ ਲੈ ਲਿਆ ।ਕਮਰਾ ਸਫਾਈ ਪੱਖੋਂ ਰੈਸਟੋਰੈਂਟ ਨਾਲੋਂ ਘੱਟ ਨਹੀਂ ਸੀ ।ਅਸੀਂ ਆਰਾਮ ਕੀਤਾ ਅਤੇ ਸਾਮ ਨੂੰ ਅੰਮ੍ਰਿਤ ਜਲ ਦੇ ਝਰਨੇ ਚੋਂ ਜਲ ਛੱਕਿਆ ਜੋ ਕਿ ਗੁਰੂ ਨਾਨਕ ਦੇਵ ਜੀ ਨੇ ਇਥੇ ਪੁੱਜਣ ਤੇ ਪ੍ਰਗਟ ਕੀਤਾ ਸੀ ਜਿਸ ਤੋਂ ਸਾਂਨਕ ਲੋਕ ਹੁਣ ਵੀ ਪੀਣ ਲਈ ਪਾਣੀ ਲੈ ਕੇ ਜਾਂਦੇ ਹਨ । ਗੁਰਦੁਆਰਾ ਸਾਹਿਬ ਦਰਸ਼ਨ ਕਰ ਰਹਿਰਾਸ ਸਾਹਿਬ ਜੀ ਦੇ ਪਾਠ ਸੁਣੇ, ਅਰਦਾਸ ਉਪਰੰਤ ਲੰਗਰ ਛੱਕਿਆ ।ਵਾਪਿਸ ਕਮਰੇ 'ਚ ਆ ਆਰਾਮ ਕਰਦੇ ਸੌਂ ਗਏ । ਸਵੇਰੇ ਗੁ: ਸਾਹਿਬ ਨਤਮਸਤਕ ਹੋ ਲੰਗਰ ਛੱਕਿਆ ਅਤੇ 10 ਕੁ ਵਜੇ ਉਹੀ ਟੈਕਸੀ ਲੈ ਬਿਦਰ ਦਾ ਕਿਲ੍ਹਾ ਦੇਖਿਆ , ਕਿਲ੍ਹੇ ਅੰਦਰ ਘੁੰਮਣਾ ਵੱਡਾ ਹੋਣ ਕਾਰਨ ਸਮਾਂ ਬਹੁਤ ਚਾਹੀਦਾ, ਸੋ ਅਸੀਂ ਮੂਹਰਲੇ ਹਿੱਸੇ ਵਿਚਲੀ ਮਿਊਜਮ ਵਿੱਚ ਪੁਰਾਤਨ ਨਿਸ਼ਾਨੀਆਂ ਨੂੰ ਦੇਖ ਉਥੋਂ ਹਜੂਰ ਸਾਹਿਬ ਨੂ ਰਵਾਨਾ ਹੋਏ । ਰਸਤੇ 'ਚ ਪਥਰੀਲੀ ਲਾਲ ਕਾਲੀ ਮਿੱਟੀ ਆਲੇ ਦੁਆਲੇ ਖੇਤਾਂ 'ਚ ਨਜ਼ਰ ਆਉਂਦੀ ਸੀ ।ਤਕਰੀਬਨ 15 ਕੁ ਕਿਲੋਮੀਟਰ ਤੇ ਪੰਜ ਪਿਆਰਿਆਂ ਵਿੱਚੋਂ ਬਿਦਰ ਦੇ ਵਸਨੀਕ ਭਾਈ ਸਾਹਿਬ ਸਿੰਘ ਦੀ ਯਾਦ 'ਚ ਬਣੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ।ਰਸਤੇ ਵਿੱਚ ਚਾਹ ਪੀਤੀ । ਨਾਂਦੇੜ ਅਤੇ ਬਿਦਰ ਦੇ ਵਿਚਕਾਰ ਕਰੀਬ ਸੌ ਕਿਲੋਮੀਟਰ ਦੇ ਫਾਸਲੇ ਤੇ ਸੰਗਤਾਂ ਦੀ ਸਹੂਲਤ ਲਈ ਬਾਬਾ ਜ਼ੋਰ-ਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਦੀ ਯਾਦ ਵਿੱਚ ਕਾਰ ਸੇਵਾ ਵਾਲਿਆਂ ਵਲੋਂ ਸ਼ਾਨਦਾਰ ਗੁਰਦੁਆਰਾ ਸਾਹਿਬ ਬਣਾਇਆ ਹੋਇਆ । ਇਥੇ ਰੁਕ ਅਸੀਂ ਨਤਮਸਤਕ ਹੋ ਲੰਗਰ ਛੱਕਿਆ।ਇਥੋਂ ਅਸੀਂ ਕਰੀਬ 4 ਵਜੇ ਨਾਂਦੇੜ ਸਾਹਿਬ ਪੁੱਜੇ, ਟੈਕਸੀ ਵਾਲੇ ਨੇ ਰਸਤੇ 'ਚੋਂ ਹੀ ਫੋਨ ਤੇ ਕਮਰਾ ਬੁੱਕ ਕਰਵਾ ਦਿੱਤਾ ਸੀ ਜੋ ਕਿ ਗੁ: ਸੱਚਖੰਡ ਹਜੂਰ ਸਾਹਿਬ ਦੇ ਬਿਲਕੁਲ ਸਾਹਮਣੇ ਭਾਈ ਦਇਆ ਸਿੰਘ ਨਿਵਾਸ ਦੇ ਗਰਾਊਂਡ ਫਲੋਰ 'ਤੇ ਸੀ ।ਸਾਮ ਨੂੰ ਦਰਬਾਰ ਸਾਹਿਬ ਨਤਮ-ਸਤਕ ਹੋ ਰਹਿਰਾਸ ਸਾਹਿਬ ਦੇ ਪਾਠ ਸੁਣੇ , ਇਸ ਉਪਰੰਤ ਲੰਗਰ ਛੱਕਿਆ । ਅਗਲੇ ਦਿਨ 11 ਅਪ੍ਰੈਲ ਨੂੰ ਬਾਬਾ ਨਾਮਦੇਵ ਜੀ ਦੇ ਜਨਮ ਸਥਾਨ ਨਰਸੀ ਬਾਮਣੀ ਦੇ ਦਰਸ਼ਨਾਂ ਨੂੰ ਸਵੇਰੇ ਟੈਕਸੀ ਲੈ ਚਲ ਪਏ ।ਰਸਤੇ ਵਿੱਚ ਨਾਂਦੇੜ ਤੋਂ ਕਰੀਬ 35 ਕਿਲੋਮੀਟਰ ਦੀ ਦੂਰੀ 'ਤੇ ਗੁਰਦੁਆਰਾ ਦਮਦਮਾ ਸਾਹਿਬ, ਬਸਮਤ ਨਗਰ (ਹਿੰਗੋਲੀ) ਦੇ ਦਰਸ਼ਨ ਕੀਤੇ ।ਇਥੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਤੋਂ ਆਉਂਦੇ ਸਮੇਂ ਇਸ ਨਗਰ ਦੀ ਖੁੱਲ੍ਹੀ ਇਕਾਂਤ ਅਤੇ ਸੁੰਦਰ ਥਾਂ ਵੇਖ ਕੇ ਡੇਰੇ ਲਾ ਲਏ ਅਤੇ ਅੱਠ ਦਿਨ ਵਿਸ਼ਰਾਮ ਕੀਤਾ।ਬਸਮਤਨਗਰ ਵਿਖੇ ਗੁਰੂ ਜੀ ਦੀ ਯਾਦ ਵਿੱਚ ਗੁਰਦੁਆਰਾ ਦਮਦਮਾ ਸਾਹਿਬ ਸੁਸ਼ੋਭਿਤ ਹੈ ।ਅੱਗੇ ਤੀਹ ਕੁ ਕਿ:ਮੀ: ਦੀ ਵਿੱਥ ਤੇ ਔਂਡਾ ਵਿਖੇ ਬਾਬਾ ਨਾਮਦੇਵ ਜੀ ਨੇ ਜੋ ਦੇਹੁਰਾ ਦਾ ਮੂੰਹ ਫੇਰਿਆ ਸੀ ਉਹ ਸਥਾਨ ਹੈ ।ਨਰਸੀ ਤੋਂ ਬਾਹਰ ਪਹਿਲਾਂ ਹੀ ਭਗਤ ਨਾਮਦੇਵ ਜੀ ਯਾਦ ਵਿੱਚ ਪੰਜਾਬ ਦੀ ਸੰਗਤ ਨੇ ਜਮੀਨ ਖਰੀਦ ਕੇ ਸ਼ਾਨਦਾਰ ਗੁਰਦੁਆਰਾ ਸਾਹਿਬ ਦੀ ਇਮਾਰਤ ਤਿਆਰ ਕਰ ਲਈ ਹੈ ਜਿਥੇ ਅਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਬਾਕੀ ਹੈ।ਇਥੇ ਕਾਫੀ ਗਿਣਤੀ ਵਿੱਚ ਸਰਧਾਲੂਆਂ ਨੇ ਕਮਰੇ ਬਣਾ ਕੇ ਰਹਿਣ ਦੀ ਸਹੂਲਤ ਦਾ ਪ੍ਰਬੰਧ ਕੀਤਾ ਹੋਇਆ ਹੈ । ਨਰਸੀ ਵਿਖੇ ਭਗਤ ਨਾਮਦੇਵ ਜੀ ਦੇ ਘਰ ਦੇ ਦਰਸ਼ਨ ਕੀਤੇ ।ਇਥੋਂ ਵਾਪਿਸ ਨਾਂਦੇੜ ਸਾਹਿਬ ਕਰੀਬ 4 ਵਜੇ ਪੁੱਜ ਕਮਰੇ 'ਚ ਆਰਾਮ ਕੀਤਾ ।ਸਾਮ ਨੂੰ ਦਰਬਾਰ ਸਾਹਿਬ ਜਾ ਨਤਮਤਕ ਹੋ ਕੀਰਤਨ ਅਤੇ ਰਹਿਰਾਸ ਸਾਹਿਬ ਦੇ ਪਾਠ ਸੁਣਨ ਉਪਰੰਤ ਲੰਗਰ ਛੱਕਿਆ ਅਤੇ ਕਮਰੇ ਵਿੱਚ ਆ ਆਰਾਮ ਕੀਤਾ ।

12 ਅਪ੍ਰੈਲ ਨੂੰ ਸਵੇਰੇ ਦਰਬਾਰ ਸਾਹਿਬ ਜਾ ਨਤਮਸਤਕ ਹੋ ਕੀਰਤਨ ਸੁਣਿਆ, ਅਰਦਾਸ ਵਿੱਚ ਹਾਜ਼ਰੀ ਲਵਾਈ । ਸ਼ਾਸ਼ਤਰਾਂ ਦੇ ਦਰਸ਼ਨ ਕੀਤੇ । ਇਸ ਉਪਰੰਤ ਸਥਾਨਕ ਗੁਰਦੁਆਰਾ ਮਾਲਟੇਕੜੀ ਸਾਹਿਬ ਆਟੋ ਲੈ ਪੁੱਜੇ । ਇਸ ਗੁਰਦੁਆਰਾ ਸਾਹਿਬ ਦਾ ਇਤਿਹਾਸ ਇਹ ਦੱਸਿਆ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਥੋਂ ਗੁਪਤ ਰੱਖੀ ਮਾਇਆ ਕਢਵਾ ਕੇ ਗੁਰਦੁਆਰਾ ਸੰਗਤ ਸਾਹਿਬ ਦੇ ਅਸਥਾਨ ਤੇ ਫੌਜਾਂ ਵਿੱਚ ਵੰਡੀ । ਦੱਸਿਆ ਗਿਆ ਹੈ ਕਿ ਭਵਿਖ ਪ੍ਰਤੀ ਬਚਨ ਵੀ ਉਚਾਰਿਆ ਕਿ ਸਾਡਾ ਇਥੇ ਕਾਫੀ ਖਜ਼ਾਨਾ ਪਿਆ ਹੈ , ਜਦੋਂ ਖਾਲਸੇ ਦੀ ਗਿਣਤੀ 96 ਕ੍ਰੋੜ ਹੋ ਜਾਵੇਗੀ ਤਾਂ ਇਥੋਂ ਦੀ ਮਾਇਆ ਨਾਲ ਖਾਲਸੇ ਵਿੱਚ ਅਤੁੱਟ ਲੰਗਰ ਵਰਤਾਇਆ ਜਾਵੇਗਾ ।ਇਸ ਤੋਂ ਅੱਗੇ ਗੁਰਦੁਆਰਾ ਲੋਹ ਲੰਗਰ ਮਾਤਾ ਭਾਗ ਕੌਰ ਜੀ ਦੇ ਦਰਸ਼ਨ ਕੀਤੇ ।ਥੋੜੀ ਦੂਰ ਗੋਦਾਵਰੀ ਨਦੀ ਦੇ ਕੰਢੇ ਸੁਸ਼ੋਭਿਤ ਅਸਥਾਨ ਗੁਰਦੁਆਰਾ ਹੀਰਾ ਘਾਟ ਸਹਿਬ ਨਤਮ-ਸਤਕ ਹੋਏ । ਇਥੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਬਹਾਦਰ ਸਾਹ ਆਇਆ ਜਿਸ ਨੇ ਕੀਮਤੀ ਹੀਰਾ ਗੁਰੂ ਜੀ ਨੂੰ ਸਤਿਕ-ਾਰ ਵਜੋਂ ਭੇਟ ਕੀਤਾ ਜੋ ਗੁਰੂ ਜੀ ਨੇ ਤੁੱਛ ਜਾਣ ਕੇ ਕੋਲ ਹੀ ਵੱਗ ਰਹੀ ਨਦੀ ਗੋਦਾਵਰੀ ਵਿੱਚ ਵਗਾਅ ਮਾਰਿਆ ।ਉਸ ਨੂੰ ਲੱਗਿਆ ਸਾਇਦ ਗੁਰੂ ਜੀ ਨੂੰ ਹੀਰਿਆਂ ਦੀ ਕਦਰ ਨਹੀਂ, ਨਹੀਂ ਤਾ ਇੰਝ ਨਾ ਕਰਦੇ ।ਬਹਾਦਰ ਸਾਹ ਦੀ ਪਰੇਸ਼ਾਨੀ ਜਾਣ ਕੇ ਗੁਰੂ ਜੀ ਨੇ ਉਸ ਨੂੰ ਕਿਹਾ ਜ਼ਰਾ ਗੋਦਾਵਰੀ ਵਿੱਚ ਨਜ਼ਰ ਤਾਂ ਮਾਰੋ ।ਜਦੋਂ ਬਹਾਦਰ ਸਾਹ ਨੇ ਨੀਝ ਨਾਲ ਨਦੀ ਵੱਲ ਤੱਕਿਆ ਤਾਂ ਇੱਕ ਹੀਰਾ ਨਹੀਂ ਸਗੋਂ ਬਲਕਿ ਉਸ ਹੀਰੇ ਵਰਗੇ ਤੇ ਉਸ ਤੋਂ ਵੀ ਕਿਤੇ ਵਧੀਕ ਕੀਮਤੀ ਅਣਗਿਣਤ ਹੀਰੇ ਪਏ ਸਨ । ਉਸ ਦਾ ਹੰਕਾਰ ਨਵਿਰਤ ਹੋ ਗਿਆ ।

ਬਾਕੀ ਹਿਸਾ ਸਫਾ 38 ਤੇ ਪੜ੍ਹੋ

37 ਸਫੇ ਦੀ ਬਾਕੀ

ਅੱਗੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਤੀਸਰੇ ਅਤੇ ਸਭ ਤੋਂ ਛੋਟੇ ਮਹਿਲ ਮਾਤਾ ਸਾਹਿਬ ਦੇਵਾਂ ਦੀ ਯਾਦ 'ਚ ਬਣੇ ਸ਼ਾਨਦਾਰ ਗੁਰਦੁਆਰਾ ਸਾਹਿਬ ਦੀ ਸੇਵਾ ਮੌਜੂਦਾ ਸਮੇਂ ਜਥੇਦਾਰ ਬਾਬਾ ਤੇਜਾ ਸਿੰਘ ਜੀ ਨਿਹੰਗ ਸਿੰਘ ਮਾਤਾ ਜੀ ਦੇ ਪਾਵਨ ਅਸਥਾਨ ਦੀ ਸੇਵਾ ਨਿਭਾ ਰਹੇ ਹਨ।ਇਸ ਅਸਥਾਨ ਦੇ ਦਰਸ਼ਨ ਕਰਨ ਉਪਰੰਤ ਗੁਰਦੁਆਰਾ ਸ਼ਿਕਾਰ ਘਾਟ ਸਹਿਬ ਦੇ ਦਰਸ਼ਨ ਕੀਤੇ।ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਤਿ ਸਰਧਾਲੂ ਸਿਆਲਕੋਟ ਦਾ ਵਸਨੀਕ ਮੂਲਾ ਖਤਰੀ ਅੰਤ ਸਮੇਂ ਬੇਮੁੱਖ ਹੋ ਗਿਆ ਉਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਹ ਤੁਕਾਂ ਦਰਜ ਹਨ 'ਨਾਲਿ ਕਿਰਾੜਾ ਦੋਸਤੀ ਕੂੜੇ ਕੂੜੀ ਪਾਇ।ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ', ਦੀ ਮੁਕਤੀ ਗੁਰਾਂ ਨੇ ਦਸਵੇਂ ਜਾਮੇ ਵਿੱਚ ਕਰਨ ਦਾ ਇਕਰਾਰ ਕੀਤਾ ਸੀ । ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਦਿਨ ਸ਼ਿਕਾਰ ਖੇਡਦੇ ਸਮੇਂ ਸਹੇ (ਖਰਗੋਸ਼) ਦੀ ਜੂਨੀ ਭੋਗ ਰਹੇ ਮੂਲੇ ਖੱਤਰੀ ਦਾ ਉਧਾਰ ਇਸ ਅਸਥਾਨ ਤੇ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਨੂੰ ਪੂਰਾ ਕੀਤਾ ।

ਇਨ੍ਹਾਂ ਅਸਥਾਨਾਂ ਦੇ ਦਰਸ਼ਨ ਕਰਨ ਉਪਰੰਤ 11 ਵਜੇ ਦੇ ਕਰੀਬ ਅਸੀਂ ਵਾਪਸ ਕਮਰੇ ਵਿੱਚ ਆ ਗਏ । ਆਰਾਮ ਕਰ ਦੁਪਿਹਰ ਵੇਲੇ ਲੰਗਰ ਛੱਕਿਆ, ਵਾਪਿਸ ਆਉਂਦਿਆਂ ਇਥੇ ਹੀ ਬੇਟੀ ਸਿਮਰਜੀਤ ਕੌਰ ਕੋਲ ਬੇਟੇ ਦੇ ਜਨਮ ਹੋਣ ਦੀ ਖਬਰ ਮਿਲੀ । ਅਸੀਂ ਦਰਬਾਰ ਸਾਹਿਬ ਜਾ ਦੇਗ ਲੈ ਨਤਮਸਤਕ ਹੋ ਸੱਚੇ ਪਾਤਿਸ਼ਾਹ ਦਾ ਸ਼ੁਕਰਾਨਾ ਕੀਤਾ ।ਕਮਰੇ 'ਚ ਆ ਥੋੜ੍ਹਾ ਆਰਾਮ ਕਰ ਸਾਮ ਨੂੰ ਆਟੋ ਲੈ ਸਥਾਨਕ ਗੁਰਦੁਆਰਿਆਂ ਦੇ ਦਰਸ਼ਨ ਲਈ ਰਵਾਨਾ ਹੋਏ ।ਗੁ: ਗੋਬਿੰਦ ਬਾਗ ਸਾਹਿਬ , ਗੁ: ਭਜਨਗੜ੍ਹ ਸਾਹਿਬ, ਗੁ: ਨਗੀਨਾ ਘਾਟ, ਗੁ: ਬੰਦਾ ਘਾਟ ਸਾਹਿਬ ਅਤੇ ਗੁ: ਬਾਉਲੀ ਦਮਦਮਾ ਸਹਿਬ ਦੇ ਦਰਸ਼ਨ ਕੀਤੇ, ਇਥੇ ਹੀ ਗੁਰੂ ਸਾਹਿਬ ਜੀ ਦੇ ਘੋੜਿਆਂ ਦਾ ਅਸਤਬਲ ਵੀ ਹੈ ਜਿਥੇ ਪੁਰਾਣੀ ਨਸਲ ਦੇ ਘੋੜੇ ਬੜੀ ਸੰਭਾਲ ਨਾਲ ਰੱਖੇ ਹੋਏ ਹਨ । ਵਾਪਿਸ ਆ ਦਰਬਾਰ ਸਾਹਿਬ ਵਿਖੇ ਰਹਿਰਾਸ ਸਾਹਿਬ ਦੇ ਪਾਠ ਸੁਣਨ ਉਪਰੰਤ ਲੰਗਰ ਛੱਕ ਕਮਰੇ 'ਚ ਆ ਆਰਾਮ ਫਰਮਾਇਆ ।ਸਵੇਰੇ ਅੰਮ੍ਰਿਤ ਵੇਲੇ 1:30 ਵਜੇ ਦਰਬਾਰ ਸਾਹਿਬ ਅੱਗੋਂ ਸਿੰਘ ਸਾਹਿਬ ਵਲੋਂ ਗਾਗਰ ਲਿਜਾ ਕੇ ਦਮੋਦਰ ਨਦੀ 'ਚੋਂ ਜਲ ਲਿਆਉਣ ਦੇ ਸੰਗਤੀ ਰੂਪ ਦੇ ਦਰਸ਼ਨ ਕੀਤੇ ।ਇਸ ਦਿਨ ਰਾਤ ਨੂੰ ਵਿਸਾਖੀ ਦੇ ਸਬੰਧ 'ਚ ਕੀਰਤਨ ਦਰਬਾਰ ਦੀ ਹਾਜ਼ਰੀ ਭਰੀ । ਅਗਲੇ ਦਿਨ ਸਵੇਰੇ 14 ਅਪ੍ਰੈਲ ਨੂੰ ਦਰਬਾਰ ਸਾਹਿਬ ਹਾਜ਼ਰੀ ਭਰੀ। ਸਾਮ ਨੂੰ ਕਰੀਬ 4:30 ਵਜੇ ਹੱਲਾ ਬੋਲ ਮਹੱਲੇ ਜਿਸ ਦੀ ਅਗਵਾਈ ਪੰਜ ਪਿਆਰੇ ਅਤੇ ਸਿੰਘ ਸਾਹਿਬਾਨ ਕਰ ਰਹੇ




ਸੀ, ਵਿੱਚ ਸਮੂਲੀਅਤ ਕੀਤੀ, ਰਸਤੇ 'ਚ ਅਰਦਾਸ ਕਰਕੇ ਬੋਲੇ ਸੋ ਨਿਹਾਲ ਦੇ ਜੈਕਾਰਿਆ ਨਾਲ ਨੰਗੀਆਂ ਤਲਵਾਰਾਂ ਉੱਪਰ ਨੂੰ ਲਹਿਰਾਕੇ ਨੋਜਵਾਨ ਸਿੰਘ ਦੌੜ ਕੇ ਗੁ: ਦਮਦਮਾ ਸਾਹਿਬ ਤੱਕ ਗਏ , ਇਹ ਦ੍ਰਿਸ਼ ਬਹੁਤ ਹੀ ਰਮਣੀਕ ਗੁਰੂ ਸਾਹਿਬ ਦੇ ਸਮੇਂ ਯੋਧੇ ਸਿੰਘਾਂ ਦੀ ਯਾਦ ਤਾਜ਼ਾ ਕਰਵਾ ਰਿਹਾ ਸੀ । ਇਥੋਂ ਅਸੀਂ ਵਾਪਿਸ ਕਮਰੇ 'ਚ ਪੁੱਜ ਫਿਰ ਦਰਬਾਰ ਸਾਹਿਬ ਨਤਮਸਤਕ ਹੋ ਰਹਿਰਾਸ ਸਾਹਿਬ ਦੇ ਪਾਠ ਸੁਣ ਲੰਗਰ ਛੱਕ , ਕਮਰੇ 'ਚ ਆ ਆਰਾਮ ਕੀਤਾ ।ਅਗਲੇ ਦਿਨ 15 ਅਪ੍ਰੈਲ ਸਵੇਰੇ ਉੱਠ ਨਿਤਨੇਮ ਕਰ ਦਰਬਾਰ ਸਾਹਿਬ ਜਾ ਨਤਮਸਤਕ ਹੋ ਚਾਹ ਦਾ ਲੰਗਰ ਛੱਕ ਕੇ ਕਮਰੇ 'ਚੋਂ ਸਮਾਨ ਚੁੱਕ ਕਮਰੇ ਦੀਆਂ ਚਾਬੀਆਂ ਜਮ੍ਹਾਂ ਕਰਵਾ ਆਟੋ ਲੈ ਕੇ ਰੇਲਵੇ ਸ਼ਟੇਸ਼ਨ ਪੁੱਜ ਕੇ ਦੇਵਗਿਰੀ ਐਕਸਪ੍ਰੈਸ਼ ਟਰੇਨ ਦੇ ਬੁੱਕ ਕਰਾਏ ਏ.ਸੀ. ਡੱਬੇ ਤੇ ਚੜ੍ਹ ਗਏ ਜੋ ਸਵਾ ਨੌ ਵਜੇ ਚਲੀ । ਜੋ ਰਸਤੇ ਵਿੱਚ ਰੁੱਕ ਰੁੱਕ ਕੇ 272 ਕਿ:ਮੀ: ਦੀ ਦੂਰੀ ਤਹਿ ਕਰਦੀ ਹੋਈ ਕਰੀਬ 5 ਵਜੇ ਸਾਮ ਤੱਕ ਹੈਦਰਾਬਾਦ ਪਹੁੰਚੀ । ਇਥੋਂ ਕੈਬ ਲੈ ਏਅਰਪੋਰਟ ਪਹੁੰਚੇ , ਸਮਾਨ ਚੈਕ ਕਰਵਾ ਐਂਟਰੀ ਕੀਤੀ । ਇੰਡਗੋ ਏਅਰਲਾਈਨਜ਼ ਦੀ ਰਵਾਨਗੀ ਰਾਤ 8:40 'ਤੇ ਸੀ । ਅੰਦਰ ਅਸੀਂ ਖਾਣਾ ਖਾਧਾ ਅਤੇ ਚਾਹ ਪੀਤੀ, ਫਿਰ ਵੇਟਿੰਗ ਵਾਲੀ ਥਾਂ ਬੈਠ ਕੇ ਐਂਟਰੀ ਗੇਟ ਖੁੱਲ੍ਹਣ ਦੀ ਉਡੀਕ ਖਤਮ ਹੁੰਦੇ ਹੀ ਟਿਕਟਾਂ, ਅਧਾਰ ਕਾਰਡ ਦਿਖਾ ਜਹਾਜ਼ 'ਚ ਐਂਟਰੀ ਲ਼ਈ ਬਣੇ ਗੇਟ ਰਾਹੀਂ ਜਹਾਜ਼ 'ਚ ਜਾ ਆਪਣੀ ਸੀਟ ਤੇ ਜਾ ਬੈਠੇ । ਜਹਾਜ਼ ਨੇ ਨਿਰਧਾਰਤ ਸਮੇਂ 'ਤੇ ਉਡਾਣ ਭਰੀ , ਮੇਰੀ ਸੀਟ ਇਸ ਵਾਰ ਵੀ ਸ਼ੀਸ਼ੇ ਦੀ ਤਾਕੀ ਵਾਲੀ ਹੀ ਸੀ ।ਉੱਪਰੋਂ ਹੇਠਾਂ ਹਰ ਥਾਂ ਜਗਮਗਾਉਂਦੀਆਂ ਲਾਈਟਾਂ ਦਾ ਨਜ਼ਾਰਾ ਦੇਖਿਆ ਅਤੇ ਪਾਠ ਕੀਤਾ। ਮੋਹਾਲੀ ਏਅਰਪੋਰਟ ਪਹੁੰਚ ਅਸੀਂ ਰਾਤ ਦੇ 12 ਵਜੇ ਦੇ ਕਰੀਬ ਅੰਦਰੋਂ ਸਮਾਨ ਲੈ ਬਾਹਰ ਆ ਗਏ, ਨਾਭੇ ਤੋਂ ਪਹਿਲਾਂ ਹੀ ਬੁੱਕ ਕਰਾਈ ਕੈਬ ਆ ਗਈ । ਅਸੀਂ ਨਾਭੇ ਤਕਰੀਬਨ ਡੇਢ ਘੰਟੇ ਵਿੱਚ ਪਹੁੰਚ ਗਏ।ਵਾਹਿਗੁਰੂ ਜੀ ਦੀ ਆਪਾਰ ਕਿਰਪਾ ਸਦਕਾ ਯਾਤਰਾ ਬਹੁਤ ਹੀ ਖੁਸ਼ਗਵਾਰ ਰਹੀ। ਮੇਰੀ ਜ਼ਿੰਦਗੀ ਦੇ ਆਖਰੀ ਪੜਾਅ ਦੀ ਇਹ ਧਾਰਮਿਕ ਅਸਥਾਨ ਦੀ ਯਾਤਰਾ ਅਭੁੱਲ ਯਾਦ ਰਹੇਗੀ। -ਮੇਜਰ ਸਿੰਘ ਨਾਭਾ

# ਹਰ ਇਲੈਕਸ਼ਨ ਵਿੱਚ ਚੋਣਾਂ ਵਾਲੇ ਸਾਲ ਦੀ ਸਿਆਸਤ

## ਪਾਠਕਾਂ ਦੇ ਪੱਤਰ

ਸਾਡੇ ਭਾਰਤ ਵਿੱਚ ਹਰ 5 ਸਾਲ ਬਾਅਦ ਕੇਂਦਰ ਦੀਆਂ, ਬਾਕੀ ਸੂਬਿਆਂ ਦੀ ਇਲੈਕਸ਼ਨ 5 ਸਾਲ ਬਾਅਦ ਹੁੰਦੀਆਂ ਹਨ। ਸਾਡਾ ਦੇਸ਼ ਇਕ ਡੈਮੋਕ੍ਰੇਟਿਕ ਮੁਲਕ ਹੈ, ਭਾਵ ਲੋਕਰਾਜ – ਲੋਕਾਂ ਰਾਹੀਂ ਚੁਣੀ ਹੋਈ ਸਰਕਾਰ। ਲੋਕਾਂ (ਜਨਤਾ) ਦੇ ਹੱਕ ਸੱਚ ਦੀ ਪਹਿਰੇਦਾਰ ਸਰਕਾਰ ਹੈ। ਕੋਈ ਭੀ ਕੋਈ ਚੋਣ ਹੁੰਦੀ ਹੈ ਸਿਰਫ਼ ਸਰਕਾਰ ਨੂੰ ਆਖਰੀ ਸਾਲ ਵਿੱਚ ਖਾਸ ਫਿਕਰ ਹੋ ਜਾਂਦਾ ਹੈ ਕਿ ਜਿੱਤਣ ਤੋਂ ਬਾਅਦ ਜਨਤਾ ਲਈ ਕੀ ਕੀ ਕਰਕੇ ਦੇਵੇਗੀ। 1950 ਦੇ ਬਾਅਦ ਦਾ ਸਾਰਾ ਰਿਕਾਰਡ ਦੇਖ ਲਵੋ ਸਰਕਾਰ ਕਿਸੇ ਪਾਰਟੀ ਦੀ ਬਣੇ, ਕੰਮ ਕਰਨ ਦਾ ਤਰੀਕਾ ਹਰ ਪਾਰਟੀ ਦਾ ਵੱਖੋ ਵੱਖਰਾ ਹੈ ਪਰ ਟੀਚਾ ਇਕ ਹੀ ਹੁੰਦਾ ਰਿਹਾ ਹੈ। ਸਾਰੀਆਂ ਪਾਰਟੀਆਂ ਇਕੋ ਜਿਹੀਆਂ ਹੀ ਹਨ, ਜਦੋਂ ਕੋਈ ਪਾਰਟੀ ਜਿੱਤ ਜਾਂਦੀ ਹੈ, ਐੱਮ.ਐੱਲ.ਏ. ਸਾਹਿਬ ਜਾਂ ਐੱਮ.ਪੀ. ਸਾਹਿਬ ਚੋਣ ਜਿੱਤਣ ਤੋਂ ਬਾਅਦ ਸਮਾਜ ਸੇਵਾ ਸ਼ੁਰੂ ਕਰ ਦਿੰਦੇ ਹਨ। ਪਹਿਲੀ ਸੇਵਾ ਤਾਂ ਇਹ ਕਰਦੇ ਹਨ ਕਿ ਜਿਨ੍ਹਾਂ ਨੇ ਉਨ੍ਹਾਂ ਨੂੰ ਵੋਟ ਨਹੀਂ ਪਾਈ ਉਨ੍ਹਾਂ ਨੂੰ ਹਰ ਸਹੂਲਤ ਤੋਂ ਵੱਖ ਕਰਨ ਦੀ ਕੋਸ਼ਿਸ਼ ਸ਼ੁਰੂ ਕਰ ਦਿੰਦੇ ਹਨ, ਹਰ ਤਰ੍ਹਾਂ ਉਨ੍ਹਾਂ ਦਾ ਨੁਕਸਾਨ ਕਰਨਾ ਸ਼ੁਰੂ ਕਰ ਦਿੰਦੇ ਹਨ। ਇਹ mostly ਹਰ ਇਕ ਦਾ ਪਹਿਲਾ ਅਸੂਲ ਹੁੰਦਾ ਹੈ, ਨਾਲ ਆਪਣੇ ਚਹੇਤੇ ਵੋਟਰਾਂ ਨੂੰ ਸੀਰਨੀ ਵੰਡਣੀ ਸ਼ੁਰੂ ਕਰ ਦਿੰਦੇ ਹਨ, ਜੋ ਭੀ ਉਨ੍ਹਾਂ ਨੂੰ ਲਾਭ ਮਿਲ ਸਕੇ ਦਿੱਤਾ ਜਾਂਦਾ ਹੈ, ਮਠਿਆਈ ਦੀ ਤਰ੍ਹਾਂ ਵੰਡਦੇ ਹਨ। ਆਪਣੀ ਜੇਬ ਦਾ ਪੂਰਾ ਖਿਆਲ ਰੱਖਿਆ ਜਾਂਦਾ ਹੈ, 4 ਸਾਲਾਂ ਤੀਕਰ ਇਹੋ ਕੋਸ਼ਿਸ਼ ਹੁੰਦੀ ਹੈ ਆਪਣੀ ਜੇਬ ਪੂਰੀ ਤਰ੍ਹਾਂ ਭਰ ਜਾਵੇ, ਇਸ ਕਰਕੇ ਇਹ ਜ਼ਿਆਦਾ ਜੇਬਾਂ ਵਾਲੀਆਂ ਜੈਕਟਾਂ ਪਾਉਂਦੇ ਹਨ। ਹੁਣ ladies ਦਾ ਜ਼ਿਆਦਾ ਅਸੈਂਬਲੀ ਕੋਟਾ ਵਧਾਇਆ ਹੈ ਕਿ ਉਹ ਵਰਗ ਪਿੱਛੇ ਨਾ ਰਹਿ ਜਾਵੇ। ਉਨ੍ਹਾਂ ਦਾ ਤਰੀਕਾ ਭੀ ਉਹ ਹੈ ਪਹਿਲਾਂ ਚਾਰ ਸਾਲ ਪੂਰੇ ਹੋਣ ਬਾਅਦ ਪੰਜਵੇਂ ਸਾਲ ਵਿੱਚ ਚੋਣ ਵਾਅਦੇ ਸ਼ੁਰੂ ਹੁੰਦੇ ਹਨ, ਸਮਾਜ ਭਲਾਈ ਸਕੀਮਾਂ, ਨੌਕਰੀਆਂ, ਪਿੰਡਾਂ ਦੀਆਂ ਸੜਕਾਂ, ਘਰਾਂ ਦੀਆਂ ਨਾਲੀਆਂ ਵਗੈਰਾ ਸਭ ਨਵੇਂ ਸਕੂਲ, ਹਸਪਤਾਲ ਨੂੰ ਨਵਾਂ ਰੰਗ ਕਰਵਾਉਣਾ ਆਦਿਕ, ਸਾਰੇ ਕਾਰਜ ਸ਼ੁਰੂ ਹੋ ਜਾਂਦੇ ਹਨ, ਹੋਰ ਵੱਡੇ ਉਦਯੋਗ ਵਗੈਰਾ ਬੱਸ ਚੱਲ ਸੋ ਚੱਲ ਬਦਲਾਅ ਲਿਆਉਣਾ ਆਦਿਕ, ਜਦ ਜਿੱਤ ਜਾਂਦੇ ਹਨ ਫਿਰ ਪੁਰਾਣਾ ਤਰੀਕਾ ਸ਼ੁਰੂ ਹੋ ਜਾਂਦਾ ਹੈ। ਟੈਲੀਫ਼ੂਨ ਤੋਂ ਭੀ ਗੱਲ ਕਰਨ ਦਾ ਸਮਾਂ ਬੰਦ ਕਰ ਲੈਣਾ, ਮਿਲਣ ਦਾ ਸਮਾਂ ਬਹੁਤ ਘੱਟ ਕਰਨਾ ਆਦਿਕ, ਇਸ ਵਿੱਚ ਸੁਧਾਰ ਆਉਣਾ ਔਖਾ ਹੈ।



ਗਲਤੀ ਮੁਆਫ਼–K.Jogi

# ਜਾਗਦੀ ਅਤੇ ਸੁੱਤੀ ਅੱਖ ਦੇ ਸੁਪਨੇ !

ਜਿਹੜੀ ਵਾਰਤਾ ਮੈਂ ਲਿਖਣ ਜਾ ਰਿਹਾ ਹਾਂ, ਇਹੋ ਜਿਹੀਆਂ ਕਥਾ-ਕਹਾਣੀਆਂ ਤਾਂ ਲਗਭਗ ਸਾਰਿਆਂ ਨੇ ਹੀ ਪੜ੍ਹੀਆਂ ਸੁਣੀਆਂ ਹੁੰਦੀਆਂ ਹਨ ਪਰ ਇਨ੍ਹਾਂ ਦੇ ਸੱਚੀਆਂ ਹੋਣ ਦਾ ਪਤਾ ਉਦੋਂ ਲਗਦਾ ਹੈ ਜਦ ਕਿਤੇ ਦੁਨਿਆਵੀ ਰਿਸ਼ਤੇ ਨਿਭਾਉਂਦਿਆਂ ਹੋਇਆਂ ਅਣਸੁਖਾਵੇਂ ਜਿਹੇ ਹਾਲਾਤਾਂ ਵਿੱਚੋਂ ਖੁਦ ਲੰਘ ਰਹੇ ਹੋਈਏ।

ਕਹਿੰਦੇ ਕਿਸੇ ਬਾਦਸ਼ਾਹ ਦਾ ਇਕਲੌਤਾ ਪੁੱਤਰ ਬਿਮਾਰ ਹੋ ਗਿਆ।ਬਿਸਤਰੇ-ਮਰਗ 'ਤੇ ਪਏ ਔਖੇ ਔਖੇ ਸਾਹ ਲੈ ਰਹੇ ਆਪਣੇ ਪੁੱਤਰ ਦੇ ਸਿਰਾਹਣੇ ਬੈਠੇ ਬਾਦਸ਼ਾਹ ਤੇ ਮਹਾਰਾਣੀ ਹੱਥ ਜੋੜ ਜੋੜ ਬੇਟੇ ਦੀ ਤੰਦਰੁਸਤੀ ਲਈ ਪ੍ਰਮਾਤਮਾਂ ਅੱਗੇ ਅਰਜੋਦੜੀਆਂ ਕਰੀ ਜਾ ਰਹੇ ਸਨ।ਸਾਰੀ ਰਾਤ ਬੀਤ ਚੁੱਕੀ ਸੀ। ਤੜਕੇ ਜਾ ਕੇ ਉਨੀਂਦਰੇ ਦੇ ਮਾਰੇ ਬਾਦਸ਼ਾਹ ਦੀ ਅੱਖ ਲੱਗ ਗਈ ਤੇ ਉੱਧਰੋਂ ਪੁੱਤਰ ਦੇ ਪ੍ਰਾਣ ਪੰਖੇਰੂ ਉਡ ਗਏ ! ਜਾਗਦੀ ਰਾਣੀ ਨੇ ਇਕ ਪਾਸੇ ਨੂੰ ਪੁੱਤਰ ਦਾ ਲੁੜਕਿਆ ਸਿਰ ਦੇਖ ਕੇ ਜ਼ੋਰ ਦੀ ਧਾਹ ਮਾਰੀ ! ਜਿਉਂ ਹੀ ਉਸਨੇ ਬਾਦਸ਼ਾਹ ਨੂੰ ਸੁੱਤਾ ਦੇਖ ਕੇ ਰੋਂਦਿਆਂ ਹੋਇਆਂ ਬਾਹੋਂ ਫੜ ਕੇ ਝੰਜੋੜਿਆ ਤਾਂ ਉਹ ਉੱਭੜਵਾਹੇ ਅੱਖਾਂ ਖੋਲ੍ਹਦਿਆਂ ਸਾਹਮਣੇ ਦੇਖ ਇਕ ਦਮ ਹੱਸਣ ਲੱਗਾ !!

ਹੈਰਾਨ ਪ੍ਰੇਸ਼ਾਨ ਹੋਈ ਰਾਣੀ ਅੱਖਾਂ ਅੱਡਦੀ ਹੋਈ ਬੋਲੀ ਕਿ ਪਾਗਲ ਹੋ ਗਏ ਹੋ ਇਕਲੌਤਾ ਪੁੱਤ ਚੜ੍ਹਾਈ ਕਰ ਗਿਆ ਹੈ ਪਰ ਤੁਹਾਨੂੰ ਹਾਸਾ......??

ਇਕ ਦਮ ਗਹਿਰ ਗੰਭੀਰ ਮੁਦਰਾ ਵਿਚ ਬਾਦਸ਼ਾਹ ਕਹਿਣ ਲੱਗਾ-

"ਰਾਣੀ ਜੀ, ਥੋੜਾ ਚਿਰ ਹੋਇਆ ਮੈਂ ਆਪਣੇ ਇੱਕ ਬਿਮਾਰ ਪੁੱਤਰ ਲਈ ਅਰਦਾਸਾਂ ਕਰ ਰਿਹਾ ਸਾਂ। ਅਚਾਨਕ ਅੱਖ ਲੱਗੀ ਤੋਂ ਮੈਨੂੰ ਸੁਪਨਾ ਆ ਗਿਆ ਕਿ ਮੈਂ ਜੰਗਲ਼ ਵਿਚ ਸ਼ਿਕਾਰ ਖੇਡ੍ਹ ਰਿਹਾ ਹਾਂ। ਸੱਜੇ-ਖੱਬੇ ਸ਼ਸਤਰਾਂ ਬਸਤਰਾਂ ਨਾਲ਼ ਸਜੇ ਹੋਏ ਘੋੜਸਵਾਰ ਮੇਰੇ ਸੱਤ ਪੁੱਤਰ ਨਾਲ ਨਾਲ ਚੱਲ ਰਹੇ ਹਨ.........!

ਰਾਣੀਏਂ, ਇਸ ਸੁਪਨੇ ਤੋਂ ਪਹਿਲਾਂ ਮੈਂ ਜਾਗਦਾ ਹੋਇਆ ਬਿਮਾਰ ਪਏ 'ਇੱਕ ਪੁੱਤ' ਦਾ ਬਾਪ ਸਾਂ..... ਸੁਪਨਾ ਆਇਆ ਤਾਂ ਮੈਂ 'ਸੱਤ ਪੁੱਤਰਾਂ' ਦਾ ਬਾਪ ਬਣ ਗਿਆ ਪਰ ਛਿਣ-ਭੰਗਰ ਵਿੱਚ ਹੀ ਅੱਖ ਖੁੱਲ੍ਹੀ ਤੋਂ ਦੇਖਿਆ ਤਾਂ 'ਇੱਕ ਪੁੱਤ ਵੀ ਹੈ ਨਹੀਂ' ਸੀ ਮੇਰਾ !"

ਸੋ ਦੋਸਤੋ ਸੋਚਿਆ ਜਾਵੇ ਤਾਂ 'ਜਾਗਦੀਆਂ ਅੱਖਾਂ' ਅਤੇ 'ਸੁੱਤੀਆਂ ਅੱਖਾਂ' ਦੇ ਮਾੜੇ-ਚੰਗੇ ਸੁਪਨਿਆਂ ਦਾ ਸੰਗ੍ਰਹਿ ਹੀ ਤਾਂ ਇਹ ਜ਼ਿੰਦਗੀ ਹੈ !

'ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥
ਦ੍ਰਿਸਟਿਮਾਨ ਸਭੁ ਬਿਨਸੀਐ ਕਿਆ
ਲਗਹਿ ਗਵਾਰ ॥' (ਸ੍ਰੀ ਗੁਰੂ ਗ੍ਰੰਥ ਸਾਹਿਬ-੮੦੮)



*-ਤਰਲੋਚਨ ਸਿੰਘ ਦੁਪਾਲ ਪੁਰ*

*001-408-905-5517 tsdupalpuir@yahoo.com*

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕਰਣ ਕਾ ਬੇਹ

ਬਨੇਸਰ ਤੋਂ ਪੌਣੇ ਮੀਲ ਨੈਰਤ ਕੁਰੁਕਸ਼ੇਤਰ ਤਾਲ ਦੀ ਵਾਯਵੀ ਕੋਣ ਖੂੰਜੇ 'ਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਗੁਰਦੁਆਰਾ ਹੈ। ਇਹ ਕਰਣ ਦੇ ਬੇਹ ਤੋਂ ਅੱਧ ਮੀਲ ਹੈ। ਮੰਜੀ ਸਾਹਿਬ ਅਤੇ ਇਕ ਰਿਹਾਇਸ਼ੀ ਇਮਾਰਤ ਬਣੀ ਹੋਈ ਹੈ। ਕਰਣ ਦਾ ਬੇਹ ਇਸ ਲਈ ਆਖੀਦਾ ਹੈ, ਕਿ ਇਥੇ ਕਰਣ ਅਤੇ ਅਰਜੁਨ ਦਾ ਜੰਗ ਹੋਇਆ ਸੀ ਅਤੇ ਕਰਣ ਇਥੇ ਹੀ ਮਾਰਿਆ ਗਿਆ ਹੈ।

ਪੁਸਤਕ ਸੂਚੀ:–
1. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਕਰਤਾਰਪੁਰ


ਪਾਕਿਸਤਾਨ ਦੇ ਅਜੋਕੇ ਜ਼ਿਲ੍ਹਾ ਸਿਆਲਕੋਟ ਵਿੱਚ ਦਰਿਆ ਰਾਵੀ ਦੇ ਸੱਜੇ ਕੰਢੇ ਪਿੰਡ ਕਰਤਾਰਪੁਰ ਵਸਿਆ ਹੋਇਆ ਹੈ। ਇਸ ਨੂੰ ਆਮ ਤੌਰ 'ਤੇ ਕਰਤਾਰਪੁਰ ਰਾਵੀ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਹ ਇਸ ਕਾਰਨ ਕਿਉਂਕਿ ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿੱਚ ਆਉਂਦੇ ਕਰਤਾਰਪੁਰ ਪਿੰਡ ਨਾਲ ਵੱਖਰੇਵਾਂ ਰੱਖਣ ਕਾਰਨ।

ਗੁਰੂ ਨਾਨਕ ਸਾਹਿਬ ਨੇ ਆਪਣੀ ਜ਼ਿੰਦਗੀ ਦੇ ਦੋ ਅਖ਼ੀਰਲੇ ਦਹਾਕੇ ਆਪਣੀ ਧਰਮ ਪਤਨੀ ਅਤੇ ਬੱਚਿਆਂ ਨਾਲ ਕਰਤਾਰਪੁਰ ਹੀ ਗੁਜ਼ਾਰੇ, ਜੋ ਬਾਅਦ ਵਿੱਚ ਸਿੱਖ ਧਰਮ ਦੀ ਪ੍ਰਮੁੱਖ ਮੰਜੀ ਹੋ ਨਿਬੜਿਆ। ਭਾਈ ਗੁਰਦਾਸ ਜੀ ਲਿਖਦੇ ਹਨ:

ਫਿਰਿ ਬਾਬਾ ਆਇਆ ਕਰਤਾਰਪੁਰਿ,
ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ, ਮੰਜੀ ਬੈਠਿ ਕੀਆ ਅਵਤਾਰਾ।..38 (ਭਾਈ ਗੁਰਦਾਸ ਜੀ, ਵਾਰ 1)

ਕਰਤਾਰਪੁਰ ਵਿੱਚ ਹੀ ਭਾਈ ਲਹਿਣਾ (ਬਾਅਦ ਵਿੱਚ ਗੁਰੂ ਅੰਗਦ) ਨੇ ਗੁਰੂ ਨਾਨਕ ਸਾਹਿਬ ਤੋਂ ਸਿੱਖਿਆ ਗ੍ਰਹਿਣ ਕੀਤੀ ਅਤੇ ਗੁਰੂ ਸਾਹਿਬ ਨੇ (ਗੁਰੂ) ਅੰਗਦ ਸਾਹਿਬ ਨੂੰ ਆਪਣਾ ਰੂਹਾਨੀ ਪੈਰੋਕਾਰ ਨਿਯੁਕਤ ਕੀਤਾ। ਗੁਰੂ ਨਾਨਕ ਸਾਹਿਬ ਇਥੇ ਹੀ ਅੱਸੂ ਵਦੀ 10, 1596 ਬਿਕਰਮੀ (7 ਸਤੰਬਰ 1539) ਨੂੰ ਇਲਾਹੀ ਜੋਤਿ ਵਿੱਚ ਲੀਨ ਹੋ ਗਏ। ਕਰਤਾਰਪੁਰ ਨੂੰ ਚਿਰੋਕਣਾ ਰਾਵੀ ਨੇ ਆਪਣੇ ਵਿੱਚ ਲੀਨ ਕਰ ਲਿਆ ਹੈ, ਪਰ ਗੁਰੂ ਸਾਹਿਬ ਦੇ ਸਿੱਖਾਂ ਅਤੇ ਸ਼ਰਧਾਲੂਆਂ ਨੇ ਡੇਰਾ ਬਾਬਾ ਨਾਨਕ ਨਵਾਂ ਨਗਰ ਆਬਾਦ ਕੀਤਾ ਹੈ, ਜੋ ਰਾਵੀ ਦੇ ਦੂਜੇ ਕੰਢੇ ਹੈ। ਇਕ ਤਿੰਨ ਮੰਜ਼ਲੀ ਉੱਚੀ ਇਮਾਰਤ ਗੁਰਦੁਆਰਾ ਕਰਤਾਰਪੁਰ ਸਾਹਿਬ ਰਾਵੀ, ਪਾਤਸ਼ਾਹੀ ਪਹਿਲੀ ਬਾਅਦ ਵਿੱਚ ਬਣਾਈ ਗਈ ਹੈ ਜੋ ਹਿੰਦੁਸਤਾਨ-ਪਾਕਿਸਤਾਨ ਸਰਹੱਦ ਤੋਂ ਵੀ ਨਜ਼ਰ ਆਉਂਦੀ ਹੈ। 1947 ਦੀ ਵੰਡ ਤੋਂ ਮਗਰੋਂ ਯਾਤਰੂਆਂ ਲਈ ਖੁੱਲ੍ਹੇ ਦਰਸ਼ਨ-ਦੀਦਾਰੇ ਸੁਭਾਵਿਕ ਨਹੀਂ।

ਡੇਰਾ ਬਾਬਾ ਨਾਨਕ ਪਿੰਡ ਬਾਬਾ ਸ੍ਰੀ ਚੰਦ ਅਤੇ ਲਖਮੀ ਦਾਸ ਜੀ ਨੇ ਵਸਾਇਆ ਹੈ। ਗੁਰੂ ਨਾਨਕ ਸਾਹਿਬ ਦੀ ਸਮਾਧੀ ਵੀ ਨਵੀਂ ਬਣਾਈ ਗਈ ਹੈ। ਗੁਰਦੁਆਰੇ ਨਾਲ ਸਾਲਾਨਾ ਜਗੀਰ ਤੋਂ ਛੁੱਟ 70 ਏਕੜ ਜ਼ਮੀਨ ਕਈ ਪਿੰਡਾਂ ਵਿੱਚ ਮੌਜੂਦ ਹੈ। ਗੁਰੂ ਹਰਿਗੋਬਿੰਦ ਸਾਹਿਬ ਵੀ ਡੇਰਾ ਬਾਬਾ ਨਾਨਕ ਆਏ ਸਨ ਅਤੇ ਇਥੇ ਹੀ ਬਾਬਾ ਸ੍ਰੀ ਚੰਦ ਜੀ ਨੂੰ ਮਿਲੇ ਸਨ। ਇਥੇ ਪੰਜ ਅਸਥਾਨ ਹਨ: (1) ਚੋਲਾ ਸਾਹਿਬ (2) ਬਾਬਾ ਸ੍ਰੀ ਚੰਦ ਦੇ ਵਿਰਾਜਣ ਦੀ ਥਾਂ (3) ਟਾਲ੍ਹੀਆਂ (4) ਡੇਰਾ ਸਾਹਿਬ (ਦੇਹਰਾ) ਜਿਥੇ ਸਮਾਧ ਹੈ (5) ਧਰਮਸ਼ਾਲਾ ਗੁਰੂ ਨਾਨਕ ਸਾਹਿਬ ਜਿਥੇ ਪਹਿਲਾਂ ਬਿਰਾਜੇ ਤੇ ਬਾਅਦ ਵਿੱਚ ਧਰਮ ਪ੍ਰਚਾਰ ਕਰਦੇ ਰਹੇ ਹਨ।


ਗੁਰਦੁਆਰਾ ਕਰਤਾਰਪੁਰ ਸਾਹਿਬ

ਇਸ ਥਾਂ ਤੱਕ ਅਪੜਨ ਵਾਸਤੇ ਰੇਲਵੇ ਸਟੇਸ਼ਨ ਦਰਬਾਰ ਸਾਹਿਬ ਲੱਗਦਾ ਹੈ, ਜੋ ਲਾਹੌਰ-ਨਾਰੋਵਾਲ ਰੇਲਵੇ ਲਾਈਨ ਉੱਤੇ ਹੈ। ਇਥੋਂ ਹੀ ਚਾਰ ਕੁ ਕਿਲੋਮੀਟਰ ਪੂਰਬ ਵੱਲ ਰਾਵੀ ਦਰਿਆ ਦੇ ਕਿਨਾਰੇ, ਇਸ ਇਤਿਹਾਸਕ ਅਸਥਾਨ ਤੱਕ ਪੈਦਲ ਜਾਣਾ ਪੈਂਦਾ ਹੈ। ਅਜੋਕੀ ਇਮਾਰਤ ਦੀ ਉਸਾਰੀ ਮਹਾਰਾਜਾ ਭੁਪਿੰਦਰ ਸਿੰਘ ਆਫ ਪਟਿਆਲਾ ਦੀ ਦਿੱਤੀ ਇਕ ਲੱਖ ਪੈਂਤੀ ਹਜ਼ਾਰ ਛੇ ਸੌ ਰੁਪਏ ਦੀ ਰਕਮ ਨਾਲ ਉਸਾਰੀ ਗਈ। ਇਮਾਰਤ ਦੀ ਮੁਰੰਮਤ 1995 ਵਿੱਚ ਪਾਕਿਸਤਾਨ ਸਰਕਾਰ ਵੱਲੋਂ ਲੱਖਾਂ ਰੁਪਏ ਖਰਚ ਕੇ ਕੀਤੀ ਗਈ ਹੈ। ਇਮਾਰਤ ਸੁੰਦਰ ਤੇ ਵੱਡੀ ਹੈ। ਜੰਗਲ ਅਤੇ ਰਾਵੀ ਦੇ ਕੰਢੇ ਹੋਣ ਕਾਰਨ ਸੇਵਾ-ਸੰਭਾਲ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਚਿੱਟੇ ਦੁੱਧ ਗੁੰਬਦ ਦੂਰੋਂ ਹੀ ਨਜ਼ਰੀਂ ਪੈਂਦੇ ਹਨ।

ਅੱਜ ਕੱਲ੍ਹ ਇਸ ਇਤਿਹਾਸਕ ਅਸਥਾਨ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦਰਬਾਰ ਸਾਹਿਬ, ਨਾਰੋਵਾਲ ਆਖਿਆ ਜਾਂਦਾ ਹੈ।

ਪੁਸਤਕ ਸੂਚੀ:–1. ਕੋਹਲੀ, ਸੁਰਿੰਦਰ ਸਿੰਘ (ਸੰ.)– ਜਨਮ ਸਾਖੀ ਭਾਈ ਬਾਲਾ, ਚੰਡੀਗੜ੍ਹ, 1975 2. ਤਾਰਾ ਸਿੰਘ– ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
3. ਗਿਆਨ ਸਿੰਘ, ਗਿ.– ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।
4. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
5. ਇਕਬਾਲ ਕੈਸਰ– ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998
6. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996

## ਕਰਤਾਰਪੁਰ

ਪੰਜਾਬ ਦੇ ਜ਼ਿਲ੍ਹਾ ਜਲੰਧਰ ਵਿੱਚ ਵੀ ਇਕ ਨਗਰ ਕਰਤਾਰਪੁਰ ਆਉਂਦਾ ਹੈ। ਕਰਤਾਰਪੁਰ ਦਾ ਅਕਸ਼ਾਂਸ਼ 310-26 ਅਤੇ ਰੇਖਾਂਸ਼ ਦੇਸ਼ਾਂਤਰ 750-30 ਹੈ। ਇਹ ਜਲੰਧਰ ਤੋਂ 15 ਕਿਲੋਮੀਟਰ ਉੱਤਰ-ਪੱਛਮ ਵੱਲ ਸਥਿਤ ਹੈ। ਇਹ ਨਗਰ ਗੁਰੂ ਅਰਜਨ ਸਾਹਿਬ ਨੇ 1594 ਵਿੱਚ ਅਕਬਰ ਬਾਦਸ਼ਾਹ ਦੇ ਸਮੇਂ ਵਸਾਇਆ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਕੁਝ ਸਮੇਂ ਇਥੇ ਨਿਵਾਸ ਕੀਤਾ ਸੀ। ਗੁਰੂ ਸਾਹਿਬ ਦੇ ਦੋ ਬੇਟਿਆਂ ਸੂਰਜ ਮੱਲ ਅਤੇ (ਗੁਰੂ) ਤੇਗ ਬਹਾਦਰ (ਸਾਹਿਬ) ਦੇ ਕਰਤਾਰਪੁਰ ਹੀ ਵਿਆਹ ਹੋਏ ਸਨ।

ਬਾਦਸ਼ਾਹ ਅਕਬਰ ਦੇ ਜ਼ਮਾਨੇ ਸ਼ਾਹਜ਼ਾਦਾ ਸਲੀਮ (ਜਹਾਂਗੀਰ) ਨੇ ਇਸ ਦੀ ਮੁਆਫ਼ੀ ਦਾ ਪੱਟਾ ਧਰਮਸ਼ਾਲਾ ਦੇ ਨਾਂ ਸੰਮਤ 1655 ਵਿੱਚ ਦਿੱਤਾ, ਜਿਸ ਵਿੱਚ ਰਕਬਾ 8946 ਏਕੜ, 7 ਕਨਾਲ, 15 ਮਰਲੇ ਦਰਜ ਹੈ। ਇਹ ਮਹਾਨ ਕੋਸ਼ ਦੇ ਕਰਤਾ ਨੇ ਤਫ਼ਸੀਲ ਦਰਜ ਕੀਤੀ ਹੈ। ਅਪ੍ਰੈਲ 1635 ਵਿੱਚ ਜਲੰਧਰ ਦੇ ਫੌਜਦਾਰ ਨੇ ਪੈਂਦੇ ਖਾਂ ਦੇ ਕਹਿਣ 'ਤੇ ਕਰਤਾਰਪੁਰ ਉੱਤੇ ਹਮਲਾ ਕੀਤਾ। ਤਿੰਨ ਦਿਨਾਂ ਦੇ ਘਮਸਾਣ ਦੇ ਯੁੱਧ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਬੇਟੇ (ਗੁਰੂ) ਤੇਗ ਬਹਾਦਰ (ਸਾਹਿਬ) ਨੇ ਬੜੀ ਬਹਾਦਰੀ ਵਿਖਾਈ। ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਛੱਡ ਕੇ ਪਹਾੜੀ ਥਾਂ ਕੀਰਤਪੁਰ ਸਾਹਿਬ ਵੱਲ ਰਵਾਨਾ ਹੋ ਗਏ। ਗੁਰੂ ਸਾਹਿਬ ਦੇ ਦੂਜੇ ਬੇਟੇ ਧੀਰਮਲ (1627-77) ਨੇ ਨਾ ਤਾਂ ਕਰਤਾਰਪੁਰ ਛੱਡਿਆ ਅਤੇ ਆਪਣੇ ਆਪ ਨੂੰ ਗੁਰੂ ਅਖਵਾਉਣ ਲੱਗ ਪਿਆ ਅਤੇ ਸਾਰਾ ਚੜ੍ਹਾਵਾ ਅਤੇ ਜ਼ਮੀਨ ਤੋਂ ਆਉਂਦੀ ਆਮਦਨੀ ਆਪਣੇ ਕੋਲ ਰੱਖਣ ਲੱਗ ਪਿਆ। ਇਹ ਉਸ ਦੀ ਲਾਈਨ ਕਰਤਾਰ-ਪੁਰ ਦੇ ਸੋਢੀ ਕਰਕੇ ਪ੍ਰਸਿੱਧ ਹੋਈ, ਜੋ ਬਾਅਦ ਵਿੱਚ ਕਰਤਾਰਪੁਰ ਅਤੇ ਇਤਿਹਾਸਕ ਅਸਥਾਨ ਦੇ ਮਾਲਕ ਬਣ ਬੈਠੇ। ਧੀਰਮਲੀਆਂ ਸੰਪ੍ਰਦਾ ਨੂੰ ਗੁਰੂ ਗੋਬਿੰਦ ਸਿੰਘ (1666-1708) ਸਾਹਿਬ ਨੇ ਨਕਾਰਿਆ ਅਤੇ ਸਿੱਖਾਂ ਨੂੰ ਇਨ੍ਹਾਂ ਨਾਲ ਸਾਂਝ ਰੱਖਣ ਦੀ ਮੁਕੰਮਲ ਮਨਾਹੀ ਕੀਤੀ। ਬਾਅਦ ਵਿੱਚ ਕਰਤਾਰਪੁਰ ਦੇ ਸੋਢੀ ਖ਼ਾਲਸੇ ਦੇ ਕੁਟੰਬ ਵਿੱਚ ਸ਼ਾਮਿਲ ਹੋ ਗਏ। ਅਹਿਮਦ ਸ਼ਾਹ ਦੁੱਰਾਨੀ ਨੇ 1757 ਵਿੱਚ ਕਰਤਾਰਪੁਰ 'ਤੇ ਹਮਲਾ ਕੀਤਾ ਅਤੇ ਪਵਿੱਤਰ ਥੰਮ੍ਹ ਸਾਹਿਬ ਨੂੰ ਅਗਨ ਭੇਟ ਕਰ ਦਿੱਤਾ ਅਤੇ ਸੋਢੀ ਵਡਭਾਗ ਸਿੰਘ ਨੇ (ਦੇਹਾਂਤ 1762) ਭੱਜ ਕੇ ਉਨ੍ਹਾ ਦੇ ਪਹਾੜਾਂ ਵਿੱਚ ਸ਼ਰਨ ਲਈ। ਸਿੱਖਾਂ ਨੇ ਦੁਬਾਰਾ ਅਸਥਾਨ ਬਣਾਇਆ ਜਦੋਂ ਉਹ ਪੰਜਾਬ ਦੇ ਹੁਕਮਰਾਨ ਬਣੇ। ਇਥੇ ਹੁਣ ਹੇਠ ਲਿਖੇ ਪਵਿੱਤਰ ਅਸਥਾਨ ਕਰਤਾਰਪੁਰ ਵਿੱਚ ਸੁਸ਼ੋਭਿਤ ਹਨ:

### (ੳ) ਗੁਰਦੁਆਰਾ ਥੰਮ੍ਹ ਸਾਹਿਬ ਜੀ ਸਾਹਿਬ:

ਇਸ ਨੂੰ ਆਮ ਤੌਰ 'ਤੇ ਥੰਮ੍ਹ ਸਾਹਿਬ ਵੀ ਆਖਿਆ ਜਾਂਦਾ ਹੈ। ਗੁਰੂ ਅਰਜਨ ਸਾਹਿਬ ਨੇ ਇਕ ਦੀਵਾਨਖਾਨਾ ਬਣਵਾਇਆ ਸੀ, ਜਿਸ ਦੇ ਵਿੱਚਕਾਰ ਪੱਕੇ ਸਤੂਨ ਦੀ ਥਾਂ ਟਾਲ੍ਹੀ ਦਾ ਥੰਮ੍ਹ ਸੀ, ਜਿਸ ਤੋਂ ਨਾਂ ਥੰਮ੍ਹ ਸਾਹਿਬ ਪ੍ਰਸਿੱਧ ਹੋ ਗਿਆ। 1757 ਵਿੱਚ ਜਦੋਂ ਅਹਿਮਦ ਸ਼ਾਹ ਦੁੱਰਾਨੀ ਨੇ ਇਸ ਨੂੰ ਸਾੜ ਦਿੱਤਾ ਤਾਂ ਸਿੱਖ ਸੰਗਤਾਂ ਨੇ ਇਸ ਥਾਂ ਛੋਟਾ ਜਿਹਾ ਬੜ੍ਹਾ ਬਣਾਇਆ। ਬਾਅਦ ਵਿੱਚ ਇਸੇ ਥਾਂ ਸੱਤ ਮੰਜ਼ਲੀ ਗੁਰਦੁਆਰਾ ਸਾਹਿਬ ਤਾਮੀਰ ਕੀਤਾ ਗਿਆ, ਜੋ ਮਹਾਰਾਜਾ ਰਣਜੀਤ ਸਿੰਘ (1780-1839) ਦੇ ਸਮੇਂ ਤਿਆਰ ਕੀਤਾ ਗਿਆ। ਇਹ ਗੁਰਦੁਆਰਾ ਉੱਚੀ ਕੁਰਸੀ ਤੇ ਚਾਰਦੀਵਾਰੀ ਅੰਦਰ ਹੈ। ਇਸ ਵਿੱਚ 15X15 ਮੀਟਰ ਸੰਗਮਰਮਰ ਦਾ ਹਾਲ ਹੈ, ਜਿਸ ਦੀ ਜ਼ਮੀਨੀ ਮੰਜ਼ਲ ਵਿੱਚ ਪ੍ਰਕਾਸ਼ ਅਸਥਾਨ ਹੈ। ਪ੍ਰਕਾਸ਼ ਅਸਥਾਨ ਦੇ ਉਪਰ ਗੁੰਬਦਦਾਰ ਗਾਗਰਾਂ ਅਤੇ ਕਲਸ ਦੂਰੋਂ ਨਜ਼ਰੀਂ ਪੈਂਦੇ ਹਨ। ਗੁਰਦੁਆਰੇ ਨਾਲ 100 ਏਕੜ ਜ਼ਮੀਨ ਹੈ, ਜਿਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ, ਇਹ ਗੁਰਦੁਆਰਾ ਐਕਟ ਦੇ ਸੈਕਸ਼ਨ 85 ਅਧੀਨ ਹੈ। ਇਹੋ ਕਮੇਟੀ ਗੁਰਦੁਆਰਾ ਰੰਗਸਰ, ਚੁਬੱਚਾ ਸਾਹਿਬ, ਵਿਆਹ ਅਸਥਾਨ ਅਤੇ ਟਾਲ੍ਹੀ ਸਾਹਿਬ ਦਾ ਪ੍ਰਬੰਧ ਕਰਦੀ ਹੈ।

### (ਅ) ਗੁਰਦੁਆਰਾ ਰੰਗਸਰ ਪਾਤਸ਼ਾਹੀ ਪੰਜਵੀਂ ਤੇ ਛੇਵੀਂ:

ਇਹ ਇਤਿਹਾਸਕ ਅਸਥਾਨ ਸ਼ਹਿਰ ਤੋਂ 200 ਮੀਟਰ ਦੂਰ ਪੂਰਬ ਵੱਲ ਹੈ। ਇਥੇ ਹੀ ਗੁਰੂ ਅਰਜਨ ਸਾਹਿਬ ਨੇ 1599 ਵਿੱਚ ਇਕ ਖੂਹ ਖੁਦਵਾਇਆ। ਪੁਰਾਣੀ ਮੰਜੀ ਸਾਹਿਬ ਦੇ ਕੋਲ ਹੀ ਅਜੋਕੀ ਪੰਜ ਮੰਜ਼ਲੀ ਇਮਾਰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1975 ਵਿੱਚ ਬਣਾਈ। ਜ਼ਮੀਨੀ ਮੰਜ਼ਿਲ ਦੇ ਮੁਰੱਬਾ ਹਾਲ ਅੰਦਰ ਇਕ ਨੁੱਕਰ ਵਿੱਚ ਪ੍ਰਕਾਸ਼ ਅਸਥਾਨ ਬਣਿਆ ਹੋਇਆ ਹੈ। ਪ੍ਰਕਾਸ਼ ਅਸਥਾਨ ਦੇ ਉਪਰ ਹੀ ਚਾਰ ਮੰਜ਼ਲਾ ਅਤੇ ਉਪਰ ਗੁੰਬਦ ਬਣੇ ਹਨ। ਪ੍ਰਕਾਸ਼ ਅਸਥਾਨ ਦੇ ਸੱਜੇ ਹੱਥ, ਉਹ ਬੜ੍ਹਾ ਮੌਜੂਦ ਹੈ, ਜਿਸ ਬਾਰੇ ਮੁਕਾਮੀ ਰਿਵਾਇਤ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਬੈਠ ਕੇ ਸੰਗਤਾਂ ਨੂੰ ਉਪਦੇਸ਼ ਦੇਂਦੇ ਸਨ।

ਬਾਕੀ ਅਗਲੇ ਹਫ਼ਤੇ ਪੜ੍ਹੋ

# ਬੰਦਗੀ ਤੇ ਤਿਆਗ ਦੇ ਮੁਜੱਸਮੇ-ਬਾਬਾ ਜਵਾਲਾ ਸਿੰਘ ਹਰਖੋਵਾਲ


**4 ਮਈ ਨੂੰ ਜਨਮ ਦਿਨ 'ਤੇ ਵਿਸ਼ੇਸ਼**




– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com


ਅਜਿਹੀਆਂ ਬਹੁਤ ਵਿਰਲੀਆਂ ਸ਼ਖ਼ਸੀਅਤਾਂ ਹਨ, ਜਿਨ੍ਹਾਂ ਪੂਰਾ ਜੀਵਨ ਹੀ ਰੱਬੀ ਪ੍ਰੇਮ ਤੇ ਉਸ ਸੱਚੇ ਦੀ ਬੰਦਗੀ ਵਿੱਚ ਬਤੀਤ ਕੀਤਾ ਹੋਵੇ । ਪੰਜਾਬ ਦੀ ਧਰਤੀ 'ਤੇ ਅਜਿਹੇ ਨਾਮ ਰਸੀਏ ਅਤੇ ਆਤਮਿਕ ਤਿਆਗੀ ਮਹਾਂਪੁਰਸ਼ਾਂ ਵਿੱਚੋਂ ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਨੂੰ ਦੇਸ਼-ਵਿਦੇਸ਼ ਵਿੱਚ ਵੱਸਣ ਵਾਲੀਆਂ ਲੱਖਾਂ ਸਿੱਖ ਸੰਗਤਾਂ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਯਾਦ ਕਰਦੀਆਂ ਹਨ । ਜ਼ਿਲ੍ਹਾ ਹੁਸ਼ਿਆਰਪੁਰ ਦੀ ਸਰਸਬਜ਼ ਧਰਤੀ ਨੇ ਭਾਵੇਂ ਅਨੇਕਾਂ ਰੰਗ-ਰਤੜੀਆਂ ਰੂਹਾਂ ਨੂੰ ਜਨਮ ਦਿੱਤਾ ਹੈ, ਪਰ ਸੰਤ ਬਾਬਾ ਜਵਾਲਾ ਸਿੰਘ ਵਰਗੇ ਆਤਮਿਕ ਖੋਜੀ ਅਤੇ ਪ੍ਰਭੂ ਨਾਲ ਇੱਕ ਮਿੱਕ ਹੋਏ ਮਹਾਂਪੁਰਸ਼ ਬਹੁਤ ਥੋੜ੍ਹੇ ਹਨ । ਸੰਤ ਬਾਬਾ ਜਵਾਲ ਸਿੰਘ ਦੀ ਯਾਦ ਵਿੱਚ ਦੇਸ਼-ਵਿਦੇਸ਼ ਵਿੱਚ ਸਾਰਾ ਸਾਲ ਹੀ ਸਮਾਗਮ ਚੱਲਦੇ ਰਹਿੰਦੇ ਹਨ । ਬਾਬਾ ਜਵਾਲਾ ਸਿੰਘ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਲੰਗੇਰੀ ਵਿਖੇ ਸ: ਨਾਰਾਇਣ ਸਿੰਘ ਦੇ ਗ੍ਰਹਿ ਵਿਖੇ ਬੀਬੀ ਰਾਜ ਕੌਰ ਦੀ ਕੁੱਖ ਤੋਂ 21 ਵਿਸਾਖ ਅਰਥਾਤ 4 ਮਈ, 1889 ਈ: ਨੂੰ ਹੋਇਆ। ਬਚਪਨ ਵਿੱਚ ਹੀ ਆਪ ਸਰੀਰਕ ਪੱਖ ਤੋਂ ਰਿਸ਼ਟ-ਪੁਸ਼ਟ ਸਨ, ਪ੍ਰਭੂ ਭਗਤੀ ਦੀ ਲਗਨ ਹੋਣ ਕਰਕੇ ਜ਼ਿਆਦਾ ਇਕਾਂਤ ਵਿੱਚ ਰਹਿਣਾ ਪਸੰਦ ਕਰਦੇ ਸਨ । 18 ਸਾਲ ਦੀ ਭਰ ਜਵਾਨੀ ਦੀ ਉਮਰ ਵਿੱਚ ਫੌਜ ਵਿੱਚ ਭਰਤੀ ਹੋ ਗਏ । ਫੌਜੀ ਨੌਕਰੀ ਦੌਰਾਨ ਆਪ ਦੀ ਪਲਟਨ ਰਾਵਲਪਿੰਡੀ ਛਾਉਣੀ (ਲਹਿੰਦੇ ਪੰਜਾਬ) ਵਿੱਚ ਤਾਇਨਾਤ ਸੀ । ਇਥੋਂ ਆਪ ਜੀ ਨੂੰ ਆਤਮਿਕ ਖੋਜੀ ਬਿਰਤੀ ਅਤੇ ਬੰਦਗੀ ਦੀ ਲਗਨ ਹੋਤੀ ਮਰਦਾਨ ਸੰਪਰਦਾ ਦੇ ਅਸਥਾਨ 'ਤੇ ਲੈ ਗਈ । ਇਸ ਸੰਪਰਦਾ ਦੇ ਤਿਆਗੀ ਤੇ ਵੈਰਾਗੀ ਮਹਾਂਪੁਰਸ਼ ਸੰਤ ਬਾਬਾ ਕਰਮ ਸਿੰਘ ਦੁਆਰਾ ਵਰੋਸਾਈ ਮਹਾਨ ਹਸਤੀ ਬਾਬਾ ਆਇਆ ਸਿੰਘ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ । ਇਸ ਮਹਾਨ ਹਸਤੀ ਦੀ ਮਿਕਨਾਤੀਸੀ ਖਿੱਚ ਨੇ ਹਮੇਸ਼ਾ ਲਈ ਬਾਬਾ ਜਵਾਲਾ ਸਿੰਘ ਨੂੰ ਆਪਣਾ ਸੇਵਾਦਾਰ ਬਣਾ ਕੇ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦੀ ਮਹਾਨ ਸੇਵਾ ਲਈ ਸਮਰਪਿਤ ਕਰ ਦਿੱਤਾ।

1917 ਈ: ਵਿੱਚ ਦੱਸ ਸਾਲ ਦੀ ਫੌਜ ਦੀ ਨੌਕਰੀ ਪੂਰੀ ਹੋਣ ਤੋਂ ਪਹਿਲਾਂ ਹੀ ਪੱਕੇ ਤੌਰ 'ਤੇ ਹੋਤੀ ਮਰਦਾਨ ਦੇ ਅਸਥਾਨ 'ਤੇ ਪਹੁੰਚ ਗਏ । ਹੁਣ ਉਹ ਸਿਪਾਹੀ ਨਹੀਂ, ਸੰਤ ਬਣ ਚੁੱਕੇ ਸਨ । ਬਾਬਾ ਆਇਆ ਸਿੰਘ ਦੀ ਸੰਗਤ ਵਿੱਚ ਰਹਿ ਕੇ ਅਕਾਲ ਪੁਰਖ ਵਾਹਿਗੁਰੂ ਦੀ ਬੰਦਗੀ, ਤਿਆਗ, ਲੋਕ ਭਲਾਈ ਅਤੇ ਪਰਉਪਕਾਰ ਵਰਗੇ ਮਹਾਨ ਗੁਣਾਂ ਦਾ ਏਨਾ ਵਿਸਥਾਰ ਹੋਇਆ ਕਿ ਸਮੁੱਚੇ ਸੰਸਾਰ ਨੂੰ ਆਪਣੀ ਬੁੱਕਲ ਵਿੱਚ ਲੈ ਕੇ ਲੋਕ ਭਲੇ ਲਈ ਉਮਾਹ ਤੇ ਉਤਸ਼ਾਹ ਪੈਦਾ ਹੋ ਗਿਆ । ਬ੍ਰਹਮ ਗਿਆਨ ਦੀ ਅਵਸਥਾ ਵਿੱਚ ਪਹੁੰਚ ਕੇ ਤੇਰ-ਮੇਰ ਹਮੇਸ਼ਾ ਲਈ ਮਿੱਟ ਗਿਆ । ਕਣ-ਕਣ ਵਿੱਚ ਵੱਸੇ ਪ੍ਰਭੂ ਪਿਆਰ ਵਿੱਚ ਰੰਗੇ ਗਏ। ਸਾਡਾ ਸਮਾਜ ਜਿਨ੍ਹਾਂ ਲੋਕਾਂ ਨੂੰ ਬਉਰੇ ਜਾਂ ਮਸਤ ਕਹਿੰਦਾ ਸੀ, ਅਜਿਹੇ ਅਨੇਕਾਂ ਰੱਬ ਦੇ ਪਿਆਰਿਆਂ ਵਿੱਚੋਂ ਉਨ੍ਹਾਂ ਨੂੰ ਪ੍ਰਭੂ-ਪਿਆਰ ਦੇ ਝਲਕਾਰੇ ਦਿਖਾਈ ਦਿੱਤੇ । ਦੋ ਸਾਲ ਤੱਕ ਹੋਤੀ ਮਰਦਾਨ ਸੰਪਰਦਾ ਦੇ ਬਾਬਾ ਆਇਆ ਸਿੰਘ ਦੀ ਸੰਗਤ ਵਿੱਚ ਰਹਿਣ ਤੋਂ ਬਾਅਦ ਉਨ੍ਹਾਂ ਦੇ ਹੁਕਮ ਮੁਤਾਬਿਕ ਇਸ ਰੱਬੀ ਰੰਗ ਵਿੱਚ ਰੰਗੀ ਆਤਮਾ ਨੂੰ ਵਾਪਸ ਪਿੰਡ ਲੰਗੇਰੀ (ਹੁਸ਼ਿਆਰਪੁਰ) ਆਉਣਾ ਪਿਆ । ਹੁਣ ਪਿੰਡ ਪਹੁੰਚ ਘਰੇਲੂ ਅਤੇ ਖੇਤੀਬਾੜੀ ਕੰਮ ਵਿੱਚ ਕੋਈ ਰੁਚੀ ਨਹੀਂ ਸੀ । ਰੱਬੀ ਰੰਗ ਵਿੱਚ ਰਹਿੰਦਿਆਂ ਮਨੁੱਖਤਾ ਵਿੱਚੋਂ ਹਰ ਸਮੇਂ ਕਾਦਰ ਦੀ ਕੁਦਰਤ ਦੇ ਨਜ਼ਾਰੇ ਮਾਣਦਿਆਂ ਹੁਸ਼ਿਆਰਪੁਰ ਦੇ ਦੱਖਣ-ਪੱਛਮ ਵੱਲ ਫਗਵਾੜਾ ਰੋਡ 'ਤੇ ਹਰਖੋਵਾਲ ਦੇ ਸਥਾਨ 'ਤੇ ਸਿੱਖੀ ਦਾ ਪ੍ਰਚਾਰ ਕੇਂਦਰ ਸਥਾਪਤ ਕੀਤਾ । ਉਸ ਸਮੇਂ ਸਿੱਖੀ ਨੂੰ ਦਰਪੇਸ਼ ਚੁਣੌਤੀਆਂ ਮੌਕੇ ਆਪ ਪੰਥਕ ਕਾਰਜਾਂ ਲਈ ਮੂਹਰਲੀ ਕਤਾਰ ਦੀਆਂ ਸਿੱਖ ਧਾਰਮਿਕ ਸ਼ਖ਼ਸੀਅਤਾਂ ਵਜੋਂ ਸਹਿਯੋਗ ਦਿੰਦੇ ਰਹੇ ।



ਸੰਤ ਬਾਬਾ ਜਵਾਲਾ ਸਿੰਘ

ਹਰਖੋਵਾਲ ਦੇ ਇਸ ਅਸਥਾਨ ਨੂੰ ਦੂਰ-ਦੁਰਾਡੇ ਵੱਸਣ ਵਾਲੀਆਂ ਸਿੱਖ ਸੰਗਤਾਂ ਗੁਰਦੁਆਰਾ ਸੰਤਗੜ੍ਹ ਦੇ ਨਾਂਅ ਨਾਲ ਸਤਿਕਾਰ ਦਿੰਦੀਆਂ ਹਨ । ਸਾਰਾ ਸਾਲ ਸਿੱਖ ਸੰਗਤ ਇਸ ਅਸਥਾਨ ਦੇ ਦਰਸ਼ਨਾਂ ਲਈ ਸੰਗਤ ਪੁੱਜਦੀ ਹੈ । ਅਨੇਕਾਂ ਭੁੱਲੀਆਂ-ਭਟਕੀਆਂ ਰੂਹਾਂ ਨੂੰ ਗੁਰਮਤਿ ਸਿਧਾਂਤਾਂ ਦੀ ਸੋਝੀ ਦਿੰਦਿਆਂ ਆਪ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਡੁਮੇਲੀ (ਤਹਿਸੀਲ ਫਗਵਾੜਾ) ਵਿਖੇ ਬਾਬਾ ਦਲੀਪ ਸਿੰਘ ਦੇ ਅਸਥਾਨ 'ਤੇ 13 ਨਵੰਬਰ, 1957 ਨੂੰ ਸੱਚਖੰਡ ਜਾ ਬਿਰਾਜੇ ।

4 ਮਈ ਨੂੰ ਸੰਤ ਬਾਬਾ ਜਵਾਲਾ ਸਿੰਘ ਦੇ ਜਨਮ ਦਿਨ 'ਤੇ ਉਨ੍ਹਾਂ ਦੀ ਯਾਦ ਵਿੱਚ ਵੱਖ ਵੱਖ ਅਸਥਾਨਾਂ ਤੇ ਮਹਾਨ ਗੁਰਮਤਿ ਸਮਾਗਮ ਹੋ ਰਿਹਾ ਹੈ । ਇਸ ਤੋਂ ਇਲਾਵਾ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਤੇ ਸਤਿਕਾਰ ਰੱਖਣ ਵਾਲੀਆਂ ਗੁਰਸਿੱਖ ਸਿੱਖ ਸੰਗਤਾਂ ਵੱਖ-ਵੱਖ ਥਾਵਾਂ 'ਤੇ ਦੇਸ਼-ਵਿਦੇਸ਼ ਵਿੱਚ ਵੀ ਉਨ੍ਹਾਂ ਦੇ ਜਨਮ ਦਿਨ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾ ਰਹੀਆਂ ਹਨ ।

# ਪ੍ਰਵਾਸ ਵਿੱਚ ਗਿਰਾਵਟ ਕਾਰਨ ਸਕਾਟਲੈਂਡ ਦੀ ਆਬਾਦੀ ਘਟਣ ਦੀ ਸੰਭਾਵਨਾ




ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) - ਸਕਾਟਲੈਂਡ ਦੀ ਵੱਸੋਂ ਲੱਗਭੱਗ 55 ਲੱਖ ਹੈ। ਨੈਸ਼ਨਲ ਰਿਕਾਰਡਜ ਆਫ ਸਕਾਟਲੈਡ ਦੇ ਤਾਜ਼ਾ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਅੰਤਰਰਾਸ਼ਟਰੀ ਪ੍ਰਵਾਸ ਵਿੱਚ ਗਿਰਾਵਟ ਦੇ ਕਾਰਨ ਸਕਾਟਲੈਂਡ ਦੀ ਆਬਾਦੀ ਘਟਣ ਵਾਲੀ ਹੈ। ਨੈਸ਼ਨਲ ਰਿਕਾਰਡਸ ਆਫ਼ ਸਕਾਟਲੈਂਡ (ਐਨ ਆਰ ਐਸ) ਨੇ ਪਹਿਲਾਂ ਅਨੁਮਾਨ ਲਗਾਇਆ ਸੀ ਕਿ ਬਾਹਰੀ ਆਬਾਦੀ ਅਗਲੇ 25 ਸਾਲਾਂ ਵਿੱਚ ਲਗਾਤਾਰ ਵਧੇਗੀ ਅਤੇ 2047 ਤੱਕ 5.8 ਮਿਲੀਅਨ(58 ਲੱਖ) ਤੱਕ ਪਹੁੰਚ ਜਾਵੇਗੀ। ਪਰ ਨਵੇਂ ਅੰਕੜਿਆਂ ਦੇ ਅਨੁਸਾਰ ਆਬਾਦੀ 2033 ਵਿੱਚ 5.56 ਮਿਲੀਅਨ ਤੱਕ ਹੀ ਪਹੁੰਚ ਸਕੇਗੀ ਅਤੇ 2049 ਵਿੱਚ 5.47 ਮਿਲੀਅਨ ਤੱਕ ਘਟਣ ਦਾ ਅਨੁਮਾਨ ਹੈ। ਸਕਾਟਲੈਂਡ ਵਿੱਚ ਇਸ ਸਮੇਂ ਲੋਕਾਂ ਦੀ ਇੱਕ ਰਿਕਾਰਡ ਸੰਖਿਆ ਰਹਿ ਰਹੀ ਹੈ, ਜੋ ਕਿ 2024 ਵਿੱਚ 5.54 ਮਿਲੀਅਨ(55 ਲੱਖ) ਤੋਂ ਵੱਧ ਹੈ। ਇਹ 2015 ਤੋਂ ਬਾਅਦ ਦੇਸ਼ ਵਿੱਚ ਜਨਮਾਂ ਨਾਲੋਂ ਵੱਧ ਮੌਤਾਂ ਹੋਣ ਕਾਰਨ ਹੈ।

ਇਹ ਇਸ ਤੱਥ ਦੁਆਰਾ ਸਮਝਾਇਆ ਗਿਆ ਹੈ ਕਿ ਵਿਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਦੀ ਗਿਣਤੀ ਨਾਲੋਂ ਸਕਾਟਲੈਂਡ ਛੱਡਣ ਵਾਲਿਆਂ ਦੀ ਗਿਣਤੀ ਵੱਧ ਰਹੀ ਹੈ। ਪਿਛਲੇ 24 ਸਾਲਾਂ ਤੋਂ ਦੇਸ਼ ਦੀ ਆਬਾਦੀ ਇਮੀਗ੍ਰੇਸ਼ਨ ਨਾਲ ਵਧ ਰਹੀ ਹੈ ਅਤੇ ਇਹ ਰੁਝਾਨ ਅਗਲੇ ਦੋ ਦਹਾਕਿਆਂ ਤੱਕ ਜਾਰੀ ਰਹਿਣ ਦਾ ਅਨੁਮਾਨ ਹੈ। ਯੂਕੇ ਇਮੀਗ੍ਰੇਸ਼ਨ ਸੰਬੰਧੀ ਸਖਤ ਕਾਨੂੰਨ ਵੀ ਪ੍ਰਵਾਸੀਆਂ ਦੀ ਆਮਦ ਘਟਾਉਣਗੇ ਅਤੇ ਭਵਿੱਖ ਵਿੱਚ ਇਹ ਹੋਰ ਸਖ਼ਤ ਹੋਣ ਦੀ ਉਮੀਦ ਹੈ ਕਿਉਂਕਿ ਯੂਕੇ ਵਿੱਚ ਸਾਰੀਆਂ ਹੀ ਪਾਰਟੀਆਂ ਲਈ ਇਮੀਗ੍ਰੇਸ਼ਨ ਮੁੱਖ ਮੁੱਦਾ ਬਣ ਗਿਆ ਹੈ । ਐਨਆਰਐਸ ਦੇ ਤਾਜ਼ਾ ਅਨੁਮਾਨ ਦਰਸਾਉਂਦੇ ਹਨ ਕਿ ਸਕਾਟਲੈਂਡ ਦੀ ਆਬਾਦੀ 25 ਸਾਲਾਂ ਵਿੱਚ 2049 ਦੇ ਮੱਧ ਤੱਕ 1.3% ਜਾਵੇਗੀ ਅਤੇ ਇਸੇ ਸਮੇਂ ਦੌਰਾਨ ਯੂਕੇ ਦੀ ਆਬਾਦੀ 4.5% ਤੱਕ ਵਧਣ ਦੀ ਉਮੀਦ ਹੈ। ਹਾਲਾਂਕਿ, ਪ੍ਰਵਾਸ ਦੇ ਘੱਟ ਪੱਧਰ ਦੇ ਕਾਰਨ ਅਗਲੇ ਕੁਝ ਦਹਾਕਿਆਂ ਵਿੱਚ ਯੂਕੇ ਦੀ ਆਬਾਦੀ ਪਹਿਲਾਂ ਦੱਸੇ ਗਏ ਨਾਲੋਂ ਹੌਲੀ ਦਰ ਨਾਲ ਵਧਣ ਦਾ ਅਨੁਮਾਨ ਵੀ ਹੈ।

# ਵੀਆਦਾਨਾ (ਮਾਨਤੋਵਾ) ਤੋਂ ਨਗਰ ਪਾਲਿਕਾ ਦੀਆਂ ਚੋਣਾਂ ਲਈ ਨਵਦੀਪ ਸਿੰਘ ਉਮੀਦਵਾਰ

## ਇਟਲੀ ਦੀ ਪਾਰਲੀਮੈਂਟ ਵਿੱਚ ਵੀ ਮਜ਼ਦੂਰਾਂ ਦੇ ਹੱਕ ਚ ਅਵਾਜ ਬੁਲੰਦ ਕਰ ਚੁੱਕਾ ਹੈ*



ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਇਟਲੀ ਵਿੱਚ 24 ਤੇ 25 ਮਈ ਨੂੰ ਹੋਣ ਵਾਲੀਆਂ ਨਗਰ ਪਾਲਿਕਾ ਦੀਆਂ ਚੋਣਾਂ ਵਿੱਚ ਵੀਆਦਾਨਾ (ਮਾਨ-ਤੋਵਾ) ਤੋਂ ਨਵਦੀਪ ਸਿੰਘ ਨੂੰ ਕੌਂਸਲਰ ਦੇ ਅਹੁਦੇ ਲਈ ਉਮੀਦਵਾਰ ਐਲਾਨਿਆ ਗਿਆ ਹੈ। ਨਵਦੀਪ ਸਿੰਘ( ਸ਼ਹੀਦ ਭਗਤ ਸਿੰਘ ਨਗਰ) ਦੇ ਪਿੰਡ ਜਗਤਪੁਰ ਨਾਲ ਸਬੰਧਿਤ ਹੈ ਜੋ ਕਿ ਪਿਛਲੇ 24 ਸਾਲ ਤੋ ਇਟਲੀ ਵਿੱਚ ਰਹਿ ਰਿਹਾ ਹੈ। ਇਟਲੀ ਵਿੱਚ ਹੀ ਰਹਿ ਕੇ ਉਸ ਨੇ ਪ੍ਰਾਇਮਰੀ,ਮਿਡਲ ਦੀ ਵਿਦਿਆ ਅਤੇ ਫਿਰ ਪਾਰਮਾ ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕੀਤੀ ਹੈ।ਵੀਆਦਾਨਾ(ਮਾਨਤੋਵਾ)ਤੋਂ ਨਗਰਪਾਲਿਕਾ ਅਧੀਨ ਆਉਂਦੇ ਪਿੰਡਾਂ ਵਿੱਚ ਰਹਿੰਦੇ ਪੰਜਾਬੀ ਭਾਈਚਾਰੇ ਨੂੰ ਅਪੀਲ ਹੈ ਕਿ ਉਹ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਦੇ ਲਈ ਆਪਣੀ ਵੋਟ ਤਾਂ ਸਹੀ ਇਸਤੇਮਾਲ ਕਰਦੇ ਹੋਏ ਨਵਦੀਪ ਸਿੰਘ ਨੂੰ ਵੋਟ ਪਾਉਣ। ਵਰਨਣਯੋਗ ਹੈ ਕਿ ਨਵਦੀਪ ਸਿੰਘ ਜਿੱਥੇ ਕਰਾਟੇ ਚੈਂਪੀਅਨਸ਼ਿਪ ਵਿੱਚ ਵੀ ਅਨੇਕਾਂ ਮਾਨ -ਸਨਮਾਨ ਹਾਸਿਲ ਕਰ ਚੁੱਕਾ ਹੈ ,ਉੱਥੇ ਹੀ ਉਹ ਇਟਲੀ ਚ ਮਾਲਕ ਜੋ ਮਜ਼ਦੂਰਾਂ ਦਾ ਆਰਥਿਕ ਪੱਖੋਂ ਸ਼ੋਸ਼ਣ ਕਰਦੇ ਹਨ ਦੇ ਵਿਰੁੱਧ ਇਟਲੀ ਦੀ ਪਾਰਲੀਮੈਂਟ ਵਿੱਚ ਵੀ ਆਵਾਜ਼ ਬੁਲੰਦ ਕਰ ਚੁੱਕਾ ਵੀ ਹੈ।

# ਕਾਵਿ-ਕਿਆਰੀ

## ਸਰੀਰਕ-ਸ਼ੋਸ਼ਣ

ਵੱਸਦੇ ਦੁਨੀਆਂ ਵਿੱਚ ਦਰਿੰਦੇ
ਕਹਿਰੀ ਕਰਮ ਕਮਾਵਣ,
ਫੁੱਲਾਂ ਵਰਗੇ ਕੋਮਲ ਬੱਚੇ
ਚੁੰਗਲ ਵਿੱਚ ਫਸਾਵਣ।

ਵੰਨ-ਸੁਵੰਨੇ ਲਾਲਚ ਦਿੰਦੇ
ਮਹਿੰਗੇ ਭਾਅ ਦੇ ਤੋਹਫ਼ੇ,
ਝੂਠ ਦਾ ਲੈ ਕੇ ਓਟ ਆਸਰਾ
ਸਬਜ਼-ਬਾਗ਼ ਵਿਖਲਾਵਣ।

ਡਰੱਗ-ਨਸ਼ੇ ਦੀ ਵਰਤੋਂ ਕਰਕੇ,
ਬੇਸੁਰਤੀ ਦੀ ਹਾਲਤ,
ਹਵਸ ਪੂਰਤੀ ਕਰਨ ਦੀ ਖਾਤਰ
ਕਾਮੁਕ ਖੇਡ ਰਚਾਵਣ।

ਮਾਨਸਿਕ ਅਤੇ ਸਰੀਰਕ ਸ਼ੋਸ਼ਣ
ਕੁੱਟ-ਮਾਰ ਵੀ ਕਰਦੇ,
ਦੇਹ ਵਪਾਰ ਦਾ ਧੰਦਾ ਕਰਕੇ
ਰਫੂ-ਚੱਕਰ ਹੋ ਜਾਵਣ।

ਬਦਲਾ ਲਊ ਭਾਵਨਾ ਮਨ ਵਿੱਚ
ਮਜ਼੍ਹਬੀ ਚੜ੍ਹੇ ਫ਼ਤੂਰ,
ਕੁ-ਕਰਮਾਂ ਦੀ ਖੇਡ, ਖੇਡ ਕੇ
ਬਹਿਸ਼ੀ ਰੂਪ ਵਟਾਵਣ।

ਇਹ ਘੁੱਗੀਆਂ ਦੇ ਸੀਨੇ ਪਾੜਨ
ਗਿਰਝਾਂ ਮਾਸ ਚਰੂੰਡਣ,
ਮਾਨਵਤਾ ਦੇ ਬਣੇ ਸ਼ਿਕਾਰੀ
ਘਨਾਉਣੇ ਕਰਮ ਕਮਾਵਣ।

ਬੇ-ਬਸ ਹੋਈ ਹਕੂਮਤ ਜਾਪੇ
ਸਖ਼ਤ ਸਜ਼ਾ ਨਾ ਦੇਵੇ,
ਅਵੈੜ ਲੋਕਾਂ ਨੂੰ ਨੱਥ ਪਾਉਣ ਲਈ
ਜੇਲ੍ਹ ਦੇ ਰਾਹੇ ਪਾਵਣ।

ਜਿਹਨਾਂ ਦੀ ਮੁੱਛ ਤੇ ਨਿੰਬੂ ਟਿਕਦੇ
ਨੀਵੀਆਂ ਪਾਈ ਬੈਠੇ,
ਸ਼ਰਮ 'ਚ ਡੁੱਬ ਹੋਏ ਮੋਇਆਂ ਵਰਗੇ
ਕਿਸ ਨੂੰ ਮੂੰਹ ਵਿਖਲਾਵਣ।

ਤਬਾਹ ਹੋ ਚੁੱਕੀ ਅੱਣਖ-ਆਬਰੂ
ਜ਼ਾਰੋ-ਜ਼ਾਰ ਪਏ ਰੋਂਦੇ,
ਨਿੰਮੋਝੂਣੇ, ਬੁੱਕਲ੍ਹ ਵਿੱਚ ਮੂੰਹ
ਘੱਟ ਹੀ ਅੱਖ ਰਲ੍ਹਾਵਣ।

ਮਹਿਕਮਿਆਂ ਨਾ ਰਲ੍ਹ-ਮਿਲ ਸਾਰੇ
ਜਾਗ੍ਰਿਤ ਕਰੋ ਨਾਬਾਲਗ,
ਹਰ ਸੰਸਥਾ ਦਾ ਕਰਤੱਵ ਹੈ
ਮੰਤਰੀਆਂ ਦੇ ਦਰ ਖੜਕਾਵਣ।

ਮਾਪਿਆਂ ਦਾ ਵੀ ਫ਼ਰਜ਼ ਹੈ ਬਣਦਾ
ਬੱਚਿਆਂ ਨੂੰ ਸਮਝਾਉ,
ਸਾਹਿਤਕਾਰ ਵੀ ਲਿਖਤਾਂ ਲਿਖ-ਲਿਖ
ਆਪਣੇ ਫ਼ਰਜ਼ ਨਿਭਾਵਣ।

ਇਸ ਕਹਿਰੀ ਤੂਫ਼ਾਨ ਨੂੰ ਥੰਮ੍ਹਣਾ
ਇੱਕ-ਜੁੱਟ ਹੋ ਜਾਉ ਸਾਰੇ,
ਕੁੱਝ 'ਭੋਗਲ' ਤਲਵਾਰ ਦੇ ਮੁੱਠੇ
ਨੂੰ ਜਾ ਕੇ ਹੱਥ ਪਾਵਣ।



ਨਛੱਤਰ ਸਿੰਘ ਭੋਗਲ
"ਭਾਖੜੀਆਣਾ" (ਯੂਕੇ)

## ਮਿਹਨਤਕਸ਼ ਮਜਦੂਰਾਂ ਦੇ ਨਾਂ..!




ਅਸੀਂ ਰਚਣਾ ਨਵਾਂ ਇਤਿਹਾਸ ਐਸਾ,
ਜਿਸ ਨੂੰ ਵੇਖਕੇ ਦੁਨੀਆਂ ਦੰਗ ਰਹਿ ਜਾਏ।
ਹਰ ਪੱਥਰ ਨੂੰ ਹੀਰਾ ਬਣਾਉਣਾ ਲੋਚਦਾ ਮੈਂ,
ਜਿਸਦੀ ਰੌਸ਼ਨੀ ਨੂੰ ਵੇਖਦਾ ਚੰਨ ਰਹਿ ਜਾਏ।
ਰਫ਼ਤਾਰ ਸਮੇਂ ਦੀ ਨਾਲ ਹੀ ਚੱਲਣਾ ਅਸੀਂ,
ਸਮਾਂ ਵੇਖਦਾ ਸਾਡਾ ਸੰਗ ਰਹਿ ਜਾਏ।
ਨਿੱਤ ਨਵਾਂ ਕੋਈ ਸੁਪਨਾ ਸਜਾ ਲੈਣਾ ਅਸੀਂ,
ਸੁਪਨੇ ਨੂੰ ਹਕੀਕਤ 'ਚ ਬਦਲਣ ਦਾ ਕੰਮ ਰਹਿ ਜਾਏ।
ਮੰਜਿਲ ਕਿਸਦੀ ਕਿਥੇ ਹੈ ਕੋਈ ਜਾਣਦਾ ਨਹੀਂ,
ਪਰ ਮੰਜਿਲ ਪਾਉਣ ਦੀ ਇੱਕ ਉਮੰਗ ਰਹਿ ਜਾਏ।
ਵਗਦੇ ਰਹਿਣਾ ਦਰਿਆ ਦੇ ਵਾਗੂੰ ਅਸੀਂ,
ਦੁਨੀਆਂ ਬੋਲਾਂ ਦੇ ਮਾਰਦੀ ਭਾਵੇਂ ਡੰਗ ਰਹਿ ਜਾਏ।
ਜਿੱਤਣੀ ਜਿੰਦਗੀ ਦੀ ਜੰਗ ਖੁਦ ਲੜਕੇ ਅਸੀਂ,
ਮਜਬੂਤ ਵਿਸਵਾਸ਼ ਦੀ ਬਣੀ ਕੰਧ ਰਹਿ ਜਾਏ।
ਰਾਹ ਦੀਆਂ ਮੁਸਕਿਲਾਂ ਤੋਂ ਨਹੀਂ ਘਬਰਾਉਣਾ ਅਸੀਂ,
ਰਛਪਾਲ, ਚੇਤੇ ਹਰ ਮੁਸ਼ਕਿਲ ਦਾ ਹੱਲ ਰਹਿ ਜਾਏ।

ਰਛਪਾਲ ਸਿੰਘ ਰੈਸਲ ਨਾਭਾ

## ਕਾਵਿ-ਵਿਅੰਗ

## ਸੱਤਾਂ ਦੀਆਂ ਟਪੂਸੀਆਂ!



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

'ਘਾਲ਼ੇ-ਮਾਲ਼ੇ' ਤਾਂ ਹਰਿਕ ਨੇ ਕਰੇ ਹੁੰਦੇ
ਬਿਜ਼ਨਸ ਕਰਦੇ ਹੋਏ ਕਾਰੋਬਾਰੀਆਂ ਨੇ।
ਮਗਰ ਪੈਂਦੀਆਂ 'ਉੱਪਰੋਂ ਹੁਕਮ' ਪਾ ਕੇ
ਦੋਵੇਂ ਈਡੀਆਂ ਸੀਬੀਆਂ ਭਾਰੀਆਂ ਜੀ।
ਇੱਕ-ਅੱਧ ਤਾਂ ਸੌਖਿਆਂ 'ਹਜ਼ਮ' ਹੁੰਦਾ
'ਕੱਠੇ ਸੱਤਾਂ 'ਟਪੂਸੀਆਂ' ਮਾਰੀਆਂ ਜੀ।
ਅਚਨਚੇਤ ਹੀ 'ਭਾਣਾ ਵਰਤਾਇ' ਦਿੱਤਾ
ਕਹਿੰਦੇ ਕਮਲ ਦੀਆਂ ਹੈਂਸਿਆਰੀਆਂ ਜੀ
ਸੋਸ਼ਲ ਮੀਡ੍ਹੀਆ ਲ੍ਹਾਣਤਾਂ ਨਾਲ਼ ਭਰਿਆ
ਕੋਈ ਗਲ੍ਹਤ ਤੇ ਕੋਈ ਕਹੀ ਸਹੀ ਜਾਂਦਾ।
ਦਲਬਦਲੀਆਂ 'ਥੋਕ' ਦੇ ਭਾਅ ਹੋਈਆਂ
ਚਾਰੇ ਪਾਸੇ ਤਦ ਰੌਲਾ ਇਹ ਪਈ ਜਾਂਦਾ!

* * * * * * *

## ਸਹੇਲੀਓ

ਐ ਮੇਰੀਓ, ਸਖੀਓ, ਸਹੇਲੀਓ,
ਖਿੜੇ ਬਾਗਾਂ ਦੀਓ, ਕਲੀਓ, ਚਮੇਲੀਓ,
ਮੇਰੀ ਕਵਿਤਾ ਹੈ ਤੁਹਾਡੇ ਨਾਂ,
ਐਨਾਂ ਪਿਆਰ ਮੈਂ, ਤੁਹਾਨੂੰ ਕਰਾਂ।

ਤੁਹਾਡੇ ਨਾਲ ਜੋ, ਸਾਲ ਮੈਂ ਬਿਤਾਏ ਨੇ,
ਲੈ ਕੇ ਖੁਸ਼ੀਆਂ ਤੇ ਖੇੜੇ, ਸਭ ਆਏ ਨੇ,
ਮੇਰੇ ਦਿਲ ਵਿੱਚ ਤੁਹਾਡੇ ਲਈ ਥਾਂ।
ਮੇਰੀ ਕਵਿਤਾ ਹੈ ਤੁਹਾਡੇ ਨਾਂ।

ਆਪਾਂ ਰਲ ਮਿਲ ਗੀਤ ਜੋ ਵੀ ਗਾਏ ਨੇ,
ਉਹ ਪਿਆਰਾਂ ਦਾ, ਪੈਗਾਮ ਲੈ ਕੇ ਆਏ ਨੇ,
ਆਪਾਂ ਜ਼ਿੰਦਗੀ ਦੀ, ਮਾਣੀ ਹੈ ਠੰਡੀ ਠੰਡੀ ਛਾਂ,
ਮੇਰੀ ਕਵਿਤਾ ਹੈ ਤੁਹਾਡੇ ਨਾਂ


ਉਚ ਨੀਚ ਦਾ ਨਾਂ ਭੇਦ ਭਾਵ ਕੀਤਾ ਏ,
ਦਿਲ ਮੇਰਾ ਇੰਜ ਤੁਸੀਂ ਕੀਲ ਲੀਤਾ ਏ,
ਬਸ ਹੋਰ ਮੈਂ ਤੁਹਾਨੂੰ ਕੀ ਕਹਾਂ,
ਮੇਰੀ ਕਵਿਤਾ ਹੈ ਤੁਹਾਡੇ ਨਾਂ।

ਦੁੱਖਾਂ ਸੁੱਖਾਂ ਵਿੱਚ ਸਾਂਝਾਂ ਤੁਸਾਂ ਪਾਈਆਂ ਨੇ,
ਕਈਆਂ ਆਣ ਕੇ ਘੜੀਆਂ ਕਟਾਈਆਂ ਨੇ,
ਐਨਾ ਮਾਣ ਮੈਂ ਤੁਹਾਡੇ ਤੇ ਕਰਾਂ,
ਮੇਰੀ ਕਵਿਤਾ ਹੈ ਤੁਹਾਡੇ ਨਾਂ।

ਗੁੱਸੇ ਗਿਲੇ ਵੀ ਜ਼ਿੰਦਗੀ ਵਿੱਚ ਆਉਂਦੇ ਨੇਂ,
ਚੰਗੇ ਦੋਸਤ ਹੀ ਤਾਂ ਸਾਥ ਨਿਭਾਉਂਦੇ ਨੇ,
ਗਿਲ੍ਹਾ ਕੋਈ ਨਾਂ, ਤੁਹਾਨੂੰ ਮੈਂ ਦਿਆਂ।
ਮੇਰੀ ਕਵਿਤਾ ਹੈ ਤੁਹਾਡੇ ਨਾਂ।

ਕਰਾਂ ਤੁਹਾਡੇ ਨਾਲ ਅੱਜ ਕੀ ਨਿਆਂ,
ਤੋਹਫਾ ਇਹੋ ਜਿਹਾ, ਤੁਹਾਨੂੰ ਅੱਜ ਦਿਆਂ,
ਸੋਚ ਸੋਚ ਹੋਈ ਮੈਂ, ਅੱਜ ਪਰੇਸ਼ਾਂ,
ਮੇਰੀ ਕਵਿਤਾ ਹੈ ਤੁਹਾਡੇ ਨਾਂ।

ਹੋਇਆ ਜ਼ਿੰਦਗੀ ਦਾ ਇੰਜ ਅਹਿਸਾਸ ਹੁਣ,
ਤੁਹਾਡੇ ਸਭ ਲਈ ਕਰਾਂ ਅਰਦਾਸ ਹੁਣ।
ਗੀਤ ਤੁਹਾਡੇ 'ਤੇ ਹੀ ਲਿਖਦੀ ਰਹਾਂ,
ਮੇਰੀ ਕਵਿਤਾ ਹੈ ਤੁਹਾਡੇ ਨਾਂ।



ਐ ਮੇਰੀਓ, ਸਖੀਓ, ਸਹੇਲੀਓ
ਖਿੜੇ ਬਾਗ਼ ਦੀਓ, ਕਲੀਓ, ਚੰਮੇਲੀਓ,
ਐਨਾਂ ਪਿਆਰ ਮੈਂ ਤੁਹਾਨੂੰ ਦਿਆਂ,
ਮੇਰੀ ਕਵਿਤਾ ਹੈ ਤੁਹਾਡੇ ਨਾਂ।

ਲੇਖਿਕਾ-ਜਸਵੰਤ ਕੌਰ ਬੈਂਸ
ਧੰਨਵਾਦ ਸਹਿਤ ਕਾਲੀ ਲੋਈ ਕਿਤਾਬ ਵਿੱਚੋਂ

## ਪੈਤੀਂ ਅੱਖਰਾਂ ਨਾਲ

ਪਰਮਿੰਦਰ ਸਿੱਧੂ



ਨਿੱਤ ਪੈਰਾਂ ਹੇਠ ਲਿਤਾੜੇ ਜੋ, ਬਿਨ ਗੱਲੋਂ ਅੱਗ ਵਿੱਚ ਸਾੜੇ ਜੋ
ਫੁੱਲ ਬੜੇ ਹੀ ਚੇਤੇ ਆਏ, ਵਾਹ ਪਿਆ ਜਦ ਪੱਥਰਾਂ ਨਾਲ!
ਰਜ਼ਾ ਰੱਬ ਦੀ ਰਹਿਣਾ ਸਿੱਖ, ਤੇਰਾ ਭਾਣਾ ਮੀਠਾ ਕਹਿਣਾ ਸਿੱਖ
ਦੱਸ ਕੀ ਲੈਣਾ ਖੱਟ ਬੰਦਿਆ, ਮਨ-ਮੱਤ ਦੀਆਂ ਟੱਕਰਾਂ ਨਾਲ!
ਕੀ ਦੁੱਖ ਉਨ੍ਹਾਂ ਦਾ ਜਾਣੇ ਕੋਈ, ਨਾ ਕਿਧਰੇ ਵੀ ਸੁਣਵਾਈ ਹੋਈ
ਕੱਟੇ ਹੋਣ ਦਿਨ-ਰਾਤ ਜਿਨ੍ਹਾਂ, ਵਿਛੇ ਵਿਹੜੇ ਵਿੱਚ ਪੱਥਰਾਂ ਨਾਲ!
ਧਰਮਾਂ ਦੇ ਨਾ 'ਤੇ ਪਾਉਣ ਪੰਗੇ ਜੋ, ਕਰਾਉਣ ਨਿੱਤ ਹੀ ਦੰਗੇ ਜੋ
ਕਿੰਝ ਬਚਣਗੇ ਡੰਗ ਜ਼ਹਿਰੀ ਤੋਂ, ਹਿੱਤ ਪਾਲ ਕੇ ਖੱਖਰਾਂ ਨਾਲ!
ਕਿਉਂ ਕਿੰਤੂ-ਪ੍ਰੰਤੂ ਕਰਦਾਂ ਏ, ਹਰ ਗੱਲ 'ਤੇ ਉਂਗਲ ਧਰਦਾਂ ਏ
ਜਾਣ-ਬੁੱਝ ਨਹੀਂ ਲਾਈਦਾ, ਆਢਾ ਰੱਬ ਦੇ ਫੱਕਰਾਂ ਨਾਲ!
ਆਨ-ਲਾਇਨ ਨਿੱਤ ਸੁਨੇਹੇ ਘੱਲਾਂ, ਵੀਡੀਓ ਕਾਲ 'ਤੇ ਹੋਵਣ ਗੱਲਾਂ
ਸੱਚ ਜਾਣਿਓ ਮਿਲਿਆ ਨਹੀਂ ਜੋ, ਸਕੂਨ ਸੀ ਚਿੱਠੀ ਪੱਤਰਾਂ ਨਾਲ!
ਹੋ ਨਹੀਂ ਸਕਦੀ ਰਣਨੀਤੀ ਏ, ਸਰਾਸਰ ਰਾਜਨੀਤੀ ਏ
ਅਰਬੀ ਨਸਲ ਦੇ ਘੋੜੇ ਜਦ, ਦੌੜਾਏ ਜਾਣ ਖੱਚਰਾਂ ਨਾਲ!
ਕਲਮ ਤੇਰੀ ਜੇ ਵਿੱਕਦੀ ਰਹੀ, ਝੂਠ ਨੂੰ ਸੱਚ ਲਿਖਦੀ ਰਹੀ
ਨਹੀਂ ਹੋਣਾ ਪਰਮਿੰਦਰਾ ਤੇਰੇ ਤੋਂ, ਇਨਸਾਫ ਪੈਤੀਂ ਅੱਖਰਾਂ ਨਾਲ!

* * * *

# ਸਿੱਖ ਔਰਤਾਂ ਕਿੱਥੇ ਸੁਰੱਖਿਅਤ ਹਨ ? ਵਾਲਸਾਲ ਦੀ ਘਟਨਾ ਨੇ ਖੜ੍ਹੇ ਕੀਤੇ ਗੰਭੀਰ ਸਵਾਲ

## ਖਾਸ ਰਿਪੋਰਟ ✪ ਨਸਲੀ ਨ.ਫਰਤ : ਭਾਈਚਾਰਕ ਸਾਂਝ ਲਈ ਇੱਕ ਵੱਡਾ ਖ਼ਤਰਾ








ਵਾਲਸਾਲ (ਯੂਕੇ) ਵਿੱਚ ਇੱਕ ਨੌਜਵਾਨ ਸਿੱਖ ਔਰਤ ਨਾਲ ਹੋਇਆ ਅਣਮਨੁੱਖੀ ਹਮਲਾ ਅਤੇ ਬਲਾਤਕਾਰ ਸਿਰ.ਫ ਇੱਕ ਅਪਰਾਧਿਕ ਘਟਨਾ ਨਹੀਂ ਹੈ, ਸਗੋਂ ਇਹ ਸੱਭਿਅਕ ਸਮਾਜ ਦੇ ਮੂੰਹ 'ਤੇ ਇੱਕ ਕਰਾਰੀ ਚਪੇੜ ਹੈ। ਜਦੋਂ ਇੱਕ ਸਿੱਖ ਔਰਤ ਦਿਨ-ਦਿਹਾੜੇ ਕੰਮ ਤੋਂ ਪਰਤਦਿਆਂ, ਆਪਣੇ ਘਰ ਦੀ ਚੌਖਟ ਦੇ ਅੰਦਰ ਵੀ ਸੁਰੱਖਿਅਤ ਨਹੀਂ ਰਹਿੰਦੀ, ਤਾਂ ਸਰਕਾਰਾਂ ਅਤੇ ਪੁਲਿਸ ਪ੍ਰਸ਼ਾਸਨ ਦੇ ਸੁਰੱਖਿਆ ਸਬੰਧੀ ਸਾਰੇ ਦਾਅਵੇ ਖੋਖਲੇ ਨਜ਼ਰ ਆਉਣ ਲੱਗਦੇ ਹਨ। ਇਹ ਘਟਨਾ ਨਸਲੀ ਨ.ਫਰਤ, ਇਸਲਾਮੋਫੋਬੀਆ (ਗਲਤ ਪਛਾਣ ਕਾਰਨ) ਅਤੇ ਔਰਤ ਵਿਰੋਧੀ ਮਾਨਸਿਕਤਾ ਦੇ ਉਸ ਜ਼ਹਿਰੀਲੇ ਮਿਸ਼ਰਣ ਨੂੰ ਉਜਾਗਰ ਕਰਦੀ ਹੈ ਜੋ ਅੱਜ ਪੱਛਮੀ ਸਮਾਜ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਰਿਹਾ ਹੈ।

ਇਸ ਕੇਸ ਦਾ ਸਭ ਤੋਂ ਦੁਖਦ ਪਹਿਲੂ ਇਹ ਹੈ ਕਿ ਬੀਤੇ ਸ਼ੁੱਕਰਵਾਰ ਨੂੰ ਜੌਨ ਐਸ਼ਬੀ ਨਾਂ ਦੇ ਬੰਦੇ ਨੂੰ ਉਸ ਦੇ ਜੁਰਮਾਂ ਲਈ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਜੋ ਉਸ ਵੇਲੇ ਸ਼ੁਰੂ ਹੋਏ ਜਦੋਂ ਉਸ ਨੇ ਅਜਨਬੀ ਔਰਤ ਦਾ ਬੱਸ ਤੋਂ ਪਿੱਛਾ ਕੀਤਾ ਅਤੇ ਉਸ ਦੇ ਘਰ ਵਿੱਚ ਦਾਖ਼ਲ ਹੋ ਗਿਆ। ਉਸ ਨੇ ਇਸ ਦੌਰਾਨ ਔਰਤ ਨੂੰ ਮਾਰਨ ਲਈ ਇੱਕ ਡੰਡੇ ਦੀ ਵਰਤੋਂ ਕੀਤੀ ਅਤੇ ਉਸ ਦੀ ਧਾਰਮਿਕ ਪਛਾਣ ਨੂੰ ਸਮਝਦਿਆਂ ਨ.ਫਰਤ ਦਾ ਨਿਸ਼ਾਨਾ ਬਣਾਇਆ। ਉਸ ਨੂੰ ਗਲਤ .ਫਹਿਮੀ ਹੋਈ ਸੀ ਕਿ ਉਹ ਇਸਲਾਮ ਧਰਮ ਦੀ ਪਾਲਣਾ ਕਰਦੀ ਹੈ ਅਤੇ ਇਸ ਲਈ ਉਸ ਨੇ ਮੁਸਲਿਮ ਵਿਰੋਧੀ ਮਾੜੀ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ। ਇਹ ਘਟਨਾ ਸਾਬਤ ਕਰਦੀ ਹੈ ਕਿ ਨ.ਫਰਤ ਅੰਨ੍ਹੀ ਹੁੰਦੀ ਹੈ; ਇਸ ਨੂੰ ਸਿਰ.ਫ ਇੱਕ ਸ਼ਿਕਾਰ ਚਾਹੀਦਾ ਹੁੰਦਾ ਹੈ। ਸਿੱਖ ਭਾਈਚਾਰਾ ਲੰਬੇ ਸਮੇਂ ਤੋਂ 'ਗਲਤ ਪਛਾਣ' ਕਾਰਨ ਨਸਲੀ ਹਮਲਿਆਂ ਦਾ ਸਾਹਮਣਾ ਕਰਦਾ ਆ ਰਿਹਾ ਹੈ, ਪਰ ਹੁਣ ਇਹ ਨ.ਫਰਤ ਔਰਤਾਂ ਵਿਰੁੱਧ ਜਿਨਸੀ ਹਿੰਸਾ ਦੇ ਰੂਪ ਵਿੱਚ ਪ੍ਰਗਟ ਹੋ ਰਹੀ ਹੈ, ਜੋ ਬੇਹੱਦ ਚਿੰਤਾਜਨਕ ਹੈ।

ਸਿੱਖ ਵੂਮੈਨਜ਼ ਏਡ ਦੀ ਚੇਅਰਪਰਸਨ ਸੁਖਵਿੰਦਰ ਕੌਰ ਨੇ ਕਿਹਾ ਕਿ ਇਹ ਹਮਲਾ ਕੁਝ ਹ.ਫਤਿਆਂ ਦੇ ਅੰਦਰ ਇਸ ਖੇਤਰ ਵਿੱਚ ਇੱਕ ਸਿੱਖ ਔਰਤ ਨਾਲ ਹੋਏ ਦੂਜੇ ਬਲਾਤਕਾਰ ਦੀ ਘਟਨਾ ਸੀ। ਸਿਰ.ਫ 10 ਮੀਲ (16 ਕਿਲੋਮੀਟਰ) ਦੂਰ, 9 ਸਤੰਬਰ ਨੂੰ ਓਲਡਬਰੀ ਦੇ ਟੇਮ ਰੋਡ 'ਤੇ 20 ਵੀਆਂ ਦੀ ਉਮਰ ਦੀ ਇੱਕ ਔਰਤ ਨਾਲ ਬਲਾਤਕਾਰ ਕੀਤਾ ਗਿਆ ਸੀ, ਜਿਸ ਵਿੱਚ ਕਿਹਾ ਗਿਆ ਕਿ ਨਸਲੀ ਨ.ਫਰਤ ਦਾ ਤੱਤ ਵੀ ਸ਼ਾਮਲ ਸੀ। ਇਸ ਹਮਲੇ ਕਾਰਨ ਔਰਤਾਂ ਦੀ ਸੁਰੱਖਿਆ ਦੇ ਮੁੱਦੇ ਨੂੰ ਲੈ ਕੇ ਮੁਜ਼ਾਹਰੇ ਵੀ ਹੋਏ।

ਇੱਕ ਹੋਰ ਔਰਤ 'ਤੇ ਵੀ 27 ਅਕਤੂਬਰ ਨੂੰ ਵੋਲਵਰਹੈਂਪਟਨ ਵਿੱਚ ਇੱਕ ਇਲੈਕਟ੍ਰਿਕ ਸਟਨ ਡਿਵਾਈਸ ਨਾਲ ਹਮਲਾ ਕੀਤਾ ਗਿਆ, ਜਿਸਨੂੰ ਪੁਲਿਸ ਨੇ ਨਸਲੀ ਨ.ਫਰਤ ਨਾਲ ਪ੍ਰੇਰਿਤ ਹਮਲਾ ਦੱਸਿਆ, ਹਾਲਾਂਕਿ ਇਹ ਜਿਨਸੀ ਹਿੰਸਾ ਨਹੀਂ ਸੀ।

ਵੈਸਟ ਮਿਡਲੈਂਡਜ਼ ਪੁਲਿਸ ਨੇ ਦੱਸਿਆ ਕਿ ਓਲਡਬਰੀ ਬਲਾਤਕਾਰ ਮਾਮਲੇ ਨਾਲ ਸੰਬੰਧਤ ਗ੍ਰਿ.ਫਤਾਰ ਕੀਤੇ ਤਿੰਨ ਲੋਕ ਅਜੇ ਵੀ ਜ਼ਮਾਨਤ 'ਤੇ ਹਨ ਅਤੇ ਜਾਂਚ ਜਾਰੀ ਹੈ।

### ਸਿਸਟਮ ਦੀ ਅਸਫਲਤਾ ਕਿਉਂ

ਸਿਸਟਮ ਦੀ ਸਭ ਤੋਂ ਵੱਡੀ ਹਾਰ ਇਹ ਹੈ ਕਿ ਉਹ ਸਮਾਜ ਵਿੱਚ ਫੈਲ ਰਹੀ ਨ.ਫਰਤ ਤੇ 'ਇਸਲਾਮੋਫੋਬੀਆ' ਵਰਗੀਆਂ ਬਿਮਾਰੀਆਂ ਨੂੰ ਰੋਕਣ ਵਿੱਚ ਨਾਕਾਮ ਰਿਹਾ ਹੈ। ਜਦੋਂ ਇੱਕ ਅਪਰਾਧੀ ਸਿਰ.ਫ "ਗਲਤ ਪਛਾਣ" ਦੇ ਅਧਾਰ 'ਤੇ ਕਿਸੇ ਨੂੰ ਨਿਸ਼ਾਨਾ ਬਣਾਉਂਦਾ ਹੈ, ਤਾਂ ਇਹ ਦਰਸਾਉਂਦਾ ਹੈ ਕਿ ਸਿੱਖਿਆ ਅਤੇ ਭਾਈਚਾਰਕ ਸਾਂਝ ਦੇ ਸਰਕਾਰੀ ਪ੍ਰੋਗਰਾਮ ਜ਼ਮੀਨੀ ਪੱਧਰ 'ਤੇ ਅਸਫਲ ਹੋ ਰਹੇ ਹਨ। ਪੀੜਤਾ ਨੇ ਉਹ ਸਭ ਕੁਝ ਕੀਤਾ ਜੋ ਇੱਕ ਸੁਰੱਖਿਅਤ ਨਾਗਰਿਕ ਨੂੰ ਕਰਨਾ ਚਾਹੀਦਾ ਸੀ (ਰੌਸ਼ਨ ਇਲਾਕੇ ਰਾਹੀਂ ਆਉਣਾ, ਜਨਤਕ ਆਵਾਜਾਈ ਵਰਤਣਾ)। ਇਸ ਦੇ ਬਾਵਜੂਦ ਇੱਕ ਅਪਰਾਧੀ ਉਸਦਾ ਪਿੱਛਾ ਕਰਕੇ ਘਰ ਵਿੱਚ ਵੜ ਜਾਂਦਾ ਹੈ। ਇਹ ਸਵਾਲ ਖੜ੍ਹੇ ਕਰਦਾ ਹੈ ਕਿ ਕੀ ਜਨਤਕ ਥਾਵਾਂ (ਬੱਸਾਂ, ਸਟਾਪਾਂ) 'ਤੇ ਨਿਗਰਾਨੀ ਸਿਰ.ਫ ਕੈਮਰਿਆਂ ਤੱਕ ਸੀਮਤ ਹੈ ?

ਕੀ ਅਪਰਾਧੀਆਂ ਵਿੱਚ ਕਾਨੂੰਨ ਦਾ ਡਰ ਇੰਨਾ ਘੱਟ ਗਿਆ ਹੈ ਕਿ ਉਹ ਦਿਨ-ਦਿਹਾੜੇ ਅਜਿਹੀ ਹਿੰਮਤ ਕਰ ਰਹੇ ਹਨ ?

ਅਕਸਰ ਅਜਿਹੀਆਂ ਘਟਨਾਵਾਂ ਤੋਂ ਪਹਿਲਾਂ ਛੋਟੀਆਂ-ਮੋਟੀਆਂ ਛੇੜਛਾੜ ਜਾਂ ਪਿੱਛਾ ਕਰਨ ਦੀਆਂ ਘਟਨਾਵਾਂ ਹੁੰਦੀਆਂ ਹਨ। ਜੇਕਰ ਪੁਲਿਸ ਪ੍ਰਸ਼ਾਸਨ 'ਹੇਟ ਕ੍ਰਾਈਮ' ਦੀਆਂ ਮਾਮੂਲੀ ਰਿਪੋਰਟਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ, ਤਾਂ ਅਪਰਾਧੀਆਂ ਦੇ ਹੌਸਲੇ ਵੱਧ ਜਾਂਦੇ ਹਨ ਅਤੇ ਉਹ ਵੱਡੇ ਜੁਰਮਾਂ ਨੂੰ ਅੰਜਾਮ ਦਿੰਦੇ ਹਨ।

ਸਰਕਾਰਾਂ ਅਕਸਰ ਅਪਰਾਧ ਦਰ ਘਟਣ ਦੇ ਅੰਕੜੇ ਪੇਸ਼ ਕਰਦੀਆਂ ਹਨ, ਪਰ "ਮਹਿਸੂਸ ਕੀਤੀ ਜਾਣ ਵਾਲੀ ਸੁਰੱਖਿਆ" ਗਾਇਬ ਹੈ। ਜੇਕਰ ਔਰਤਾਂ ਆਪਣੇ ਘਰ ਦੇ ਅੰਦਰ ਵੀ ਡਰ ਮਹਿਸੂਸ ਕਰ ਰਹੀਆਂ ਹਨ, ਤਾਂ ਸਿਸਟਮ ਦਾ ਸੁਰੱਖਿਆ ਢਾਂਚਾ ਮਨੋਵਿਗਿਆਨਕ ਤੌਰ 'ਤੇ ਫੇਲ੍ਹ ਹੋ ਚੁੱਕਾ ਹੈ।

ਕਈ ਵਾਰ ਸਿਆਸੀ ਬਿਆਨਬਾਜ਼ੀ ਸਮਾਜ ਵਿੱਚ ਵੰਡ ਪਾਉਣ ਦਾ ਕੰਮ ਕਰਦੀ ਹੈ। ਜਦੋਂ ਕਿਸੇ ਖਾਸ ਭਾਈਚਾਰੇ ਵਿਰੁੱਧ ਨ.ਫਰਤ ਨੂੰ ਖੁੱਲ੍ਹ ਦਿੱਤੀ ਜਾਂਦੀ ਹੈ, ਤਾਂ ਇਸਦਾ ਖਾਮਿਆਜ਼ਾ ਬੇਗੁਨਾਹ ਲੋਕਾਂ (ਜਿਵੇਂ ਕਿ ਇਸ ਕੇਸ ਵਿੱਚ ਸਿੱਖ ਔਰਤ) ਨੂੰ ਭੁਗਤਣਾ ਪੈਂਦਾ ਹੈ।

ਸਿਸਟਮ ਉਦੋਂ ਫੇਲ੍ਹ ਹੁੰਦਾ ਹੈ ਜਦੋਂ ਉਹ ਅਪਰਾਧ ਹੋਣ ਤੋਂ ਰੋਕਣ ਦੀ ਬਜਾਏ ਸਿਰ.ਫ ਅਪਰਾਧ ਹੋਣ ਤੋਂ ਬਾਅਦ ਸਜ਼ਾ ਦੇਣ ਤੱਕ ਸੀਮਤ ਰਹਿ ਜਾਂਦਾ ਹੈ। ਸਿਰ.ਫ ਜੇਲ੍ਹ ਭੇਜਣਾ ਹੱਲ ਨਹੀਂ, ਸਗੋਂ ਅਜਿਹੀ ਮਾਨਸਿਕਤਾ ਨੂੰ ਪੈਦਾ ਹੋਣ ਤੋਂ ਰੋਕਣਾ ਸਿਸਟਮ ਦੀ ਅਸਲ ਜ਼ਿੰਮੇਵਾਰੀ ਹੈ।

ਸਿੱਖ ਵੂਮੈਨਜ਼ ਏਡ ਦੀ ਚੇਅਰਪਰਸਨ ਸੁਖਵਿੰਦਰ ਕੌਰ ਦਾ ਸਵਾਲ-"ਅਸੀਂ ਕਿੱਥੇ ਸੁਰੱਖਿਅਤ ਹਾਂ ?"-ਅੱਜ ਹਰ ਔਰਤ ਦਾ ਸਵਾਲ ਬਣ ਚੁੱਕਾ ਹੈ। ਪੀੜਤਾ ਨੇ ਇੱਕ ਸਾਵਧਾਨ ਨਾਗਰਿਕ ਵਜੋਂ ਸਾਰੇ ਨਿਯਮਾਂ ਦੀ ਪਾਲਣਾ ਕੀਤੀ, ਪਰ ਫਿਰ ਵੀ ਉਹ ਦਰਿੰਦਗੀ ਦਾ ਸ਼ਿਕਾਰ ਹੋਈ। ਵੈਸਟ ਮਿਡਲੈਂਡਜ਼ ਵਿੱਚ ਪਿਛਲੇ ਕੁਝ ਸਮੇਂ ਦੌਰਾਨ ਸਿੱਖ ਔਰਤਾਂ 'ਤੇ ਹੋਏ ਲਗਾਤਾਰ ਹਮਲੇ (ਜਿਵੇਂ ਓਲਡਬਰੀ ਅਤੇ ਵੋਲਵਰਹੈਂਪਟਨ ਦੀਆਂ ਘਟਨਾਵਾਂ) ਇਹ ਦਰਸਾਉਂਦੇ ਹਨ ਕਿ ਅਪਰਾਧੀਆਂ ਵਿੱਚ ਕਾਨੂੰਨ ਦਾ ਕੋਈ ਡਰ ਨਹੀਂ ਰਿਹਾ।

ਹਾਲਾਂਕਿ ਅਦਾਲਤ ਨੇ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ, ਪਰ ਕੀ ਇਹ ਸਮਾਜ ਵਿੱਚ ਫੈਲੇ ਡਰ ਨੂੰ ਖ਼ਤਮ ਕਰ ਸਕੇਗੀ ? ਨਿਆਂ ਸਿਰ.ਫ ਦੋਸ਼ੀ ਨੂੰ ਜੇਲ੍ਹ ਭੇਜਣ ਵਿੱਚ ਨਹੀਂ, ਸਗੋਂ ਇੱਕ ਅਜਿਹਾ ਮਾਹੌਲ ਸਿਰਜਣ ਵਿੱਚ ਹੈ ਜਿੱਥੇ ਔਰਤਾਂ ਬਿਨਾਂ ਕਿਸੇ ਖ਼ੌ.ਫ ਦੇ ਜੀ ਸਕਣ। ਪੁਲਿਸ ਪ੍ਰਸ਼ਾਸਨ ਨੂੰ ਸਿਰ.ਫ ਜਾਂਚ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਨਸਲੀ ਨ.ਫਰਤ ਵਿਰੁੱਧ ਇੱਕ ਵਿਆਪਕ ਮੁਹਿੰਮ ਚਲਾਉਣ ਦੀ ਲੋੜ ਹੈ।

ਪੰਥਕ ਆਗੂਆਂ ਅਤੇ ਸਮਾਜਿਕ ਜਥੇਬੰਦੀਆਂ ਦਾ ਇਹ ਕਹਿਣਾ ਬਿਲਕੁਲ ਜਾਇਜ਼ ਹੈ ਕਿ ਜੇਕਰ ਇਸ ਵੰਡ ਪਾਉਣ ਵਾਲੀ ਮਾਨਸਿਕਤਾ ਨੂੰ ਨੱਥ ਨਾ ਪਾਈ ਗਈ, ਤਾਂ ਵਿਭਿੰਨਤਾ ਵਾਲੇ ਸਮਾਜਾਂ ਦੀ ਬੁਨਿਆਦ ਹਿੱਲ ਜਾਵੇਗੀ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਘੱਟ ਗਿਣਤੀਆਂ, ਖਾਸ ਕਰਕੇ ਔਰਤਾਂ ਦੀ ਸੁਰੱਖਿਆ ਲਈ ਜ਼ਮੀਨੀ ਪੱਧਰ 'ਤੇ ਸਖ਼ਤ ਕਦਮ ਚੁੱਕਣ। ਸੁਰੱਖਿਆ ਸਿਰ.ਫ ਪੁਲਿਸ ਦੀ ਗਸ਼ਤ ਵਿੱਚ ਨਹੀਂ, ਸਗੋਂ ਸਮਾਜਿਕ ਸੋਚ ਵਿੱਚ ਤਬਦੀਲੀ ਲਿਆਉਣ ਵਿੱਚ ਹੈ।

# 5 ਵਿਆਹ ਕਰਵਾ ਕੇ ਛੇਵੇਂ ਦੀ ਤਿਆਰੀ ਕਰ ਰਹੇ ਵਿਅਕਤੀ ਖ਼ਿਲਾ.ਫ ਕੇਸ ਦਰਜ

ਜਲੰਧਰ/ਗੋਰਾਇਆ-ਪੰਜਾਬ ਦੇ ਗੋਰਾਇਆ ਇਲਾਕੇ ਵਿੱਚ ਇੱਕ ਬੇਹੱਦ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਮੁਸਲਿਮ ਨੌਜਵਾਨ ਵੱਲੋਂ ਕਈ ਔਰਤਾਂ ਦੀ ਜ਼ਿੰਦਗੀ ਬਰਬਾਦ ਕਰਨ ਦੇ ਦੋਸ਼ ਲੱਗੇ ਹਨ।

ਮਲੇਰਕੋਟਲਾ ਦੇ ਰਹਿਣ ਵਾਲੇ ਇਸਰਤ ਅਲੀ ਨਾਮਕ ਵਿਅਕਤੀ 'ਤੇ ਆਪਣੀ ਪੰਜਵੀਂ ਪਤਨੀ ਨੂੰ ਧੋਖਾ ਦੇਣ ਅਤੇ ਹੁਣ ਛੇਵਾਂ ਵਿਆਹ ਰਚਾਉਣ ਦੀ ਕੋਸ਼ਿਸ਼ ਕਰਨ ਦੇ ਇਲਜ਼ਾਮ ਹੇਠ ਥਾਣਾ ਗੋਰਾਇਆ ਦੀ ਪੁਲਸ ਨੇ ਮੁਕੱਦਮਾ ਦਰਜ ਕੀਤਾ ਹੈ। ਪੀੜਤ ਮਹਿਲਾ ਨੇ ਐੱਸ.ਐੱਸ.ਪੀ. ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਇਸਰਤ ਨੇ ਉਸ ਨਾਲ 'ਲਵ ਮੈਰਿਜ' ਕਰਨ ਵੇਲੇ ਖ਼ੁਦ ਨੂੰ ਕੁਆਰਾ ਦੱਸਿਆ ਸੀ। ਵਿਆਹ ਤੋਂ ਕੁਝ ਸਮਾਂ ਬਾਅਦ ਹੀ ਅਸਲੀਅਤ ਸਾਹਮਣੇ ਆਈ ਕਿ ਮੁਲਜ਼ਮ ਪਹਿਲਾਂ ਹੀ ਚਾਰ ਔਰਤਾਂ ਨਾਲ ਵਿਆਹ ਕਰਕੇ ਉਨ੍ਹਾਂ ਨੂੰ ਛੱਡ ਚੁੱਕਾ ਹੈ।

ਪੀੜਤਾ ਅਨੁਸਾਰ ਮੁਲਜ਼ਮ ਨੇ ਆਪਣੀ ਅਸਲੀਅਤ ਛੁਪਾ ਕੇ ਪੀੜਤਾ ਨਾਲ ਨਿਕਾਹ ਕੀਤਾ। ਔਰਤ ਦਾ ਦੋਸ਼ ਹੈ ਕਿ ਇਕ ਬੱਚੇ ਦੀ ਮਾਂ ਬਣਨ ਤੋਂ ਬਾਅਦ ਜਦੋਂ ਉਹ ਦੂਬਾਰਾ ਗਰਭਵਤੀ ਹੋਈ, ਤਾਂ ਉਸ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਪ੍ਰੇਸ਼ਾਨ ਕੀਤਾ ਗਿਆ। ਪੀੜਤਾ ਅਨੁਸਾਰ, ਉਸ ਦਾ ਪਤੀ ਹੁਣ ਉਸ ਨੂੰ ਛੱਡ ਕੇ ਕਿਸੇ ਹੋਰ ਔਰਤ ਨਾਲ ਰਹਿ ਰਿਹਾ ਹੈ ਅਤੇ ਛੇਵੀਂ ਵਾਰ ਵਿਆਹ ਕਰਵਾਉਣ ਦੀ ਫਿਰਾਕ ਵਿੱਚ ਹੈ। ਵਿਰੋਧ ਕਰਨ 'ਤੇ ਮੁਲਜ਼ਮ ਵੱਲੋਂ 18 ਮਹੀਨੇ ਦੇ ਬੇਟੇ ਅਤੇ ਅਣਜੰਮੇ ਬੱਚੇ ਨੂੰ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦਿੱਤੀਆਂ ਗਈਆਂ।

ਇਸ ਸੰਵੇਦਨਸ਼ੀਲ ਮਾਮਲੇ ਦੀ ਪੜਤਾਲ ਜਲੰਧਰ ਦਿਹਾਤੀ ਦੇ ਮਹਿਲਾ ਸੈੱਲ ਵੱਲੋਂ ਕੀਤੀ ਗਈ। ਜਾਂਚ ਤੋਂ ਬਾਅਦ 22 ਅਪ੍ਰੈਲ ਨੂੰ ਗੋਰਾਇਆ ਪੁਲਸ ਨੇ ਮੁਲਜ਼ਮ ਖ਼ਿਲਾ.ਫ ਮਾਮਲਾ ਦਰਜ ਕਰ ਲਿਆ ਹੈ। ਪਰਮਿੰਦਰ ਸਿੰਘ ਛਿੰਦ, ਐੱਸ. ਐੱਚ. ਓ. ਗੋਰਾਇਆ ਅਨੁਸਾਰ "ਮੁਲਜ਼ਮ ਇਸਰਤ ਅਲੀ ਖ਼ਿਲਾ.ਫ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਉਸ ਨੂੰ ਗ੍ਰਿ.ਫਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।"

# ਜੈਪੁਰ ਦੀ ਮਹਾਰਾਣੀ ਗਾਇਤਰੀ ਦੇਵੀ ਦੇ ਸੰਗ੍ਰਹਿ 'ਚੋਂ 17ਵੀਂ ਸਦੀ ਦਾ ਇਤਿਹਾਸਕ ਖਗੋਲੀ ਸੁਪਰ ਕੰਪਿਊਟਰ ਲੰਡਨ ਵਿੱਚ ਹੋਵੇਗਾ ਨਿਲਾਮ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਜੈਪੁਰ ਦੀ ਮਹਾਰਾਣੀ ਗਾਇਤਰੀ ਦੇਵੀ ਦੇ ਸੰਗ੍ਰਹਿ ਵਿੱਚੋਂ ਇੱਕ ਦੁਰਲੱਭ 17ਵੀਂ ਸਦੀ ਦਾ ਪਿੱਤਲ ਦਾ ਖਗੋਲੀ ਸੁਪਰ ਕੰਪਿਊਟਰ (ਐਸਟ੍ਰੋਲੈਬ) ਅਗਲੇ ਹਫਤੇ ਲੰਡਨ ਦੇ ਸੋਥਬੀ ਨਿਲਾਮੀ ਘਰ ਵਿੱਚ ਨਿਲਾਮ ਕੀਤਾ ਜਾਵੇਗਾ।***

ਇਹ ਸੁਪਰ ਕੰਪਿਊਟਰ "ਆਰਟ ਆਫ਼ ਦ ਇਸਲਾਮਿਕ ਵਰਲਡ ਐਂਡ ਇੰਡੀਆ" ਪ੍ਰਦਰਸ਼ਨੀ ਦਾ ਮੁੱਖ ਆਕਰਸ਼ਣ ਹੈ। ਇਸ ਨੂੰ ਇਸ ਹਫਤੇ ਦੇ ਅੰਤ ਵਿੱਚ ਪ੍ਰਦਰਸ਼ਿਤ ਕੀਤਾ ਗਿਆ ਸੀ ਅਤੇ ਇਸ ਦੀ ਅੰਦਾਜ਼ਨ ਕੀਮਤ 15 ਤੋਂ 25 ਲੱਖ ਪੌਂਡ ਦੇ ਵਿਚਕਾਰ ਮੰਨੀ ਗਈ ਹੈ। 1612 ਦਾ ਇਹ ਸੁਪਰ ਕੰਪਿਊਟਰ ਆਪਣੀ ਕਿਸਮ ਦਾ ਸਭ ਤੋਂ ਵੱਡਾ ਮੰਨਿਆ ਜਾਂਦਾ ਸੀ ਅਤੇ ਦੋ ਭਰਾਵਾਂ ਦੁਆਰਾ ਲਾਹੌਰ ਵਿੱਚ ਇੱਕ ਮੁਗਲ ਹੁਕਮਰਾਨ ਲਈ ਬਣਾਇਆ ਗਿਆ ਸੀ।

ਇਹ ਯੰਤਰ ਮਹਾਰਾਜਾ ਸਵਾਈ ਮਾਨ ਸਿੰਘ ਦੂਜੇ ਦੇ ਸ਼ਾਹੀ ਸੰਗ੍ਰਹਿ ਦਾ ਹਿੱਸਾ ਰਿਹਾ ਅਤੇ ਬਾਅਦ ਵਿੱਚ ਉਸਦੀ ਪਤਨੀ ਗਾਇਤਰੀ ਦੇਵੀ ਅਤੇ ਫਿਰ ਇੱਕ ਨਿੱਜੀ ਸੰਗ੍ਰਹਿ ਨੂੰ ਦਿੱਤਾ ਗਿਆ।

ਨਿਲਾਮੀ ਦੇ ਵੇਰਵੇ ਵਿੱਚ ਕਿਹਾ ਗਿਆ ਹੈ ਕਿ ਇਸਨੂੰ ਮੁਗਲ ਸਾਮਰਾਜ ਦੇ ਇੱਕ ਬਹੁਤ ਸ਼ਕਤੀਸ਼ਾਲੀ ਸਰਦਾਰ ਆਗਾ ਅਫਜ਼ਲ ਲਈ ਤਿਆਰ ਕੀਤਾ ਗਿਆ ਸੀ, ਜੋ ਉਸ ਸਮੇਂ ਬਾਦਸ਼ਾਹ ਜਹਾਂਗੀਰ ਦੇ ਅਧੀਨ ਲਾਹੌਰ ਦਾ ਪ੍ਰਬੰਧ ਕਰਦਾ ਸੀ। ਇਹ ਵਸਤੂ ਸਪੱਸ਼ਟ ਤੌਰ 'ਤੇ ਉਸਦੀ ਪ੍ਰਤਿਸ਼ਠਾ ਦੇ ਅਨੁਸਾਰ ਤਿਆਰ ਕੀਤੀ ਗਈ ਸੀ।"

ਇਸ ਦੀ ਕਾਰੀਗਰੀ ਸੱਚਮੁੱਚ ਕਮਾਲ ਦੀ ਹੈ। ਇਸ ਵਿੱਚ 94 ਸ਼ਹਿਰਾਂ ਦੇ ਲੰਬਕਾਰ ਅਤੇ ਅਕਸ਼ਾਂਸ਼, ਫੁੱਲਾਂ ਦੀ ਨੱਕਾਸ਼ੀ ਨਾਲ ਜੁੜੇ 38 ਤਾਰੇ ਚਿੰਨ੍ਹ, ਪੰਜ ਪਲੇਟਾਂ, ਅਤੇ ਡਿਗਰੀ ਵੰਡ ਬਹੁਤ ਹੀ ਸਟੀਕ ਹਨ।

ਇਸ ਐਸਟ੍ਰੋਲੈਬ ਵਿੱਚ ਤਾਰਿਆਂ ਦੇ ਫਾਰਸੀ ਨਾਮ ਅਤੇ ਦੇਵਨਾਗਰੀ ਲਿਪੀ ਵਿੱਚ ਉਨ੍ਹਾਂ ਦੇ ਸੰਸਕ੍ਰਿਤ ਨਾਮ, ਨਾਲ ਹੀ ਮੱਕਾ, ਬੀਜਾਪੁਰ, ਅਜਮੇਰ, ਕਸ਼ਮੀਰ ਅਤੇ ਲਾਹੌਰ ਦੇ ਸਥਾਨਾਂ ਨੂੰ ਦਰਸਾਉਂਦੀਆਂ ਪੱਟੀਆਂ ਹਨ।

ਸਰਕਾਰੀ ਸਾਹਿਤ ਦੇ ਅਨੁਸਾਰ, ਲਾਹੌਰ 17ਵੀਂ ਸਦੀ ਦੇ ਸ਼ੁਰੂ ਵਿੱਚ ਮੁਗਲ ਸਾਮਰਾਜ ਵਿੱਚ ਐਸਟ੍ਰੋਲੈਬ ਨਿਰਮਾਣ ਦਾ ਇੱਕ ਪ੍ਰਮੁੱਖ ਕੇਂਦਰ ਸੀ। "ਲਾਹੌਰ ਸਕੂਲ" ਵਜੋਂ ਜਾਣਿਆ ਜਾਂਦਾ ਹੈ,



17ਵੀਂ ਸਦੀ ਦਾ ਪਿੱਤਲ ਦਾ ਖਗੋਲੀ ਸੁਪਰ ਕੰਪਿਊਟਰ (ਐਸਟ੍ਰੋਲੈਬ)

ਇਹ ਸ਼ਿਲਪਕਾਰੀ ਇੱਕੋ ਪਰਿਵਾਰ ਦੇ ਅੰਦਰ ਚਾਰ ਪੀੜ੍ਹੀਆਂ ਤੱਕ ਪਿਤਾ ਤੋਂ ਪੁੱਤਰ ਨੂੰ ਦਿੱਤੀ ਗਈ ਸੀ। ਇਸ ਖਾਸ ਸਾਜ਼ ਨੂੰ ਬਣਾਉਣ ਵਾਲੇ ਦੋ ਭਰਾ, ਕਾਇਮ ਮੁਹੰਮਦ ਅਤੇ ਮੁਹੰਮਦ ਮੁਕੀਮ, ਇਸ ਸਕੂਲ ਦੇ ਸਭ ਤੋਂ ਮਸ਼ਹੂਰ ਨਿਰਮਾਤਾਵਾਂ ਵਿੱਚੋਂ ਸਨ।

ਉਨ੍ਹਾਂ ਨੇ ਕਈ ਐਸਟ੍ਰੋਲੈਬ ਬਣਾਏ ਜੋ ਅੱਜ ਵੀ ਮੌਜੂਦ ਹਨ, ਪਰ ਉਨ੍ਹਾਂ ਨੇ ਸਿਰਫ਼ ਦੋ 'ਤੇ ਇਕੱਠੇ ਕੰਮ ਕੀਤਾ, ਅਤੇ ਲੰਡਨ ਵਿੱਚ ਪ੍ਰਦਰਸ਼ਿਤ ਇੱਕ ਉਨ੍ਹਾਂ ਵਿੱਚੋਂ ਇੱਕ ਹੈ।

ਉਨ੍ਹਾਂ ਦੁਆਰਾ ਸਾਂਝੇ ਤੌਰ 'ਤੇ ਬਣਾਇਆ ਗਿਆ ਇੱਕੋ ਇੱਕ ਹੋਰ ਐਸਟ੍ਰੋਲੈਬ ਹੁਣ ਇਰਾਕ ਦੇ ਰਾਸ਼ਟਰੀ ਅਜਾਇਬ ਘਰ ਵਿੱਚ ਹੈ ਅਤੇ ਵਿਆਸ ਵਿੱਚ ਸਿਰਫ 12 ਸੈਂਟੀਮੀਟਰ ਹੈ।

ਅਗਲੇ ਹਫ਼ਤੇ ਨਿਲਾਮ ਹੋਣ ਵਾਲਾ ਐਸਟ੍ਰੋਲੈਬ ਇੱਕ ਵੱਖਰੇ ਪੈਮਾਨੇ ਦਾ ਹੈ, ਜਿਸਦਾ ਵਿਆਸ 29.5 ਸੈਂਟੀਮੀਟਰ ਅਤੇ ਉਚਾਈ ਲਗਭਗ 50 ਸੈਂਟੀਮੀਟਰ ਹੈ। ਨਿਲਾਮੀ ਵਿੱਚ ਹੋਰ ਮਹੱਤਵਪੂਰਨ ਕਲਾਕ੍ਰਿਤੀਆਂ ਵਿੱਚ ਜਹਾਂਗੀਰ ਦੀ ਇੱਕ ਮੁਗਲ-ਯੁੱਗ ਦੀ ਪੇਂਟਿੰਗ ਸ਼ਾਮਲ ਹੈ, ਜਿਸਦੀ ਕੀਮਤ 150,000 ਤੋਂ 200,000 ਪੌਂਡ ਦੇ ਵਿਚਕਾਰ ਹੋਣ ਦਾ ਅਨੁਮਾਨ ਹੈ, ਅਤੇ ਭਾਰਤ ਦੀਆਂ 19ਵੀਂ ਸਦੀ ਦੀਆਂ ਪੇਂਟਿੰਗਾਂ, ਜਿਨ੍ਹਾਂ ਦੀ ਕੀਮਤ ਲਗਭਗ 80,000 ਪੌਂਡ ਹੋਣ ਦੀ ਉਮੀਦ ਹੈ।

# ਬਰਤਾਨੀਆਂ ਨੇ ਪਹਿਲੇ ਵਿਸ਼ਵ ਯੁੱਧ ਦੀ ਯਾਦਗਾਰ ਸੂਚੀ ਵਿੱਚ 33,000 ਭਾਰਤੀ ਸੈਨਿਕਾਂ ਦੇ ਨਾਮ ਸ਼ਾਮਲ ਕੀਤੇ ਹਨ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਹਿਲੇ ਵਿਸ਼ਵ ਯੁੱਧ ਵਿੱਚ ਮਾਰੇ ਗਏ 33,000 ਭਾਰਤੀ ਫੌਜ ਦੇ ਸੈਨਿਕਾਂ ਦੇ ਨਾਮ ਆਖਰਕਾਰ ਇਰਾਕ ਵਿੱਚ ਇੱਕ ਯਾਦਗਾਰ 'ਤੇ ਡਿਜੀਟਲ ਤੌਰ 'ਤੇ ਉੱਕਰੇ ਗਏ ਹਨ। ਪਹਿਲਾਂ ਯਾਦਗਾਰ ਵਿੱਚ ਇਨ੍ਹਾਂ ਭਾਰਤੀ ਸੈਨਿਕਾਂ ਦੇ ਨਾਮ ਸ਼ਾਮਲ ਨਹੀਂ ਸਨ।**

ਇਰਾਕ ਜਿਸਨੂੰ ਉਸ ਸਮੇਂ ਮੇਸੋਪੋਟੇਮੀਆ ਵਜੋਂ ਜਾਣਿਆ ਜਾਂਦਾ ਸੀ, 20ਵੀਂ ਸਦੀ ਦੇ ਸ਼ੁਰੂ ਵਿੱਚ ਯੂਰਪ ਤੋਂ ਬਾਹਰ ਬ੍ਰਿਟਿਸ਼ ਸਾਮਰਾਜ ਦੀਆਂ ਸਭ ਤੋਂ ਵੱਡੀਆਂ ਮੁਹਿੰਮਾਂ ਦਾ ਕੇਂਦਰ ਸੀ।

ਕਾਮਨਵੈਲਥ ਵਾਰ ਗ੍ਰੇਵਜ਼ ਕਮਿਸ਼ਨ ਨੇ ਇਰਾਕ ਵਿੱਚ ਬਸਰਾ ਯਾਦਗਾਰ ਲਈ ਗੁੰਮ ਹੋਏ ਨਾਮਾਂ ਨੂੰ ਸ਼ਾਮਲ ਕਰਨ ਲਈ ਨਵੇਂ ਡਿਜੀਟਲ ਨਾਮ ਪੈਨਲ ਪੇਸ਼ ਕੀਤੇ ਹਨ। ਸੀ ਡਬਲਿਊ ਜੀ ਸੀ ਇੱਕ ਚੈਰੀਟੇਬਲ ਸੰਸਥਾ ਹੈ ਜਿਸਦਾ ਮਿਸ਼ਨ ਦੋਵਾਂ ਵਿਸ਼ਵ ਯੁੱਧਾਂ ਦੌਰਾਨ ਮਾਰੇ ਗਏ ਸਾਰੇ ਰਾਸ਼ਟਰਮੰਡਲ ਸੈਨਿਕਾਂ ਅਤੇ ਔਰਤਾਂ ਨੂੰ




ਸ਼ਰਧਾਂਜਲੀ ਦੇਣਾ ਹੈ।

ਇਸ ਮਹੀਨੇ ਦੇ ਸ਼ੁਰੂ ਵਿੱਚ ਲਾਂਚ ਕੀਤੇ ਗਏ ਡਿਜੀਟਲ ਯਾਦਗਾਰ ਵਿੱਚ ਪਹਿਲੀ ਵਾਰ 46,000 ਤੋਂ ਵੱਧ ਰਾਸ਼ਟਰਮੰਡਲ ਸੇਵਾ ਕਰਮਚਾਰੀਆਂ ਦੇ ਨਾਵਾਂ ਦੇ ਨਾਲ ਭਾਰਤੀ ਸੈਨਿਕਾਂ ਦੇ ਨਾਮ ਸ਼ਾਮਲ ਹਨ।

ਸੀ ਡਬਲਯੂ ਜੀ ਸੀ ਗਲੋਬਲ ਸਲਾਹਕਾਰ ਕਮੇਟੀ ਦੇ ਮੈਂਬਰ ਸ਼ਰਬਾਨੀ ਬਾਸੂ ਨੇ ਕਿਹਾ ਕਿ "ਮੇਸੋਪੋਟੇਮੀਆ ਦੀ ਮੁਹਿੰਮ ਪਹਿਲੇ ਵਿਸ਼ਵ ਯੁੱਧ ਦੇ ਸਭ ਤੋਂ ਔਖੇ ਮੁਹਿੰਮਾਂ ਵਿੱਚੋਂ ਇੱਕ ਸੀ, ਜਿਸ ਵਿੱਚ ਹਜ਼ਾਰਾਂ ਭਾਰਤੀ ਸੈਨਿਕ ਸ਼ਹੀਦ ਹੋਏ ਸਨ। ਫਿਰ ਵੀ ਉਨ੍ਹਾਂ ਦੇ ਨਾਮ ਕਦੇ ਵੀ ਬਸਰਾ ਸਮਾਰਕ 'ਤੇ ਨਹੀਂ ਲਿਖੇ ਗਏ ਸਨ।"

ਉਹਨਾਂ ਕਿਹਾ ਕਿ ਨਵੇਂ ਡਿਜੀਟਲ ਪੈਨਲਾਂ ਨੂੰ ਦੇਖਣਾ ਅਤੇ ਅੰਤ ਵਿੱਚ 33,000 ਭਾਰਤੀ ਨਾਵਾਂ ਨੂੰ ਪੂਰਾ ਪ੍ਰਦਰਸ਼ਿਤ ਕਰਨਾ ਖੁਸ਼ੀ ਦੀ ਗੱਲ ਹੈ, ਜਿਸ ਵਿੱਚ ਉਨ੍ਹਾਂ ਦਾ ਰੈਂਕ ਅਤੇ ਰੈਜੀਮੈਂਟ ਵੀ ਸ਼ਾਮਲ ਹੈ। ਇੱਕ ਇਤਿਹਾਸਕ ਬੇਇਨਸਾਫ਼ੀ ਨੂੰ ਸੁਧਾਰਿਆ ਜਾ ਰਿਹਾ ਹੈ। ਉਨ੍ਹਾਂ ਦੀ ਕੁਰਬਾਨੀ ਨੂੰ ਕਦੇ ਨਹੀਂ ਭੁੱਲਿਆ ਜਾਵੇਗਾ।

ਯਾਦਗਾਰ ਵਿੱਚ ਮਹੱਤਵਪੂਰਨ ਭੌਤਿਕ ਤਬਦੀਲੀਆਂ ਕਰਨਾ ਮੁਸ਼ਕਲ ਸੀ ਕਿਉਂਕਿ ਇਰਾਕ ਨੂੰ ਇਸ ਸਮੇਂ ਯਾਤਰਾ ਅਤੇ ਸੰਚਾਲਨ ਕਾਰਜਾਂ ਲਈ ਸੁਰੱਖਿਅਤ ਨਹੀਂ ਮੰਨਿਆ ਜਾਂਦਾ ਹੈ। ਜਦੋਂ ਤੱਕ ਸਾਈਟ ਦਾ ਸਹੀ ਢੰਗ ਨਾਲ ਮੁਲਾਂਕਣ ਨਹੀਂ ਕੀਤਾ ਜਾਂਦਾ ਅਤੇ ਸਾਰੇ ਨਾਮ ਸਹੀ ਢੰਗ ਨਾਲ ਨਹੀਂ ਲਿਖੇ ਜਾ ਸਕਦੇ, ਉਦੋਂ ਤੱਕ ਡਿਜੀਟਲ ਵਿਕਲਪ ਨੂੰ ਇੱਕ ਵਿਕਲਪ ਵਜੋਂ ਚੁਣਿਆ ਗਿਆ ਸੀ।

# ਪ੍ਰਵਾਸ ਜ਼ੀਰੋ ਹੋਣ 'ਤੇ 2060 ਤੱਕ ਬਰਤਾਨੀਆਂ ਦੀ ਅਰਥਵਿਵਸਥਾ ਨੂੰ 700 ਅਰਬ ਪੌਂਡ ਦਾ ਘਾਟਾ ਪਵੇਗਾ - ਰਿਪੋਰਟ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਵਿੱਚ ਪ੍ਰਵਾਸ ਨੂੰ ਲੈ ਕੇ ਰੋਜ਼ਾਨਾ ਸਿਆਸਤ ਹੋ ਰਹੀ ਹੈ। ਲੇਕਨ ਨਵੇਂ ਅਨੁਮਾਨਾਂ ਤੋਂ ਪਤਾ ਚੱਲਦਾ ਹੈ ਕਿ ਸ਼ੁੱਧ ਜ਼ੀਰੋ ਪ੍ਰਵਾਸ (ਮਾਈਗ੍ਰੇਸ਼ਨ) ਦੀ ਨੀਤੀ ਜੇ ਅਪਣਾਈ ਗਈ ਤਾਂ ਇਸ ਦੇ ਸਿੱਟੇ ਗੰਭੀਰ ਹੋ ਸਕਦੇ ਹਨ। ਅਨੁਮਨਾ ਹੈ ਕਿ ਅਜੇਹਾ ਕਰਨ ਨਾਲ 2060 ਤੱਕ ਅਰਥਵਿਵਸਥਾ ਵਿੱਚ 700 ਅਰਬ ਪੌਂਡ ਦਾ ਨੁਕਸਾਨ ਹੋ ਸਕਦਾ ਹੈ। ਆਕਸਫੋਰਡ ਇਕਨ-ਾਮਿਕਸ ਵੱਲੋਂ ਕੀਤੇ ਇੱਕ ਵਿਸ਼ਲੇਸ਼ਣ ਮੁਤਾਬਿਕ ਜੇਕਰ ਅਗਲੇ 30 ਸਾਲਾਂ ਤੱਕ ਪ੍ਰਵਾਸ ਜ਼ੀਰੋ ਰਹਿੰਦਾ ਹੈ, ਤਾਂ 2060 ਤੱਕ ਬ੍ਰਿਟੇਨ ਦੀ ਆਰਥਿਕਤਾ ਦਾ ਆਕਾਰ 15 ਪ੍ਰਤੀਸ਼ਤ ਤੱਕ ਛੋਟਾ ਹੋ ਸਕਦਾ ਹੈ। ਆਮ ਹਾਲਤਾਂ ਵਿੱਚ ਆਰਥਿਕਤਾ 4.6 ਟ੍ਰਿਲੀਅਨ ਪੌਂਡ ਹੋਣ ਦੀ ਉਮੀਦ ਹੈ, ਪਰ ਜ਼ੀਰੋ ਮਾਈਗ੍ਰੇਸ਼ਨ ਨਾਲ ਇਹ ਘਟ ਕੇ 3.9 ਟ੍ਰਿਲੀਅਨ ਪੌਂਡ ਰਹਿ ਜਾਵੇਗੀ। ਟੈਕਸਾਂ ਤੋਂ ਹੋਣ ਵਾਲੀ ਆਮਦਨ ਘਟਣ ਕਾਰਨ ਸਰਕਾਰੀ ਖਜ਼ਾਨੇ 'ਤੇ ਬੋਝ ਵਧੇਗਾ, ਜੋ 2060 ਤੱਕ ਜੀ ਡੀ ਪੀ ਦੇ 4% ਤੱਕ ਪਹੁੰਚ ਸਕਦਾ ਹੈ। ਅਰਥਸ਼ਾਸਤਰੀ ਐਂਡਰਿਊ ਗੁਡਵਿਨ ਅਨੁਸਾਰ, ਆਮਦਨ ਘਟਣ ਨਾਲ ਸਰਕਾਰ ਲਈ ਜਨਤਕ ਸੇਵਾਵਾਂ ਚਲਾਉਣਾ ਮੁਸ਼ਕਲ ਹੋ ਜਾਵੇਗਾ। ਜਿਸ ਕਾਰਨ ਰਾਸ਼ਟਰੀ ਸਿਹਤ ਸੰਸਥਾ (ਐਨ ਐਚ ਐਸ) ਨੂੰ ਸ਼ਾਇਦ ਮਰੀਜ਼ਾਂ ਤੋਂ ਪੈਸੇ ਵਸੂਲਣੇ ਪੈ ਸਕਦੇ ਹਨ। 'ਟ੍ਰਿਪਲ ਲਾਕ' (ਪੈਨਸ਼ਨ ਵਧਾਉਣ ਦਾ ਨਿਯਮ) ਨੂੰ ਖਤਮ ਕਰਨ ਦੀ ਨੌਬਤ ਆ ਸਕਦੀ ਹੈ। ਇਥੇ ਹੀ ਬੱਸ ਨਹੀਂ ਰਿਪੋਰਟ ਮੁਤਾਬਿਕ ਪ੍ਰਵਾਸੀਆਂ ਦੀ ਕਮੀ ਕਾਰਨ ਕੰਮ ਕਰਨ ਵਾਲੇ ਲੋਕਾਂ ਦੀ ਗਿਣਤੀ ਘਟ ਜਾਵੇਗੀ, ਜਦੋਂ ਕਿ ਬਜ਼ੁਰਗਾਂ ਦੀ ਦੇਖਭਾਲ ਦਾ ਖਰਚਾ ਵਧ ਜਾਵੇਗਾ। ਰਿਫਾਰਮ ਯੂ ਕੇ ਸਿਆਸੀ ਪਾਰਟੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਅਤੇ ਸਖ਼ਤ ਨਿਯਮਾਂ ਦੀ ਵਕਾਲਤ ਕਰ ਰਹੀ ਹੈ ਅਤੇ ਸਰਵੇਖਣਾਂ ਵਿੱਚ ਅੱਗੇ ਚੱਲ ਰਹੀ ਹੈ। ਜਦ ਕਿ ਇਸ ਦੇ ਉਲਟ ਗ੍ਰੀਨ ਪਾਰਟੀ ਬਹੁਤ ਖੁੱਲ੍ਹੀ ਇਮੀਗ੍ਰੇਸ਼ਨ ਨੀਤੀ ਅਤੇ ਪ੍ਰਵਾਸੀਆਂ ਨੂੰ ਵਧੇਰੇ ਅਧਿਕਾਰ ਦੇਣ ਦੇ ਹੱਕ ਵਿੱਚ ਹੈ, ਦੂਜੇ ਸਥਾਨ 'ਤੇ ਹੈ। ਮੌਜੂਦਾ ਸਰ ਕੀਰ ਸਟਾਰਮਰ ਦੀ ਅਗਵਾਈ ਵਿੱਚ ਲੇਬਰ ਸਰਕਾਰ ਨੂੰ ਇਸ ਚੁਣੌਤੀਪੂਰਨ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਰਥਸ਼ਾਸਤਰੀਆਂ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਭਾਵੇਂ ਜ਼ਿਆਦਾ ਪ੍ਰਵਾਸ ਨਾਲ ਦੇਸ਼ ਦੀ ਕੁੱਲ ਆਰਥਿਕਤਾ ਵਧਦੀ ਹੈ, ਪਰ ਇਸਦਾ ਮਤਲਬ ਇਹ ਨਹੀਂ ਕਿ ਪ੍ਰਤੀ ਵਿਅਕਤੀ ਜੀ ਡੀ ਪੀ ਵੀ ਵਧੇਗੀ। ਜੀਵਨ ਪੱਧਰ ਨੂੰ ਮਾਪਣ ਲਈ ਪ੍ਰਤੀ ਵਿਅਕਤੀ ਆਮਦਨ ਜ਼ਿਆਦਾ ਮਹੱਤਵਪੂਰਨ ਹੁੰਦੀ ਹੈ। ਇਸ ਅਧਿਐਨ ਨੇ ਚੇਤਾਵਨੀ ਦਿੱਤੀ ਕਿ ਸਿਰਫ਼ ਆਬਾਦੀ ਘਟਾਉਣ ਦੇ ਮਕਸਦ ਨਾਲ ਪ੍ਰਵਾਸ ਨੂੰ ਜ਼ੀਰੋ ਕਰਨਾ ਦੇਸ਼ ਦੇ ਟੈਕਸ ਢਾਂਚੇ, ਸਿਹਤ ਸੇਵਾਵਾਂ ਅਤੇ ਪੈਨਸ਼ਨ ਪ੍ਰਣਾਲੀ ਨੂੰ ਅਪਾਹਜ ਕਰ ਸਕਦਾ ਹੈ।

# ਕੀ ਭਾਰਤ ਇੱਕ 'ਪੁਲਿਸ ਸਟੇਟ' ਬਣ ਰਿਹਾ ਹੈ ?

## ਨਿਊਜ਼ ਵਿਸ਼ਲੇਸ਼ਣ

✪ ਨੋਇਡਾ ਵਿੱਚ ਹੋਈਆਂ ਗ੍ਰਿਫ਼ਤਾਰੀਆਂ ਨੇ ਖੜ੍ਹੇ ਕੀਤੇ ਗੰਭੀਰ ਸਵਾਲ

✪ ਮੀਡੀਆ ਅਤੇ ਨਿਆਂਪਾਲਿਕਾ ਦੀ ਭੂਮਿਕਾ 'ਤੇ ਸਵਾਲ ਖੜੇ ਹੋਏ


ਪਿਛਲੇ ਹਫ਼ਤੇ ਨੋਇਡਾ ਦੇ ਮਜ਼ਦੂਰ ਅੰਦੋਲਨ ਦੌਰਾਨ ਹੋਈਆਂ ਗ੍ਰਿਫ਼ਤਾਰੀਆਂ ਨੇ ਦੇਸ਼ ਦੇ ਬੁੱਧੀਜੀਵੀ ਅਤੇ ਨਾਗਰਿਕ ਸਮਾਜ ਵਿੱਚ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ। ਸੀਨੀਅਰ ਪੱਤਰਕਾਰ ਅਤੇ ਲੇਖਕ ਸਤਿਅਮ ਵਰਮਾ ਸਮੇਤ ਕਈ ਨੌਜਵਾਨਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਹ ਸਵਾਲ ਮੁੜ ਉੱਠ ਰਿਹਾ ਹੈ ਕਿ ਕੀ ਭਾਰਤ ਲੋਕਤੰਤਰ ਤੋਂ ਇੱਕ 'ਪੁਲਿਸ ਸਟੇਟ' ਵਿੱਚ ਤਬਦੀਲ ਹੋ ਰਿਹਾ ਹੈ? ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ ਸਤਿਅਮ ਵਰਮਾ ਦੀ ਗ੍ਰਿਫ਼ਤਾਰੀ ਵਿੱਚ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਸਪੱਸ਼ਟ ਉਲੰਘਣਾ ਕੀਤੀ ਗਈ ਹੈ। ਜਦੋਂ ਨੋਇਡਾ ਵਿੱਚ ਹਿੰਸਾ ਦੀ ਘਟਨਾ ਵਾਪਰੀ, ਸਤਿਅਮ ਵਰਮਾ ਉੱਥੋਂ 500 ਕਿਲੋਮੀਟਰ ਦੂਰ ਲਖਨਊ ਵਿੱਚ ਸਨ। ਪੁਲਿਸ ਨੇ ਉਨ੍ਹਾਂ ਨੂੰ 48 ਘੰਟਿਆਂ ਤੱਕ ਬੰਧਕ ਬਣਾ ਕੇ ਰੱਖਿਆ ਅਤੇ ਪਰਿਵਾਰ ਜਾਂ ਵਕੀਲਾਂ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ।

ਉਨ੍ਹਾਂ ਦੇ ਨਿੱਜੀ ਸਾਮਾਨ ਨੂੰ ਬਿਨਾਂ ਕਿਸੇ 'ਸੀਜ਼ਰ ਮੈਮੋ' ਦੇ ਜ਼ਬਤ ਕਰ ਲਿਆ ਗਿਆ, ਜੋ ਕਿ ਕਾਨੂੰਨੀ ਪ੍ਰਕਿਰਿਆ ਦੇ ਵਿਰੁੱਧ ਹੈ। ਉਨ੍ਹਾਂ ਵਿਰੁੱਧ ਨਵੀਂ ਕਾਨੂੰਨੀ ਪ੍ਰਣਾਲੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ, ਜਿਸ ਵਿੱਚ ਦੰਗੇ, ਅਗਜ਼ਨੀ, ਅਤੇ ਸਰਕਾਰੀ ਕੰਮ ਵਿੱਚ ਵਿਘਨ ਪਾਉਣ ਵਰਗੇ ਗੰਭੀਰ ਇਲਜ਼ਾਮ ਸ਼ਾਮਲ ਹਨ। ਕ੍ਰਿਮੀਨਲ ਲਾਅ ਅਮੈਂਡਮੈਂਟ ਐਕਟ (ਸੈਕਸ਼ਨ 7) ਧਾਰਾ ਤਹਿਤ ਜਨਤਕ ਵਿਵਸਥਾ ਨੂੰ ਭੰਗ ਕਰਨ ਦੇ ਦੋਸ਼ ਲਗਾਏ ਗਏ ਹਨ। ਸਰਕਾਰੀ ਅਤੇ ਨਿੱਜੀ ਵਾਹਨਾਂ ਅਤੇ ਇਮਾਰਤਾਂ ਨੂੰ ਸਾੜਨ ਜਾਂ ਤੋੜਨ ਦੇ ਇਲਜ਼ਾਮ ਵਿੱਚ ਸੈਕਸ਼ਨ 3/4 ਲਗਾਇਆ ਗਿਆ ਹੈ। ਪੁਲਿਸ ਅਨੁਸਾਰ, ਇਨ੍ਹਾਂ ਕਾਰਕੁਨਾਂ ਨੇ ਸੋਸ਼ਲ ਮੀਡੀਆ 'ਤੇ 'ਗੁੰਮਰਾਹਕੁੰਨ ਪੋਸਟਾਂ' ਪਾ ਕੇ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕੀਤੀ।

ਨੋਇਡਾ ਪੁਲਿਸ ਕਮਿਸ਼ਨਰ ਲਕਸ਼ਮੀ ਸਿੰਘ ਅਨੁਸਾਰ, ਇਹ ਹਿੰਸਾ ਇੱਕ 'ਅੰਤਰਰਾਸ਼ਟਰੀ ਪੱਧਰ 'ਤੇ ਸੰਗਠਿਤ ਗਤੀਵਿਧੀ' ਸੀ ਅਤੇ ਸਤਿਅਮ ਵਰਮਾ ਇਸ ਦੇ ਕਥਿਤ 'ਮਾਸਟਰਮਾਈਂਡ' ਆਦਿਤਿਆ ਆਨੰਦ ਦੇ ਲਗਾਤਾਰ ਸੰਪਰਕ ਵਿੱਚ ਸਨ।

ਸਤਿਅਮ ਵਰਮਾ ਅਤੇ ਹੋਰ ਨੌਜਵਾਨਾਂ ਦੀ ਗ੍ਰਿਫ਼ਤਾਰੀ ਦਾ ਮੁੱਖ ਕਾਰਨ ਉਨ੍ਹਾਂ ਦੀ ਬੌਧਿਕ ਚੇਤਨਾ ਅਤੇ ਜਨਤਕ ਅੰਦੋਲਨਾਂ (ਨੋਇਡਾ ਮਜ਼ਦੂਰ ਅੰਦੋਲਨ) ਨੂੰ ਸਮਰਥਨ ਦੇਣਾ ਹੈ। ਸਰਕਾਰ ਅਕਸਰ ਅਜਿਹੇ ਲੋਕਾਂ ਨੂੰ 'ਅਰਬਨ ਨਕਸਲ' ਜਾਂ 'ਸਾਜ਼ਿਸ਼ਕਰਤਾ' ਵਜੋਂ ਪੇਸ਼ ਕਰਦੀ ਹੈ ਤਾਂ ਜੋ ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਜਾ ਸਕੇ। ਜਦੋਂ ਕੋਈ ਪੜ੍ਹਿਆ-ਲਿਖਿਆ ਵਰਗ ਹਾਸ਼ੀਏ 'ਤੇ ਪਏ ਲੋਕਾਂ (ਮਜ਼ਦੂਰਾਂ, ਆਦਿਵਾਸੀਆਂ) ਦੇ ਹੱਕਾਂ ਦੀ ਗੱਲ ਕਰਦਾ ਹੈ, ਤਾਂ ਸੱਤਾ ਉਸ ਨੂੰ ਆਪਣੇ ਲਈ ਖ਼ਤਰਾ ਮੰਨਣ ਲੱਗਦੀ ਹੈ।

ਨੋਇਡਾ ਦੀ ਘਟਨਾ ਨੇ ਭੀਮਾ ਕੋਰੇਗਾਓਂ ਦੀ ਯਾਦ ਤਾਜ਼ਾ ਕਰ ਦਿੱਤੀ ਹੈ, ਜਿੱਥੇ ਆਨੰਦ ਤੇਲਤੁੰਬੜੇ, ਪ੍ਰੋਫੈਸਰ ਸਾਈਬਾਬਾ ਅਤੇ ਵਰਵਰ ਰਾਓ ਵਰਗੇ ਵਿਦਵਾਨਾਂ ਨੂੰ ਯੂਏਪੀਏ ਤਹਿਤ ਸਾਲਾਂ ਬੱਧੀ ਜੇਲ੍ਹ ਵਿੱਚ ਰੱਖਿਆ ਗਿਆ।



ਫਾਦਰ ਸਟੇਨ ਸਵਾਮੀ ਨੇ ਜੇਲ੍ਹ ਵਿੱਚ ਦਮ ਤੋੜ ਦਿੱਤਾ ਅਤੇ ਪ੍ਰੋਫੈਸਰ ਸਾਈਬਾਬਾ ਦੀ ਮੌਤ ਵੀ ਲੰਬੀ ਕਾਨੂੰਨੀ ਲੜਾਈ ਅਤੇ ਇਲਾਜ ਦੀ ਘਾਟ ਕਾਰਨ ਹੋਈ। ਇਹ ਲੋਕਤੰਤਰ ਲਈ ਬਹੁਤ ਹੀ ਦੁਖਦਾਈ ਹੈ।

ਮੀਡੀਆ ਦਾ ਇੱਕ ਵੱਡਾ ਹਿੱਸਾ ਹੁਣ ਵੱਡੇ ਕਾਰਪੋਰੇਟ ਘਰਾਣਿਆਂ ਦੇ ਨਿਯੰਤਰਣ ਵਿੱਚ ਹੈ। ਕਾਰਪੋਰੇਟ ਘਰਾਣਿਆਂ ਦੇ ਹਿੱਤ ਸੱਤਾਧਾਰੀ ਸਰਕਾਰ ਨਾਲ ਜੁੜੇ ਹੁੰਦੇ ਹਨ। ਸਰਕਾਰੀ ਵਿਗਿਆਪਨਾਂ 'ਤੇ ਨਿਰਭਰਤਾ ਮੀਡੀਆ ਨੂੰ ਸਵਾਲ ਪੁੱਛਣ ਤੋਂ ਰੋਕਦੀ ਹੈ। ਸੱਤਾ ਦੇ ਪੱਖ ਵਿੱਚ ਖੜ੍ਹੇ ਹੋ ਕੇ ਮੀਡੀਆ ਅਸਲ ਮੁੱਦਿਆਂ (ਬੇਰੁਜ਼ਗਾਰੀ, ਮਹਿੰਗਾਈ) ਤੋਂ ਧਿਆਨ ਭਟਕਾ ਕੇ ਲੋਕਾਂ ਨੂੰ ਭਾਵਨਾਤਮਕ ਮੁੱਦਿਆਂ ਵਿੱਚ ਉਲਝਾਈ ਰੱਖਦਾ ਹੈ। ਮੁੱਖ ਧਾਰਾ ਦਾ ਮੀਡੀਆ ਇਨ੍ਹਾਂ ਗ੍ਰਿਫ਼ਤਾਰੀਆਂ ਦੇ ਅਧਾਰ 'ਤੇ ਸਵਾਲ ਚੁੱਕਣ ਦੀ ਬਜਾਏ ਪੁਲਿਸ ਦੀ ਕਹਾਣੀ ਨੂੰ ਹੀ ਸੱਚ ਮੰਨ ਕੇ 'ਅਰਬਨ ਨਕਸਲ' ਵਰਗੇ ਸ਼ਬਦਾਂ ਦੀ ਵਰਤੋਂ ਕਰ ਰਿਹਾ ਹੈ। ਉਮਰ ਖਾਲਿਦ ਵਰਗੇ ਨੌਜਵਾਨਾਂ ਨੂੰ ਸਾਲਾਂ ਬੱਧੀ ਜ਼ਮਾਨਤ ਨਾ ਮਿਲਣਾ ਅਤੇ ਦੂਜੇ ਪਾਸੇ ਸਜ਼ਾਯਾਫ਼ਤਾ ਅਪਰਾਧੀਆਂ ਜਾਂ ਸਿਆਸੀ ਪ੍ਰਭਾਵ ਵਾਲੇ ਲੋਕਾਂ (ਜਿਵੇਂ ਸੌਦਾ ਸਾਧ, ਆਸਾਰਾਮ ਬਾਪੂ ਦਾ ਨੂੰ ਵਾਰ-ਵਾਰ ਪੈਰੋਲ ਜਾਂ ਰਾਹਤ ਮਿਲਣਾ ਨਿਆਂ ਪ੍ਰਣਾਲੀ ਦੀ ਪਾਰਦਰਸ਼ਤਾ 'ਤੇ ਵੱਡਾ ਸਵਾਲ ਹੈ।

ਉਮਰ ਖਾਲਿਦ ਵਰਗੇ ਨੌਜਵਾਨਾਂ ਨੂੰ ਯੂਏਪੀਏ ਵਰਗੇ ਸਖ਼ਤ ਕਾਨੂੰਨਾਂ ਵਿੱਚ ਜ਼ਮਾਨਤ ਮਿਲਣੀ ਬਹੁਤ ਮੁਸ਼ਕਲ ਹੁੰਦੀ ਹੈ, ਜਿਸ ਦਾ ਫ਼ਾਇਦਾ ਜਾਂਚ ਏਜੰਸੀਆਂ ਬਿਨਾਂ ਦੋਸ਼ ਸਾਬਤ ਕੀਤੇ ਕਿਸੇ ਨੂੰ ਜੇਲ੍ਹ ਵਿੱਚ ਰੱਖਣ ਲਈ ਉਠਾਉਂਦੀਆਂ ਹਨ। ਜਦੋਂ ਲੋਕਤੰਤਰ ਦੀਆਂ ਸੁਤੰਤਰ ਸੰਸਥਾਵਾਂ 'ਤੇ ਸਿਆਸੀ ਪ੍ਰਭਾਵ ਵਧਦਾ ਹੈ, ਤਾਂ ਫੈਸਲੇ ਕਾਨੂੰਨ ਦੀ ਬਜਾਏ 'ਸੁਵਿਧਾ' ਅਨੁਸਾਰ ਹੋਣ ਲੱਗਦੇ ਹਨ।

ਮਨੁੱਖੀ ਅਧਿਕਾਰ ਸੰਗਠਨਾਂ ਦਾ ਮੰਨਣਾ ਹੈ ਕਿ ਅਜੋਕੇ 'ਦਮਨਕਾਰੀ ਰਾਜ' ਲਈ ਸਭ ਤੋਂ ਵੱਡਾ ਚੈਲਿੰਜ ਪੜ੍ਹੇ-ਲਿਖੇ ਅਤੇ ਬੌਧਿਕ ਲੋਕ ਹੀ ਹਨ। ਹੁਣ ਦੇਸ਼ ਦੇ ਨਾਗਰਿਕਾਂ ਨੂੰ ਇਹ ਸੋਚਣਾ ਪਵੇਗਾ ਕਿ ਉਹ ਆਪਣੇ ਸੰਵਿਧਾਨਕ ਹੱਕਾਂ ਲਈ ਜਾਗਰੂਕ ਹੋਣਗੇ ਜਾਂ ਇਸ ਦਮਨ ਨੂੰ ਚੁੱਪਚਾਪ ਸਵੀਕਾਰ ਕਰ ਲੈਣਗੇ।

# ਪੱਟੀ ਵਿਚ 'ਆਪ' ਨੂੰ ਵੱਡਾ ਝਟਕਾ: ਡੀਐਮ ਰੰਧਾਵਾ ਖੁਦਕੁਸ਼ੀ ਮਾਮਲੇ ਵਿਚ ਬਗਾਵਤ

## ✪ ਪੰਚਾਇਤਾਂ ਨੇ ਦਿੱਤੀ ਅਸਤੀਫਿਆਂ ਦੀ ਚਿਤਾਵਨੀ

ਤਰਨਤਾਰਨ/ਪੱਟੀ-ਪੰਜਾਬ ਦੀ ਸਿਆਸਤ ਵਿੱਚ ਇਸ ਵੇਲੇ ਵੱਡੀ ਹਲਚਲ ਦੇਖਣ ਨੂੰ ਮਿਲ ਰਹੀ ਹੈ। ਤਰਨਤਾਰਨ ਦੇ ਪੱਟੀ ਹਲਕੇ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਲਈ ਇੱਕ ਗੰਭੀਰ ਸਿਆਸੀ ਸੰਕਟ ਖੜ੍ਹਾ ਹੋ ਗਿਆ ਹੈ। ਡੀ.ਐੱਮ. ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਦੇ ਮਾਮਲੇ ਵਿੱਚ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦੀ ਚੁੱਪ ਤੋਂ ਨਾਰਾਜ਼ ਹੋ ਕੇ ਹਲਕੇ ਦੇ ਦਰਜਨ ਦੇ ਕਰੀਬ ਸਰਪੰਚਾਂ, ਚੇਅਰਮੈਨਾਂ ਅਤੇ ਪ੍ਰਮੁੱਖ ਅਹੁਦੇਦਾਰਾਂ ਨੇ ਪਾਰਟੀ ਛੱਡਣ ਦਾ ਐਲਾਨ ਕਰ ਦਿੱਤਾ ਹੈ।

ਪੱਟੀ ਹਲਕੇ ਦੇ ਕਈ 'ਆਪ' ਆਗੂਆਂ ਨੇ ਸੋਸ਼ਲ ਮੀਡੀਆ ਰਾਹੀਂ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ। ਉਨ੍ਹਾਂ ਪਾਰਟੀ ਹਾਈਕਮਾਂਡ ਨੂੰ 5 ਦਿਨਾਂ ਦਾ ਅਲਟੀਮੇਟਮ ਦਿੰਦਿਆਂ ਕਿਹਾ ਕਿ ਜੇਕਰ ਵੱਡੀ ਲੀਡਰਸ਼ਿਪ ਨੇ ਮ੍ਰਿਤਕ ਡੀ.ਐੱਮ. ਰੰਧਾਵਾ ਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਦੁੱਖ ਸਾਂਝਾ ਨਾ ਕੀਤਾ, ਤਾਂ ਉਹ ਸਮੂਹਕ ਤੌਰ 'ਤੇ ਅਸਤੀਫੇ ਦੇ ਦੇਣਗੇ।ਆਗੂਆਂ ਦਾ ਕਹਿਣਾ ਹੈ ਕਿ ਜਿੱਥੇ ਦੂਜੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ



ਆਗੂ ਪੀੜਤ ਪਰਿਵਾਰ ਨਾਲ ਅਫਸੋਸ ਕਰਨ ਪਹੁੰਚੇ, ਉੱਥੇ 'ਆਪ' ਲੀਡਰਸ਼ਿਪ ਨੇ ਦੂਰੀ ਬਣਾਈ ਰੱਖੀ। ਸੀਐਮ ਮਾਨ ਦੇ ਦੌਰੇ 'ਤੇ ਸਵਾਲ: ਵਰਕਰਾਂ ਵਿੱਚ ਇਸ ਗੱਲ ਨੂੰ ਲੈ ਕੇ ਭਾਰੀ ਰੋਸ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਹਾਲ ਹੀ ਵਿੱਚ ਅੰਮ੍ਰਿਤਸਰ ਆਏ ਸਨ, ਪਰ ਉਹ ਗਗਨਦੀਪ ਸਿੰਘ ਰੰਧਾਵਾ ਦੇ ਘਰ ਨਹੀਂ ਗਏ।

ਜ਼ਿਕਰਯੋਗ ਹੈ ਕਿ ਇਸ ਖੁਦਕੁਸ਼ੀ ਮਾਮਲੇ ਵਿੱਚ ਹਲਕਾ ਵਿਧਾਇਕ ਅਤੇ ਸਾਬਕਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਪਹਿਲਾਂ ਹੀ ਜੇਲ੍ਹ ਵਿੱਚ ਬੰਦ ਹਨ।

### ਅਸਤੀਫਿਆਂ ਬਾਰੇ ਪਿੰਡਾਂ ਤੋਂ ਸ਼ੁਰੂ ਹੋਵੇਗੀ ਮੁਹਿੰਮ

ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਅਸਤੀਫਿਆਂ ਦਾ ਸਿਲਸਿਲਾ ਕੁਝ ਇਸ ਤਰ੍ਹਾਂ ਹੋਵੇਗਾ:

ਪਹਿਲਾ ਪੜਾਅ ਦੌਰਾਂਨ 10 ਪਿੰਡਾਂ (ਸਭਰਾ, ਜੋੜਾ, ਕੈਰੋਂ, ਹਰੀਕੇ, ਮਰਹਾਣਾ, ਤੂਤ, ਸਰਹਾਲੀ ਕਾਲੇਕੇ ਉਤਾੜ, ਕੋਟ ਬੁੱਢਾ ਅਤੇ ਬੁਰਜ ਰਾਏ ਕੇ) ਦੀਆਂ ਪੰਚਾਇਤਾਂ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇਣਗੀਆਂ।

ਦੂਜਾ ਪੜਾਅ ਦੌਰਾਨ ਹਰ ਰੋਜ਼ 10-10 ਹੋਰ ਪੰਚਾਇਤਾਂ ਵੱਲੋਂ ਅਸਤੀਫੇ ਦਿੱਤੇ ਜਾਣਗੇ।

ਤੀਜਾ ਪੜਾਅ ਦੌਰਾਨ ਬਲਾਕ ਸੰਮਤੀ ਮੈਂਬਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਮਾਰਕੀਟ ਕਮੇਟੀ ਚੇਅਰਮੈਨ ਅਤੇ ਸ਼ਹਿਰੀ ਵਾਰਡਾਂ ਦੇ ਐਮ.ਸੀ. ਵੀ ਅਹੁਦੇ ਛੱਡਣਗੇ।

'ਆਪ' ਆਗੂਆਂ ਦਾ ਕਹਿਣਾ ਹੈ ਕਿ "ਜਦੋਂ ਪਾਰਟੀ ਦੇ ਆਪਣੇ ਹੀ ਲੋਕ ਦੁੱਖ ਦੀ ਘੜੀ ਵਿੱਚ ਸਾਥ ਨਹੀਂ ਦੇ ਰਹੇ, ਤਾਂ ਅਜਿਹੀ ਲੀਡਰਸ਼ਿਪ ਨਾਲ ਚੱਲਣਾ ਮੁਸ਼ਕਲ ਹੈ।"

ਸਿਆਸੀ ਮਾਹਿਰਾਂ ਦੀ ਰਾਇ ਹੈ ਕਿ ਪਹਿਲਾਂ ਹੀ ਸੱਤ ਰਾਜ ਸਭਾ ਮੈਂਬਰ ਗਵਾ ਚੁੱਕੀ 'ਆਪ' ਲਈ ਪੱਟੀ ਵਿੱਚ ਇਹ ਬਗਾਵਤ ਆਉਣ ਵਾਲੇ ਸਮੇਂ ਵਿੱਚ ਵੱਡਾ ਨੁਕਸਾਨ ਸਾਬਤ ਹੋ ਸਕਦੀ ਹੈ। ਜੇਕਰ ਪੰਜ ਦਿਨਾਂ ਵਿੱਚ ਸਥਿਤੀ ਨਾ ਸੰਭਲੀ, ਤਾਂ ਮਾਝੇ ਦੇ ਇਸ ਅਹਿਮ ਹਲਕੇ ਵਿੱਚ ਪਾਰਟੀ ਦਾ ਆਧਾਰ ਪੂਰੀ ਤਰ੍ਹਾਂ ਹਿੱਲ ਸਕਦਾ ਹੈ।

3 ਸਫ਼ੇ ਦੀ ਬਾਕੀ

2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਅਤੇ ਆਉਣ ਵਾਲੀਆਂ ਦਿੱਲੀ ਚੋਣਾਂ ਤੋਂ ਪਹਿਲਾਂ ਇਹ ਟੁੱਟ 'ਆਪ' ਲਈ ਹੋਂਦ ਦਾ ਸੰਕਟ ਪੈਦਾ ਕਰ ਸਕਦੀ ਹੈ।

ਮਹਾਰਾਸ਼ਟਰ ਦੇ ਅਹਿਲਿਆਨਗਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅੰਨਾ ਹਜ਼ਾਰੇ ਨੇ ਕਿਹਾ ਸੀ ਕਿ ''ਜੇਕਰ ਪਾਰਟੀ ਸਹੀ ਰਸਤੇ 'ਤੇ ਚੱਲ ਰਹੀ ਹੁੰਦੀ, ਤਾਂ ਇਹ ਆਗੂ ਕਦੇ ਵੀ ਪਾਰਟੀ ਛੱਡ ਕੇ ਨਾ ਜਾਂਦੇ। ਜ਼ਰੂਰ ਉਨ੍ਹਾਂ ਨੂੰ ਸੰਗਠਨ ਦੇ ਅੰਦਰ ਵੱਡੀਆਂ ਮੁਸ਼ਕਲਾਂ ਜਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੋਵੇਗਾ।'' ਅੰਨਾ ਨੇ ਕਿਸੇ ਵੀ ਬਾਹਰੀ ਦਬਾਅ ਦੀ ਬਜਾਏ 'ਆਪ' ਦੀ ਅੰਦਰੂਨੀ ਕਾਰਜਸ਼ੈਲੀ ਨੂੰ ਕਸੂਰਵਾਰ ਠਹਿਰਾਇਆ।

ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੋਰਚਾ ਸੰਭਾਲਦਿਆਂ ਇਸ ਲੜਾਈ ਨੂੰ ਦੇਸ਼ ਦੇ ਸਰਵਉੱਚ ਅਹੁਦੇ ਯਾਨੀ ਰਾਸ਼ਟਰਪਤੀ ਦੇ ਦਰਬਾਰ ਤੱਕ ਲਿਜਾਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਤੋਂ ਮਿਲਣ ਲਈ ਸਮਾਂ ਮੰਗਿਆ ਹੈ। ਸੂਤਰਾਂ ਅਨੁਸਾਰ ਮੁੱਖ ਮੰਤਰੀ ਦਲ-ਬਦਲੀ ਵਿਰੋਧੀ ਕਾਨੂੰਨ ਤਹਿਤ ਇਨ੍ਹਾਂ ਸੱਤਾਂ ਮੈਂਬਰਾਂ ਦੀ ਰਾਜ ਸਭਾ ਮੈਂਬਰਸ਼ਿਪ ਰੱਦ ਕਰਨ ਦੀ ਮੰਗ ਕਰ ਸਕਦੇ ਹਨ। ਪਾਰਟੀ ਦਾ ਤਰਕ ਹੈ ਕਿ ਇਹ ਵੋਟਰਾਂ ਨਾਲ ਵਿਸ਼ਵਾਸਘਾਤ ਹੈ ਅਤੇ ਇਸ 'ਤੇ ਸੰਵਿਧਾਨਕ ਦਖ਼ਲ ਜ਼ਰੂਰੀ ਹੈ।

ਆਪ ਦੇ ਸੀਨੀਅਰ 'ਆਪ' ਆਗੂ ਸੰਜੈ ਸਿੰਘ ਨੇ ਐਲਾਨ ਕੀਤਾ ਸੀ ਕਿ ਪਾਰਟੀ ਨੇ ਰਾਜ ਸਭਾ ਦੇ ਚੇਅਰਮੈਨ ਸੀ.ਪੀ. ਰਾਧਾਕ੍ਰਿਸ਼ਨਨ ਕੋਲ ਇੱਕ ਅਧਿਕਾਰਤ ਪਟੀਸ਼ਨ ਦਾਇਰ ਕਰਕੇ ਇਨ੍ਹਾਂ ਮੈਂਬਰਾਂ ਨੂੰ ਸਦਨ ਤੋਂ ਅਯੋਗ ਠਹਿਰਾਉਣ ਦੀ ਮੰਗ ਕੀਤੀ ਹੈ। ਸੰਜੈ ਸਿੰਘ ਨੇ ਕਿਹਾ ਕਿ ਇਨ੍ਹਾਂ ਸੱਤਾਂ ਸੰਸਦ ਮੈਂਬਰਾਂ-ਰਾਘਵ ਚੱਢਾ, ਅਸ਼ੋਕ ਮਿੱਤਲ, ਸੰਦੀਪ ਪਾਠਕ, ਹਰਭਜਨ ਸਿੰਘ, ਰਾਜੇਂਦਰ ਗੁਪਤਾ, ਵਿਕਰਮ ਸਾਹਨੀ ਅਤੇ ਸਵਾਤੀ ਮਾਲੀਵਾਲ-ਦਾ ਕਦਮ ਸੰਵਿਧਾਨ ਦੀ 10ਵੀਂ ਸੂਚੀ (ਦਲ-ਬਦਲੀ ਵਿਰੋਧੀ ਕਾਨੂੰਨ) ਦੀ ਸਪੱਸ਼ਟ ਉਲੰਘਣਾ ਹੈ। 'ਆਪ' ਦਾ ਕਹਿਣਾ ਹੈ ਕਿ ਇਨ੍ਹਾਂ ਮੈਂਬਰਾਂ ਦੀ ਚੋਣ 'ਆਪ' ਦੀ ਟਿਕਟ 'ਤੇ ਹੋਈ ਸੀ, ਇਸ ਲਈ ਪਾਰਟੀ ਛੱਡ ਕੇ ਭਾਜਪਾ 'ਚ ਜਾਣਾ ਪੰਜਾਬ ਦੇ ਲੋਕਾਂ ਦੇ ਫਤਵੇ ਦਾ ਅਪਮਾਨ ਹੈ। ਸੰਜੈ ਸਿੰਘ ਨੇ ਸੁਪਰੀਮ ਕੋਰਟ ਦੇ ਪੁਰਾਣੇ ਫੈਸਲਿਆਂ (ਉੱਤਰਾਖੰਡ ਅਤੇ ਅਰੁਣਾਚਲ ਪ੍ਰਦੇਸ਼ ਮਾਮਲੇ) ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਅਜਿਹੀ ਦਲ-ਬਦਲੀ ਕਰਨ ਵਾਲਿਆਂ ਦੀ ਮੈਂਬਰਸ਼ਿਪ ਰੱਦ ਕੀਤੀ ਜਾ ਸਕਦੀ ਹੈ। ਪਾਰਟੀ ਨੇ ਸਾਫ਼ ਕਰ ਦਿੱਤਾ ਹੈ ਕਿ ਜੇਕਰ ਲੋੜ ਪਈ ਤਾਂ ਉਹ ਇਸ ਮਾਮਲੇ ਨੂੰ ਅਦਾਲਤ ਵਿੱਚ ਵੀ ਲੈ ਕੇ ਜਾਣਗੇ।

### ਬਾਗੀਆਂ ਦਾ ਪੱਖ: 'ਸਿਧਾਂਤਾਂ ਤੋਂ ਭਟਕ ਗਈ ਹੈ ਪਾਰਟੀ'

ਦੂਜੇ ਪਾਸੇ, ਭਾਜਪਾ ਵਿੱਚ ਸ਼ਾਮਲ ਹੋਏ ਮੈਂਬਰਾਂ ਨੇ ਆਪਣੇ ਬਚਾਅ ਵਿੱਚ ਕਿਹਾ ਹੈ ਕਿ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਹੁਣ ਆਪਣੇ ਮੂਲ ਸਿਧਾਂਤਾਂ ਅਤੇ ਨੈਤਿਕਤਾ ਤੋਂ ਥਿੜਕ ਚੁੱਕੀ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਪਾਰਟੀ ਨੂੰ ਅਲਵਿਦਾ ਕਹਿਣ ਦਾ ਫੈਸਲਾ ਕੀਤਾ।

### ਪੰਜਾਬ ਦਾ ਦਾਅ ਅਤੇ 'ਆਪਰੇਸ਼ਨ ਲੋਟਸ' ਦਾ ਇਲਜ਼ਾਮ

ਅਰਵਿੰਦ ਕੇਜਰੀਵਾਲ ਨੇ ਇਸ ਨੂੰ ''ਪੰਜਾਬ ਨਾਲ ਧੋਖਾ'' ਕਰਾਰ ਦਿੱਤਾ ਹੈ ਅਤੇ ਸੰਜੇ ਸਿੰਘ ਨੇ ਜਾਣ ਵਾਲਿਆਂ ਨੂੰ ''ਗੱਦਾਰ'' ਕਿਹਾ ਹੈ। ਪਰ ਸਵਾਲ ਇਹ ਉੱਠਦਾ ਹੈ ਕਿ ਜੇਕਰ 10 ਵਿੱਚੋਂ 7 ਸਾਂਸਦ (ਦੋ-ਤਿਹਾਈ) ਪਾਰਟੀ ਛੱਡ ਰਹੇ ਹਨ, ਤਾਂ ਕੀ ਇਸ ਨੂੰ ਸਿਰਫ ਬਾਹਰੀ ਸਾਜ਼ਿਸ਼ ਜਾਂ 'ਆਪਰੇਸ਼ਨ ਲੋਟਸ' ਕਹਿ ਕੇ ਪੱਲਾ ਝਾੜਿਆ ਜਾ ਸਕਦਾ ਹੈ ? ਹਰਭਜਨ ਸਿੰਘ, ਵਿਕਰਮ ਸਾਹਨੀ ਅਤੇ ਅਸ਼ੋਕ ਮਿੱਤਲ ਵਰਗੀਆਂ ਸ਼ਖ਼ਸੀਅਤਾਂ ਦਾ ਜਾਣਾ ਇਹ ਸੰਕੇਤ ਦਿੰਦਾ ਹੈ ਕਿ ਪਾਰਟੀ ਅੰਦਰ ਲੋਕਤੰਤਰੀ ਸੰਵਾਦ ਖਤਮ ਹੋ ਚੁੱਕਾ ਸੀ।

# ਬਾਦਲ ਅਕਾਲੀ ਦਲ ਦਾ ਸਿਆਸੀ ਪ੍ਰਤੀਕਰਮ

ਆਮ ਆਦਮੀ ਪਾਰਟੀ ਦੇ ਸੱਤ ਰਾਜ ਸਭਾ ਮੈਂਬਰਾਂ ਵੱਲੋਂ ਭਾਜਪਾ ਦਾ ਪੱਲਾ ਫੜਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਹਾਈਕਮਾਂਡ ਨੂੰ ਕਰੜੇ ਹੱਥੀਂ ਲਿਆ ਹੈ। ਬਾਦਲ ਨੇ ਇਸ ਨੂੰ 'ਆਪ' ਦੇ ਪਤਨ ਦੀ ਸ਼ੁਰੂਆਤ ਦੱਸਦਿਆਂ ਕਿਹਾ ਕਿ ਜਦੋਂ ਪਾਰਟੀ ਦੀ ਨੀਂਹ ਹੀ ਮੌਕਾਪ੍ਰਸਤੀ 'ਤੇ ਰੱਖੀ ਗਈ ਹੋਵੇ, ਤਾਂ ਨਤੀਜੇ ਅਜਿਹੇ ਹੀ ਨਿਕਲਦੇ ਹਨ। ਸੁਖਬੀਰ ਬਾਦਲ ਨੇ ਆਪਣੇ 'ਐਕਸ' (ਟਵਿੱਟਰ) ਅਕਾਊਂਟ ਰਾਹੀਂ ਪਾਰਟੀ ਨੂੰ ਘੇਰਦਿਆਂ ਲਿਖਿਆ, ''ਜੋ ਬੀਜੋਗੇ, ਉਹੀ ਵੱਢੋਗੇ।'' ਬਾਦਲ ਨੇ ਦੋਸ਼ ਲਾਇਆ ਕਿ 'ਆਪ' ਨੇ ਪੰਜਾਬ ਦੇ ਉਨ੍ਹਾਂ ਵਫ਼ਾਦਾਰ ਵਲੰਟੀਅਰਾਂ ਨੂੰ ਅੱਖੋਂ-ਪਰੋਖੇ ਕੀਤਾ ਜਿਨ੍ਹਾਂ ਨੇ ਪਾਰਟੀ ਨੂੰ ਖੜ੍ਹਾ ਕੀਤਾ ਸੀ। ਰਾਜ ਸਭਾ ਸੀਟਾਂ ਵੇਲੇ ਪਾਰਟੀ ਨੇ ਮਿਹਨਤੀ ਵਰਕਰਾਂ ਦੀ ਬਜਾਏ ਬਾਹਰੀ ਅਤੇ ਸਰਮਾਏਦਾਰ ਲੋਕਾਂ ਨੂੰ ਚੁਣਿਆ, ਜੋ ਅੱਜ ਪਾਰਟੀ ਨੂੰ ਛੱਡ ਕੇ ਚਲੇ ਗਏ ਹਨ। ਉਨ੍ਹਾਂ ਕਿਹਾ ਕਿ 'ਆਪ' ਨੇ ਹਮੇਸ਼ਾ ਵਫ਼ਾਦਾਰੀ ਦੀ ਬਜਾਏ ਭ੍ਰਿਸ਼ਟਾਚਾਰ ਅਤੇ ਨਿੱਜੀ ਹਿੱਤਾਂ ਨੂੰ ਉੱਪਰ ਰੱਖਿਆ ਹੈ। ਅਜਿਹੀ ਸਥਿਤੀ ਵਿੱਚ ਮੈਂਬਰਾਂ ਤੋਂ ਵਫ਼ਾਦਾਰੀ ਦੀ ਉਮੀਦ ਕਰਨਾ ਬੇਮਾਨੀ ਹੈ। ਸੁਖਬੀਰ ਬਾਦਲ ਦਾ ਇਹ ਹਮਲਾ ਅਜਿਹੇ ਸਮੇਂ ਆਇਆ ਹੈ ਜਦੋਂ 'ਆਪ' ਪਹਿਲਾਂ ਹੀ ਅੰਦਰੂਨੀ ਬਗਾਵਤ ਅਤੇ ਵਿਰੋਧੀ ਧਿਰਾਂ ਦੇ ਨਿਸ਼ਾਨੇ 'ਤੇ ਹੈ। ਅਕਾਲੀ ਦਲ ਨੇ ਇਸ ਘਟਨਾਕ੍ਰਮ ਨੂੰ ਇੱਕ ਸਿਆਸੀ ਮੌਕੇ ਵਜੋਂ ਵਰਤਦਿਆਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ 'ਆਪ' ਦੇ ਅੰਦਰੂਨੀ ਹਾਲਾਤ ਠੀਕ ਨਹੀਂ ਹਨ।

## ਕਾਂਗਰਸ ਦਾ ਤਿੱਖਾ ਪ੍ਰਤੀਕਰਮ

ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ (ਆਪ) ਵਿੱਚ ਮਚੀ ਹਲਚਲ 'ਤੇ ਤਿੱਖਾ ਨਿਸ਼ਾਨਾ ਸਾਧਿਆ ਹੈ। ਬਾਜਵਾ ਨੇ ਦਾਅਵਾ ਕੀਤਾ ਕਿ 'ਆਪ' ਹੁਣ ਪੂਰੀ ਤਰ੍ਹਾਂ ਖੇਰੂੰ-ਖੇਰੂੰ ਹੋ ਚੁੱਕੀ ਹੈ ਅਤੇ 7 ਰਾਜ ਸਭਾ ਮੈਂਬਰਾਂ ਦਾ ਭਾਜਪਾ ਵਿੱਚ ਜਾਣਾ ਸਿਰਫ਼ ਇੱਕ 'ਟ੍ਰੇਲਰ' ਹੈ। ਬਾਜਵਾ ਨੇ ਇੱਕ ਹੈਰਾਨੀਜਨਕ ਦਾਅਵਾ ਕਰਦਿਆਂ ਕਿਹਾ ਕਿ ਰਾਜ ਸਭਾ ਮੈਂਬਰਾਂ ਤੋਂ ਬਾਅਦ ਹੁਣ ਅਗਲੀ ਵਾਰੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਹੈ। ਉਨ੍ਹਾਂ ਕਿਹਾ ਕਿ ਬਾਜਵਾ ਮੁਤਾਬਕ ਮੁੱਖ ਮੰਤਰੀ ਭਗਵੰਤ ਮਾਨ ਦੇ ਕੇਂਦਰੀ ਗ੍ਰਹਿ ਮੰਤਰੀ ਨਾਲ ਸਿੱਧੇ ਸਬੰਧ ਹਨ। ਉਨ੍ਹਾਂ ਭਵਿੱਖਬਾਣੀ ਕੀਤੀ ਕਿ ਜਿਸ ਤਰ੍ਹਾਂ ਰਾਘਵ ਚੱਢਾ ਨੇ ਰਾਜ ਸਭਾ ਮੈਂਬਰਾਂ ਨੂੰ ਭਾਜਪਾ ਵਿੱਚ ਸ਼ਾਮਲ ਕਰਵਾਇਆ ਹੈ, ਉਸੇ ਤਰ੍ਹਾਂ ਭਗਵੰਤ ਮਾਨ ਵੀ ਆਪਣੇ ਮੰਤਰੀਆਂ ਅਤੇ ਵਿਧਾਇਕਾਂ ਨੂੰ ਨਾਲ ਲੈ ਕੇ ਕੇਸਰੀ ਰੰਗ ਵਿੱਚ ਰੰਗੇ ਜਾ ਸਕਦੇ। ਪ੍ਰਤਾਪ ਸਿੰਘ ਬਾਜਵਾ ਨੇ ਭਾਜਪਾ ਅਤੇ 'ਆਪ' ਦੇ ਨੇਤਾਵਾਂ ਵਿਚਾਲੇ ਗੰਢਤੁਪ ਦਾ ਦੋਸ਼ ਲਾਉਂਦਿਆਂ ਕਿਹਾ ਕਿ ਭਾਜਪਾ ਹੁਣ 'ਆਪ' ਦੇ ਇਨ੍ਹਾਂ ਨੇਤਾਵਾਂ ਨਾਲ ਮਿਲ ਕੇ ਪੰਜਾਬ ਨੂੰ ਲੁੱਟਣ ਦੀ ਯੋਜਨਾ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਿਆਸਤ ਵਿੱਚ ਜੋ ਬਦਲਾਅ ਆ ਰਹੇ ਹਨ, ਉਹ ਸੂਬੇ ਦੇ ਹਿੱਤ ਵਿੱਚ ਨਹੀਂ ਹਨ।

# 2 ਕਿਲੋ ਹੈਰੋਇਨ ਸਮੇਤ ਥਾਣਾ ਮੁਖੀ ਗ੍ਰਿਫ਼ਤਾਰ, ਕੋਰਟ ਨੇ ਭੇਜਿਆ ਰਿਮਾਂਡ 'ਤੇ



ਅੰਮ੍ਰਿਤਸਰ-ਪੰਜਾਬ ਵਿੱਚ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਇੱਕ ਵੱਡੀ ਅਤੇ ਹੈਰਾਨ ਕਰਨ ਵਾਲੀ ਮੱਛੀ ਪੁਲਸ ਦੇ ਅੜਿੱਕੇ ਚੜ੍ਹੀ ਹੈ। ਅੰਮ੍ਰਿਤਸਰ ਦਿਹਾਤੀ ਦੇ ਥਾਣਾ ਭਿੰਡੀ ਸੈਦਾਂ ਦੇ ਐੱਸ.ਐੱਚ.ਓ ਸ਼ੀਸ਼ਪਾਲ ਸਿੰਘ ਨੂੰ 2 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਗ੍ਰਿਫ਼ਤਾਰੀ ਨੇ ਪੁਲਸ ਮਹਿਕਮੇ ਦੇ ਅੰਦਰੂਨੀ ਤਾਣੇ-ਬਾਣੇ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, ਐੱਸ.ਐੱਚ.ਓ. 'ਤੇ ਪਾਕਿਸਤਾਨ ਤੋਂ ਡਰੋਨ ਰਾਹੀਂ ਭੇਜੀ ਗਈ ਹੈਰੋਇਨ ਦੀ ਖੇਪ ਨੂੰ ਖੁਰਦ-ਬੁਰਦ ਕਰਨ ਦੇ ਗੰਭੀਰ ਦੋਸ਼ ਹਨ। ਜਦੋਂ ਇਹ ਮਾਮਲਾ ਉੱਚ ਅਧਿਕਾਰੀਆਂ ਦੇ ਨੋਟਿਸ ਵਿੱਚ ਆਇਆ, ਤਾਂ ਬਿਨਾਂ ਦੇਰੀ ਕੀਤੇ ਕਾਰਵਾਈ ਕਰਦਿਆਂ ਮੁਲਜ਼ਮ ਅਧਿਕਾਰੀ ਖ਼ਿਲਾਫ਼ ਉਸੇ ਦੇ ਥਾਣੇ (ਭਿੰਡੀ ਸੈਦਾਂ) ਵਿੱਚ ਮੁਕੱਦਮਾ ਦਰਜ ਕਰ ਲਿਆ ਗਿਆ। ਪੁਲਸ ਨੇ ਸ਼ੀਸ਼ਪਾਲ ਸਿੰਘ ਨੂੰ ਅਜਨਾਲਾ ਦੀ ਅਦਾਲਤ ਵਿੱਚ ਪੇਸ਼ ਕੀਤਾ। ਅਦਾਲਤ ਨੇ ਪੁਲਸ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮੁਲਜ਼ਮ ਦਾ 1 ਦਿਨ ਦਾ ਪੁਲਸ ਰਿਮਾਂਡ ਮਨਜ਼ੂਰ ਕੀਤਾ ਹੈ। ਪੁਲਸ ਨੂੰ ਉਮੀਦ ਹੈ ਕਿ ਪੁੱਛਗਿੱਛ ਦੌਰਾਨ ਨਸ਼ਾ ਤਸਕਰੀ ਦੇ ਇਸ ਨੈੱਟਵਰਕ ਵਿੱਚ ਸ਼ਾਮਲ ਹੋਰ ਕਈ ਵੱਡੇ ਚਿਹਰੇ ਬੇਨਕਾਬ ਹੋ ਸਕਦੇ ਹਨ। ਧਾਲੀਵਾਲ ਨੇ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਸਰਹੱਦ ਪਾਰੋਂ ਡਰੋਨ ਰਾਹੀਂ ਹੋ ਰਹੀ ਤਸਕਰੀ ਨੂੰ ਰੋਕਣ ਲਈ ਸਰਹੱਦੀ ਇਲਾਕਿਆਂ ਵਿੱਚ ਤੁਰੰਤ ਐਂਟੀ-ਡਰੋਨ ਸਿਸਟਮ ਸਥਾਪਿਤ ਕੀਤੇ ਜਾਣ। ਪੁਲਸ ਦੀ ਕਾਰਗੁਜ਼ਾਰੀ 'ਤੇ ਸਵਾਲ-ਇਸ ਘਟਨਾ ਨੇ ਜਿੱਥੇ ਪੰਜਾਬ ਪੁਲਸ ਦੀ ਤਤਪਰਤਾ ਨੂੰ ਦਰਸਾਇਆ ਹੈ ਕਿ ਉਹ ਆਪਣੇ ਅੰਦਰਲੇ ਕਾਲੀਆਂ ਭੇਡਾਂ ਵਿਰੁੱਧ ਵੀ ਕਾਰਵਾਈ ਕਰ ਰਹੀ ਹੈ, ਉੱਥੇ ਹੀ ਵਰਦੀ ਵਿੱਚ ਛੁਪੇ ਤਸਕਰਾਂ ਨੇ ਮਹਿਕਮੇ ਦੀ ਸਾਖ 'ਤੇ ਸਵਾਲੀਆ ਨਿਸ਼ਾਨ ਵੀ ਲਗਾ ਦਿੱਤਾ ਹੈ।


-ਮਾਮਲਾ ਡੋਨਾਲਡ ਟਰੰਪ 'ਤੇ ਹਮਲੇ ਦਾ-

# ਕੀ 'ਡੀਪ ਸਟੇਟ' ਦੀ ਸਾਜ਼ਿਸ਼ ਜਾਂ ਇਕੱਲੇ ਹਮਲਾਵਰ ਦੀ ਕਰਤੂਤ ?

### ✪ ਵਾਇਰਲ ਹੋ ਰਹੀਆਂ ਥਿਊਰੀਆਂ ਦਾ ਸੱਚ ਕੀ ਹੈ ?


ਵਾਸ਼ਿੰਗਟਨ-ਵ੍ਹਾਈਟ ਹਾਊਸ ਕਾਰਸਪੋਂਡੈਂਟਸ ਦੌਰਾਨ ਹੋਈ ਗੋਲੀਬਾਰੀ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਅਫਵਾਹਾਂ ਦਾ ਬਾਜ਼ਾਰ ਗਰਮ ਹੈ। ਜਿੱਥੇ ਜਾਂਚ ਏਜੰਸੀਆਂ ਨੇ ਹਮਲਾਵਰ ਕੋਲ ਟਾਮਸ ਐਲਨ ਨੂੰ ਇੱਕ 'ਲੋਨ ਵੁਲਫ' (ਇਕੱਲਾ ਕੱਟੜਪੰਥੀ) ਦੱਸਿਆ ਹੈ, ਉੱਥੇ ਹੀ ਸੋਸ਼ਲ ਮੀਡੀਆ 'ਤੇ ਇਸ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਸਾਜ਼ਿਸ਼ਾਂ ਦੇ ਦਾਅਵੇ ਕੀਤੇ ਜਾ ਰਹੇ ਹਨ। ਕਈ ਯੂਜ਼ਰਸ ਦਾ ਮੰਨਣਾ ਹੈ ਕਿ ਇਹ ਹਮਲਾ ਕਿਸੇ ਵੱਡੇ ਭੂ-ਰਾਜਨੀਤਿਕ ਮੁੱਦੇ ਤੋਂ ਧਿਆਨ ਭਟਕਾਉਣ ਲਈ ਖੁਦ ਰਚਿਆ ਗਿਆ ਸੀ। ਹਾਲਾਂਕਿ, ਇਸ ਦਾ ਕੋਈ ਸਬੂਤ ਨਹੀਂ ਮਿਲਿਆ ਹੈ। ਇਸ ਦਾਅਵੇ ਨੂੰ ਕਿ ਇਹ 'ਨਾਟਕ' ਸੀ, ਇਸ ਤੱਥ ਨੇ ਕਮਜ਼ੋਰ ਕਰ ਦਿੱਤਾ ਹੈ ਕਿ ਇੱਕ ਸੀਕਰੇਟ ਸਰਵਿਸ ਏਜੰਟ ਨੂੰ ਗੋਲੀ ਲੱਗੀ ਸੀ, ਜਿਸਦੀ ਜਾਨ ਉਸਦੀ ਬੁਲੇਟਪਰੂਫ ਜੈਕੇਟ ਕਾਰਨ ਬਚੀ।

ਸੋਸ਼ਲ ਮੀਡੀਆ 'ਤੇ ਦਾਅਵਾ ਕੀਤਾ ਗਿਆ ਕਿ ਹਮਲੇ ਤੋਂ ਪਹਿਲਾਂ ਇਜ਼ਰਾਈਲ ਵਿੱਚ ਹਮਲਾਵਰ ਦੇ ਨਾਮ ਦੀ ਸਰਚ ਵਧੀ ਸੀ। ਪਰ ਜਾਂਚ ਏਜੰਸੀਆਂ ਨੂੰ ਐਲਨ ਦੇ ਰਿਕਾਰਡ ਵਿੱਚ ਕਿਸੇ ਵੀ ਵਿਦੇਸ਼ੀ ਫੰਡਿੰਗ ਜਾਂ ਇਜ਼ਰਾਈਲ ਨਾਲ ਸਬੰਧ ਦਾ ਕੋਈ ਸਬੂਤ ਨਹੀਂ ਮਿਲਿਆ। ਕੁਝ ਲੋਕਾਂ ਨੇ ਸਵਾਲ ਚੁੱਕਿਆ ਕਿ ਹਮਲਾਵਰ ਦੀ ਹਿੱਟ ਲਿਸਟ ਵਿੱਚ ਐਫਬੀਆਈ ਡਾਇਰੈਕਟਰ ਕਸ਼ ਪਟੇਲ ਦਾ ਨਾਮ ਕਿਉਂ ਨਹੀਂ ਸੀ ? ਜਾਂਚਕਰਤਾਵਾਂ ਅਨੁਸਾਰ ਇਹ ਐਲਨ ਦੀ ਨਿੱਜੀ ਪਸੰਦ ਸੀ, ਨਾ ਕਿ ਕਿਸੇ ਸੰਗਠਿਤ ਸਾਜ਼ਿਸ਼ ਦਾ ਹਿੱਸਾ। ਸਭ ਤੋਂ ਵੱਡਾ ਸਵਾਲ ਇਹ ਉੱਠ ਰਿਹਾ ਹੈ ਕਿ ਹਮਲਾਵਰ ਹਥਿਆਰਾਂ ਸਮੇਤ ਹੋਟਲ ਦੇ ਅੰਦਰ ਕਿਵੇਂ ਦਾਖ਼ਲ ਹੋਇਆ। ਐਫਬੀਆਈ ਅਤੇ ਨਿਆਂ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਬਿਨਾਂ ਪੁਸ਼ਟੀ ਦੇ ਕਿਸੇ ਵੀ ਖ਼ਬਰ ਨੂੰ ਸਾਂਝਾ ਨਾ ਕਰਨ। ਹੁਣ ਤੱਕ ਦੀ ਜਾਂਚ ਇਹੀ ਦਰਸਾਉਂਦੀ ਹੈ ਕਿ ਹਮਲਾਵਰ ਕਿਸੇ ਵੱਡੇ ਨੈੱਟਵਰਕ ਨਾਲ ਨਹੀਂ ਜੁੜਿਆ ਸੀ ਅਤੇ ਇਹ ਉਸਦੀ ਨਿੱਜੀ ਕੱਟੜਪੰਥੀ ਸੋਚ ਦਾ ਨਤੀਜਾ ਸੀ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**


UK born Jatt Sikh boy aged 26 years old, height 5ft 10' working professional as a pharmacist. He is well versed in both cultures, sincere, caring with a good sense of humour. He does not drink and is a non smoker. Family lives in Glasgow. Ideal match should be UK born educated Jatt Sikh girl of similar age. Please reply with a recent photo and details to email: batwal@hotmail.com or Contact on Tel: 07791 025616.

# ਅੰਮ੍ਰਿਤਪਾਲ ਸਿੰਘ ਹੋਣਗੇ 2027 ਵਿਧਾਨ ਸਭਾ ਚੋਣਾਂ ਵਿਚ ਮੁੱਖ ਮੰਤਰੀ ਦਾ ਚਿਹਰਾ



ਲੁਧਿਆਣਾ (ਬਿਊਰੋ)-ਪੰਜਾਬ ਦੀ ਸਿਆਸਤ ਵਿੱਚ ਅੱਜ ਉਸ ਵੇਲੇ ਵੱਡਾ ਭੂਚਾਲ ਆ ਗਿਆ ਜਦੋਂ ਅਕਾਲੀ ਦਲ 'ਵਾਰਿਸ ਪੰਜਾਬ ਦੇ' ਨੇ ਆਉਂਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਆਪਣੇ ਪੱਤੇ ਖੋਲ੍ਹ ਦਿੱਤੇ। ਪਾਰਟੀ ਦੇ ਪੰਜਾਬ ਕੋਆਰਡੀਨੇਟਰ ਪਰਮਜੀਤ ਸਿੰਘ ਜੌਹਲ ਨੇ ਲੁਧਿਆਣਾ ਵਿਖੇ ਇੱਕ ਅਹਿਮ ਪ੍ਰੈੱਸ ਕਾਨਫਰੰਸ ਦੌਰਾਨ ਐਲਾਨ ਕੀਤਾ ਕਿ ਭਾਈ ਅੰਮ੍ਰਿਤਪਾਲ ਸਿੰਘ ਪਾਰਟੀ ਵੱਲੋਂ ਮੁੱਖ ਮੰਤਰੀ ਅਹੁਦੇ ਦਾ ਚਿਹਰਾ ਹੋਣਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਰਮਜੀਤ ਸਿੰਘ ਜੌਹਲ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ 'ਤੇ ਲੱਗਿਆ ਨੈਸ਼ਨਲ ਸਕਿਓਰਿਟੀ ਐਕਟ  ਹੁਣ ਖ਼ਤਮ ਹੋ ਚੁੱਕਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇਕਰ ਉਨ੍ਹਾਂ 'ਤੇ ਕੋਈ ਵੀ ਕਾਨੂੰਨੀ ਮਾਮਲਾ ਬਣਦਾ ਹੈ, ਤਾਂ ਉਸ ਦੀ ਕਾਰਵਾਈ ਪੰਜਾਬ ਦੀਆਂ ਅਦਾਲਤਾਂ ਵਿੱਚ ਹੋਣੀ ਚਾਹੀਦੀ ਹੈ, ਨਾ ਕਿ ਸੂਬੇ ਤੋਂ ਬਾਹਰ। ਇਸ ਮੌਕੇ ਰਾਜੀਵ ਲਵਲੀ, ਸੰਦੀਪ ਸਿੰਘ ਰੁਪਾਲੋਂ ਤੇ ਗੁਰਪ੍ਰੀਤ ਸਿੰਘ ਸੋਨੂੰ, ਵਕੀਲ ਇੰਦਰਜੀਤ ਸਿੰਘ, ਗੁਰਦੀਪ ਸਿੰਘ ਪ੍ਰਿੰਸ, ਹਰਪਾਲ ਸਿੰਘ ਕੋਹਲੀ, ਮਨਜੀਤ ਸਿੰਘ ਬੱਲ, ਬਾਬਾ ਦਰਸ਼ਨ ਸਿੰਘ ਪੰਚ, ਪਰਗਟ ਸਿੰਘ, ਰਿੰਕੂ ਰਾਠੌਰ, ਮਧੂ ਸੂਦਨ, ਅਵਤਾਰ ਸਿੰਘ, ਆਦਿ ਹਾਜ਼ਰ ਸਨ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਐਲਾਨ ਨਾਲ ਪੰਜਾਬ ਦੀਆਂ ਰਵਾਇਤੀ ਪਾਰਟੀਆਂ ਲਈ ਚੁਣੌਤੀ ਵਧ ਸਕਦੀ ਹੈ।


## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਉੱਤਰ ਪ੍ਰਦੇਸ਼ ਤੋਂ ਕੈਨੇਡਾ ਤੱਕ : ਗਗਨਦੀਪ ਕੌਰ ਗਰੇਵਾਲ ਬਣੀ ਅਲਬਰਟਾ ਦੀ ਪਹਿਲੀ ਸਿੱਖ ਮਹਿਲਾ ਸ਼ੈਰਿਫ਼



ਚੰਡੀਗੜ੍ਹ-ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਜ਼ਿਲ੍ਹੇ ਦੀ ਰਹਿਣ ਵਾਲੀ ਗਗਨਦੀਪ ਕੌਰ ਗਰੇਵਾਲ ਨੇ ਕੈਨੇਡਾ ਦੇ ਅਲਬਰਟਾ ਸੂਬੇ ਵਿੱਚ ਪਹਿਲੀ ਸਿੱਖ ਮਹਿਲਾ ਸ਼ੈਰਿਫ਼ ਬਣ ਕੇ ਇੱਕ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਉਨ੍ਹਾਂ ਦੀ ਇਸ ਨਿਯੁਕਤੀ ਨਾਲ ਕੈਨੇਡਾ ਦੀ ਪੁਲਿਸਿੰਗ ਅਤੇ ਜਨਤਕ ਸੁਰੱਖਿਆ ਦੇ ਖੇਤਰ ਵਿੱਚ ਸਿੱਖ ਭਾਈਚਾਰੇ ਦਾ ਮਾਣ ਹੋਰ ਵਧ ਗਿਆ ਹੈ। ਅਲਬਰਟਾ ਵਿੱਚ ਸ਼ੈਰਿਫ਼ 'ਪ੍ਰੋਵਿੰਸ਼ੀਅਲ ਪੀਸ ਆਫੀਸਰ' ਵਜੋਂ ਕੰਮ ਕਰਦੇ ਹਨ। ਉਨ੍ਹਾਂ ਦੀਆਂ ਮੁੱਖ ਜ਼ਿੰਮੇਵਾਰੀਆਂ ਵਿੱਚ ਸ਼ਾਮਲ ਹਨ:

ਅਦਾਲਤਾਂ ਦੀ ਸੁਰੱਖਿਆ। ਕੈਦੀਆਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਣਾ। ਹਾਈਵੇਅ ਪੈਟਰੋਲਿੰਗ। ਵੱਡੇ ਸਮਾਗਮਾਂ ਦੌਰਾਨ ਸੁਰੱਖਿਆ ਪ੍ਰਬੰਧ। ਫਰਵਰੀ 2026 ਵਿੱਚ ਪੇਸ਼ ਕੀਤੇ ਗਏ ਬਿੱਲ 15 ਤਹਿਤ, ਅਲਬਰਟਾ ਸ਼ੈਰਿਫ਼ਾਂ ਦੀਆਂ ਸ਼ਕਤੀਆਂ ਵਿੱਚ ਹੋਰ ਵਾਧਾ ਕੀਤਾ ਜਾ ਰਿਹਾ ਹੈ, ਜਿਸ ਨਾਲ ਉਹ ਪੂਰਨ ਪੁਲਿਸ ਅਧਿਕਾਰੀਆਂ ਵਜੋਂ ਵੀ ਸੇਵਾਵਾਂ ਨਿਭਾ ਸਕਣਗੇ। ਗਗਨਦੀਪ ਕੌਰ ਦੀ ਨਿਯੁਕਤੀ ਕੈਨੇਡੀਅਨ ਪੁਲਿਸ ਵਿੱਚ ਵਧ ਰਹੀ ਵਿਭਿੰਨਤਾ ਦਾ ਹਿੱਸਾ ਹੈ। ਮੌਜੂਦਾ ਅੰਕੜਿਆਂ ਅਨੁਸਾਰ:

ਕੈਨੇਡਾ ਵਿੱਚ ਲਗਭਗ 22% ਪੁਲਿਸ ਕਰਮਚਾਰੀ ਮਹਿਲਾਵਾਂ ਹਨ। ਲਗਭਗ 8% ਕਰਮਚਾਰੀ ਘੱਟ ਗਿਣਤੀ ਭਾਈਚਾਰਿਆਂ ਨਾਲ ਸਬੰਧ ਰੱਖਦੇ ਹਨ। ਇਸ ਸਫਰ ਦੀ ਸ਼ੁਰੂਆਤ 1991 ਵਿੱਚ ਬਲਤੇਜ ਸਿੰਘ ਢਿੱਲੋਂ ਤੋਂ ਹੋਈ ਸੀ, ਜੋ ਆਰਸੀਐਮਪੀ ਵਿੱਚ ਪਹਿਲੇ ਦਸਤਾਰਧਾਰੀ ਸਿੱਖ ਅਧਿਕਾਰੀ ਬਣੇ ਸਨ।

ਗਗਨਦੀਪ ਤੋਂ ਪਹਿਲਾਂ ਵੀ ਕਈ ਸਿੱਖ ਮਹਿਲਾਵਾਂ ਨੇ ਕੈਨੇਡਾ ਵਿੱਚ ਨਾਮ ਕਮਾਇਆ ਹੈ। ਕਾਰਪੋਰਲ ਰੁਪਿੰਦਰ ਕੌਰ ਸਰੀ ਵਿੱਚ ਸੇਵਾਵਾਂ ਨਿਭਾ ਰਹੀਆਂ ਹਨ। ਕਾਂਸਟੇਬਲ ਪੁਨੀਤ ਦਿਓਲ ਅਕਤੂਬਰ 2022 ਵਿੱਚ ਓਟਵਾ ਪੁਲਿਸ ਦੀ ਪਹਿਲੀ ਦੱਖਣੀ ਏਸ਼ੀਆਈ ਮਹਿਲਾ ਅਧਿਕਾਰੀ ਬਣੀ। ਰਾਜਬੀਰ ਕੌਰ ਬਰਾੜ ਅਕਤੂਬਰ 2025 ਵਿੱਚ ਆਰਸੀਐਮਪੀ ਦੀ ਪਹਿਲੀ ਦਸਤਾਰਧਾਰੀ ਮਹਿਲਾ ਕਾਂਸਟੇਬਲ ਬਣੀ। ਉਹ ਪੰਜਾਬ ਦੇ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਥਾਂਦੇਵਾਲਾ ਦੀ ਰਹਿਣ ਵਾਲੀ ਹੈ। ਗਗਨਦੀਪ ਕੌਰ ਗਰੇਵਾਲ ਦੀ ਇਹ ਪ੍ਰਾਪਤੀ ਨਾ ਸਿਰਫ਼ ਉੱਤਰ ਪ੍ਰਦੇਸ਼ ਸਗੋਂ ਪੂਰੇ ਭਾਰਤ ਅਤੇ ਸਿੱਖ ਜਗਤ ਲਈ ਮਾਣ ਵਾਲੀ ਗੱਲ ਹੈ, ਜੋ ਵਿਦੇਸ਼ੀ ਧਰਤੀ 'ਤੇ ਸੇਵਾ ਅਤੇ ਸੁਰੱਖਿਆ ਦੇ ਖੇਤਰ ਵਿੱਚ ਨਵੀਆਂ ਪੈੜਾਂ ਪਾ ਰਹੀਆਂ ਹਨ।

# ਦੁਨੀਆਂ ਦੇ 10 ਸੱਭ ਤੋਂ ਭੁੱਖਮਰੀ ਵਾਲੇ ਦੇਸ਼ਾਂ 'ਚ ਸ਼ਾਮਲ ਹੋਇਆ ਪਾਕਿਸਤਾਨ

ਸੰਯੁਕਤ ਰਾਸ਼ਟਰ : ਸੰਯੁਕਤ ਰਾਸ਼ਟਰ ਦੀ ਸਾਲ 2026 ਦੀ ਗਲੋਬਲ ਰਿਪੋਰਟ ਆਨ ਫ਼ੂਡ ਕ੍ਰਾਈਸਿਸ ਨੇ ਪਾਕਿਸਤਾਨ ਦੇ ਹਾਲਾਤ ਨੂੰ ਲੈ ਕੇ ਬੇਹੱਦ ਚਿੰਤਾਜਨਕ ਖ਼ੁਲਾਸਾ ਕੀਤਾ ਹੈ। ਰਿਪੋਰਟ ਅਨੁਸਾਰ ਪਾਕਿਸਤਾਨ ਦੁਨੀਆਂ ਦੇ ਉਨ੍ਹਾਂ 10 ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਹੋ ਗਿਆ ਹੈ ਜਿੱਥੇ ਖ਼ੁਰਾਕੀ ਸੰਕਟ ਸੱਭ ਤੋਂ ਗੰਭੀਰ ਰੂਪ ਲੈ ਚੁੱਕਾ ਹੈ। ਰਿਪੋਰਟ ਵਿਚ ਦਸਿਆ ਗਿਆ ਹੈ ਕਿ ਪਾਕਿ–ਸਤਾਨ ਵਿਚ ਲਗਭਗ 1.1 ਕਰੋੜ ਲੋਕ ਅਜਿਹੇ ਹਨ, ਜਿਨ੍ਹਾਂ ਨੂੰ ਲੋੜੀਂਦਾ ਖਾਣਾ ਨਹੀਂ ਮਿਲ ਰਿਹਾ। ਇਨ੍ਹਾਂ ਵਿਚੋਂ ਲਗਭਗ 93 ਲੱਖ ਲੋਕ ਸੰਕਟ ਦੇ ਪੱਧਰ ਤੇ ਹਨ, ਜਦਕਿ 17 ਲੱਖ ਲੋਕ ਐਮਰਜੈਂਸੀ ਦੀ ਸਥਿਤੀ ਵਿਚ ਹਨ। ਇਹ ਦੋਵੇਂ ਸਥਿਤੀਆਂ ਅਕਾਲ ਤੋਂ ਠੀਕ ਪਹਿਲਾਂ ਦੀ ਸੱਭ ਤੋਂ ਖ਼ਤਰਨਾਕ ਅਵਸਥਾ ਮੰਨੀ ਜਾਂਦੀ ਹੈ, ਜਿੱਥੇ ਰੋਜ਼ਾਨਾ ਦਾ ਭੋਜਨ ਜੁਟਾਉਣਾ ਵੀ ਇਕ ਵੱਡਾ ਸੰਘਰਸ਼ ਬਣ ਜਾਂਦਾ ਹੈ। ਮਾਹਰਾਂ ਅਨੁਸਾਰ ਸਾਲ 2025 ਵਿਚ ਆਏ ਭਿਆਨਕ ਹੜ੍ਹ ਤੇ ਖ਼ਰਾਬ ਮੌਸਮ ਨੇ ਲੱਖਾਂ ਲੋਕਾਂ ਦੀਆਂ ਫ਼ਸਲਾਂ ਬਰਬਾਦ ਕਰ ਦਿਤੀਆਂ, ਜਿਸ ਕਾਰਨ ਅਨਾਜ ਦੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਸ ਤੋਂ ਇਲਾਵਾ ਵਧਦੀ ਮਹਿੰਗਾਈ, ਕੁਪੋਸ਼ਣ, ਸਾਫ਼ ਪਾਣੀ ਦੀ ਕਮੀ ਅਤੇ ਕਮਜ਼ੋਰ ਸਿਹਤ ਸਹੂਲਤਾਂ ਨੇ ਸਥਿਤੀ ਨੂੰ ਹੋਰ ਵੀ ਨਾਜ਼ੁਕ ਬਣਾ ਦਿਤਾ ਹੈ। ਰਿਪੋਰਟ ਮੁਤਾਬਕ ਖ਼ੁਰਾਕੀ ਸੰਕਟ ਦੀ ਮਾਰ ਹੇਠ ਆਉਣ ਵਾਲੇ ਹੋਰ ਦੇਸ਼ਾਂ ਵਿਚ ਅਫ਼ਗਾਨਿਸਤਾਨ, ਬੰਗਲਾਦੇਸ਼, ਮਿਆਂਮਾਰ, ਨਾਈਜੀਰੀਆ, ਸੂਡਾਨ, ਸੀਰੀਆ, ਯਮਨ ਅਤੇ ਕਾਂਗੋ ਸ਼ਾਮਲ ਹਨ।

## CHANGE OF NAME

I, RAJ D/O MR MEETA RAM WHOSE PERMANENT ADDRESS IN INDIA IS 105 LALE WALI, PO LADHWALI, JALANDHAR, PUNJAB 144007 AND NOW LIVING AT 94 WANDERERS AVENUE, WOLVERHAMPTON, WV2 3HW, UK HEREBY GIVE NOTICE OF MY INTENTION TO CHANGE MY NAME TO RAJ (GIVEN NAME) HEER (SURNAME). (U/I)

I, HARPREET S/O MR INDERJIT SINGH WHOSE PERMANENT ADDRESS IN INDIA IS 10 MOHALA AMAN NAGAR, NEAR VISHAVKARMA COLONY, JALANDHAR, PIN: 144001, PUNJAB AND NOW LIVING AT 35 ARNOLD ROAD, STAINES UPON THAMES, TW18 1LY, UK HEREBY GIVE NOTICE OF MY INTENTION TO CHANGE MY NAME TO HARPREET (GIVEN NAME) SINGH (SURNAME). (U)

I, AKHIL S/O MR PAWAN SHARMA WHOSE PERMANENT ADDRESS IN INDIA IS V.P.O. SANCH, TEHSIL PUNDRI, KAITHAL, PIN: 136042, HARYANA, AND NOW LIVING AT 516 LONDON ROAD SOUTH, LOWESTOFT, NR33 0LE, ENGLAND, UK HEREBY GIVE NOTICE OF MY INTENTION TO CHANGE MY NAME TO AKHIL SHARMA. (U/I/E)

# ਦਿਲਜੀਤ ਦੋਸਾਂਝ ਦੇ ਕੈਨੇਡਾ ਸ਼ੋਅ 'ਚ ਹੋਇਆ ਹੰਗਾਮਾ



ਕੈਨੇਡਾ ਵਿੱਚ ਪੰਜਾਬੀ ਅਤੇ ਬਾਲੀਵੁੱਡ ਗਾਇਕ ਦਿਲਜੀਤ ਦੋਸਾਂਝ ਦੇ ਲਾਈਵ ਕੰਸਰਟ ਵਿੱਚ ਹੰਗਾਮਾ ਹੋ ਗਿਆ। ਵੈਨਕੂਵਰ ਵਿੱਚ ਔਰਾ 2026 ਲਾਈਵ ਕੰਸਰਟ ਵਿੱਚ ਗਰਮਖਿਆਲੀ ਪਹੁੰਚੇ ਅਤੇ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਝੰਡੇ ਲਹਿਰਾਉਣੇ ਸ਼ੁਰੂ ਕਰ ਦਿੱਤੇ।

ਜਦੋਂ ਸੁਰੱਖਿਆ ਕਰਮੀਆਂ ਨੂੰ ਰੋਕਿਆ ਗਿਆ ਤਾਂ ਗਰਮਖਿਆਲੀਆਂ ਨੇ ਉਨ੍ਹਾਂ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਫਿਰ ਉਨ੍ਹਾਂ ਨੇ ਦਿਲਜੀਤ ਦੋਸਾਂਝ ਨੂੰ ਭਾਜਪਾ-ਆਰ ਐਸ ਐਸ ਏਜੰਟ ਕਹਿਣ ਵਾਲਾ ਇੱਕ ਪੋਸਟਰ ਜਾਰੀ ਕੀਤਾ, ਜਿਸ ਵਿੱਚ ਦੋਸ਼ ਲਗਾਇਆ ਗਿਆ ਕਿ ਦਿਲਜੀਤ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਨੂੰ ਭਾਜਪਾ-ਆਰ ਐਸ ਐਸ ਦੇ ਨੇੜੇ ਲਿਆਉਣ ਲਈ ਕੰਮ ਕਰ ਰਿਹਾ ਹੈ। ਗਰਮਖਿਆਲੀ ਇੱਥੇ ਹੀ ਨਹੀਂ ਰੁਕੇ ਅਤੇ ਦਿਲਜੀਤ ਦੇ ਭਵਿੱਖ ਦੇ ਕੰਸਰਟਾਂ ਵਿੱਚ ਹੰਗਾਮਾ ਪੈਦਾ ਕਰਨ ਦੀ ਧਮਕੀ ਦਿੱਤੀ।

# ਡੰਗ ਮਨਚੰਦੇ ਦੇ

rajinder.pardesi7@gmail.com



ਤੇਜਿੰਦਰ ਮਨਚੰਦਾ ਪ੍ਰਦੇਸੀ

**ਮੇਰਾ ਆਪਣਾ ਕਾਰੋਬਾਰ ਸੀ,ਜਾਅਲੀ ਨੋਟ ਛਾਪਦਾ ਸੀ! ਕੰਮ ਬਹੁਤ ਵਧੀਆ ਚੱਲ ਰਿਹਾ ਸੀ,ਐਵੇਂ ਲਾਲਚ ਵਿੱਚ ਆ ਕੇ 2500 ਦਾ ਨੋਟ ਬਣਾ ਬੈਠਾ! 'ਤੇ ਫੜਿਆ ਗਿਆ।**




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

**PANJAB TIMES**, Bridle Gate Lane, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

ਘਰ ਦਾ ਕੰਮ

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Look at the two letter words you made last week with letters ਪ, ਫ, ਬ, ਭ, ਮ See if you add more letters to make three or four letter mukta words ............or construct some new words

ਸਿੱਖਿਆ - ਗੁਰਮੁਖੀ  Page 57  Level I

# RUSSIA WAR ON UKRAINE

Over the course of a long war, we mark a war that has passed the fourth year. Since Russia full scale invasion of Ukraine in 2022. Russia is a geopolitical superpower whose sphere of influence should be regarded and consequentially that Ukraine needs territory. We sometimes naive about the degree to which these narrative are daily peddled through an international campaign of influence, but we shouldn't be. Propaganda and deception have been officially part of Russia miltary doctrine. Firstly Putins narrative are patently false. In the first regard, the facts on the ground run much to the contrary of Russia victory or even progress. In the last 12 months, Russia, while sustaining hundreds of thousands of casualties, has only gained Ukrainian territory, and lost 200 square kilometres. Meanwhile Ukraine is producing 4.5 million drones per year, the most of any nation in the world, and has successfully decimated some 35 per cent of the oil processing that sustain Russia gas station economy. Russia economical growth is at zero per cent, many analyst argue that putin undertakes the bombing of Ukraine cities only because his efforts on the battlefield have completely grounded to a halt even as his economy is declining. UK aid has total some 13.06 billion to date and the UK is in the top 20 international donors to Ukraine. In an increasingly unstable world, it is vital that like minded





ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

nations which Ukraine and Uk are reinforce this architecture for stability and prosperity. At the same time, i strongly acknowledge the fact that the uk administration is increasing its aid to Ukraine and its support ad matter of regional security. As recognised by senior leaders within government what happens to Ukraine can have significant protection and defense precedents and consequences for the indo- pacific. Now given this strategic posture by the administration, i welcome the uk aid program has took a more consistent scope of purpose and delivery and looked for a peaceful resolution I strongly agree on positive approach, such an approach is exemplified by other Ukraine allies including NATO to speed up and coordinate supply for aid. This has made the administration an initial contribution and futher integration into this mode of support would be ideal. Finally i wish to assure that both nations could look for a peaceful resolution.

**From: LAMBARDAR DHARMVEER SINGH CLAIRE COVENTRY**

# ਕੰਗਨਾ ਰਣੌਤ ਮਾਣਹਾਨੀ ਮਾਮਲੇ 'ਚ ਨਹੀਂ ਪੇਸ਼ ਹੋ ਸਕਿਆ ਗਵਾਹ

## ਬੀਬੀ ਮਹਿੰਦਰ ਕੌਰ ਵੱਲੋਂ ਮਾਣਹਾਨੀ ਦੇ ਕੇਸ ਦੀ ਹੁਣ ਅਗਲੀ ਸੁਣਵਾਈ 12 ਨੂੰ





ਮਾਣਹਾਨੀ ਮਾਮਲੇ ਵਿਚ ਸਾਂਸਦ ਤੇ ਫਿਲਮ ਅਦਾਕਾਰਾ ਕੰਗਨਾ ਰਣੌਤ ਦੀ ਬਠਿੰਡਾ ਵਿਚ ਅੱਜ ਤੈਅ ਪੇਸ਼ੀ ਦੌਰਾਨ ਸੁਣਵਾਈ ਅੱਗੇ ਨਹੀਂ ਵਧ ਸਕੀ। ਇਸ ਦੌਰਾਨ ਨਾ ਤਾਂ ਕੰਗਨਾ ਖੁਦ ਅਦਾਲਤ ਵਿਚ ਹਾਜ਼ਰ ਹੋਈ ਤੇ ਨਾ ਹੀ ਇਸ ਮਾਮਲੇ ਵਿਚ ਗਵਾਹ ਪੇਸ਼ ਹੋ ਸਕੇ, ਜਿਸ ਕਰਕੇ ਅਦਾਲਤ ਨੇ ਅਗਲੀ ਸੁਣਵਾਈ ਲਈ 12 ਮਈ ਦੀ ਤਰੀਕ ਤੈਅ ਕੀਤੀ ਹੈ।

ਸੁਣਵਾਈ ਦੌਰਾਨ ਕੰਗਨਾ ਦੇ ਪਾਸਪੋਰਟ ਜ਼ਬਤ ਕਰਨ ਦੇ ਮੁੱਦੇ ਤੇ ਵੀ ਚਰਚਾ ਹੋਣ ਦੀ ਸੰਭਾਵਨਾ ਹੈ। ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਸੰਸਦ ਮੈਂਬਰ ਕੰਗਨਾ ਬਠਿੰਡਾ ਦੀ ਅਦਾਲਤ ਵਿੱਚ ਪੇਸ਼ ਹੋਣ ਵਾਲੀ ਸੀ। ਉਨ੍ਹਾਂ ਦੇ ਵਕੀਲ ਨੇ ਮਾਣਹਾਨੀ ਮਾਮਲੇ ਦੇ ਮੁੱਖ ਗਵਾਹ ਕਿਸਾਨ ਸੁਰਜੀਤ ਸਿੰਘ ਫੂਲ ਤੋਂ ਪੁੱਛਗਿੱਛ ਕਰਨੀ ਸੀ। ਹਾਲਾਂਕਿ, ਸੁਰਜੀਤ ਸਿੰਘ ਫੂਲ ਸਿਹਤ ਠੀਕ ਨਾ ਹੋਣ ਕਾਰਨ ਪੇਸ਼ ਨਹੀਂ ਹੋ ਸਕੇ, ਜਦਕਿ ਗੁਰਪ੍ਰੀਤ ਸਿੰਘ ਦੀ ਗਵਾਹੀ ਵੀ ਅੱਜ ਦਰਜ ਨਹੀਂ ਹੋ ਸਕੀ।

ਮਾਤਾ ਮਹਿੰਦਰ ਕੌਰ ਦੇ ਵਕੀਲ ਰਘੁਵੀਰ ਸਿੰਘ ਬਹਿਣੀਵਾਲ ਨੇ ਦੱਸਿਆ ਕਿ ਕੰਗਨਾ ਰਣੌਤ ਦੇ ਵਕੀਲ ਨੇ ਪਹਿਲਾਂ ਸੁਰਜੀਤ ਸਿੰਘ ਦੀ ਗਵਾਹੀ ਦੀ ਗੱਲ ਕਹੀ ਸੀ। ਸੁਰਜੀਤ ਸਿੰਘ ਦੀ ਗੈਰ-ਹਾਜ਼ਰੀ ਕਾਰਨ ਕੰਗਨਾ ਰਣੌਤ ਦੇ ਵਕੀਲ ਨੇ ਬੇਬੇ ਮਹਿੰਦਰ ਕੌਰ ਤੇ ਇੱਕ ਹੋਰ ਗਵਾਹ ਤੋਂ ਸਵਾਲ-ਜਵਾਬ ਲਈ ਅਗਲੀ ਤਰੀਕ ਮੰਗੀ।

ਇਸ ਦੌਰਾਨ, ਸ਼ਿਕਾਇਤ ਕਰਤਾ ਪੱਖ ਦੀ ਇੱਕ ਬਜ਼ੁਰਗ ਔਰਤ ਮਹਿੰਦਰ ਕੌਰ ਦੇ ਪਤੀ ਨੇ ਕਿਹਾ ਕਿ ਉਹ ਲੰਬੇ ਸਮੇਂ ਤੋਂ ਇਨਸਾਫ਼ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਉਮੀਦ ਪ੍ਰਗਟਾਈ ਕਿ ਅਦਾਲਤ ਉਨ੍ਹਾਂ ਨੂੰ ਇਨਸਾਫ਼ ਦੇਵੇਗੀ, ਪਰ ਜੇ ਉਨ੍ਹਾਂ ਨੂੰ ਰਾਹਤ ਨਹੀਂ ਮਿਲਦੀ, ਤਾਂ ਕੁਦਰਤ ਜ਼ਰੂਰ ਇਨਸਾਫ਼ ਦੇਵੇਗੀ। ਮਾਮਲੇ ਦੀ ਅਗਲੀ ਸੁਣਵਾਈ 12 ਮਈ ਨੂੰ ਹੋਣੀ ਹੈ, ਜਿੱਥੇ ਗਵਾਹਾਂ ਦੇ ਪੇਸ਼ ਹੋਣ ਅਤੇ ਗਵਾਹੀਆਂ ਦਰਜ ਕੀਤੇ ਜਾਣ ਦੀ ਉਮੀਦ ਹੈ।

# 7ਵੀਂ ਸਕਾਟਿਸ਼ ਸੰਸਦ ਲਈ ਪਾਰਟੀਆਂ ਨੇ ਜਾਰੀ ਕੀਤੇ ਆਪਣੇ ਮੈਨੀਫੈਸਟੋ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) – 6ਵੀਂ ਸਕਾਟਿਸ਼ ਸੰਸਦ ਨੂੰ 9 ਅਪ੍ਰੈਲ 2026 ਨੂੰ ਭੰਗ ਕਰ ਦਿੱਤਾ ਗਿਆ ਸੀ ਅਤੇ 7 ਮਈ 2026 ਨੂੰ ਨਵੀਂ ਸੰਸਦ ਲਈ ਚੋਣਾਂ ਹੋਣੀਆਂ ਹਨ । ਇਸ ਦੌਰਾਨ ਸਾਰੇ ਸੰਸਦ ਮੈਂਬਰ ਆਪਣੇ ਅਹੁਦੇ 'ਤੇ ਨਹੀਂ ਰਹਿੰਦੇ, ਕਮੇਟੀਆਂ ਬੰਦ ਹੋ ਜਾਂਦੀਆਂ ਹਨ ਅਤੇ ਨਵੀਂ ਸੰਸਦ ਬਣਨ ਤੱਕ ਕੋਈ ਸੰਸਦੀ ਕੰਮ ਜਾਂ ਨਵਾਂ ਕਾਨੂੰਨ ਨਹੀਂ ਬਣ ਸਕਦਾ। ਸਕਾਟਲੈਂਡ ਦੀਆਂ ਰਾਜਨੀਤਿਕ ਪਾਰਟੀਆਂ ਨੇ 7 ਮਈ ਨੂੰ ਹੋਣ ਵਾਲੀਆਂ ਚੋਣਾਂ ਲਈ ਆਪਣੇ ਮੈਨੀਫੈਸਟੋ ਪ੍ਰਕਾਸ਼ਤ ਕੀਤੇ ਹਨ। ਸਕਾਟਲੈਂਡ ਵਿੱਚ ਪਿਛਲੀ ਸਰਕਾਰ ਸਕਾਟਿਸ਼ ਨੈਸ਼ਨਲ ਪਾਰਟੀ ਦੀ ਸਰਕਾਰ ਸੀ, ਜਿਸਦੇ ਪਹਿਲੇ ਮੰਤਰੀ ਅਤੇ ਪ੍ਰਧਾਨ ਜੌਹਨ ਸਵਿੰਨੀ ਹਨ। ਉਹਨਾਂ ਨੇ ਆਪਣੇ ਪਾਰਟੀ ਮੈਨੀਫੈਸਟੋ ਵਿੱਚ

ਮਹਿੰਗਾਈ ਨੂੰ ਘਟਾਉਣ, ਨੌਂ ਮਹੀਨਿਆਂ ਦੀ ਉਮਰ ਤੋਂ ਫੰਡ ਪ੍ਰਾਪਤ ਬਾਲ ਦੇਖਭਾਲ ਦਾ ਵਿਸਤਾਰ ਕਰਨਾ, ਸਕਾਟਿਸ਼ ਚਾਈਲਡ ਪੇਮੈਂਟ ਵਿੱਚ ਵਾਧਾ ਕਰਨਾ ਅਤੇ ਯੂਨੀਵਰਸਿਟੀ ਟਿਊਸ਼ਨ ਅਤੇ ਨੁਸਖ਼ਿਆਂ ਨੂੰ ਮੁਫ਼ਤ ਰੱਖਣਾ ਸ਼ਾਮਲ ਹੈ।


ਸਕਾਟਲੈਂਡ ਦੀਆਂ ਮੁੱਖ ਪਾਰਟੀਆਂ ਦੇ ਪ੍ਰਮੁੱਖ ਲੀਡਰ ਇੱਕ ਟੀਵੀ ਡਿਬੇਟ ਦੌਰਾਨ

ਜਨਤਕ ਸੇਵਾਵਾਂ ਅਤੇ ਐੱਨ ਐੱਚ ਐੱਸ ਵਿੱਚ ਸੁਧਾਰ ਕਰਨਾ, ਜਿਸ ਵਿੱਚ ਹੋਰ ਵਾਕ-ਇਨ ਜੀ.ਪੀ. ਸੈਂਟਰ ਪ੍ਰਦਾਨ ਕਰਨਾ ਅਤੇ ਉਡੀਕ ਸਮੇਂ ਨੂੰ ਘਟਾਉਣਾ ਸ਼ਾਮਲ ਹੈ। ਸਕਾਟਲੈਂਡ ਦੇ ਲੋਕਾਂ ਨੂੰ ਆਜ਼ਾਦੀ ਦੇ ਨਾਲ ਇੱਕ ਨਵੀਂ ਸ਼ੁਰੂਆਤ ਦੀ ਪੇਸ਼ਕਸ਼ ਕਰਨਾ ਸ਼ਾਮਿਲ ਹਨ।

ਦੂਜੀ ਵੱਡੀ ਪਾਰਟੀ ਸਕਾਟਿਸ਼ ਕਜ਼ੰਰਵੇਟਿਵ ਦੇ ਪ੍ਰਧਾਨ ਰਸਲ ਫਿੰਡਲੇਅ ਹਨ ਜਿਨ੍ਹਾਂ ਨੇ ਸਕਾਟਲੈਂਡ ਦੇ ਦੂਜੇ ਆਜ਼ਾਦੀ ਜਨਮਤ ਸੰਗ੍ਰਹਿ ਦਾ ਵਿਰੋਧ ਕੀਤਾ ਹੈ।

ਹਰ ਸਾਲ ਮਹਿੰਗਾਈ ਦੇ ਅਨੁਸਾਰ ਆਮਦਨ ਟੈਕਸ ਦੀ ਸੀਮਾ ਵਧਾਉਣੀ ਤਾਂ ਜੋ ਸੰਸਦ ਦੇ ਅੰਤ ਤੱਕ ਸਾਰੇ ਟੈਕਸਦਾਤਾਵਾਂ ਨੂੰ ਘੱਟੋ-ਘੱਟ 250 ਪੌਂਡ ਦੀ ਬਚਤ ਹੋ ਸਕੇ। ਅ75, ਅ77, ਅ9 ਅਤੇ ਅ96 ਵਰਗੀਆਂ ਮੁੱਖ ਟਰੰਕ ਸੜਕਾਂ ਨੂੰ ਅਪਗ੍ਰੇਡ ਕਰਨਾ, ਘਰਾਂ ਨੂੰ ਸਕਾਟਿਸ਼ ਸਰਕਾਰ ਦੁਆਰਾ ਫੰਡ ਕੀਤੇ ਗਏ ਸਾਲਾਨਾ ਟੈਕਸ ਛੋਟ, ਸਕਾਟਲੈਂਡ ਵਿੱਚ ਕਿਸੇ ਨੂੰ ਵੀ ਜੀ.ਪੀ. ਨਾਲ ਮੁਲਾਕਾਤ ਲਈ 48 ਘੰਟਿਆਂ ਤੋਂ ਵੱਧ ਉਡੀਕ ਨਾ ਕਰਨ ਦੀ ਗਰੰਟੀ ਆਦਿ ਸ਼ਾਮਿਲ ਹਨ ।

ਸਕਾਟਿਸ਼ ਲੇਬਰ ਪਾਰਟੀ ਦੇ ਪ੍ਰਧਾਨ ਪਾਕਿਸਤਾਨੀ ਮੂਲ ਦੇ ਅਨਸ ਸਰਵਰ ਸਨ। ਉਹਨਾਂ ਦੇ ਮੈਨੀਫੈਸਟੋ ਵਿੱਚ ਐਨ ਐੱਚ ਐੱਸ ਦੀ ਉਡੀਕ ਸੂਚੀਆਂ ਵਿੱਚ ਕਟੌਤੀ ਕਰਨਾ, ਜੀ.ਪੀ. ਅਪਾਇੰਟਮੈਂਟ ਲਈ ਸਵੇਰੇ 08:00 ਵਜੇ ਦੀ ਭੀੜ ਨੂੰ ਖਤਮ ਕਰਨਾ ਅਤੇ ਫੈਮਿਲੀ ਡਾਕਟਰ ਨੂੰ ਦੁਬਾਰਾ ਤੋਂ ਲਿਆਉਣਾ, ਹਾਈ ਸਟ੍ਰੀਟਸ ਦਾ ਸਮਰਥਨ ਕਰਨ ਲਈ ਕਾਰੋਬਾਰੀ ਦਰਾਂ ਵਿੱਚ ਸੁਧਾਰ ਕਰਨਾ ਅਤੇ ਵੱਡੀਆਂ ਕੰਪਨੀਆਂ ਨੂੰ ਵਧੇਰੇ ਭੁਗਤਾਨ ਕਰਨ ਲਈ ਮਜਬੂਰ ਕਰਨਾ, ਕਲਾਸਰੂਮਾਂ ਵਿੱਚ ਫ਼ੋਨਾਂ 'ਤੇ ਪਾਬੰਦੀ ਲਗਾਉਣਾ, ਪੜ੍ਹਨ ਅਤੇ ਅੰਕਾਂ ਵਿੱਚ ਮਿਆਰ ਵਧਾਉਣਾ ਅਤੇ 9,000 ਨਵੀਆਂ ਸਿਖਲਾਈ ਪ੍ਰਦਾਨ ਕਰਨਾ, ਹਰ ਖੇਤਰ ਵਿੱਚ ਇੱਕ ਨਾਮਜ਼ਦ ਅਧਿਕਾਰੀ ਸਮੇਤ ਪੁਲਿਸ ਨੂੰ ਸੜਕਾਂ 'ਤੇ ਗਸ਼ਤ ਵਧਾਉਣਾ, 125,000 ਨਵੇਂ ਘਰ ਬਣਾਓਣਾ ਅਤੇ ਸੜਕਾਂ ਵਿੱਚ ਪੰਜ ਲੱਖ ਪਏ ਟੋਇਆਂ ਅਤੇ ਸੜਕਾਂ ਦੀ ਮੁਰੰਮਤ ਕਰਨਾ ਸ਼ਾਮਿਲ ਹਨ ।

ਸਕਾਟਿਸ਼ ਗਰੀਨ ਪਾਰਟੀ ਦੇ ਪ੍ਰਧਾਨ ਲੀਡਰਰੌਸ ਗ੍ਰੀਅਰ ਅਤੇ ਗਿਲੀਅਨ ਮੈਕੇ ਹਨ ਜਿਨ੍ਹਾਂ ਨੇ ਮੈਨੀਫੈਸਟੋ ਵਿੱਚ ਸਾਰਿਆਂ ਲਈ ਮੁਫ਼ਤ ਬੱਸ ਸੇਵਾ, ਛੇ ਮਹੀਨਿਆਂ ਤੋਂ ਯੂਨੀਵਰਸਲ ਫੰਡਿਡ ਚਾਈਲਡ ਕੇਅਰ ਘੰਟੇ ਪ੍ਰਦਾਨ ਕਰਨ ਲਈ ਫੰਡ ਪ੍ਰਾਪਤ ਚਾਈਲਡ ਕੇਅਰ ਦਾ ਵਿਸਤਾਰ ਕਰਨਾ, ਜਨਤਕ ਸੇਵਾਵਾਂ ਲਈ ਭੁਗਤਾਨ ਕਰਨ ਲਈ ਟੈਕਸ ਦੌਲਤ ਅਤੇ ਪ੍ਰਦੂਸ਼ਣ ਫੈਲਾਉਣ ਵਾਲੇ ਉਦਯੋਗ 2045 ਤੱਕ ਸ਼ੁੱਧ ਜ਼ੀਰੋ ਜਲਵਾਯੂ ਨਿਕਾਸ ਪ੍ਰਦਾਨ ਕਰਨਾ, ਆਵਾਜਾਈ, ਊਰਜਾ, ਖੇਤੀ ਅਤੇ ਰਿਹਾਇਸ਼ ਤੋਂ ਨਿਕਾਸ ਨੂੰ ਘਟਾਉਣ ਲਈ ਅਰਥਵਿਵਸਥਾ ਵਿੱਚ ਕਾਰਵਾਈ ਦੇ ਨਾਲ ਕੌਂਸਲ ਟੈਕਸ ਨੂੰ ਰੱਦ ਕਰਨਾ ਅਤੇ ਇਸਨੂੰ ਰਿਹਾਇਸ਼ੀ ਜਾਇਦਾਦ ਟੈਕਸ ਨਾਲ ਨਾ ਲੈਣਾ ਵਾਅਦੇ ਸ਼ਾਮਲ ਕੀਤੇ ਹਨ।

ਇਸ ਤੋਂ ਇਲਾਵਾ ਸਕਾਟਿਸ਼ ਲਿਬਰਲ ਡੈਮੋਕਰੇਟਸ ਦੇ ਪ੍ਰਧਾਨ ਅਲੈਕਸ ਕੋਲ-ਹੈਮਿਲਟਨ, ਰਿਫੌਰਮ ਯੂਕੇ ਪਾਰਟੀ ਦੇ ਪ੍ਰਧਾਨ ਮੈਕੌਲਮ ਆਫਰਡ, ਸਕਾਟਿਸ਼ ਫੈਮਿਲੀ ਪਾਰਟੀ ਨੇ ਇਸ ਤਰ੍ਹਾਂ ਦੇ ਮਿਲੇ ਜੁਲੇ ਵੋਟਰਾਂ ਨੂੰ ਲੁਭਾਉਣ ਵਾਲੇ ਆਪਣੇ ਮੈਨੀਫੈਸਟੋਆਂ ਵਿੱਚ ਵਾਅਦੇ ਕੀਤੇ ਹਨ, ਇਹ ਹੁਣ 7 ਮਈ ਨੂੰ ਸਕਾਟਲੈਂਡ ਦੇ ਲੋਕ ਦੱਸਣਗੇ ਕਿ ਉਹ ਕਿਸ ਪਾਰਟੀ 'ਤੇ ਭਰੋਸਾ ਜਿਤਾਉਂਦੇ ਹਨ ।

## ਸਮੁੰਦਰੀ ਕਿਨਾਰੇ ਵਸੇ ਸ਼ਹਿਰ ਲਵੀਨਿਓ ਵਿਖੇ ਖਾਲਸਾ ਸਾਜਨਾ ਦਿਹਾੜੇ ਨੂੰ ਸਮਰਪਿਤ ਸਜਾਇਆ ਗਿਆ ਵਿਸ਼ਾਲ ਨਗਰ ਕੀਰਤਨ





**ਰੋਮ – (ਗੁਰਸ਼ਰਨ ਸਿੰਘ ਸੋਨੀ) ਇਟਲੀ ਵਿੱਚ ਇਹਨੀਂ ਦਿਨੀਂ ਖਾਲਸਾ ਸਿਰਜਣਾ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਏ ਜਾ ਰਹੇ ਹਨ। ਦਸ਼ਮੇਸ਼ ਪਿਤਾ ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਕਿਰਪਾ ਸਦਕਾ ਅਮਰੀਕਾ,ਕਨੇਡਾ ਅਤੇ ਇੰਗਲੈਂਡ ਤੋਂ ਬਾਅਦ ਇਟਲੀ ਵਿੱਚ ਗੁਰੂ ਨਾਨਕ ਸਾਹਿਬ ਜੀ ਦੀ ਫੁਲਵਾੜੀ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ। ਇਟਲੀ ਦੇ ਵੱਖ ਵੱਖ ਇਲਾਕਿਆਂ ਵਿੱਚ ਗੁਰਦੁਆਰਾ ਸਾਹਿਬਾਨਾਂ ਦੀ ਸਥਾਪਨਾ ਹੋ ਚੁੱਕੀ ਹੈ। ਜਿੱਥੇ ਗੁਰਪੁਰਬ ਅਤੇ ਹੋਰ ਵਿਸ਼ੇਸ਼ ਦਿਹਾੜੇ ਬਹੁਤ ਹੀ ਸ਼ਰਧਾ ਨਾਲ ਮਨਾਏ ਜਾਂਦੇ ਹਨ। ਉੱਥੇ ਹੀ ਇਲਾਕਾ ਨਿਵਾਸੀ ਸੰਗਤਾਂ ਨੂੰ ਵਿਸ਼ੇਸ਼ ਤੌਰ ਤੇ ਖਾਲਸੇ ਦੇ ਸਿਰ-ਜਣਾ ਦਿਹਾੜੇ ਅਤੇ ਵਿਸਾਖੀ ਦਾ ਇੰਤਜ਼ਾਰ ਰਹਿੰਦਾ ਹੈ। ਲਾਸੀਓ ਸੂਬੇ ਦੇ ਸਮੁੰਦਰੀ ਕਿਨਾਰੇ ਵਸੇ ਸ਼ਹਿਰ ਲਵੀਨੀਓ ਵਿਖੇ ਸਥਿਤ ਗੁਰਦੁਆਰਾ ਸਾਹਿਬ ਗੋਬਿੰਦਸਰ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਇਲਾਕਾ ਨਿਵਾਸੀ ਸੰਗਤਾਂ ਦੇ ਉਪਰਾਲੇ ਸਦਕਾ ਖਾਲਸੇ ਦੇ ਸਿਰਜਣਾ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਬਹੁਤ ਹੀ ਸ਼ਰਧਾ ਪੂਰਵਕ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਪੰਜ ਪਿਆਰੇ ਤੇ ਪੰਜ ਨਿਸ਼ਾਨਚੀ ਸਿੰਘ ਸਾਹਿਬਾਨਾਂ ਦੀ ਅਗਵਾਈ ਅਤੇ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਗੁਰਦੁਆਰਾ ਸਾਹਿਬ ਤੋਂ ਕੀਤੀ ਗਈ ਤੇ ਸ਼ਹਿਰ ਦੇ ਰੇਲਵੇ ਸਟੇਸ਼ਨ ਦੀ ਪਾਰਕਿੰਗ ਵਿੱਚ ਨਗਰ ਕੀਰਤਨ ਦਾ ਪੜਾਅ ਕੀਤਾ ਗਿਆ ਇਸ ਮੌਕੇ ਵੱਖ ਵੱਖ ਰਾਗੀ ਢਾਡੀ ਅਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ ਗਿਆ ਇਸ ਮੌਕੇ ਪ੍ਰਬੰਧਕਾਂ ਵਲੋਂ ਪ੍ਰਸ਼ਾਸਨਿਕ ਅਧਿਕਾਰੀਆਂ, ਸੇਵਾਦਾਰਾਂ ਤੇ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਕਾਂ ਮੈਂਬਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ । ਸੰਗਤਾਂ ਲਈ ਵੱਖ ਵੱਖ ਪ੍ਰਕਾਰ ਦੇ ਲੰਗਰਾਂ ਦੇ ਪ੍ਰਬੰਧ ਕੀਤੇ ਗਏ ਸਨ। ਨਗਰ ਕੀਰਤਨ ਸ਼ਹਿਰ ਦੀ ਪਰਿਕਰਮਾ ਕਰਦਿਆਂ ਅਤੇ ਗੁਰੂ ਜਸ ਕਰਦਿਆਂ ਸੰਪੂਰਨਤਾ ਸ਼ਾਮ ਗੁਰਦੁਆਰਾ ਸਾਹਿਬ ਵਿਖੇ ਹੀ ਕੀਤੀ ਗਈ।**

## ਡਰੋਨ ਬਣਾਉਣ ਵਾਲੀ ਫੈਕਟਰੀ 'ਤੇ ਹਮਲਾ, 6 ਗ੍ਰਿਫ਼ਤਾਰ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਲੈਸਟਰਸ਼ਾਇਰ ਦੇ ਬ੍ਰਾਊਨਸਟੋਨ ਇਲਾਕੇ ਵਿੱਚ ਸਥਿਤ ਡਰੋਨ ਬਣਾਉਣ ਵਾਲੀ ਇਕ ਫੈਕਟਰੀ ਤੇ ਕੁਝ ਵਿਅਕਤੀਆਂ ਵੱਲੋਂ ਹਮਲਾ ਕਰ ਦਿੱਤਾ ਗਿਆ। ਬੀਤੇ ਦਿਨ ਸਵੇਰੇ ਕਰੀਬ 3 ਵਜੇ ਇਕ ਵਾਹਨ ਫੈਕਟਰੀ ਦੇ ਮੁੱਖ ਦਰਵਾਜ਼ੇ ਨਾਲ ਟਕਰਾ ਦਿੱਤਾ ਗਿਆ ਅਤੇ ਕੁਝ ਲੋਕ ਛੱਤ ਤੇ ਚੜ੍ਹ ਕੇ ਪ੍ਰਦਰਸ਼ਨ ਕਰਨ ਲੱਗ ਪਏ।

ਪੁਲਿਸ ਦੇ ਅਨੁਸਾਰ ਇਸ ਮਾਮਲੇ ਵਿੱਚ 6 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਤੇ ਜ਼ਬਰਦਸਤੀ ਅੰਦਰ ਦਾਖ਼ਲ ਹੋਣ ਅਤੇ ਤੋੜਫੋੜ ਕਰਨ ਦੇ ਦੋਸ਼ ਲਗਾਏ ਗਏ ਹਨ। ਇਹ ਸਾਰੇ ਵੱਖ-ਵੱਖ ਇਲਾਕਿਆਂ ਨਾਲ ਸਬੰਧਤ ਹਨ ਅਤੇ ਸੋਮਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤੇ ਜਾਣਗੇ।ਘਟਨਾ ਨੂੰ ਗੰਭੀਰ ਮੰਨਦਿਆਂ ਦਹਿਸ਼ਤਗਰਦੀ ਰੋਕਥਾਮ ਨਾਲ ਜੁੜੀਆਂ ਜਾਂਚ ਏਜੰਸੀਆਂ ਵੀ ਮਾਮਲੇ ਦੀ ਜਾਂਚ ਕਰ ਰਹੀਆਂ ਹਨ। ਪੁਲਿਸ ਹਰ ਪਾਸੇ ਤੋਂ ਪਤਾ ਲਗਾ ਰਹੀ ਹੈ ਕਿ ਇਸ ਹਮਲੇ ਦੇ ਪਿੱਛੇ ਅਸਲ ਕਾਰਨ ਕੀ ਸਨ।

ਜਾਣਕਾਰੀ ਅਨੁਸਾਰ ਇਹ ਫੈਕਟਰੀ ਡਰੋਨ ਤਿਆਰ ਕਰਦੀ ਹੈ ਅਤੇ ਇਸ ਨੂੰ ਇਕ ਵਿਦੇਸ਼ੀ ਰੱਖਿਆ ਸਾਜ਼ੋ-ਸਾਮਾਨ ਬਣਾਉਣ ਵਾਲੀ ਕੰਪਨੀ ਨੇ ਆਪਣੇ ਅਧੀਨ ਕਰ ਲਿਆ ਸੀ। ਇਹ ਸੰਸਥਾ ਫੌਜ ਨੂੰ ਇਸ ਤਰ੍ਹਾਂ ਦੇ ਸਾਜ਼ੋ-ਸਾਮਾਨ ਮੁਹੱਈਆ ਕਰਦੀ ਹੈ।ਇਸ ਘਟਨਾ ਦੀ ਜ਼ਿੰਮੇਵਾਰੀ ਇਕ ਗਰੁੱਪ ਨੇ ਲਈ ਹੈ, ਜਿਸ ਨੇ ਦਾਅਵਾ ਕੀਤਾ ਕਿ ਫੈਕਟਰੀ ਇਕ ਵਿਦੇਸ਼ੀ ਦੇਸ਼ ਨਾਲ ਜੁੜੀ ਹੋਈ ਹੈ, ਪਰ ਸੰਬੰਧਿਤ ਸੰਸਥਾ ਨੇ ਇਹ ਦੋਸ਼ ਨਕਾਰ ਦਿੱਤੇ ਹਨ।

ਸੰਸਥਾ ਦੇ ਬੁਲਾਰੇ ਨੇ ਕਿਹਾ ਕਿ ਉਹ ਉਸ ਦੇਸ਼ ਦੀ ਫੌਜ ਨੂੰ ਕੋਈ ਸਪਲਾਈ ਨਹੀਂ ਕਰਦੇ। ਉਨ੍ਹਾਂ ਇਹ ਵੀ ਕਿਹਾ ਕਿ ਕੁਝ ਲੋਕ ਗਲਤ ਜਾਣਕਾਰੀ ਫੈਲਾ ਕੇ ਹੋਰਾਂ ਨੂੰ ਭੜਕਾ ਰਹੇ ਹਨ, ਜਿਸ ਨਾਲ ਕਾਨੂੰਨ ਦੇ ਖ਼ਿਲਾਫ਼ ਕੰਮ ਹੋ ਰਹੇ ਹਨ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਹੋਰ ਗ੍ਰਿਫ਼ਤਾਰੀਆਂ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ।

# ਅਲਵਿਦਾ ! ਵਿਦਵਾਨ ਸਾਹਿਤਕਾਰ ਦਲੀਪ ਸਿੰਘ ਵਾਸਨ

**2 ਮਈ ਭੋਗ ਤੇ ਵਿਸ਼ੇਸ਼**

**ਉਜਾਗਰ ਸਿੰਘ**



ਪੰਜਾਬੀ ਬੋਲੀ ਦੇ ਮੁੱਦਈ, ਸਾਹਿਤਕਾਰ, ਪ੍ਰਸਿੱਧ ਸਮਾਜ ਸੇਵਕ, ਕਾਲਮ ਨਵੀਸ ਤੇ ਕਾਨੂੰਨਦਾਨ ਦਲੀਪ ਸਿੰਘ ਵਾਸਨ 89 ਸਾਲ ਦੀ ਉਮਰ ਵਿੱਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਦਾ ਗੂੜ੍ਹ ਗਿਆਨ ਰੱਖਣ ਵਾਲਾ ਬਹੁ-ਪੱਖੀ, ਬਹੁ-ਮੰਤਵੀ, ਬਹੁ-ਵਿਧਾਵੀ ਅਤੇ ਸਰਬਕਲਾ ਸੰਪੂਰਨ ਵਿਦਵਾਨ ਲੇਖਕ ਤੇ ਇਨਸਾਨ ਸੀ। ਉਸ ਦੀਆਂ ਰਚਨਾਵਾਂ ਸੱਚਾਈ ਅਤੇ ਸਾਰਥਿਕਤਾ ਦਾ ਪ੍ਰਮਾਣ ਹਨ। ਦਲੀਪ ਸਿੰਘ ਵਾਸਨ ਪਿਛਲੇ 60 ਸਾਲ ਤੋਂ ਪੰਜਾਬੀ ਮਾਂ ਬੋਲੀ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਸਨ। ਉਸਨੇ ਆਪਣਾ ਸਾਹਿਤਕ ਸਫਰ 1957 ਵਿੱਚ ਪਹਿਲੀ ਕਹਾਣੀ 'ਮੱਕੀ ਦੀ ਰੋਟੀ' ਨਾਲ ਸ਼ੁਰੂ ਕੀਤਾ ਸੀ, ਜਿਹੜੀ ਪ੍ਰੀਤਲੜੀ ਰਸਾਲੇ ਵਿੱਚ ਪ੍ਰਕਾਸ਼ਤ ਹੋਈ ਸੀ। ਆਪਣੀ ਜ਼ਿੰਦਗੀ ਦੇ ਆਖ਼ਰੀ ਸਮੇਂ ਤੱਕ ਉਹ ਕਲਮ ਅਜ਼ਮਾਈ ਕਰਦੇ ਰਹੇ। ਦਲੀਪ ਸਿੰਘ ਵਾਸਨ ਨੇ ਸਾਹਿਤ ਦੇ ਵੱਖ-ਵੱਖ ਰੂਪਾਂ ਵਿੱਚ ਮਿਆਰੀ ਮਾਨਵ ਨੂੰ ਸੇਧ ਦੇਣ ਵਾਲੀਆਂ ਰਚਨਾਵਾਂ ਲਿਖੀਆਂ ਸਨ। ਉਸਦੇ ਸਮਾਜਿਕ ਵਿਸ਼ਿਆਂ 'ਤੇ ਲਿਖੇ ਦੋ ਨਾਵਲ 'ਸੋਢੀਆਂ ਦਾ ਫਾਰਮ' 1978 ਅਤੇ 'ਹੜਤਾਲ' 1982 ਸਾਹਿਤਕ ਖੇਤਰ ਵਿੱਚ ਚਰਚਾ ਦਾ ਵਿਸ਼ਾ ਰਹੇ ਸਨ। ਮੁੱਖ ਤੌਰ 'ਤੇ ਉਹ ਵਾਰਤਕ ਲੇਖਕ ਤੇ ਕਾਲਮ ਨਵੀਸ ਸਨ। ਦਲੀਪ ਸਿੰਘ ਵਾਸਨ ਦੀਆਂ ਬਹੁਤੀਆਂ ਪੁਸਤਕਾਂ ਜ਼ਿੰਦਗੀ ਜਿਓਣ ਦੇ ਢੰਗ ਤਰੀਕਿਆਂ ਬਾਰੇ ਜਾਣਕਾਰੀ ਦਿੰਦੀਆਂ ਹਨ। ਉਸਦੀ ਆਪਣੀ ਜ਼ਿੰਦਗੀ ਅੱਤ ਦੀ ਕਠਨ ਤੇ ਜਦੋਜਹਿਦ ਵਾਲੀ ਰਹੀ ਸੀ, ਇਸ ਕਰਕੇ ਉਹ ਆਪਣੀ ਹਰ ਰਚਨਾ ਵਿੱਚ ਸਮਾਜ ਨੂੰ ਬਿਹਤਰੀਨ ਜ਼ਿੰਦਗੀ ਜਿਓਣ ਦੇ ਨੁਕਤਿਆਂ ਬਾਰੇ ਵਧੀਆ ਢੰਗ ਨਾਲ ਬਿਰਤਾਂਤ ਸਿਰਜਦੇ ਸਨ। ਅਸਲ ਵਿੱਚ ਉਹ ਨੌਜਵਾਨ ਪੀੜ੍ਹੀ ਵਿੱਚ ਆਤਮ ਵਿਸ਼ਵਾਸ਼ ਪੈਦਾ ਕਰਨ ਦਾ ਉਪਰਾਲਾ ਕਰਦੇ ਰਹਿੰਦੇ ਸਨ। ਉਹ ਜਿਹੋ ਜਹੇ ਬਾਹਰੋਂ ਸਨ, ਉਹੋ ਜਹੇ ਹੀ ਅੰਦਰੋਂ ਸਨ। ਕੋਈ ਮੁਲੰਮਾ ਨਹੀਂ। ਸਾਦਾ ਅਤੇ ਸਰਲ ਜੀਵਨ ਬਤੀਤ ਕਰਦੇ ਸਨ। ਕਹਿਣੀ ਤੇ ਕਰਨੀ ਵਿਚ ਕੋਈ ਅੰਤਰ ਨਹੀਂ ਸੀ। ਹੈਰਾਨੀ ਇਸ ਗੱਲ ਦੀ ਹੈ ਕਿ ਉਹ ਜਿਤਨੇ ਵੱਡੇ ਇਨਸਾਨ ਅਤੇ ਵਿਦਵਾਨ ਸਨ, ਉਤਨੀ ਹੀ ਸਰਲ ਭਾਸ਼ਾ ਅਤੇ ਸ਼ੈਲੀ ਵਿਚ ਜੀਵਨ ਦੀ ਵਿਚਾਰਧਾਰਾ ਨੂੰ ਅਜਿਹੇ ਢੰਗ ਨਾਲ ਲਿਖਦੇ ਸਨ ਕਿ ਉਨ੍ਹਾਂ ਦੇ ਹਰ ਸ਼ਬਦ ਨੂੰ ਪਾਠਕ ਪੱਲੇ ਬੰਨ੍ਹਣ ਦਾ ਪ੍ਰਣ ਕਰ ਲੈਂਦਾ ਸੀ। ਉਸ ਦੀਆਂ ਰਚਨਾਵਾਂ ਦੇ ਛੋਟੇ-ਛੋਟੇ ਸ਼ਬਦ ਤੇ ਨਿੱਕੇ-ਨਿੱਕੇ ਵਾਕ ਪਾਠਕ ਦੇ ਮਨ ਮਸਤਕ 'ਤੇ ਮੀਂਹ ਦੀਆਂ ਕਣੀਆਂ ਦੀ ਫ਼ੁਹਾਰ ਦੀ ਤਰ੍ਹਾਂ ਠੰਡਕ ਪੈਦਾ ਕਰਕੇ ਸਕੂਨ ਦਿੰਦੇ ਸਨ। ਵੈਸੇ ਤਾਂ ਉਨ੍ਹਾਂ ਨੇ ਪੰਜਾਬੀ ਅਤੇ ਅੰਗਰੇਜ਼ੀ ਵਿਚ 50 ਤੋਂ ਵੱਧ ਪੁਸਤਕਾਂ ਲਿਖੀਆਂ ਸਨ, ਪ੍ਰੰਤੂ ਉਸਨੇ ਕਦੇ ਵੀ ਆਪਣੇ ਆਪ ਨੂੰ ਲੇਖਕ ਨਹੀਂ ਕਿਹਾ ਸੀ, ਸਗੋਂ ਆਪਣੇ ਆਪ ਨੂੰ ਪੰਜਾਬੀ ਮਾਂ ਬੋਲੀ ਦਾ ਸੇਵਾਦਾਰ ਹੀ ਕਹਿੰਦਾ ਰਿਹਾ। ਉਸ ਦੀਆਂ ਕੁਝ ਪੁਸਤਕਾਂ 'ਸੋਢੀਆਂ ਦਾ ਫਾਰਮ', 'ਹੜਤਾਲ', 'ਜੀਵਨ ਇੱਕ ਸਚਾਈ', 'ਆਤਮ ਵਿਸ਼ਵਾਸ਼', 'ਆਪਣੀ ਕਿਸਮਤ', 'ਭਾਰਤ ਮੇਰੀ ਨਜ਼ਰ ਵਿੱਚ', 'ਫਰਿਆਦੀ ਫਰਿਆਦ ਕਰੇ', 'ਕੜਵੇ ਗੁਲਾਬ ਜਾਮੁਨ', 'ਕੁੱਜੇ ਵਿੱਚ ਸਮੁੰਦਰ', 'ਗ਼ਮ ਨਾ ਕਰ ਮੁਸਕਰਾ', 'ਕਲਯੁਗ ਅੰਦਰ ਨਾਨਕਾ', 'ਕਿਣਕਾ ਕਿਣਕਾ ਪਰਬਤ', 'ਵਿਚਾਰਾਂਜ਼ਲੀ' ਅਤੇ ਅੰਗਰੇਜ਼ੀ ਦੀਆਂ 'ਬੇਸਿਕ ਪ੍ਰਾਬਲਮਜ਼ ਆਫ਼ ਲਾਈਫ', 'ਐਜ਼ ਆਈ ਥਿੰਕ ਇਟ', 'ਕਨਸਰਨ ਆਫ ਯੂਥ', 'ਗਰੇਟ ਪੀਪਲ', 'ਮੇਕ ਦਾ ਕੰਟਰੀ', 'ਇੰਟਰੋਸਪੈਕਸ਼ਨ', 'ਲਾਸਟ ਲੈਟਰ', 'ਲੈਟ ਅਸ ਰਿਡਿਊਸ ਟੈਨਸ਼ਨ' ਅਤੇ 'ਸੈਲਫ਼ ਸਟਾਰਟ ਟੀਚਿੰਗ 'ਹਨ। ਉਸਦਾ ਪਹਿਲਾ ਨਾਵਲ 'ਸੋਢੀਆਂ ਦਾ ਫਾਰਮ' ਸਿੰਘ ਬ੍ਰਦਰਜ਼ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤਾ ਸੀ। ਇਸ ਤੋਂ ਇਲਾਵਾ ਉਸਦੇ ਦੋ ਕਾਲਮ 'ਤੁਹਾਡੀਆਂ ਸਮੱਸਿਆਵਾਂ ਦਾ ਹੱਲ' ਅਤੇ 'ਬੱਚਿਆਂ ਲਈ ਕਾਨੂੰਨੀ ਸੇਵਾਵਾਂ' ਅਖ਼ਬਾਰਾਂ ਵਿੱਚ ਲਗਾਤਾਰ ਲੰਬਾ ਸਮਾਂ ਪ੍ਰਕਾਸ਼ਤ ਹੁੰਦੇ ਰਹੇ ਹਨ। ਉਹ ਆਪਣੀ ਹਰ ਰਚਨਾਂ ਵਿੱਚ ਜ਼ਿੰਦਗੀ ਦੀਆਂ ਅਟੱਲ ਸਚਾਈਆਂ 'ਤੇ ਅਧਾਰਤ ਜਾਣਕਾਰੀ ਦਿੰਦਾ ਸੀ। ਸਰਸਰੀ ਤੌਰ ਤੇ ਪਾਠਕ ਨੂੰ ਉਸ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਬਹੁਤੀਆਂ ਪਸੰਦ ਨਾ ਆਉਣ, ਪ੍ਰੰਤੂ ਜੇਕਰ ਉਹ ਉਨ੍ਹਾਂ ਤੇ ਅਮਲ ਕਰਨਗੇ ਤਾਂ ਸਫਲਤਾ ਉਨ੍ਹਾਂ ਦੇ ਪੈਰ ਚੁੰਮੇਗੀ, ਭਾਵ ਉਸ ਦੀਆਂ ਸਾਹਿਤਕ ਬੂੰਦਾਂ ਜ਼ਿੰਦਗੀ ਜਿਓਣ ਦੇ ਨੁਕਤੇ ਦੱਸਦੀਆਂ ਸਨ। ਦਲੀਪ ਸਿੰਘ ਵਾਸਨ ਕਹਿੰਦੇ ਸਨ ਕਿ ਇਨਸਾਨ ਝੂਠ ਨੂੰ ਹੀ ਜੀਵਨ ਦਾ ਆਧਾਰ ਬਣਾਉਂਦਾ ਹੈ, ਜਿਸ ਕਰਕੇ ਉਸਨੂੰ ਪੈਰ-ਪੈਰ 'ਤੇ ਝੂਠ ਦਾ ਸਹਾਰਾ ਲੈਣਾ ਪੈਂਦਾ ਹੈ। ਇੱਕ-ਨਾ-ਇੱਕ ਦਿਨ ਝੂਠ ਦਾ ਮਹਿਲ ਢਹਿ-ਢੇਰੀ ਹੋ ਜਾਂਦਾ ਹੈ। ਕੋਈ ਵੀ ਇਨਸਾਨ ਪੂਰਾ ਸੱਚ ਨਹੀਂ ਬੋਲਦਾ। ਜਿਹੜੇ ਸੱਚ ਬੋਲਣ ਦੀ ਨਸੀਹਤ ਦੇ ਰਹੇ ਹੁੰਦੇ ਹਨ, ਉਹ ਵੀ ਝੂਠ ਬੋਲ ਰਹੇ ਹੁੰਦੇ ਹਨ। ਇਹ ਠੀਕ ਹੈ ਕਿ ਝੂਠ ਮੁਸੀਬਤਾਂ ਖੜ੍ਹੀਆਂ ਕਰਦਾ ਹੈ, ਕਿਉਂਕਿ ਇਕ ਝੂਠ ਨੂੰ ਛੁਪਾਉਣ ਲਈ ਅਨੇਕ ਝੂਠ ਬੋਲਣੇ ਪੈਂਦੇ ਹਨ। ਉਸ ਦੀਆਂ ਰਚਨਾਵਾਂ ਸੱਚ 'ਤੇ ਪਹਿਰਾ ਦੇਣ ਦੀ ਤਾਕੀਦ ਕਰਦੀਆਂ ਸਨ। ਦਲੀਪ ਸਿੰਘ ਵਾਸਨ ਫਾਈਵ-ਇਨ-ਵਨ ਸੀ। ਉਹ ਸਾਹਿਤਕਾਰ, ਕਾਲਮ ਨਵੀਸ, ਰੋਜ਼ਗਾਰ ਅਧਿਕਾਰੀ, ਕਾਨੂੰਨਦਾਨ, ਸਮਾਜ ਸੇਵਕ ਅਤੇ ਦੋਸਤਾਂ ਦਾ ਦੋਸਤ ਸੀ।

ਦਲੀਪ ਸਿੰਘ ਵਾਸਨ ਨੂੰ ਮੈਂ ਉਦੋਂ ਤੋਂ ਜਾਨਣ ਲੱਗਿਆ ਜਦੋਂ 1969 ਵਿੱਚ ਮੈਂ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਵਿੱਚੋਂ ਜੂਨੀਅਰ ਬੇਸਿਕ ਟ੍ਰੇਨਿੰਗ ਕਰਨ ਤੋਂ ਬਾਅਦ ਨੌਕਰੀ ਲੈਣ ਲਈ ਰੋਜ਼ਗਾਰ ਦਫਤਰ ਵਿੱਚ ਆਪਣਾ ਨਾਮ ਦਰਜ ਕਰਵਾਉਣ ਗਿਆ ਸੀ। ਪਹਿਲੀ ਮੁਲਾਕਾਤ



ਵਿੱਚ ਹੀ ਪਤਾ ਲੱਗ ਗਿਆ ਸੀ ਕਿ ਉਹ ਇੱਕ ਬੜਾ ਹੀ ਸੁਹਿਰਦ ਇਨਸਾਨ ਸੀ। ਉਸਤੋਂ ਬਾਅਦ ਜਦੋਂ ਅਸੀਂ ਦੋਸਤ ਰਲ ਮਿਲਕੇ ਪੰਜਾਬੀ ਦਾ ਮਾਸਕ ਰਸਾਲਾ 'ਵਹਿਣ' 1973 ਵਿੱਚ ਪਟਿਆਲਾ ਤੋਂ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ ਤਾਂ ਦਲੀਪ ਸਿੰਘ ਵਾਸਨ ਨਾਲ ਸਾਹਿਤਕ ਪ੍ਰਵਿਰਤੀ ਕਰਕੇ ਤਾਲਮੇਲ ਦੋਸਤੀ ਵਿੱਚ ਬਦਲ ਗਿਆ। ਫਿਰ ਮੈਂ ਪੰਜ ਸਾਲ ਚੰਡੀਗੜ੍ਹ ਰਿਹਾ ਤੇ ਜਾਗ੍ਰਤੀ ਪੰਜਾਬੀ ਦਾ ਸਹਾਇਕ ਸੰਪਾਦਕ ਅਤੇ ਬਾਅਦ ਵਿੱਚ ਸੰਪਾਦਕ ਹੋਣ ਸਮੇਂ ਵੀ ਸਾਡਾ ਸਾਹਿਤਕ ਪਿਆਰ ਪੂਰ ਚੜ੍ਹਦਾ ਰਿਹਾ। ਫਿਰ 1979 ਵਿੱਚ ਜਦੋਂ ਮੈਂ ਲੋਕ ਸੰਪਰਕ ਵਿਭਾਗ ਪਟਿਆਲਾ ਵਿੱਚ ਸਹਾਇਕ ਲੋਕ ਸੰਪਰਕ ਅਧਿਕਾਰੀ ਨਿਯੁਕਤ ਹੋਇਆ ਤਾਂ ਉਸ ਨੂੰ ਬਾਕਾਇਦਾ ਮਿਲਣ ਗਿਲਣ ਦਾ ਮੌਕਾ ਮਿਲਦਾ ਰਿਹਾ, ਕਿਉਂਕਿ ਉਹ ਵੀ ਉਸ ਸਮੇਂ ਪਟਿਆਲਾ ਵਿਖੇ ਰੋਜ਼ਗਾਰ ਅਧਿਕਾਰੀ ਲੱਗਿਆ ਹੋਇਆ ਸੀ। 1984 ਵਿੱਚ ਦਿੱਲੀ ਅਤੇ ਦੇਸ਼ ਦੇ ਹੋਰ ਸ਼ਹਿਰਾਂ ਵਿੱਚ ਹੋਏ ਕਤਲੇਆਮ ਤੋਂ ਪ੍ਰਭਾਵਤ ਪਰਿਵਾਰਾਂ ਨੂੰ ਰੋਜ਼ਗਾਰ ਦੇਣ ਸਮੇਂ ਦਲੀਪ ਸਿੰਘ ਵਾਸਨ ਦਾ ਯੋਗਦਾਨ ਬਹੁਤ ਹੀ ਮਹੱਤਵਪੂਰਨ ਰਿਹਾ ਸੀ, ਕਿਉਂਕਿ ਉਹ ਰੋਜ਼ਗਾਰ ਦੇਣ ਵਾਲੀ ਪਟਿਆਲਾ ਜ਼ਿਲ੍ਹਾ ਪੱਧਰ ਦੀ ਕਮੇਟੀ ਦਾ ਮੈਂਬਰ ਸੀ। ਦਲੀਪ ਸਿੰਘ ਵਾਸਨ ਨੇ ਰੋਜ਼ਗਾਰ ਵਿਭਾਗ ਵਿੱਚ 33 ਸਾਲ ਨੌਕਰੀ ਕਰਨ ਤੋਂ ਬਾਅਦ 1988 ਵਿੱਚ ਸਵੈ ਇੱਛਾ ਨਾਲ ਸੇਵਾ ਮੁਕਤੀ ਲੈ ਕੇ ਜ਼ਿਲ੍ਹਾ ਕਚਹਿਰੀਆਂ ਵਿੱਚ ਵਕਾਲਤ ਕਰਨੀ ਸ਼ੁਰੂ ਕਰ ਦਿੱਤੀ ਸੀ। ਉਹ 32 ਸਾਲ 2022 ਤੱਕ ਵਕਾਲਤ ਕਰਦੇ ਰਹੇ। ਉਹ ਗ਼ਰੀਬ ਲੋਕਾਂ ਦੀ ਮੁਫ਼ਤ ਵਕਾਲਤ ਕਰਦੇ ਸਨ, ਕਿਉਂਕਿ ਉਸਨੇ ਖੁਦ ਗ਼ਰੀਬੀ ਨੇੜਿਉਂ ਵੇਖੀ ਸੀ। ਉਹ ਗ਼ਰੀਬ ਲੋਕਾਂ ਦੀਆਂ ਮਜ਼ਬੂਰੀਆਂ ਨੂੰ ਮਹਿਸੂਸ ਕਰਦੇ ਸਨ। ਉਹ ਪਟਿਆਲਾ ਦੀਆਂ ਸਾਹਿਤਕ ਸੰਸਥਾਵਾਂ ਨਾਲ ਜੁੜੇ ਹੋਏ ਸਨ। ਪੰਜਾਬੀ ਸਾਹਿਤ ਸਭਾ ਅਤੇ ਤ੍ਰਿਵੈਣੀ ਪ੍ਰੀਸ਼ਦ ਦੇ ਉਹ ਮੈਂਬਰ ਤੇ ਕਾਨੂੰਨੀ ਸਲਾਹਕਾਰ ਵੀ ਸਨ। ਉਸਨੂੰ ਬਹੁਤ ਸਾਰੀਆਂ ਸਮਾਜਿਕ, ਸਾਹਿਤਕ ਅਤੇ ਸਭਿਆਚਾਰਕ ਸੰਸਥਾਵਾਂ ਨੇ ਸਨਮਾਨਿਤ ਕੀਤਾ ਸੀ, ਜਿਨ੍ਹਾਂ ਵਿੱਚ ਸਾਹਿਤ ਸਭਾ ਪਟਿਆਲਾ ਅਤੇ ਬਾਰ ਕੌਂਸਲ ਪਟਿਆਲਾ ਵਰਣਨਯੋਗ ਹਨ।

ਦਲੀਪ ਸਿੰਘ ਵਾਸਨ ਦਾ ਜਨਮ ਬਰਤਾਨਵੀ ਭਾਰਤ ਦੇ ਹਜ਼ਾਰਾ/ਮੁਲਤਾਨ ਜਿਲ੍ਹੇ ਦੇ ਪਿੰਡ ਬੋਦਲਾ ਵਿੱਚ 4 ਮਈ 1937 ਨੂੰ ਪਿਤਾ ਹਰਿ ਸਿੰਘ ਪਟਵਾਰੀ ਦੇ ਘਰ ਮਾਤਾ ਨਾਨਕੀ ਦੇਵੀ ਦੀ ਕੁੱਖੋਂ ਹੋਇਆ ਸੀ। ਦੇਸ਼ ਦੀ ਵੰਡ ਸਮੇਂ ਦਲੀਪ ਸਿੰਘ ਵਾਸਨ ਆਪਣੇ ਪਰਿਵਾਰ ਤੋਂ ਵਿਛੜ ਗਿਆ ਸੀ। ਧੱਕੇ-ਧੋੜੇ ਖਾਂਦਾ ਪਹਿਲਾਂ ਉਹ ਸੰਗਰੂਰ, ਸਮਾਣਾ ਤੇ ਅਖ਼ੀਰ ਪਟਿਆਲਾ ਪਹੁੰਚ ਗਿਆ। ਉਸਦੀ ਜ਼ਿੰਦਗੀ ਦਾ ਇਮਤਿਹਾਨ ਉਦੋਂ ਹੀ ਸ਼ੁਰੂ ਹੋ ਗਿਆ, ਜਦੋਂ ਉਸਨੂੰ ਰੋਜ਼ੀ ਰੋਟੀ ਲਈ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪਈਆਂ। ਸਭ ਤੋਂ ਪਹਿਲਾਂ ਬਾਗ ਵਿੱਚ ਪੰਛੀਆਂ ਨੂੰ ਉਡਾਉਣ ਲਈ ਨੌਕਰੀ ਤੇ ਫਿਰ ਚਾਹ ਦੀ ਦੁਕਾਨ 'ਤੇ ਕੰਮ ਕਰਨਾ ਪਿਆ। ਚਾਹ ਦੀ ਦੁਕਾਨ 'ਤੇ ਕੰਮ ਕਰਨਾ ਉਸ ਲਈ ਵਰਦਾਨ ਸਾਬਤ ਹੋਇਆ, ਕਿਉਂਕਿ ਜਦੋਂ ਉਹ ਸਕੂਲ ਵਿੱਚ ਚਾਹ ਦੇਣ ਜਾਂਦਾ ਸੀ ਤਾਂ ਸਕੂਲ ਦੇ ਅਧਿਆਪਕ ਖ਼ੁਸ਼ੀ ਰਾਮ ਨੇ ਉਸ ਦੀ ਪੜ੍ਹਨ ਦੀ ਉਤਸੁਕਤਾ ਦੀ ਪਛਾਣ ਕਰਦਿਆਂ ਉਸਨੂੰ ਪੜ੍ਹਨ ਲਈ ਉਤਸ਼ਾਹਤ ਕੀਤਾ। ਉਸਨੇ ਦਸਵੀਂ ਫਸਟ ਡਵੀਜਨ ਵਿੱਚ ਪਾਸ ਕੀਤੀ। ਪਟਿਆਲਾ ਆ ਕੇ ਉਸਨੇ ਪ੍ਰਿੰਸੀਪਲ ਮੋਹਨ ਸੰਘ ਪ੍ਰੇਮ ਦੇ ਗਿਆਨੀ ਕਾਲਜ ਵਿੱਚੋਂ ਗਿਆਨੀ, ਜੇ ਬੀ ਟੀ, ਬੀ ਏ, ਬੀ ਐਡ ਅਤੇ ਕਾਨੂੰਨ ਦੀ ਤੱਕ ਦੀ ਪੜ੍ਹਾਈ ਪ੍ਰਾਈਵੇਟਲੀ ਪਾਸ ਕੀਤੀ। ਇਸ ਸਮੇਂ ਦੌਰਾਨ ਉਸਨੇ ਪ੍ਰਾਈਵੇਟ ਟਾਈਪਿਸਟ ਅਤੇ ਕੁਝ ਸਮਾਂ ਅਧਿਆਪਕ ਦੀ ਨੌਕਰੀ ਕੀਤੀ। ਥੋੜ੍ਹੀ ਦੇਰ ਬਾਅਦ ਉਸਦੀ ਯੋਗਤਾ ਦਾ ਮੁੱਲ ਪਿਆ, ਜਿਸ ਕਰਕੇ ਰੋਜ਼ਗਾਰ ਦਫ਼ਤਰ ਵਿੱਚ ਕਲਰਕ ਦੀ ਸਰਕਾਰੀ ਨੌਕਰੀ ਮਿਲ ਗਈ। ਕਲਰਕ ਤੋਂ ਤਰੱਕੀ ਕਰਦਿਆਂ ਸਹਾਇਕ, ਹੈਡ ਕਲਰਕ, ਸੁਪਰਇਨਟੈਂਡੈਂਟ, ਸਹਾਇਕ ਰੋਜ਼ਗਾਰ ਅਧਿਕਾਰੀ ਅਤੇ ਅਖ਼ੀਰ ਜਿਲ੍ਹਾ ਰੋਜ਼ਗਾਰ ਅਧਿਕਾਰੀ ਬਣਕੇ ਸੇਵਾ ਮੁਕਤ ਹੋਏ ਸਨ। ਇਹ ਸਾਰੀਆਂ ਤਰੱਕੀਆਂ ਦਲੀਪ ਸਿੰਘ ਵਾਸਨ ਦੀ ਮਿਹਨਤ, ਵਫ਼ਾਦਾਰੀ ਅਤੇ ਬਿਹਤਰੀਨ ਕਾਰਗੁਜ਼ਾਰੀ ਕਰਕੇ ਸੰਭਵ ਹੋਈਆਂ। ਉਸਦਾ ਵਿਆਹ ਮਨਮੋਹਨ ਕੌਰ ਨਾਲ ਹੋਇਆ। ਉਨ੍ਹਾਂ ਦੇ ਦੋ ਲੜਕੇ ਮਹਿੰਦਰ ਸਿੰਘ, ਰਾਜਿੰਦਰ ਸਿੰਘ ਅਤੇ ਲੜਕੀ ਨਿਰਮਲ ਜੋਤ ਕੌਰ ਹੈ। ਉਸਦੀ ਲੜਕੀ ਨਿਰਮਲ ਜੋਤ ਕੌਰ ਪ੍ਰੋ ਗੁਰਮੀਤ ਸਿੰਘ ਸਾਬਕਾ ਡਾਇਰੈਕਟਰ ਲੋਕ ਸੰਪਰਕ ਪੰਜਾਬੀ ਯੂਨੀਵਰਸਿਟੀ ਨੂੰ ਵਿਆਹੀ ਹੋਈ ਹੈ। ਦਲੀਪ ਸਿੰਘ ਵਾਸਨ 25 ਅਪ੍ਰੈਲ 2026 ਨੂੰ ਸਵਰਗਵਾਸ ਹੋ ਗਏ ਹਨ। ਉਨ੍ਹਾਂ ਦੀ ਅੰਤਮ ਅਰਦਾਸ, ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਅਤੇ ਕੀਰਤਨ ਸਨਿ-ਚਰਵਾਰ 2 ਮਈ 2026 ਨੂੰ ਗੁਰਦੁਆਰਾ ਸਿੰਘ ਸਭਾ ਸੇਵਾ ਸਿੰਘ ਠੀਕਰੀਵਾਲਾ ਨਗਰ ਪਟਿਆਲਾ ਵਿਖੇ ਦੁਪਹਿਰ 12 ਤੋਂ ਵਜੇ 1 ਤੱਕ ਹੋਵੇਗਾ।

ਮੋਬਾਈਲ-94178 13072
ujagarsingh48@yahoo.com

# ਈਰਾਨ-ਅਮਰੀਕਾ ਤਣਾਅ ਦਾ ਅਸਰ: ਤੇਲ ਦੀਆਂ ਕੀਮਤਾਂ ਨੇ ਅਮਰੀਕੀਆਂ ਦੇ ਹੋਸ਼ ਉਡਾਏ

ਵਾਸ਼ਿੰਗਟਨ-ਈਰਾਨ ਅਤੇ ਅਮਰੀਕਾ ਦੇ ਵਿਚਾਲੇ ਵਧਦੇ ਤਣਾਅ ਅਤੇ ਅੰਤਰਰਾਸ਼ਟਰੀ ਅਸਥਿਰਤਾ ਨੇ ਗਲੋਬਲ ਪੱਧਰ 'ਤੇ ਤੇਲ ਦੀਆਂ ਕੀਮਤਾਂ ਨੂੰ ਅੱਗ ਲਗਾ ਦਿੱਤੀ ਹੈ। ਇਸ ਦਾ ਸਭ ਤੋਂ ਵੱਡਾ ਅਸਰ ਅਮਰੀਕਾ ਵਿੱਚ ਦੇਖਣ ਨੂੰ ਮਿਲ ਰਿਹਾ ਹੈ, ਜਿੱਥੇ ਜੈੱਟ ਈਂਧਨ (ਹਵਾਈ ਜਹਾਜ਼ ਦੇ ਤੇਲ) ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆਇਆ ਹੈ। ਨਤੀਜੇ ਵਜੋਂ, ਅਮਰੀਕੀ ਏਅਰਲਾਈਨਾਂ ਨੂੰ ਨਾ ਸਿਰਫ਼ ਟਿਕਟਾਂ ਦੀਆਂ ਕੀਮਤਾਂ ਵਧਾਉਣੀਆਂ ਪਈਆਂ ਹਨ, ਸਗੋਂ ਕਈ ਉਡਾਣਾਂ ਵੀ ਰੱਦ ਕਰਨੀਆਂ ਪੈ ਰਹੀਆਂ ਹਨ। ਇਸ ਸੰਕਟ ਨੇ ਅਮਰੀਕੀ ਸੀਨੇਟ ਵਿੱਚ ਇੱਕ ਵੱਡੀ ਬਹਿਸ ਛੇੜ ਦਿੱਤੀ ਹੈ, ਜਿੱਥੇ ਊਰਜਾ ਨੀਤੀ ਅਤੇ ਬਦਲਵੇਂ ਈਂਧਨ (ਐਸਏਐਫ) ਨੂੰ ਲੈ ਕੇ ਸਰਕਾਰ ਦੀ ਜਵਾਬਦੇਹੀ ਤੈਅ ਕੀਤੀ ਜਾ ਰਹੀ ਹੈ।




### ਅਸਮਾਨ ਨੂੰ ਛੂਹ ਰਹੀਆਂ ਤੇਲ ਦੀਆਂ ਕੀਮਤਾਂ

ਪਿਛਲੇ ਕੁਝ ਸਮੇਂ ਵਿੱਚ ਜੈੱਟ ਈਂਧਨ ਦੀਆਂ ਕੀਮਤਾਂ 100 ਡਾਲਰ ਪ੍ਰਤੀ ਬੈਰਲ ਤੋਂ ਵਧ ਕੇ 200 ਡਾਲਰ ਦੇ ਪਾਰ ਪਹੁੰਚ ਗਈਆਂ ਹਨ। ਹਾਲਾਂਕਿ ਹੁਣ ਕੀਮਤਾਂ ਵਿੱਚ ਮਾਮੂਲੀ ਗਿਰਾਵਟ ਆਈ ਹੈ, ਪਰ ਇਹ ਅਜੇ ਵੀ ਏਅਰਲਾਈਨਾਂ ਦੇ ਬਜਟ ਤੋਂ ਬਾਹਰ ਹਨ। 'ਅਲਾਸਕਾ ਏਅਰਲਾਈਨਜ਼' ਵਰਗੀਆਂ ਵੱਡੀਆਂ ਕੰਪਨੀਆਂ ਨੂੰ ਇਸ ਤਿਮਾਹੀ ਵਿੱਚ ਕਰੋੜਾਂ ਡਾਲਰ ਦਾ ਵਾਧੂ ਬੋਝ ਚੁੱਕਣਾ ਪੈ ਰਿਹਾ ਹੈ। ਖ਼ਰਚੇ ਘਟਾਉਣ ਲਈ ਕੰਪਨੀਆਂ ਨੇ ਆਪਣੇ 'ਸਪਰਿੰਗ ਸ਼ਡਿਊਲ' ਵਿੱਚ ਕਟੌਤੀ ਕਰਨੀ ਸ਼ੁਰੂ ਕਰ ਦਿੱਤੀ ਹੈ, ਜਿਸ ਨਾਲ ਆਮ ਮੁਸਾਫ਼ਰਾਂ ਦੀਆਂ ਯੋਜਨਾਵਾਂ ਪ੍ਰਭਾਵਿਤ ਹੋ ਰਹੀਆਂ ਹਨ।

### ਸੀਨੇਟ ਵਿੱਚ ਸਰਕਾਰ ਦੀ ਘੇਰਾਬੰਦੀ

ਸੀਨੇਟਰ ਮਾਰੀਆ ਕੈਂਟਵੈਲ ਨੇ ਇਸ ਸੰਕਟ ਲਈ ਸਰਕਾਰ ਦੀਆਂ ਊਰਜਾ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਨੇ ਊਰਜਾ ਮੰਤਰੀ ਕ੍ਰਿਸ ਰਾਈਟ ਨੂੰ ਸਵਾਲ ਕੀਤਾ ਕਿ ਟਿਕਾਊ ਹਵਾਬਾਜ਼ੀ ਈਂਧਨ ਲਈ ਦਿੱਤੀ ਜਾਣ ਵਾਲੀ ਟੈਕਸ ਛੋਟ ਅਤੇ ਸਰਕਾਰੀ ਮਦਦ ਨੂੰ ਕਿਉਂ ਘਟਾਇਆ ਜਾ ਰਿਹਾ ਹੈ?

ਕੈਂਟਵੈਲ ਦਾ ਤਰਕ ਹੈ ਕਿ ਜੇਕਰ ਅਮਰੀਕਾ ਬਦਲਵੇਂ ਈਂਧਨ ਨੂੰ ਉਤਸ਼ਾਹਿਤ ਨਹੀਂ ਕਰੇਗਾ, ਤਾਂ ਉਹ ਹਮੇਸ਼ਾ ਮੱਧ-ਪੂਰਬ ਦੇ ਤੇਲ ਅਤੇ ਉੱਥੋਂ ਦੀ ਸਿਆਸੀ ਅਸਥਿਰਤਾ 'ਤੇ ਨਿਰਭਰ ਰਹੇਗਾ।

ਦੂਜੇ ਪਾਸੇ, ਊਰਜਾ ਮੰਤਰੀ ਕ੍ਰਿਸ ਰਾਈਟ ਨੇ ਕੀਮਤਾਂ 'ਤੇ ਚਿੰਤਾ ਤਾਂ ਜਤਾਈ, ਪਰ ਪ੍ਰਸ਼ਾਸਨ ਦਾ ਬਚਾਅ ਕਰਦੇ ਹੋਏ ਕਿਹਾ ਕਿ ਮੌਜੂਦਾ ਕੀਮਤਾਂ ਚਾਰ ਸਾਲ ਪਹਿਲਾਂ ਦੇ ਮੁਕਾਬਲੇ ਅਜੇ ਵੀ ਘੱਟ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਬਦਲਵੇਂ ਈਂਧਨ ਅਜੇ ਬਹੁਤ ਮਹਿੰਗੇ ਹਨ ਅਤੇ ਉਨ੍ਹਾਂ ਦੇ ਉਤਪਾਦਨ ਲਈ ਲੋੜੀਂਦਾ ਬੁਨਿਆਦੀ ਢਾਂਚਾ ਵੀ ਸੀਮਤ ਹੈ।

### ਆਮ ਜਨਤਾ 'ਤੇ ਕੀ ਹੋਵੇਗਾ ਅਸਰ?

ਈਂਧਨ ਦੀ ਇਸ ਮਹਿੰਗਾਈ ਦਾ ਅਸਰ ਸਿਰਫ਼ ਹਵਾਈ ਸਫ਼ਰ ਤੱਕ ਸੀਮਤ ਨਹੀਂ ਹੈ। ਕੀਮਤਾਂ ਵਧਣ ਨਾਲ ਪੂਰੀ ਟਰਾਂਸਪੋਰਟ ਵਿਵਸਥਾ ਮਹਿੰਗੀ ਹੋ ਗਈ ਹੈ। ਏਅਰਲਾਈਨਾਂ ਵਧੇ ਹੋਏ ਖ਼ਰਚੇ ਦੀ ਭਰਪਾਈ ਯਾਤਰੀਆਂ ਤੋਂ ਵਾਧੂ ਚਾਰਜ ਵਸੂਲ ਕੇ ਕਰ ਰਹੀਆਂ ਹਨ। ਡੀਜ਼ਲ ਮਹਿੰਗਾ ਹੋਣ ਨਾਲ ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਦੀਆਂ ਕੀਮਤਾਂ ਵਧਣ ਦਾ ਖ਼ਦਸ਼ਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਸਰਕਾਰ ਨੇ ਨਵੀਂ ਊਰਜਾ ਤਕਨੀਕਾਂ ਵੱਲ ਧਿਆਨ ਨਾ ਦਿੱਤਾ, ਤਾਂ ਭਵਿੱਖ ਵਿੱਚ ਯਾਤਰਾ ਅਤੇ ਮਾਲ ਢੁਆਈ ਦਾ ਖ਼ਰਚਾ ਆਮ ਆਦਮੀ ਦੀ ਜੇਬ 'ਤੇ ਹੋਰ ਵੀ ਭਾਰੀ ਪਵੇਗਾ।

# ਟਰੰਪ ਨੂੰ ਵੱਡਾ ਝਟਕਾ: ਸੁਪਰੀਮ ਕੋਰਟ ਨੇ ਟੈਰਿਫ ਨੂੰ ਦੱਸਿਆ ਗੈਰ-ਕਾਨੂੰਨੀ

## ✪ ਭਾਰਤ ਸਮੇਤ ਕਈ ਦੇਸ਼ਾਂ ਨੂੰ ਮਿਲਣਗੇ 159 ਬਿਲੀਅਨ ਡਾਲਰ

ਵਾਸ਼ਿੰਗਟਨ-ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਆਰਥਿਕ ਨੀਤੀਆਂ ਨੂੰ ਸੁਪਰੀਮ ਕੋਰਟ ਨੇ ਕਰਾਰਾ ਝਟਕਾ ਦਿੱਤਾ ਹੈ। ਅਦਾਲਤ ਨੇ 2025 ਵਿੱਚ ਵਿਦੇਸ਼ੀ ਵਸਤੂਆਂ 'ਤੇ ਲਗਾਏ ਗਏ ਭਾਰੀ ਟੈਰਿਫ (ਟੈਕਸ) ਨੂੰ 'ਅਧਿਕਾਰ ਖੇਤਰ ਤੋਂ ਬਾਹਰ' ਦੱਸਦਿਆਂ ਰੱਦ ਕਰ ਦਿੱਤਾ ਹੈ। ਇਸ ਫੈਸਲੇ ਤੋਂ ਬਾਅਦ ਹੁਣ ਅਮਰੀਕੀ ਸਰਕਾਰ ਨੂੰ ਵੱਖ-ਵੱਖ ਦੇਸ਼ਾਂ ਅਤੇ ਕੰਪਨੀਆਂ ਤੋਂ ਵਸੂਲੇ ਗਏ ਲਗਭਗ 159 ਬਿਲੀਅਨ ਡਾਲਰ ਵਾਪਸ ਕਰਨੇ ਪੈਣਗੇ। ਰਾਸ਼ਟਰਪਤੀ ਟਰੰਪ ਨੇ ਅਦਾਲਤ ਦੇ ਇਸ ਫੈਸਲੇ 'ਤੇ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ ਹੈ ਅਤੇ ਇਸ ਨੂੰ "ਹਾਸੋਹੀਣਾ" ਕਰਾਰ ਦਿੱਤਾ ਹੈ।

ਅਮਰੀਕੀ ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਸਪੱਸ਼ਟ ਕੀਤਾ ਕਿ ਟਰੰਪ ਪ੍ਰਸ਼ਾਸਨ ਨੇ ਟੈਰਿਫ ਲਾਗੂ ਕਰਨ ਵੇਲੇ ਆਪਣੀਆਂ ਕਾਰਜਕਾਰੀ ਸ਼ਕਤੀਆਂ ਦੀ ਦੁਰਵਰਤੋਂ ਕੀਤੀ ਹੈ। ਅਦਾਲਤ ਅਨੁਸਾਰ ਵਪਾਰਕ ਡਿਊਟੀ ਲਗਾਉਣ ਲਈ ਲੋੜੀਂਦੀ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ ਗਈ। ਇਹ ਕਦਮ ਲੋਕਤੰਤਰੀ ਸੰਸਥਾਵਾਂ ਦੇ ਅਧਿਕਾਰਾਂ ਦੀ ਉਲੰਘਣਾ ਸੀ। ਹੁਣ ਸਰਕਾਰ ਲਈ ਇਹ ਲਾਜ਼ਮੀ ਹੈ ਕਿ ਉਹ ਵਸੂਲੀ ਗਈ ਅਰਬਾਂ ਡਾਲਰ ਦੀ ਰਾਸ਼ੀ ਰਿਫੰਡ ਵਜੋਂ ਵਾਪਸ ਕਰੇ।

### ਭਾਰਤ 'ਤੇ ਕੀ ਹੋਵੇਗਾ ਅਸਰ?

ਭਾਰਤ ਉਨ੍ਹਾਂ ਪ੍ਰਮੁੱਖ ਦੇਸ਼ਾਂ ਵਿੱਚ ਸ਼ਾਮਲ ਸੀ ਜਿਨ੍ਹਾਂ 'ਤੇ ਟਰੰਪ ਨੇ ਸ਼ੁਰੂਆਤੀ ਦੌਰ ਵਿੱਚ 50% ਤੱਕ ਦਾ ਭਾਰੀ ਟੈਰਿਫ ਲਗਾਇਆ ਸੀ। ਹਾਲਾਂਕਿ ਬਾਅਦ ਵਿੱਚ ਇਸ ਨੂੰ ਘਟਾ ਕੇ 18% ਕਰ ਦਿੱਤਾ ਗਿਆ ਸੀ, ਪਰ ਇਸ ਦੌਰਾਨ ਭਾਰਤੀ ਨਿਰਯਾਤਕਾਂ ਨੂੰ ਕਰੋੜਾਂ ਡਾਲਰ ਵਾਧੂ ਚੁਕਾਉਣੇ ਪਏ ਸਨ। ਇਸ ਰਿਫੰਡ ਨਾਲ ਭਾਰਤੀ ਸਟੀਲ, ਐਲੂਮੀਨੀਅਮ ਅਤੇ ਆਈ.ਟੀ. ਖੇਤਰ ਨੂੰ ਵੱਡਾ ਫਾਇਦਾ ਹੋਣ ਦੀ ਉਮੀਦ ਹੈ। 159 ਬਿਲੀਅਨ ਡਾਲਰ ਦੇ ਕੁੱਲ ਰਿਫੰਡ ਵਿੱਚੋਂ ਭਾਰਤ ਦੇ ਹਿੱਸੇ ਅਰਬਾਂ ਡਾਲਰ ਆ ਸਕਦੇ ਹਨ।


ਇਸ ਫੈਸਲੇ ਦਾ ਅਸਰ ਸਿਰਫ਼ ਭਾਰਤ 'ਤੇ ਹੀ ਨਹੀਂ, ਸਗੋਂ ਚੀਨ, ਕੈਨੇਡਾ, ਮੈਕਸੀਕੋ ਅਤੇ ਯੂਰਪੀ ਸੰਘ ਵਰਗੇ ਦੇਸ਼ਾਂ 'ਤੇ ਵੀ ਪਵੇਗਾ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਰਿਫੰਡ ਨਾਲ ਉਨ੍ਹਾਂ ਦੇਸ਼ਾਂ ਦੀ ਆਰਥਿਕਤਾ ਮਜ਼ਬੂਤ ਹੋਵੇਗੀ ਜੋ ਟਰੰਪ ਦੀ 'ਅਮਰੀਕਾ ਫਸਟ' ਨੀਤੀ ਕਾਰਨ ਪ੍ਰਭਾਵਿਤ ਹੋਏ ਸਨ। ਅਮਰੀਕਾ ਲਈ ਇੰਨੀ ਵੱਡੀ ਰਕਮ ਵਾਪਸ ਕਰਨਾ ਇੱਕ ਵੱਡੀ ਵਿੱਤੀ ਚੁਣੌਤੀ ਬਣ ਸਕਦਾ ਹੈ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਇਹ ਫੈਸਲਾ ਦੇਸ਼ ਦੇ ਹਿੱਤ ਵਿੱਚ ਨਹੀਂ ਹੈ। ਉਹਨਾਂ ਦਾ ਦਾਅਵਾ ਹੈ ਕਿ ਇਹਨਾਂ ਟੈਰਿਫਾਂ ਰਾਹੀਂ ਉਹਨਾਂ ਨੇ ਅਮਰੀਕੀ ਉਦਯੋਗਾਂ ਦੀ ਰੱਖਿਆ ਕੀਤੀ ਸੀ। ਹੁਣ ਦੇਖਣਾ ਇਹ ਹੋਵੇਗਾ ਕਿ ਟਰੰਪ ਪ੍ਰਸ਼ਾਸਨ ਇਸ ਕਾਨੂੰਨੀ ਹਾਰ ਤੋਂ ਬਾਅਦ ਆਪਣੀ ਅਗਲੀ ਵਪਾਰਕ ਨੀਤੀ ਕਿਵੇਂ ਤਿਆਰ ਕਰਦਾ ਹੈ।

# ਅਫ਼ਰੀਕਾ ਦੀ ਧਰਤੀ 'ਤੇ ਗੂੰਜਿਆ 'ਸ਼ੇਰ-ਏ-ਪੰਜਾਬ' ਦਾ ਨਾਮ

## ✪ ਮਲਾਵੀ 'ਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦਾ ਉਦਘਾਟਨ

ਚੰਡੀਗੜ੍ਹ/ਬਲੈਂਟਾਇਰ (ਮਲਾਵੀ)-ਸਿੱਖ ਰਾਜ ਦੇ ਮਹਾਨ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦੀ ਵਿਰਾਸਤ ਹੁਣ ਸਿਰਫ਼ ਪੰਜਾਬ ਤੱਕ ਹੀ ਸੀਮਤ ਨਹੀਂ ਰਹੀ, ਸਗੋਂ ਅਫ਼ਰੀਕੀ ਮਹਾਂਦੀਪ ਵਿੱਚ ਵੀ ਉਨ੍ਹਾਂ ਦੇ ਸਤਿਕਾਰ ਵਿੱਚ ਇੱਕ ਨਵਾਂ ਅਧਿਆਏ ਜੁੜ ਗਿਆ ਹੈ। ਇੰਡੀਅਨ ਕੌਂਸਲ ਫਾਰ ਕਲਚਰਲ ਰਿਲੇਸ਼ਨਜ਼ ਵੱਲੋਂ ਅਫ਼ਰੀਕਾ ਦੇ ਦੇਸ਼ ਮਲਾਵੀ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਤ ਕੀਤਾ ਗਿਆ ਹੈ। ਇਸ ਇਤਿਹਾਸਕ ਬੁੱਤ ਦਾ ਉਦਘਾਟਨ 19 ਅਪ੍ਰੈਲ ਨੂੰ ਵਿਸਾਖੀ ਦੇ ਜਸ਼ਨਾਂ ਦੌਰਾਨ ਕੀਤਾ ਗਿਆ।

ਉਦਘਾਟਨ ਦੀ ਰਸਮ ਭਾਰਤ ਦੇ ਹਾਈ ਕਮਿਸ਼ਨਰ ਸ਼੍ਰੀ ਅਮਰਾਰਾਮ ਗੁੱਜਰ ਅਤੇ ਬਲੈਂਟਾਇਰ ਸਿਟੀ ਕੌਂਸਲਰ ਇਸਹਾਕ ਜੋਮੋ ਓਸਮਾਨ ਵੱਲੋਂ ਸਾਂਝੇ ਤੌਰ 'ਤੇ ਨਿਭਾਈ ਗਈ। ਸਮਾਰੋਹ ਦੌਰਾਨ ਸਿੱਖ ਭਾਈਚਾਰੇ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ 400 ਤੋਂ ਵੱਧ ਸਿੱਖ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਭਾਰਤ ਸਰਕਾਰ ਵੱਲੋਂ ਤੋਹਫ਼ੇ ਵਜੋਂ ਦਿੱਤਾ ਗਿਆ ਇਹ ਬੁੱਤ ਮਹਾਰਾਜਾ ਰਣਜੀਤ ਸਿੰਘ ਦੀ ਹਿੰਮਤ, ਅਗਵਾਈ ਅਤੇ ਦੂਰਦਰਸ਼ੀ ਸੋਚ ਦਾ ਪ੍ਰਤੀਕ ਹੈ। ਆਈਸੀਸੀਆਰ ਦੇ ਡਾਇਰੈਕਟਰ ਜਨਰਲ ਕੇ. ਨੰਦਨੀ ਸੰਗਲਾ ਨੇ ਕਿਹਾ ਕਿ ਇਹ ਬੁੱਤ ਸਥਾਪਤ ਕਰਨਾ ਭਾਰਤੀ ਪ੍ਰਵਾਸੀਆਂ, ਖਾਸ ਕਰਕੇ ਸਿੱਖ ਭਾਈਚਾਰੇ ਲਈ ਆਪਣੀ ਅਮੀਰ ਵਿਰਾਸਤ ਨਾਲ ਜੁੜਨ ਦਾ ਇੱਕ ਸੁਨਹਿਰੀ ਮੌਕਾ ਹੈ।



# .ਗਜ਼ਾ ਵਿਖੇ ਬਾਰੂਦ ਦੇ ਧੂੰਏਂ ਹੇਠ ਦਫ਼ਨ ਹੋਇਆ ਬਚਪਨ: ਨਾ ਮੁਸਕਾਨ ਬਚੀ, ਨਾ ਸ਼ਬਦ !

**ਖਾਸ ਖਬਰ**

.ਗਜ਼ਾ ਪੱਟੀ ਤੋਂ ਆ ਰਹੀਆਂ ਖ਼ਬਰਾਂ ਹੁਣ ਸਿਰਫ਼ ਮਲਬੇ ਅਤੇ ਮੌਤਾਂ ਦੇ ਅੰਕੜਿਆਂ ਤੱਕ ਸੀਮਤ ਨਹੀਂ ਰਹੀਆਂ, ਸਗੋਂ ਇਹ ਇੱਕ ਅਜਿਹੀ ਮਨੁੱਖੀ ਤ੍ਰਾਸਦੀ ਵੱਲ ਇਸ਼ਾਰਾ ਕਰ ਰਹੀਆਂ ਹਨ ਜੋ ਆਉਣ ਵਾਲੀਆਂ ਨਸਲਾਂ ਦੀ ਬੁਨਿਆਦ ਹਿਲਾ ਰਹੀ ਹੈ। ਹਮਾਦ ਹਸਪਤਾਲ ਦੇ ਡਾਕਟਰਾਂ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਰੂਹ ਕੰਬਾਊ ਹੈ: .ਗਜ਼ਾ ਦੇ ਮਾਸੂਮ ਬੱਚੇ ਹੁਣ 'ਪੱਥਰ' ਬਣਦੇ ਜਾ ਰਹੇ ਹਨ। ਉਹ ਨਾ ਸਿਰਫ਼ ਆਪਣੀ ਮੁਸਕਾਨ ਗੁਆ ਚੁੱਕੇ ਹਨ, ਸਗੋਂ ਬੰਬ ਧਮਾਕਿਆਂ ਦੇ ਖ਼ੌਫ ਨੇ ਉਨ੍ਹਾਂ ਦੀ ਜ਼ਬਾਨ 'ਤੇ ਹਮੇਸ਼ਾ ਲਈ ਤਾਲਾ ਜੜ ਦਿੱਤਾ ਹੈ।



5 ਸਾਲਾ ਜਾਦ: ਜਾਦ ਦੀ ਮਾਂ ਨੇ ਦੱਸਿਆ ਕਿ ਉਹ ਬਿਲਕੁਲ ਠੀਕ ਬੋਲਦਾ ਸੀ। ਪਰ ਇੱਕ ਰਾਤ ਘਰ ਦੇ ਬਹੁਤ ਨੇੜੇ ਹੋਈ ਭਿਆਨਕ ਬੰਬਾਰੀ ਤੋਂ ਬਾਅਦ ਜਦੋਂ ਉਹ ਅਗਲੀ ਸਵੇਰ ਸੌਂ ਕੇ ਉੱਠਿਆ, ਤਾਂ ਉਸ ਦੀ ਆਵਾਜ਼ ਹਮੇਸ਼ਾ ਲਈ ਖ਼ਾਮੋਸ਼ ਹੋ ਚੁੱਕੀ ਸੀ।

4 ਸਾਲਾ ਲੂਸੀਨ: ਹਵਾਈ ਹਮਲੇ ਦੌਰਾਨ ਟੁੱਟੀ ਹੋਈ ਸੀੜ੍ਹੀ ਤੋਂ ਡਿੱਗਣ ਕਾਰਨ ਲੂਸੀਨ ਨੂੰ ਇੰਨਾ ਗਹਿਰਾ ਸਦਮਾ ਲੱਗਾ ਕਿ ਉਸ ਨੇ ਵੀ ਬੋਲਣਾ ਬੰਦ ਕਰ ਦਿੱਤਾ।

ਜੰਗ ਵਿੱਚ ਇਮਾਰਤਾਂ ਦਾ ਡਿੱਗਣਾ ਅਤੇ ਸੜਕਾਂ ਦਾ ਟੁੱਟਣਾ ਸਾਫ਼ ਦਿਖਾਈ ਦਿੰਦਾ ਹੈ, ਪਰ ਬੱਚਿਆਂ ਦੇ ਕੋਮਲ ਮਨਾਂ 'ਤੇ ਲੱਗੇ ਜ਼ਖ਼ਮ ਅਦਿੱਖ ਹੁੰਦੇ ਹਨ। ਡਾਕਟਰਾਂ ਨੇ ਇਸ ਨੂੰ 'ਸਿਲੈਕਟਿਵ ਮਿਊਟਿਜ਼ਮ' ਅਤੇ 'ਹਿਸਟੀਰੀਕਲ ਐਫੋਨੀਆ' ਵਰਗੇ ਨਾਂ ਦਿੱਤੇ ਹਨ।

ਸਰਲ ਭਾਸ਼ਾ ਵਿੱਚ, ਇਹ ਇੱਕ ਅਜਿਹਾ ਮਾਨਸਿਕ ਸਦਮਾ ਹੈ ਜਿੱਥੇ ਬੱਚਾ ਸਰੀਰਕ ਤੌਰ 'ਤੇ ਠੀਕ ਹੋਣ ਦੇ ਬਾਵਜੂਦ ਬੋਲਣ ਦੀ ਸਮਰੱਥਾ ਗੁਆ ਦਿੰਦਾ ਹੈ। ਜਦੋਂ ਇੱਕ ਪੰਜ ਸਾਲ ਦਾ ਬੱਚਾ ਬੰਬਾਰੀ ਤੋਂ ਬਾਅਦ ਸੌਂ ਕੇ ਉੱਠਦਾ ਹੈ ਅਤੇ ਫਿਰ ਕਦੇ ਨਹੀਂ ਬੋਲ ਪਾਉਂਦਾ, ਤਾਂ ਇਹ ਸਿਰਫ਼ ਇੱਕ ਮੈਡੀਕਲ ਕੇਸ ਨਹੀਂ, ਸਗੋਂ ਪੂਰੀ ਇਨਸਾਨੀਅਤ ਦੀ ਹਾਰ ਹੈ।

ਮਨੋਵਿਗਿਆਨੀਆਂ ਅਨੁਸਾਰ, ਜਦੋਂ ਹਿੰਸਾ ਅਤੇ ਮੌਤ ਦਾ ਨੰਗਾ ਨਾਚ ਸਹਿਣ ਸ਼ਕਤੀ ਤੋਂ ਬਾਹਰ ਹੋ ਜਾਂਦਾ ਹੈ, ਤਾਂ ਮਾਸੂਮਾਂ ਦਾ ਦਿਮਾਗ 'ਫ੍ਰੀਜ਼ ਰਿਸਪਾਂਸ' ਮੋਡ ਵਿੱਚ ਚਲਾ ਜਾਂਦਾ ਹੈ। ਇਹ ਇੱਕ ਕੁਦਰਤੀ ਰੱਖਿਆ ਪ੍ਰਣਾਲੀ ਹੈ, ਜਿੱਥੇ ਬੱਚਾ ਬਾਹਰੀ ਦੁਨੀਆ ਦੀ ਬੇਰਹਿਮੀ ਤੋਂ ਬਚਣ ਲਈ ਖ਼ੁਦ ਨੂੰ ਖ਼ਾਮੋਸ਼ੀ ਦੇ ਹਨੇਰੇ ਵਿੱਚ ਕੈਦ ਕਰ ਲੈਂਦਾ ਹੈ। ਇਹ ਚੁੱਪ ਦੁਨੀਆ ਲਈ ਇੱਕ ਵੱਡਾ ਸਵਾਲ ਹੈ: ਕੀ ਆਧੁਨਿਕ ਯੁੱਗ ਦੀਆਂ ਜੰਗਾਂ ਵਿੱਚ 'ਸੌਫਟ ਟਾਰਗੇਟ' ਹੁਣ ਬੱਚਿਆਂ ਦਾ ਭਵਿੱਖ ਬਣ ਗਿਆ ਹੈ? ਇਜ਼ਰਾਈਲ ਅਤੇ ਹਮਾਸ ਵਿਚਾਲੇ ਜਾਰੀ ਇਸ ਸੰਘਰਸ਼ ਵਿੱਚ ਰਣਨੀਤਕ ਜਿੱਤ ਅਤੇ ਹਾਰ ਦੇ ਦਾਅਵੇ ਆਪਣੀ ਜਗ੍ਹਾ ਹੋ ਸਕਦੇ ਹਨ, ਪਰ 'ਡਾਕਟਰਜ਼ ਵਿਦਾਊਟ ਬਾਰਡਰਜ਼' ਵਰਗੀਆਂ ਸੰਸਥਾਵਾਂ ਦੀ ਚਿਤਾਵਨੀ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜੇਕਰ ਇਨ੍ਹਾਂ ਬੱਚਿਆਂ ਨੂੰ ਤੁਰੰਤ ਮਨੋਵਿਗਿਆਨਕ ਇਲਾਜ ਅਤੇ ਸੁਰੱਖਿਅਤ ਮਾਹੌਲ ਨਾ ਮਿਲਿਆ, ਤਾਂ ਇਹ "ਖ਼ਾਮੋਸ਼ ਪੀੜਾ" ਉਨ੍ਹਾਂ ਦੀ ਸ਼ਖ਼ਸੀਅਤ ਨੂੰ ਹਮੇਸ਼ਾ ਲਈ ਅਪਾਹਜ ਬਣਾ ਦੇਵੇਗੀ।

.ਗਜ਼ਾ ਦੇ ਬੱਚਿਆਂ ਦੀ ਇਹ ਖ਼ਾਮੋਸ਼ੀ ਅੱਜ ਦੀ ਵਿਸ਼ਵ ਲੀਡਰਸ਼ਿਪ ਦੀ ਨਾਕਾਮੀ ਦਾ ਸਭ ਤੋਂ ਵੱਡਾ ਸਬੂਤ ਹੈ। ਜੇਕਰ ਅੰਤਰਰਾਸ਼ਟਰੀ ਭਾਈਚਾਰਾ ਅਜੇ ਵੀ ਮੂਕ ਦਰਸ਼ਕ ਬਣਿਆ ਰਹਿੰਦਾ ਹੈ, ਤਾਂ ਇਤਿਹਾਸ ਸਾਨੂੰ ਇੱਕ ਅਜਿਹੀ ਪੀੜ੍ਹੀ ਵਜੋਂ ਯਾਦ ਰੱਖੇਗਾ ਜਿਸ ਨੇ ਆਪਣੀਆਂ ਅੱਖਾਂ ਸਾਹਮਣੇ ਮਾਸੂਮਾਂ ਦੀ ਆਵਾਜ਼ ਨੂੰ ਮਰਦੇ ਦੇਖਿਆ ਅਤੇ ਕੁਝ ਨਹੀਂ ਕੀਤਾ। ਇਨ੍ਹਾਂ ਬੱਚਿਆਂ ਨੂੰ ਦਵਾਈਆਂ ਨਾਲੋਂ ਵੱਧ 'ਸ਼ਾਂਤੀ' ਅਤੇ 'ਸੁਰੱਖਿਆ' ਦੀ ਲੋੜ ਹੈ, ਤਾਂ ਜੋ ਉਹ ਫਿਰ ਤੋਂ ਬੋਲ ਸਕਣ, ਹੱਸ ਸਕਣ ਅਤੇ ਆਪਣਾ ਬਚਪਨ ਜੀ ਸਕਣ। ਦੁਨੀਆ ਨੂੰ ਜਾਗਣਾ ਹੋਵੇਗਾ, ਇਸ ਤੋਂ ਪਹਿਲਾਂ ਕਿ ਇਹ ਚੁੱਪ ਸਥਾਈ ਬਣ ਜਾਵੇ।

## 10ਵੀਂ ਪਾਸ ਨੌਜਵਾਨ ਨੇ ਖ਼ੁਦ ਨੂੰ ਐਮਬੀਬੀਐਸ ਡਾਕਟਰ ਦੱਸ ਕੇ ਆਈਟੀ ਮੁਲਾਜ਼ਮ ਨਾਲ ਕੀਤਾ ਜਬਰ-ਜਨਾਹ

**✪ ਲੱਖਾਂ ਦੀ ਠੱਗੀ ਮਾਰਨ ਵਾਲਾ ਮੁਲਜ਼ਮ ਕਾਬੂ**

ਚੰਡੀਗੜ੍ਹ-ਸੋਸ਼ਲ ਮੀਡੀਆ ਰਾਹੀਂ ਹੋਈ ਦੋਸਤੀ ਅਤੇ ਵਿਦੇਸ਼ ਜਾਣ ਦੇ ਲਾਲਚ ਨੇ ਇੱਕ 22 ਸਾਲਾ ਮੁਟਿਆਰ ਦੀ ਜ਼ਿੰਦਗੀ ਵਿੱਚ ਭਾਰੀ ਮੁਸੀਬਤ ਖੜ੍ਹੀ ਕਰ ਦਿੱਤੀ। ਚੰਡੀਗੜ੍ਹ ਪੁਲਿਸ ਨੇ ਹਰਿਆਣਾ ਦੇ ਕਰਨਾਲ ਨਾਲ ਸਬੰਧਤ ਇੱਕ ਅਜਿਹੇ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਨੇ ਖ਼ੁਦ ਨੂੰ ਫਰਜ਼ੀ ਡਾਕਟਰ ਦੱਸ ਕੇ ਇੱਕ ਆਈ.ਟੀ. ਕੰਪਨੀ ਦੀ ਮੁਲਾਜ਼ਮ ਨਾਲ ਨਾ ਸਿਰਫ਼ ਜਬਰ-ਜਨਾਹ ਕੀਤਾ, ਸਗੋਂ ਉਸ ਨੂੰ ਬਲੈਕਮੇਲ ਕਰਕੇ ਲੱਖਾਂ ਰੁਪਏ ਵੀ ਹੜੱਪ ਲਏ। ਜਾਣਕਾਰੀ ਅਨੁਸਾਰ, ਮੁਲਜ਼ਮ ਦੀ ਪਛਾਣ 30 ਸਾਲਾ ਅੰਕਿਤ ਸ਼ਰਮਾ (ਨਿਵਾਸੀ ਪਿੰਡ ਸਤਰੀ, ਕਰਨਾਲ) ਵਜੋਂ ਹੋਈ ਹੈ। ਅੰਕਿਤ ਨੇ ਸੋਸ਼ਲ ਮੀਡੀਆ 'ਤੇ ਮਨੀਮਾਜਰਾ ਦੀ ਰਹਿਣ ਵਾਲੀ ਪੀੜਤ ਮੁਟਿਆਰ ਨਾਲ ਸੰਪਰਕ ਬਣਾਇਆ। ਉਸ ਨੇ ਆਪਣੀ ਪਛਾਣ ਇੱਕ ਕਾਬਿਲ ਐਮਬੀਬੀਐਸ ਡਾਕਟਰ ਵਜੋਂ ਕਰਵਾਈ ਅਤੇ ਮੁਟਿਆਰ ਨੂੰ ਵਿਦੇਸ਼ ਵਿੱਚ ਸੈਟਲ ਕਰਵਾਉਣ ਦਾ ਸਬਜ਼ਬਾਗ ਦਿਖਾਇਆ। ਵਿਦੇਸ਼ ਭੇਜਣ ਦੇ ਬਹਾਨੇ ਮੁਲਜ਼ਮ ਨੇ ਮੁਟਿਆਰ ਨੂੰ ਇੱਕ ਹੋਟਲ ਵਿੱਚ ਬੁਲਾਇਆ, ਜਿੱਥੇ ਉਸ ਨਾਲ ਜਬਰ-ਜਨਾਹ ਕੀਤਾ ਗਿਆ। ਹੈਰਾਨੀ ਦੀ ਗੱਲ ਇਹ ਹੈ ਕਿ ਮੁਲਜ਼ਮ ਨੇ ਇਸ ਘਿਨਾਉਣੀ ਕਰਤੂਤ ਦੀ ਅਸ਼ਲੀਲ ਵੀਡੀਓ ਵੀ ਬਣਾ ਲਈ ਅਤੇ ਬਾਅਦ ਵਿੱਚ ਉਸ ਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਸਿਰਫ਼ ਸਰੀਰਕ ਸ਼ੋਸ਼ਣ ਤੱਕ ਹੀ ਸੀਮਤ ਨਹੀਂ ਰਿਹਾ। ਉਸ ਨੇ ਮੁਟਿਆਰ ਦੇ ਬੈਂਕ ਖਾਤੇ ਵਿੱਚੋਂ 1 ਲੱਖ 20 ਹਜ਼ਾਰ ਰੁਪਏ ਵੀ ਧੋਖੇ ਨਾਲ ਆਪਣੇ ਖਾਤੇ ਵਿੱਚ ਟ੍ਰਾਂਸਫਰ ਕਰ ਲਏ ਸਨ। ਇੰਡਸਟਰੀਅਲ ਏਰੀਆ ਥਾਣਾ ਪੁਲਿਸ ਨੇ ਸ਼ਿਕਾਇਤ ਮਿਲਣ ਤੋਂ ਬਾਅਦ ਤੁਰੰਤ ਕਾਰਵਾਈ ਕਰਦਿਆਂ ਅੰਕਿਤ ਸ਼ਰਮਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਪੁਲਿਸ ਹੁਣ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਅੰਕਿਤ ਨੇ ਇਸੇ ਤਰ੍ਹਾਂ ਦੇ ਫਰਜ਼ੀ ਡਾਕਟਰ ਵਾਲੇ ਜਾਲ ਵਿੱਚ ਹੋਰ ਵੀ ਮੁਟਿਆਰਾਂ ਨੂੰ ਫਸਾਇਆ ਹੈ।

## ਜੋਤਸ਼ੀ ਬਣ ਕੇ ਆਇਆ ਠੱਗ ਸਾਢੇ ਪੰਜ ਤੋਲੇ ਸੋਨਾ ਲੈ ਕੇ .ਫਰਾਰ

**✪ ਪੋਟਲੀ ਵਿਚੋਂ ਗਹਿਣਿਆਂ ਦੀ ਥਾਂ ਨਿਕਲੇ 'ਛੁਹਾਰੇ'**

ਭਵਾਨੀਗੜ੍ਹ (ਸੰਗਰੂਰ)-ਅੰਧਵਿਸ਼ਵਾਸ ਅਤੇ ਘਰੇਲੂ ਸਮੱਸਿਆਵਾਂ ਦਾ ਹੱਲ ਲੱਭਣ ਦੇ ਚੱਕਰ ਵਿੱਚ ਪਿੰਡ ਬਾਸੀਅਰਕ ਦੇ ਇੱਕ ਗਰੀਬ ਪਰਿਵਾਰ ਨਾਲ ਲੱਖਾਂ ਰੁਪਏ ਦੀ ਠੱਗੀ ਮਾਰਨ ਦਾ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ।

ਇੱਕ ਸ਼ਾਤਿਰ ਨੌਸਰਬਾਜ਼ ਜੋਤਸ਼ੀ ਬਣ ਕੇ ਪਰਿਵਾਰ ਦੇ 5.5 ਤੋਲੇ ਸੋਨੇ ਦੇ ਗਹਿਣੇ ਲੈ ਕੇ ਰਫੂਚੱਕਰ ਹੋ ਗਿਆ ਅਤੇ ਬਦਲੇ ਵਿੱਚ ਉਨ੍ਹਾਂ ਨੂੰ ਛੁਹਾਰਿਆਂ ਦੀ ਪੋਟਲੀ ਫੜਾ ਗਿਆ।

ਸ਼ਿਕਾਇਤਕਰਤਾ ਗੁਲਾਬ ਸਿੰਘ ਪੁੱਤਰ ਜੰਗ ਸਿੰਘ ਅਨੁਸਾਰ, ਮੁਕੇਸ਼ ਕੁਮਾਰ ਸ਼ਰਮਾ ਨਾਂ ਦੇ ਵਿਅਕਤੀ ਨੇ ਪਿੰਡ ਵਿੱਚ ਕਿਰਾਏ ਦੀ ਦੁਕਾਨ ਲੈ ਕੇ ਇੱਕ ਜੋਤਿਸ਼ ਕੇਂਦਰ ਖੋਲ੍ਹਿਆ ਸੀ। ਉਸ ਨੇ ਖ਼ੁਦ ਨੂੰ ਜੋਤਿਸ਼ ਵਿੱਦਿਆ ਦਾ ਮਾਹਿਰ ਦੱਸ ਕੇ ਭੋਲੇ-ਭਾਲੇ ਲੋਕਾਂ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ। ਗੁਲਾਬ ਸਿੰਘ ਅਤੇ ਉਸ ਦੀ ਪਤਨੀ ਆਪਣੀਆਂ ਘਰੇਲੂ ਸਮੱਸਿਆਵਾਂ ਦੇ ਹੱਲ ਲਈ ਉਸ ਕੋਲ ਗਏ ਸਨ। ਮੁਲਜ਼ਮ ਨੇ ਪਰਿਵਾਰ ਨੂੰ ਡਰਾ ਕੇ ਹਵਨ ਯੱਗ ਕਰਵਾਉਣ ਲਈ ਮਜਬੂਰ ਕੀਤਾ।

ਪਿਛਲੇ ਸਾਲ 17 ਸਤੰਬਰ ਨੂੰ ਪੂਜਾ ਦੇ ਬਹਾਨੇ ਉਸ ਨੇ ਗੁਲਾਬ ਸਿੰਘ ਦੀ ਪਤਨੀ ਕੋਲੋਂ 5.5 ਤੋਲੇ ਸੋਨੇ ਦੇ ਗਹਿਣੇ ਇੱਕ ਪੋਟਲੀ ਵਿੱਚ ਬੰਨ੍ਹ ਕੇ ਰੱਖ ਲਏ। ਦੋ-ਤਿੰਨ ਦਿਨਾਂ ਬਾਅਦ ਉਸ ਨੇ ਬੜੀ ਚਲਾਕੀ ਨਾਲ ਅਸਲੀ ਗਹਿਣਿਆਂ ਵਾਲੀ ਪੋਟਲੀ ਬਦਲ ਦਿੱਤੀ ਅਤੇ ਪਰਿਵਾਰ ਨੂੰ ਦੂਜੀ ਪੋਟਲੀ ਫੜਾ ਦਿੱਤੀ। ਜਦੋਂ ਪਰਿਵਾਰ ਨੇ ਪੋਟਲੀ ਖੋਲ੍ਹ ਕੇ




ਦੇਖੀ ਤਾਂ ਉਨ੍ਹਾਂ ਦੇ ਹੋਸ਼ ਉੱਡ ਗਏ, ਕਿਉਂਕਿ ਸੋਨੇ ਦੇ ਗਹਿਣਿਆਂ ਦੀ ਥਾਂ ਉਸ ਵਿੱਚੋਂ ਛੁਹਾਰੇ ਨਿਕਲੇ।

ਠੱਗੀ ਮਾਰਨ ਤੋਂ ਬਾਅਦ ਮੁਕੇਸ਼ ਕੁਮਾਰ ਸ਼ਰਮਾ ਨੇ ਆਪਣੀ ਦੁਕਾਨ ਬੰਦ ਕਰ ਦਿੱਤੀ ਅਤੇ ਆਪਣਾ ਮੋਬਾਈਲ ਫੋਨ ਵੀ ਬੰਦ ਕਰ ਲਿਆ। ਪੀੜਤ ਪਰਿਵਾਰ ਦੀ ਸ਼ਿਕਾਇਤ 'ਤੇ ਭਵਾਨੀਗੜ੍ਹ ਪੁਲਿਸ ਨੇ ਮਾਮਲਾ ਦਰਜ ਕਰਕੇ ਮੁਲਜ਼ਮ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਹ ਘਟਨਾ ਸਾਬਤ ਕਰਦੀ ਹੈ ਕਿ ਅੰਧਵਿਸ਼ਵਾਸ ਵਿੱਚ ਫਸ ਕੇ ਲੋਕ ਆਪਣੀ ਮਿਹਨਤ ਦੀ ਕਮਾਈ ਕਿਵੇਂ ਗੁਆ ਬੈਠਦੇ ਹਨ। ਪੁਲਿਸ ਨੇ ਲੋਕਾਂ ਨੂੰ ਅਜਿਹੇ ਫਰਜ਼ੀ ਜੋਤਸ਼ੀਆਂ ਅਤੇ ਠੱਗਾਂ ਤੋਂ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ।

# ਆਬਕਾਰੀ ਕੇਸ : ਕੀ ਕੇਜਰੀਵਾਲ ਨੇ ਜਸਟਿਸ ਸ਼ਰਮਾ 'ਤੇ ਸਵਾਲ ਉਠਾਕੇ ਨਿਆਂਪਾਲਿਕਾ ਨੂੰ ਸਿੱਧੀ ਚੁਣੌਤੀ ਦਿੱਤੀ ਹੈ ?

## ✪ ਜੱਜ ਬਦਲੋ ਜਾਂ ਕੇਸ ਲਟਕਾਓ ? ਕੇਜਰੀਵਾਲ ਦੀ ਨਵੀਂ ਰਣਨੀਤੀ ਦਾ ਪਰਦਾਫਾਸ਼

ਨਵੀਂ ਦਿੱਲੀ-ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਦਿੱਲੀ ਆਬਕਾਰੀ ਨੀਤੀ ਨਾਲ ਜੁੜੇ ਮਾਮਲੇ ਵਿੱਚ ਇੱਕ ਵੱਡਾ ਕਦਮ ਚੁੱਕਦਿਆਂ ਦਿੱਲੀ ਹਾਈ ਕੋਰਟ ਦੀ ਜਸਟਿਸ ਸਵਰਨਾ ਕਾਂਤਾ ਸ਼ਰਮਾ ਦੀ ਅਦਾਲਤ ਵਿੱਚ ਪੇਸ਼ ਹੋਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਕੇਜਰੀਵਾਲ ਨੇ ਜੱਜ ਨੂੰ ਇੱਕ ਚਾਰ ਸਫ਼ਿਆਂ ਦਾ ਪੱਤਰ ਲਿਖ ਕੇ ਸੁਣਵਾਈ ਦੀ ਨਿਰਪੱਖਤਾ 'ਤੇ ਗੰਭੀਰ ਖਦਸ਼ੇ ਪ੍ਰਗਟਾਏ ਹਨ।




ਕੇਜਰੀਵਾਲ ਨੇ ਆਪਣੇ ਪੱਤਰ ਵਿੱਚ ਲਿਖਿਆ ਕਿ ਉਨ੍ਹਾਂ ਨੂੰ ਇਸ ਮਾਮਲੇ ਵਿੱਚ 'ਇਨਸਾਫ਼ ਮਿਲਣ ਦੀ ਉਮੀਦ ਨਹੀਂ' ਦਿਖ ਰਹੀ। ਉਨ੍ਹਾਂ ਨੇ ਕਾਨੂੰਨ ਦੇ ਮੂਲ ਸਿਧਾਂਤ ਦਾ ਹਵਾਲਾ ਦਿੰਦਿਆਂ ਕਿਹਾ ਕਿ ਨਿਆਂ ਸਿਰਫ਼ ਹੋਣਾ ਹੀ ਨਹੀਂ ਚਾਹੀਦਾ, ਬਲਕਿ ਹੁੰਦਾ ਹੋਇਆ ਦਿਖਾਈ ਵੀ ਦੇਣਾ ਚਾਹੀਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਨਿੱਜੀ ਤੌਰ 'ਤੇ ਜਾਂ ਆਪਣੇ ਵਕੀਲ ਰਾਹੀਂ ਅਦਾਲਤ ਵਿੱਚ ਪੇਸ਼ ਨਹੀਂ ਹੋਣਗੇ।

ਕੇਜਰੀਵਾਲ ਨੇ ਜਸਟਿਸ ਸ਼ਰਮਾ ਨੂੰ ਕੇਸ ਤੋਂ ਲਾਂਭੇ ਹੋਣ ਲਈ ਪਹਿਲਾਂ ਦਿੱਤੀਆਂ ਦਲੀਲਾਂ ਨੂੰ ਦੁਹਰਾਉਂਦੇ ਹੋਏ ਦੋ ਪ੍ਰਮੁੱਖ ਕਾਰਨ ਦੱਸੇ। ਉਨ੍ਹਾਂ ਦੋਸ਼ ਲਾਇਆ ਕਿ ਜੱਜ ਦੀ ਜਨਤਕ ਸਾਂਝ ਆਰ. ਐੱਸ. ਐੱਸ ਦੇ ਕਾਨੂੰਨੀ ਵਿੰਗ 'ਅਖਿਲ ਭਾਰਤੀ ਅਧਿਵਕਤਾ ਪਰਿਸ਼ਦ' (ਏਬੀਏਪੀ) ਨਾਲ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜੱਜ ਦੇ ਬੱਚੇ ਕੇਂਦਰ ਸਰਕਾਰ ਦੇ ਵੱਖ-ਵੱਖ ਐਡਵੋਕੇਟ ਪੈਨਲਾਂ ਨਾਲ ਪੇਸ਼ੇਵਰ ਤੌਰ 'ਤੇ ਜੁੜੇ ਹੋਏ ਹਨ, ਜਿਸ ਕਾਰਨ ਨਿਰਪੱਖ ਸੁਣਵਾਈ ਨਾਮੁਮਕਿਨ ਹੈ।

ਬਾਅਦ ਵਿੱਚ ਸੋਸ਼ਲ ਮੀਡੀਆ ਐਕਸ 'ਤੇ ਇੱਕ ਵੀਡੀਓ ਸੁਨੇਹਾ ਜਾਰੀ ਕਰਦਿਆਂ ਕੇਜਰੀਵਾਲ ਨੇ ਕਿਹਾ, "ਇਹ ਲੜਾਈ ਜਿੱਤਣ ਜਾਂ ਹਾਰਨ ਦੀ ਨਹੀਂ, ਬਲਕਿ ਸਹੀ ਅਤੇ ਗ਼ਲਤ ਦੀ ਹੈ।"

ਉਨ੍ਹਾਂ ਮਹਾਤਮਾ ਗਾਂਧੀ ਦੀਆਂ ਸਿੱਖਿਆਵਾਂ ਦਾ ਹਵਾਲਾ ਦਿੰਦਿਆਂ ਇਸ ਕਦਮ ਨੂੰ ਨਿਆਂਪਾਲਿਕਾ ਨੂੰ ਮਜ਼ਬੂਤ ਕਰਨ ਦੀ ਇੱਕ ਕੋਸ਼ਿਸ਼ ਦੱਸਿਆ। ਉਨ੍ਹਾਂ ਸਾਫ਼ ਕੀਤਾ ਕਿ ਉਹ ਨਿਆਂਪਾਲਿਕਾ ਦਾ ਅਪਮਾਨ ਨਹੀਂ ਕਰ ਰਹੇ ਅਤੇ ਉਨ੍ਹਾਂ ਦਾ ਸੰਵਿਧਾਨ ਵਿੱਚ ਅਟੁੱਟ ਵਿਸ਼ਵਾਸ ਹੈ।

ਉਨ੍ਹਾਂ ਨੇ ਐਲਾਨ ਕੀਤਾ ਕਿ ਉਹ ਜਸਟਿਸ ਸ਼ਰਮਾ ਵੱਲੋਂ ਪਹਿਲਾਂ ਦਿੱਤੇ ਗਏ ਹੁਕਮਾਂ ਵਿਰੁੱਧ ਸੁਪਰੀਮ ਕੋਰਟ ਜਾਣ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਬਹੁਤ ਸੋਚ-ਸਮਝ ਕੇ ਇੱਕ-ਇੱਕ ਕਦਮ ਚੁੱਕ ਰਹੇ ਹਨ ਤਾਂ ਜੋ ਲੋਕਾਂ ਦਾ ਨਿਆਂਪਾਲਿਕਾ ਵਿੱਚ ਵਿਸ਼ਵਾਸ ਬਣਿਆ ਰਹੇ।

ਯਾਦ ਰਹੇ ਕਿ ਜਸਟਿਸ ਸਵਰਨਾ ਕਾਂਤਾ ਸ਼ਰਮਾ ਨੇ ਹੀ ਕੇਜਰੀਵਾਲ ਦੀ ਉਸ ਪਟੀਸ਼ਨ ਨੂੰ ਖਾਰਜ ਕੀਤਾ ਸੀ ਜਿਸ ਵਿੱਚ ਉਨ੍ਹਾਂ ਨੇ ਆਪਣੀ ਗ੍ਰਿਫ਼ਤਾਰੀ ਨੂੰ ਚੁਣੌਤੀ ਦਿੱਤੀ ਸੀ। ਉਸ ਵੇਲੇ ਅਦਾਲਤ ਨੇ ਬਹੁਤ ਸਖ਼ਤ ਟਿੱਪਣੀਆਂ ਕੀਤੀਆਂ ਸਨ ਕਿ "ਕਾਨੂੰਨ ਸਾਰਿਆਂ ਲਈ ਬਰਾਬਰ ਹੈ, ਭਾਵੇਂ ਉਹ ਮੁੱਖ ਮੰਤਰੀ ਹੀ ਕਿਉਂ ਨਾ ਹੋਵੇ।" ਕੇਜਰੀਵਾਲ ਨੂੰ ਲੱਗਦਾ ਹੈ ਕਿ ਇਸ ਅਦਾਲਤ ਦਾ ਰੁਖ਼ ਪਹਿਲਾਂ ਹੀ ਉਹਨਾਂ ਦੇ ਖਿਲਾਫ਼ ਤੈਅ ਹੋ ਚੁੱਕਾ ਹੈ।

ਕਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤੀ ਨਿਆਂਪਾਲਿਕਾ ਵਿੱਚ ਸਿਰਫ਼ "ਸ਼ੱਕ" ਦੇ ਆਧਾਰ 'ਤੇ ਜੱਜ ਬਦਲਣ ਦੀ ਇਜਾਜ਼ਤ ਘੱਟ ਹੀ ਮਿਲਦੀ ਹੈ, ਜਦੋਂ ਤੱਕ ਕੋਈ ਪੁਖ਼ਤਾ ਸਬੂਤ ਨਾ ਹੋਵੇ ਕਿ ਜੱਜ ਨੇ ਪੱਖਪਾਤ ਕੀਤਾ ਹੈ। ਵਿਰੋਧੀ ਧਿਰ (ਜਿਵੇਂ ਭਾਜਪਾ ਆਗੂ ਅਨਿਲ ਸਰੀਨ) ਇਸ ਨੂੰ ਕੇਸ ਲਟਕਾਉਣ ਅਤੇ ਜਨਤਾ ਦੀ ਹਮਦਰਦੀ ਲੈਣ ਦਾ ਇੱਕ ਜ਼ਰੀਆ ਮੰਨਦੀ ਹੈ।

ਅਦਾਲਤੀ ਕਾਰਵਾਈ ਵਿੱਚ ਜਦੋਂ ਕੋਈ ਮੁਲਜ਼ਮ ਜੱਜ 'ਤੇ ਸਵਾਲ ਚੁੱਕਦਾ ਹੈ, ਤਾਂ ਮਾਮਲਾ ਲੰਬਾ ਖਿੱਚਿਆ ਜਾਂਦਾ ਹੈ ਕਿਉਂਕਿ ਹੁਣ ਉੱਪਰਲੀ ਅਦਾਲਤ (ਸੁਪਰੀਮ ਕੋਰਟ) ਨੂੰ ਇਹ ਤੈਅ ਕਰਨਾ ਪਵੇਗਾ ਕਿ ਉਹੀ ਜੱਜ ਸੁਣਵਾਈ ਕਰੇਗਾ ਜਾਂ ਨਹੀਂ।

ਕਈ ਮਾਹਿਰ ਮੰਨਦੇ ਹਨ ਕਿ ਜੱਜਾਂ ਦੇ ਪਿਛੋਕੜ ਜਾਂ ਪਰਿਵਾਰ 'ਤੇ ਸਵਾਲ ਚੁੱਕਣਾ ਨਿਆਂਪਾਲਿਕਾ 'ਤੇ ਮਾਨਸਿਕ ਦਬਾਅ ਬਣਾਉਣ ਦੀ ਕੋਸ਼ਿਸ਼ ਹੋ ਸਕਦੀ ਹੈ, ਤਾਂ ਜੋ ਅਗਲੀ ਵਾਰ ਫੈਸਲਾ ਸੁਣਾਉਂਦੇ ਸਮੇਂ ਜੱਜ ਵਧੇਰੇ ਸਾਵਧਾਨ (ਜਾਂ ਨਰਮ) ਰਹੇ।

# ਸਾਈਬਰ ਠੱਗਾਂ ਦਾ ਵਧਦਾ ਖ਼ੌਫ਼: ਤਿੰਨ ਸਾਲਾਂ ਵਿੱਚ 3 ਗੁਣਾ ਵਧੇ ਮਾਮਲੇ, ਰੋਜ਼ਾਨਾ ਆ ਰਹੀਆਂ ਨੇ 70 ਹਜ਼ਾਰ ਸ਼ਿਕਾਇਤਾਂ

ਲੁਧਿਆਣਾ-ਦੇਸ਼ ਵਿੱਚ ਜਿਸ ਤੇਜ਼ੀ ਨਾਲ 'ਡਿਜੀਟਲ ਇੰਡੀਆ' ਦਾ ਪਸਾਰ ਹੋ ਰਿਹਾ ਹੈ, ਉਸੇ ਤੇਜ਼ੀ ਨਾਲ ਸਾਈਬਰ ਅਪਰਾਧੀ ਵੀ ਸਰਗਰਮ ਹੋ ਗਏ ਹਨ। ਪਿਛਲੇ ਤਿੰਨ ਸਾਲਾਂ ਦੇ ਅੰਕੜੇ ਇੱਕ ਭਿਆਨਕ ਤਸਵੀਰ ਪੇਸ਼ ਕਰ ਰਹੇ ਹਨ, ਜਿੱਥੇ ਸਾਈਬਰ ਠੱਗੀ ਦੇ ਮਾਮਲਿਆਂ ਵਿੱਚ 3 ਗੁਣਾ ਵਾਧਾ ਦਰਜ ਕੀਤਾ ਗਿਆ ਹੈ। ਲੁਧਿਆਣਾ ਵਰਗੇ ਉਦਯੋਗਿਕ ਸ਼ਹਿਰਾਂ ਵਿੱਚ ਤਾਂ ਵੱਡੇ ਕਾਰੋਬਾਰੀ ਕਰੋੜਾਂ ਰੁਪਏ ਦੀ ਠੱਗੀ ਦਾ ਸ਼ਿਕਾਰ ਹੋ ਰਹੇ ਹਨ।

ਸਰਕਾਰੀ ਹੈਲਪਲਾਈਨ ਨੰਬਰ 1930 'ਤੇ ਮਿਲਣ ਵਾਲੀਆਂ ਸ਼ਿਕਾਇਤਾਂ ਦੀ ਗਿਣਤੀ ਸਾਈਬਰ ਅਪਰਾਧ ਦੀ ਗੰਭੀਰਤਾ ਨੂੰ ਦਰਸਾਉਂਦੀ ਹੈ:

| ਸਾਲ | ਕੁੱਲ ਸ਼ਿਕਾਇਤਾਂ | ਰੋਜ਼ਾਨਾ ਔਸਤ (ਕਾਲਾਂ) |
|---|---|---|
| 2023 | 96 ਲੱਖ 40 ਹਜ਼ਾਰ | 26,411 |
| 2024 | 2 ਕਰੋੜ 21 ਲੱਖ | (130% ਵਾਧਾ) |
| 2025 | 3 ਕਰੋੜ 24 ਲੱਖ | 88,000 ਤੋਂ ਵਧੇਰੇ |
| 2026 | (ਸਿਰਫ਼ ਜਨਵਰੀ) | 25 ਲੱਖ 70,000 |




ਠੱਗੀ ਦੇ ਨਵੇਂ ਤਰੀਕੇ: 'ਡਿਜੀਟਲ ਅਰੈਸਟ' ਤੇ 'ਕ੍ਰਿਪਟੋ ਸਕੈਮ'

ਸਾਈਬਰ ਲੁਟੇਰੇ ਹੁਣ ਸਿਰਫ਼ ਓਟੀਪੀ ਤੱਕ ਸੀਮਤ ਨਹੀਂ ਰਹੇ, ਬਲਕਿ ਉਹਨਾਂ ਨੇ ਠੱਗੀ ਦੇ ਹਾਈ-ਟੈਕ ਤਰੀਕੇ ਅਪਣਾ ਲਏ ਹਨ:

ਹਾਲ ਹੀ ਵਿੱਚ ਲੁਧਿਆਣਾ ਦੇ ਇੱਕ ਕਾਰੋਬਾਰੀ ਨੂੰ ਡਿਜੀਟਲ ਅਰੈਸਟ ਦਾ ਡਰ ਦਿਖਾ ਕੇ 7 ਕਰੋੜ ਰੁਪਏ ਲੁੱਟ ਲਏ ਗਏ।

ਇੱਕ ਕਾਰੋਬਾਰੀ ਨੂੰ 'ਕ੍ਰਿਪਟੋ ਕਵੀਨ' ਨੇ 20 ਕਰੋੜ ਰੁਪਏ ਦਾ ਚੂਨਾ ਲਗਾਇਆ।

ਫੇਕ ਲਿੰਕ, ਫਿਸ਼ਿੰਗ ਸਕੈਮ, ਸੋਸ਼ਲ ਮੀਡੀਆ ਹੈਕਿੰਗ ਅਤੇ ਇਨਵੈਸਟਮੈਂਟ ਫਰਾਡ ਰਾਹੀਂ ਆਮ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਅਧਿਕਾਰੀਆਂ ਦਾ ਪੱਖ ਹੈ ਕਿ ਸ਼ਿਕਾਇਤਾਂ ਦੀ ਵਧਦੀ ਗਿਣਤੀ ਚਿੰਤਾਜਨਕ ਤਾਂ ਹੈ, ਪਰ ਇਹ ਇਸ ਗੱਲ ਦਾ ਵੀ ਸੰਕੇਤ ਹੈ ਕਿ ਲੋਕ ਹੁਣ ਜਾਗਰੂਕ ਹੋ ਰਹੇ ਹਨ।

ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਕਾਰਨ ਲੋਕ ਤੁਰੰਤ 1930 'ਤੇ ਰਿਪੋਰਟ ਕਰ ਰਹੇ ਹਨ, ਜਿਸ ਨਾਲ ਕਈ ਮਾਮਲਿਆਂ ਵਿੱਚ ਪੈਸੇ ਬਚਾਉਣ ਵਿੱਚ ਮਦਦ ਮਿਲਦੀ ਹੈ।

ਸਾਈਬਰ ਮਾਹਿਰਾਂ ਅਤੇ ਸਰਕਾਰ ਵੱਲੋਂ ਲਗਾਤਾਰ ਸਲਾਹ ਦਿੱਤੀ ਜਾ ਰਹੀ ਹੈ ਕਿ ਕਿਸੇ ਵੀ ਅਣਜਾਣ ਲਿੰਕ 'ਤੇ ਕਲਿੱਕ ਨਾ ਕਰੋ।

ਆਪਣਾ ਓਟੀਪੀ ਜਾਂ ਬੈਂਕ ਵੇਰਵੇ ਕਿਸੇ ਨਾਲ ਸਾਂਝੇ ਨਾ ਕਰੋ।

ਜੇਕਰ ਤੁਹਾਡੇ ਨਾਲ ਕੋਈ ਧੋਖਾਧੜੀ ਹੁੰਦੀ ਹੈ, ਤਾਂ ਬਿਨਾਂ ਦੇਰੀ ਕੀਤੇ 1930 'ਤੇ ਕਾਲ ਕਰੋ।

ਡਿਜੀਟਲ ਕ੍ਰਾਂਤੀ ਦੇ ਇਸ ਦੌਰ ਵਿੱਚ ਸਾਵਧਾਨੀ ਹੀ ਸਭ ਤੋਂ ਵੱਡਾ ਬਚਾਅ ਹੈ। ਜਿਸ ਰਫ਼ਤਾਰ ਨਾਲ 2026 ਦੇ ਪਹਿਲੇ ਮਹੀਨੇ ਵਿੱਚ ਹੀ 25 ਲੱਖ ਸ਼ਿਕਾਇਤਾਂ ਆਈਆਂ ਹਨ, ਉਹ ਪ੍ਰਸ਼ਾਸਨ ਅਤੇ ਜਨਤਾ ਦੋਵਾਂ ਲਈ ਇੱਕ ਵੱਡੀ ਚੁਣੌਤੀ ਹੈ।

# • ਪੰਜਾਬੀ ਫ਼ਿਲਮ ਦਰਪਣ •

## ਸਰਦੂਲ ਸਿਕੰਦਰ ਜੀ ਦਿਲ ਦੇ ਰਾਜੇ ਸਨ ਮਿਲਦੇ ਜੱਫੀ ਪਾ ਬੰਨੀ ਸ਼ਰਮਾ

ਦੂਰਦਰਸ਼ਨ ਜਲੰਧਰ ਤੇ ਪੰਜਾਬੀ ਮਿਊਜ਼ਿਕ ਇੰਡਸਟਰੀ ਦੀ ਹਿਸਟਰੀ ਦੇ ਵਰਕੇ ਸੋਨੇ ਦੀ ਤਰਾਂ ਚਮਕ ਰਹੇ ਨੇ ਅੱਖਰ ਬੰਨੀ ਸ਼ਰਮਾ ਨਾਮ ਦੇ ਤੇ ਸੁਨਹਿਰੀ ਵਰਕੇ ਗਾਇਕੀ ਦੇ ਲੋਕਾਂ ਨਾਲ ਬੰਨੀ ਸ਼ਰਮਾ ਦੇ ਮੋਹ ਨਾਲ ਭਰੇ ਹੋਏ



ਹਨ। ਬੰਨੀ ਸ਼ਰਮਾ ਦਾ ਨਾਮ ਡੀ ਡੀ ਜਲੰਧਰ ਤੇ ਹੌਟ ਕੇਕ ਦੀ ਤਰਾਂ ਵਿਕਦਾ ਸੀ ਤੇ ਤਿੰਨ ਤਿੰਨ ਪ੍ਰੋਗਰਾਮ ਪ੍ਰਸਾਰਿਤ ਹੁੰਦੇ ਸਨ ਬੰਨੀ ਸ਼ਰਮਾ ਦੇ ਡੀ ਡੀ ਉੱਪਰ। ਸਵਰਗੀ ਸਰਦੂਲ ਸਿਕੰਦਰ ਜੀ ਦੇ ਗਾਣੇ ਬੰਨੀ ਸ਼ਰਮਾ ਦੇ ਪ੍ਰੋਗਰਾਮ ਦਾ ਹਿੱਸਾ ਬਣਦੇ ਸਨ। ਇਹ ਤੇ ਵਪਾਰਕ ਸੰਗੀਤ ਕਾਰੋਬਾਰ ਦੀ ਗੱਲ ਪਰ ਬੰਨੀ ਸ਼ਰਮਾ ਤੇ ਸਰਦੂਲ ਸਿਕੰਦਰ ਜੀ ਦਾ ਆਪਸੀ ਪਿਆਰ ਮਾਂ ਜਾਇਆਂ ਜਿੰਨਾ। ਸਪੈਸ਼ਲ ਕਈ ਵਾਰ ਸਰਦੂਲ ਸਿਕੰਦਰ ਨੇ ਬੰਨੀ ਸ਼ਰਮਾ ਨੂੰ ਜਲੰਧਰ ਮਿਲਣ ਆਉਣਾ ਤੇ ਕਹਿਣਾ ਬੰਨੀ ਸ਼ਰਮਾ ਜੀ ਚਾਹ ਹੋ ਜਾਏ ਤੇ ਬਾਕੀ ਤੁਸੀਂ ਟੀਵੀ ਪ੍ਰੋਗਰਾਮਾਂ ਲਈ ਜਾਇਦਾਦ ਦੀ ਪ੍ਰਵਾਹ ਨਹੀਂ ਕੀਤੀ ਤੇ ਇਹ ਮਿਹਨਤ ਇੱਕ ਦਿਨ ਚਾਰ ਗੁਣਾਂ ਤੁਸਾਂ ਨੂੰ ਦੇਵੇਗੀ। ਅੱਜ ਜਦ ਬੰਨੀ ਸ਼ਰਮਾ ਦਾ ਪੰਜਾਬ ਤੇ ਕਨੇਡਾ ਵਿੱਚ ਅੱਫਾ ਸੰਗੀਤ ਨੈੱਟ ਵਰਕ ਹੈ ਤੇ ਪਰਮਾਤਮਾ ਦੋ ਪੁੱਤਰ ਦੋ ਨੂੰਹਾਂ ਬੇਟੀਆਂ ਸਮਾਨ ਦਿੱਤੀਆਂ ਨੇ ਤਾਂ ਬੰਨੀ ਸ਼ਰਮਾ ਸਰਦੂਲ ਸਿਕੰਦਰ ਜੀ ਦੇ ਇਹੀ ਬੋਲ ਯਾਦ ਆਉਂਦੇ ਹਨ ਤੇ ਜਜ਼ਬਾਤੀ ਹੋ ਜਾਂਦੇ ਹਨ ਬੰਨੀ ਸ਼ਰਮਾ। ਸਰਦੂਲ ਸਿਕੰਦਰ ਦਾ ਗਾਇਆ ਗੀਤ "ਕੀ ਹੋਇਆ ਹੁਣ ਦਿਸਦੀ ਨਹੀਂ" ਅੱਜ ਵੀ ਓਨਾ ਹੀ ਪਿਆਰਾ ਲੱਗਦਾ ਜਿੰਨਾ ਤਦ ਲੱਗਦਾ ਸੀ। ਭਾਵੁਕ ਬੰਨੀ ਸ਼ਰਮਾ ਆਖਦੇ ਨੇ ਜਿਉਂਦੇ ਜੀ ਦੀਆਂ ਮੋਹਬੱਤਾਂ ਨੂੰ ਅਚਾਨਕ ਸਦਾ ਵਾਸਤੇ ਜਬ ਰੱਬ ਪੱਕਾ ਦੀ ਐਂਡ ਲਾ ਦਿੰਦਾ ਹੈ ਤੇ ਦਿਲ ਸੋਚਦਾ ਹੈ ਕੀ ਹੈ ਇਹ ਮਨੁੱਖੀ ਜ਼ਿੰਦਗੀ ਖ਼ੈਰ ਰੱਬ ਸਹੀ ਕਰੇ ਅਮਰ ਨੂਰੀ ਜੀ ਰਹਿੰਦੇ ਪਰਿਵਾਰ ਦੇ ਕੰਮ ਪੂਰੇ ਕਰਨ ਬੰਨੀ ਸ਼ਰਮਾ ਆਖਦੇ ਹਨ। ਵਿਧੀ ਦਾ ਵਿਧਾਨ ਪਰ ਯਾਦਾਂ ਤੇ ਇਤਿਹਾਸ ਹਨ।

## ਨੀਰੂ ਬਾਜਵਾ ਤੇ ਦਿਲਜੀਤ ਦੋਸਾਂਝ ਨੇ ਦਿੱਤੀ "ਬਾਪੀ" ਛਲੀਆ ਕੋਚਰ



ਅੱਜ ਕਲ ਇੰਡੀਅਨ ਟੀਵੀ ਦਰਸ਼ਕਾਂ ਵਿੱਚ "ਪੰਡਿਤ ਜੀ" ਦੀ ਫੁੱਲ ਚਰਚਾ ਹੈ ਤੇ ਜੀ ਟੀਵੀ ਦੇ ਲੜੀਵਾਰ "ਗੰਗਾ ਮਈਆ ਕੀ ਬੇਟੀਆਂ" ਵਿੱਚ ਪੰਡਿਤ ਦਾ ਖਾਸ ਕਿਰਦਾਰ ਲੁਧਿਆਣਵੀ ਐਕਟਰ ਛਲੀਆ ਕੋਚਰ ਨੇ ਅਦਾ ਕੀਤਾ ਹੈ ਜਿਹਨਾਂ ਨੂੰ ਬਾਲਕ੍ਰਿਸ਼ਨ ਕੋਚਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਜਿੱਥੇ ਜੀ ਟੀ ਸੀ ਪੰਜਾਬੀ ਤੇ ਓਹਨਾਂ ਦਾ ਸੀਰੀਅਲ "ਸਵੀਟੀ ਬਿਊਟੀ ਪਾਰਲਰ" ਚਲ ਰਿਹਾ ਹੈ ਓਥੇ ਓਹਨਾਂ ਨੂੰ ਅਮਨਪ੍ਰੀਤ ਤੇ ਸੁਪਰ ਨਾਇਕ ਦਿਲਜੀਤ ਦੋਸਾਂਝ ਨਾਲ "ਬਾਪੀ" ਫ਼ਿਲਮ ਮਿਲੀ ਹੈ ਤੇ ਓਹ ਚੰਡੀਗੜ ਨਜ਼ਦੀਕ ਚਕਲਾ ਪਿੰਡ ਇਸ ਦੀ ਸ਼ੂਟਿੰਗ ਹੁਣੇ ਹੀ ਮੁਕੰਮਲ ਕਰ ਚੁੱਕੇ ਹਨ। ਇਸ ਫ਼ਿਲਮ ਵਿੱਚ ਨੀਰੂ ਬਾਜਵਾ ਨਾਲ ਕੰਮ ਕਰਨਾ ਸਬੂਤ ਹੈ ਕਿ ਕਹਿੰਦੇ ਕਹੁੰਦੇ ਕਲਾਕਾਰਾਂ ਵਿੱਚ ਛਲੀਆ ਕੋਚਰ ਹਨ। ਓਹ ਦੱਸਦੇ ਨੇ ਜੀ ਇਹ ਫ਼ਿਲਮ ਕੁੜੀਆਂ ਵਿੱਚ ਖੇਡ ਭਾਵਨਾ ਜਾਗ੍ਰਤ ਕਰੇਗੀ। ਇਹ ਫ਼ਿਲਮ ਕੁੜੀਆਂ ਦੀ ਕਬੱਡੀ ਤੇ ਅਧਾਰਤ ਹੈ ਤੇ ਦਿਲਜੀਤ ਦੁਸਾਂਝ ਨਾਲ ਬਾਲਕ੍ਰਿਸ਼ਨ ਕੋਚਰ ਦੀ ਫ਼ਿਲਮ ਓਹਨਾਂ ਦੇ ਫ਼ਿਲਮੀ ਕੈਰੀਅਰ ਦੀ ਵੱਡੀ ਫ਼ਿਲਮ ਹੈ। ਛਲੀਆ ਕੋਚਰ ਆਖਦੇ ਨੇ ਕਿ ਦਿਲਜੀਤ ਦੋਸਾਂਝ ਦਾ ਐਕਟਿੰਗ ਪ੍ਰਤੀ ਸਮਰਪਣ ਦੇਖ ਬਹੁਤ ਕੁੱਝ ਓਹਨਾਂ ਨੂੰ ਹਾਸਿਲ ਹੋਇਆ ਹੈ ਤੇ ਹੋਰ ਵਧੀਆ ਗੱਲ ਕਿ ਸੀਨੀਅਰ ਕਲਾਕਾਰ ਹੋਣ ਨਾਤੇ ਸਾਰੇ ਕਲਾਕਾਰ ਓਹਨਾਂ ਦੀ ਇੱਜ਼ਤ ਕਰਦੇ ਹਨ ਤੇ ਨੀਰੂ ਬਾਜਵਾ ਦੀ ਫਿੱਟਨੈੱਸ ਤੇ ਚੁਸਤੀ ਤੋਂ ਛਲੀਆ ਕੋਚਰ ਸਦਕੇ ਜਾਵਾਂ ਆਖਦੇ ਨੇ ਕਹਿੰਦੇ ਨੇ "ਬਾਪੀ" ਮਿਲ ਗਈ ਹੈ "ਸਵੀਟੀ ਬਿਊਟੀ ਪਾਰਲਰ" ਚਲ ਰਿਹਾ ਹੈ ਤੇ "ਗੰਗਾ ਮਈਆ ਕੀ ਬੇਟੀਆਂ" ਖੁਸ਼ ਹਨ।

## ਬਬਲੀ ਗਰਲ ਹੈ ਮਾਝੇ ਦੀ ਗਾਇਕੀ ਵਿੱਚ ਬਬਲੀ ਬਰਾੜ

"ਬਬਲੀ ਗਰਲ ਹੀ ਲੱਗਦੀ ਹੈ ਬਰਾੜ ਜੱਟੀ ਬਬਲੀ ਬਰਾੜ ਤੇ ਬਬਲੀ ਬਰਾੜ ਪੰਜਾਬ ਦੀ ਲੋਕ ਪ੍ਰਿਅ ਗਾਇਕਾ ਹੈ। ਬਬਲੀ ਦਾ ਗਾਇਆ ਮਿਰਜ਼ਾ ਅਮਰੀਕਾ ਵਿਚ ਜਸਬੀਰ ਜੱਜ ਜਿਹੇ ਵਿਸ਼ਵ ਪੱਧਰ ਦੇ ਪ੍ਰਮੋਟਰ ਪੰਜ ਛੇ ਵਾਰ ਸਟੇਜ ਤੇ ਸੁਣਿਆ ਕਰਦੇ ਸਨ ਜਦ ਓਹ ਅਮਰੀਕਾ ਗਾਇਕੀ ਟੂਰ ਤੇ ਗਈ ਸੀ। ਬਬਲੀ ਬਰਾੜ ਅਚਾਨਕ



ਗਾਇਕੀ ਵਿੱਚ ਆਈ ਜਦ ਸ਼ੌਂਕ ਨਾਲ ਡਾਂਸ ਕਰਦੇ ਬੋਲੀ ਪਾਈ ਤਾਂ ਕਿਸੇ ਨੇ ਓਸ ਨੂੰ ਗਾਉਣ ਲਈ ਕਿਹਾ ਤੇ ਫਿਰ ਵਿਹੰਦੇ ਹੀ ਓਹ "ਮੋਰਨੀ" ਨਾਲ ਪ੍ਰਸਿੱਧ ਤੇ ਸਿੱਧੀ ਅਮਰੀਕਾ ਗਈ। ਇਸ ਵੇਲੇ ਦੀ ਖਾਸ ਗੱਲ ਤਾਂ ਕੁੱਝ ਦਿਨ ਪਹਿਲੇ ਓਸ ਦਾ ਦੰਦੂਪੁਰ ਪਿੰਡ ਕਪੂਰਥਲਾ ਅਖਾੜਾ ਸੀ ਤੇ ਓਸ ਨੇ ਅਖਾੜਾ ਲੁੱਟ ਲਿਆ। ਬਬਲੀ ਬਰਾੜ ਆਖਦੀ ਹੈ ਕਿ ਇਹ ਸਭ ਸੱਚੇ ਵਾਹੇਗੁਰੂ ਦੀ ਕਿਰਿਆ ਕਿਰਪਾ ਤੇ ਲੋਕ ਪਿਆਰ ਹੈ ਕਿ ਓਹ ਇਸ ਮੁਕਾਮ ਤੇ ਆਈ ਹੈ। ਬਬਲੀ ਬਰਾੜ ਨੇ ਆਪਣੇ ਸਰੋਤਿਆਂ ਨੂੰ ਕਿਹਾ ਕਿ ਜਿਉਂਦੇ ਵੱਸਦੇ ਰਹੋ ਇਹ ਆਪ ਸਭ ਦਾ ਪਿਆਰ ਹੈ ਕਿ ਲੋਕ ਚੈਨਲਾਂ ਤੇ ਮਿਰਜ਼ਾ ਸੁਣ ਇੰਟਰਵਿਊ ਕਰਦੇ ਨੇ ਤੇ ਆਖਦੇ ਨੇ ਇਸ ਬੀਬਾ ਦੀ ਵੀ ਫੁੱਲ ਚੜਾਈ ਹੈ। ਮਿਹਨਤਾਂ ਨੂੰ ਫਲ ਲੱਗਦੇ ਸਿੰਬਲਾ ਤੂੰ ਮਾਣ ਨਾ ਕਰੀ ਗੱਲ ਬਬਲੀ ਬਰਾੜ ਨੇ ਸੱਚ ਕਰ ਦਿਖਾਈ ਹੈ।

## ਭੂਸ਼ਨ ਮਦਾਨ ਸਾਡੇ "ਸੋਨੇ ਤੇ ਸੁਹਾਗਾ" ਯੂਨਿਟ ਦੀ ਬਣੇ ਸ਼ਾਨ ਪੁੰਨਿਆ ਮਹਿਤਾ

ਮਸੂਮੀਅਤ ਵਾਲਾ ਮੁਸਕਰਾਉਂਦਾ ਚਿਹਰਾ ਤੇ ਰੂਪ ਪੁੰਨਿਆ ਦਾ ਚੰਨ ਹੀ ਹੈ ਤੇ ਭੂਸ਼ਨ ਮਦਾਨ ਨੇ ਆਪਣੀ ਫ਼ਿਲਮ "ਸੋਨੇ ਤੇ ਸੁਹਾਗਾ" ਦੀ ਹੀਰੋਇਨ ਚੁਣੀ ਤਾਂ ਸਾਰੇ ਆਖਣ ਛਾ ਗਏ ਬਾਬਿਓ। ਦੀਪਕ ਸਹਿਗਲ ਸਾਬ ਆਖਦੇ ਨੇ ਪੁੰਨਿਆ ਚੰਦਰਮਾ ਦੀ ਚਾਂਦਨੀ ਹੈ ਤਦ



ਕੋਲ ਖੜ੍ਹੀ ਪੁੰਨਿਆ ਮਹਿਤਾ ਮੁਸਕਰਾ ਕਿ ਆਖਦੀ ਹੈ ਰੱਬ ਸੋਹਣੇ ਦੀ ਰਜ਼ਾ। ਬੋਲੀ ਮੇਰੀ ਫ਼ਿਲਮ ਦੇ ਨਿਰਮਾਤਾ ਭੂਸ਼ਨ ਮਦਾਨ ਜੀ ਵੀ ਸੋਨੇ ਤੇ ਸੁਹਾਗਾ ਹੀ ਹਨ। ਇਹਨਾਂ ਨੇ ਲਵਲੀ ਸ਼ਰਮਾ ਕੋਲੋਂ ਫ਼ਿਲਮ ਡਾਇਰੈਕਟ ਕਰਵਾਈ ਹੈ ਤੇ ਮੇਰਾ ਕਿਰਦਾਰ ਯਾਦਗਾਰ ਬਣਾ ਦਿੱਤਾ ਹੈ। ਖੁਸ਼ਕਿਸਮਤੀ ਕਿ ਸ਼ਾਨਦਾਰ ਕਹਾਣੀ ਵਾਲੀ ਫ਼ਿਲਮ ਦਾ ਹਿੱਸਾ ਪੁੰਨਿਆ ਮਹਿਤਾ ਹੈ। ਭੂਸ਼ਨ ਜੀ ਨੇ ਸਕ੍ਰੀਨ ਪਲੇ ਹੀ ਐਸਾ ਲਿਖਿਆ ਕਿ ਕੱਟ ਟੂ ਕੱਟ ਫ਼ਿਲਮ ਬਣੀ ਹੈ। ਪੁੰਨਿਆ ਮਹਿਤਾ ਪਾਲੀਵੁੱਡ ਦਰਸ਼ਕ ਵਰਗ ਲਈ ਨਵੀਂ ਤਰਾਂ ਛਾ ਜਾਣ ਲਈ ਤਿਆਰ ਹੈ। ਲਵਲੀ ਸ਼ਰਮਾ ਹੋਣ ਜਾਂ ਭੂਸ਼ਨ ਮਦਾਨ ਤਾਂ ਪੁੰਨਿਆ ਮਹਿਤਾ ਬਿਲਕੁਲ ਅਨੁਕੂਲ ਕਿਰਦਾਰ ਦੇ ਲੈ ਕਿ ਦਰਸਾ ਦਿੱਤਾ ਕਿ ਉਹ ਸਫ਼ਲ ਫ਼ਿਲਮ ਦਾ ਫੰਡਾ ਜਾਣਦੇ ਹਨ। ਪੁੰਨਿਆ ਮਹਿਤਾ ਪੰਜਾਬੀ ਫ਼ਿਲਮਾਂ ਕਰਦੀ ਆਈ ਹੈ ਤੇ ਸੁਪਰ ਮਾਡਲ ਵੀ ਹੈ। ਪੁੰਨਿਆ ਦੀ ਲੁੱਕ ਕਾਤਿਲ ਤੇ ਅਦਾ ਪਿਆਰੀ ਹੈ ਤੇ ਛਮਕ ਛੱਲੋ ਜਿਹੀ ਇਹ ਕੁੜੀ "ਸੋਨੇ ਤੇ ਸੁਹਾਗਾ" ਨਾਲ ਜ਼ਬਰਦਸਤ ਕਾਮਯਾਬੀ ਪ੍ਰਾਪਤ ਕਰੇਗੀ। ਦੀਪਕ ਸਹਿਗਲ, ਭੂਸ਼ਨ ਮਦਾਨ ਤੇ ਮੁੱਲਾਨਾ ਕਾਲਜ ਦੇ ਮੁੰਡੇ ਕੁੜੀਆਂ ਵੀ ਆਖਦੇ ਨੇ ਕਿ ਯੰਗ ਪੁੰਨਿਆ ਮਹਿਤਾ ਨੇ ਸ਼ਾਨਦਾਰ ਅਦਾਇਗੀ ਦਿੱਤੀ ਹੈ। ਪੁੰਨਿਆ ਨੇ ਜੀ ਜਾਨ ਇਸ ਫ਼ਿਲਮ ਲਈ ਲਾਈ ਹੈ ਤੇ ਓਹ ਚਾਹੁੰਦੀ ਹੈ ਕਿ ਓਹ ਮਦਾਨ ਸਾਬ ਦੀ ਇਹ ਫ਼ਿਲਮ ਕਾਮਯਾਬ ਹੋਏ। ਯਾਦ ਰਹੇ ਪਾਲੀ ਸੰਧੂ, ਗੌਰਵ ਮਦਾਨ, ਹਾਕਮ ਭੋਲਾ, ਐਂਜਲੀਨਾ ਰਾਜਪੂਤ ਇਸ ਫ਼ਿਲਮ ਵਿੱਚ ਪੁੰਨਿਆ ਮਹਿਤਾ ਦੇ ਨਾਲ ਹਨ। ਪੁੰਨਿਆ ਮਹਿਤਾ ਨੂੰ ਪਾਲੀਵੁੱਡ ਦਰਸ਼ਕ ਪਲਕਾਂ ਤੇ ਬਿਠਾ ਲੈਣ ਸਭ ਦੀਆਂ ਦੁਆਵਾਂ ਹਨ।

## ਆਸਟ੍ਰੇਲੀਆ ਤੇ ਨਿਊਜ਼ੀਲੈਂਡ ਸਾਰੇ ਪਾਸੇ ਬੱਲੇ ਬੱਲੇ ਜੀਟੀਸੀ ਪੰਜਾਬੀ




ਰਬਿੰਦਰ ਨਾਰਾਯਣਨ ਨਾਮ ਤੋ ਸੁਨਾ ਹੋਗਾ ਜੀ ਹਾਂ ਅਗਲਿਆਂ ਦੇ ਸਾਹ ਸੂਤ ਦਿੱਤੇ ਤੇ ਦਸ ਸਾਲ ਬਾਅਦ ਓਹਨਾਂ ਨੂੰ ਡੀ ਡੀ ਫ੍ਰੀ ਡਿਸ਼ ਯਾਦ ਆਈ। ਜੀ ਟੀ ਸੀ ਪੰਜਾਬੀ ਚੈਨਲ ਲੋਕ ਪ੍ਰਿਅ ਹੁੰਦਾ ਜਾ ਰਿਹਾ ਹੈ ਇਸ ਕਾਰਣ। ਹੁਣ ਇੰਡੀਆ ਦੇ ਬਾਅਦ ਆਸਟ੍ਰੇਲੀਆ ਰਹਿੰਦੇ ਪੰਜਾਬੀ ਵੀ ਇਸ ਚੈਨਲ ਨੂੰ ਦੇਖ ਰਹੇ ਹਨ ਤੇ ਸੋਸ਼ਲ ਮੀਡੀਆ ਤੇ ਜੀਟੀਸੀ ਪੰਜਾਬੀ ਦੀ ਤਰੀਫ ਦੇ ਖਾਸ ਪੋਸਟ ਆ ਰਹੇ ਹਨ। ਆਸਟ੍ਰੇਲੀਆ ਦੇ ਨਾਲ ਇਹ ਚੈਨਲ ਹੁਣ ਨਿਊਜ਼ੀਲੈਂਡ ਵਿੱਚ ਵੀ ਦੇਖਿਆ ਜਾ ਰਿਹਾ ਹੈ। ਜੀਟੀਸੀ ਪੰਜਾਬੀ ਦੇ ਰੰਗ ਬਿਰੰਗੇ ਪ੍ਰੋਗਰਾਮ ਤੇ ਸਹੀ ਸਟੀਕ ਪੰਜਾਬੀ ਖਬਰਾਂ ਲਈ ਜੀਟੀਸੀ ਨਿਊਜ਼ ਵੀ ਆਰੰਭ ਹੋਇਆ ਹੈ ਤੇ ਓਸ ਦੇ ਇਲਾਵਾ ਮਨੋਰੰਜਨ ਦਾ ਇੱਕ ਹੋਰ ਚੈਨਲ "ਪੰਜਾਬੀ ਸ਼ਾਰਟਸ" ਵੀ ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਾਲੇ ਦੇਖ ਰਹੇ ਹਨ। ਚੈਨਲ ਦਾ ਟੈਗ ਵੀ ਵਧੀਆ ਹੈ" ਪੰਜਾਬੀ ਮੀਡੀਆ ਦਾ ਨਵਾਂ ਘਰ। ਰੀਅਲ ਟੀਵੀ ਰਾਹੀਂ ਇਹ ਚੈਨਲ ਇਹਨਾਂ ਦੇਸ਼ਾਂ ਵਿੱਚ ਉਪਲਬਧ ਹਨ ਤੇ ਪੰਜਾਬੀ ਆ ਗਏ ਓਏ ਨਾਲ ਰਬਿੰਦਰ ਨਾਰਾਯਣਨ ਨੇ ਦੋਵਾਂ ਦੇਸ਼ਾਂ ਵਿੱਚ ਆਪਣੇ ਚੈਨਲਾਂ ਦਾ ਨੈੱਟਵਰਕ ਕਾਇਮ ਕਰ ਲਿਆ ਹੈ। ਜੀ ਟੀ ਸੀ ਪੰਜਾਬੀ ਤੇ ਗੁਰਬਾਣੀ ਦਾ ਸਵੇਰ ਵਕਤ ਲਾਈਵ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਦਿੱਲੀ ਤੋਂ ਆ ਰਿਹਾ ਹੈ ਤੇ ਆਸ ਕਿ ਸ਼ਾਮ ਵੇਲੇ ਵੀ ਗੁਰਬਾਣੀ ਪ੍ਰਸਾਰਨ ਸ਼ੁਰੂ ਹੋਊ ਇਸ ਲਈ ਚਾਹੇ ਜੀ ਟੀ ਸੀ ਨਿਊਜ਼ ਜਾਂ ਜੀਟੀਸੀ ਗੁਰਮਤਿ ਡਿਸ਼ ਤੇ ਕੇਬਲ ਤੇ ਆਓਣ। ਸ਼ਾਬਾਸ਼ ਜੀ ਟੀ ਸੀ ਪੰਜਾਬੀ ਨੈੱਟਵਰਕ ਵਾਹ ਵਾਹ ਰਬਿੰਦਰ ਨਾਰਾਯਣਨ ਸਾਬ ਤੁਸੀਂ ਪੰਜਾਬੀ ਟੀਵੀ ਚੈਨਲਾਂ ਦੇ ਕਿੰਗ ਹੋ ਕੋਈ ਸ਼ੱਕ ਤਾਂ ਸਿਮਰਨਜੋਤ ਸਿੰਘ ਮੱਕੜ ਵੱਲੋਂ ਕੀਤੀ ਐਸ ਐਮ ਟੀਵੀ ਪੰਜਾਬ ਤੇ ਤੁਹਾਡੀ ਇੰਟਰਵਿਊ ਜਵਾਬ ਹੈ।

## ਅਰਵਿੰਦਰ ਸਿੰਘ ਭੱਟੀ ਬੋਲੇ ਚੇਅਰਮੈਨ ਰੰਧਾਵਾ ਕਲਾ ਪ੍ਰੇਮੀ ਮਨੋਜ ਤਨੇਜਾ



ਗੁਰਵਿੰਦਰ ਸਿੰਘ ਰੰਧਾਵਾ ਖੇਡ ਪ੍ਰੇਮੀ, ਕਲਚਰ ਪ੍ਰੇਮੀ ਦੇ ਵਿਕਸਤ ਮਹਿਤਾ ਇਲਾਕਾ ਲਈ ਜ਼ੋਰ ਸ਼ੋਰ ਨਾਲ ਸਰਗਰਮ ਹਨ। ਤੇ ਨਿਊਜ਼ ਰੀਡਰ ਅਤੇ ਫ਼ਿਲਮ ਕਲਾਕਾਰ ਅਰਵਿੰਦਰ ਸਿੰਘ ਭੱਟੀ ਓਹਨਾਂ ਨੂੰ ਹਰ ਤਰਾਂ ਦ ਸਾਥ ਦੇਣ ਲਈ ਤਿਆਰ ਹਨ। ਮੌਜੂਦਾ ਵੇਲੇ ਮਾਰਕੀਟ ਕਮੇਟੀ ਮਹਿਤਾ ਚੌਂਕ ਦੇ ਚੇਅਰਮੈਨ ਗੁਰਵਿੰਦਰ ਸਿੰਘ ਰੰਧਾਵਾ ਨੇ ਪ੍ਰਸਿੱਧ ਫ਼ਿਲਮ ਕਲਾਕਾਰ ਅਰਵਿੰਦਰ ਸਿੰਘ ਭੱਟੀ ਨਾਲ ਮੁਲਾਕਾਤ ਕੀਤੀ ਤੇ ਕਿਹਾ ਕਿ ਭੱਟੀ ਸਾਬ ਨੇ ਕਿਹਾ ਕਿ ਤੁਸੀਂ ਮਹਿਤਾ ਇਲਾਕਾ ਚ ਹਰੇਕ ਦੇ ਕੰਮ ਨੂੰ ਪਹਿਲ ਅਧਾਰ ਤੇ ਕਰਵਾ ਰਹੇ ਹੋ, ਫੁੱਟਬਾਲ ਤੇ ਹੋਰ ਖੇਡ ਟੂਰਨਾਮੈਂਟ ਕਰਵਾ ਜਵਾਨੀ ਨੂੰ ਉਤਸ਼ਾਹਿਤ ਕਰ ਰਹੇ ਕਰ ਪੁੰਨ ਖੱਟ ਰਹੇ ਹੋ। ਅਰਵਿੰਦਰ ਭੱਟੀ ਹੋਰਾਂ ਕਿਹਾ ਕਿ ਓਹ ਮਹਿਤਾ ਚੌਂਕ ਨੂੰ ਮਨੋਰੰਜਨ ਹੱਬ ਵੀ ਬਣਾਉਣ ਲਈ ਸਰਗਰਮ ਹਨ ਤੇ ਚਾਹੁੰਦੇ ਨੇ ਕਲਾਕਾਰੀ ਮੇਲਿਆਂ ਦੇ ਨਾਲ ਪੁਰਾਤਨ ਵਿਰਸੇ ਨੂੰ ਜੀਵਤ ਕਰਨ ਲਈ ਭੱਟੀ ਸਾਬ ਓਹਨਾਂ ਦਾ ਸਾਥ ਦੇਣ। ਯੁਵਾ ਨੇਤਾ "ਸਟਾਰ ਆਫ ਮਹਿਤਾ ਚੌਂਕ" ਮਨੋਜ ਤਨੇਜਾ ਮੌਜੂਦ ਨੇ ਕਿਹਾ ਕਿ ਗੁਰਵਿੰਦਰ ਸਿੰਘ ਰੰਧਾਵਾ ਭਾਜੀ ਨੇ ਅਰਵਿੰਦਰ ਸਿੰਘ ਭੱਟੀ ਦਾ ਧੰਨਵਾਦ ਕੀਤਾ ਜਿਹਨਾਂ ਮਹਿਤੇ ਇਲਾਕੇ ਨੂੰ ਫ਼ਿਲਮ ਖੇਡ ਮਿਊਜ਼ਿਕ ਹੱਬ ਬਣਾਓਣ ਵਾਸਤੇ ਆਪਣੀ ਸੇਵਾ ਹਰ ਵਕਤ ਦੇਣ ਦਾ ਵਾਅਦਾ ਕੀਤਾ ਹੈ।

-ਅੰਮ੍ਰਿਤ ਪਵਾਰ